**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
SAN JOSE TEL: 408.280.1111 FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 14, April 2, 2011 20451 N Plum Grove Rd. Palatine, IL 60074 Ph:847-359-0746, Fax:847-705-9388



ਖਟਕੜ ਕਲਾਂ ਵਿਚ ਮਨਪ੍ਰੀਤ ਬਾਦਲ ਰੈਲੀ ਨੂੰ ਸੰਬੋਧਨ ਕਰਦੇ ਹੋਏ

# ਮਨਪ੍ਰੀਤ ਦੀ ਰੈਲੀ ਨੇ ਨਵੀਂ ਚਰਚਾ ਛੇੜੀ

## ਕਾਂਗਰਸ ਤੇ ਅਕਾਲੀ ਦਲ ਵੀ ਹੋਏ ਸੋਚਣ ਲਈ ਮਜਬੂਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ ਦਲ (ਬਾਦਲ) ਤੋਂ ਬਾਗੀ ਹੋਏ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਵੇਲੇ ਪੰਜਾਬ ਦੀ ਸਿਆਸਤ 'ਚ ਨਵੀਂ ਚਰਚਾ ਛੇੜ ਦਿੱਤੀ ਹੈ। ਭਾਵੇਂ ਮਨਪ੍ਰੀਤ ਬਾਦਲ ਪਿਛਲੇ ਚਾਰ ਮਹੀਨਿਆਂ ਤੋਂ 'ਜਾਗੋ ਪੰਜਾਬ ਯਾਤਰਾ' 'ਤੇ ਨਿਕਲੇ ਹੋਏ ਹਨ ਪਰ 27 ਮਾਰਚ ਨੂੰ ਖਟਕੜ ਕਲਾਂ ਵਿਖੇ ਲੋਕਾਂ ਦਾ ਲਾਮਿਸਾਲ ਇਕੱਠ ਕਰਕੇ ਉਨ੍ਹਾਂ ਜਿੱਥੇ ਸਿਆਸੀ ਪਾਰਟੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ, ਉਥੇ ਸਿਆਸੀ ਮਾਹਿਰਾਂ ਦਾ ਵੀ ਧਿਆਨ ਖਿੱਚਿਆ ਹੈ। ਉਧਰ ਖੱਬੇ ਪੱਖੀ ਪਾਰਟੀਆਂ ਨੇ ਮਨਪ੍ਰੀਤ ਨਾਲ ਹੇਜ ਵਿਖਾ ਕੇ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਜ਼ਬੂਤ ਤੀਜਾ ਮੁਹਾਜ਼ ਬਣਨ ਦੀ ਆਸ ਮਜ਼ਬੂਤ ਕਰ ਦਿੱਤੀ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਮਨਪ੍ਰੀਤ ਬਾਦਲ ਨੂੰ ਸਿਰਫ਼ ਚਾਰ ਮਹੀਨਿਆਂ 'ਚ ਮਿਲਿਆ ਲੋਕ ਹੁੰਗਾਰਾ ਸਾਬਿਤ ਕਰਦਾ ਹੈ ਕਿ ਲੋਕ ਮੌਜੂਦਾ ਨਿਜ਼ਾਮ ਤੋਂ ਖੁਸ਼ ਨਹੀਂ ਤੇ ਉਹ ਬਦਲ ਚਾਹੁੰਦੇ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਸ ਵਾਰ ਸਿਆਸੀ ਪਾਰਟੀਆਂ ਨੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਉਨ੍ਹਾਂ ਦੇ ਜਨਮ ਸਥਾਨ ਖਟਕੜ ਕਲਾਂ ਵਿਖੇ ਆਪਣਾ ਪੂਰਾ ਸ਼ਕਤੀ ਪ੍ਰਦਰਸ਼ਨ ਕੀਤਾ। ਸਭ ਤੋਂ ਪਹਿਲਾਂ ਮਨਪ੍ਰੀਤ ਨੇ 23 ਮਾਰਚ ਨੂੰ ਰੈਲੀ ਕਰਨ ਦਾ ਐਲਾਨ ਕੀਤਾ। ਇਸ ਮੌਕੇ ਨੂੰ

(ਬਾਕੀ ਸਫਾ 12 'ਤੇ)

# ਕ੍ਰਿਕਟ ਨੇ ਭਾਰਤ-ਪਾਕਿ ਸਬੰਧਾਂ 'ਤੇ ਜੰਮੀ ਬਰਫ਼ ਪਿਘਲਾਈ

**ਚੰਡੀਗੜ੍ਹ:** ਡਾ. ਮਨਮੋਹਨ ਸਿੰਘ ਨੇ 'ਕ੍ਰਿਕਟ ਦੀ ਕੂਟਨੀਤੀ' ਦਾ ਸਹਾਰਾ ਲੈ ਕੇ ਇਕ ਵਾਰ ਫਿਰ ਭਾਰਤ-ਪਾਕਿਸਤਾਨ ਸ਼ਾਂਤੀ ਵਾਰਤਾ ਨੂੰ ਅੱਗੇ ਵਧਾਉਣ ਦਾ ਉਪਰਾਲਾ ਕੀਤਾ ਹੈ। ਪ੍ਰਧਾਨ ਮੰਤਰੀ ਨੇ 30 ਮਾਰਚ ਨੂੰ ਮੁਹਾਲੀ ਵਿਚ ਭਾਰਤ ਤੇ ਪਾਕਿਸਤਾਨ ਵਿਚਾਲੇ ਹੋ ਰਹੇ ਵਿਸ਼ਵ ਕੱਪ ਕ੍ਰਿਕਟ ਦਾ ਸੈਮੀਫਾਈਨਲ ਮੈਚ ਵੇਖਣ ਲਈ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਅਤੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੂੰ ਸੱਦਾ ਭੇਜਿਆ ਹੈ। ਜਨਾਬ ਗਿਲਾਨੀ ਨੇ ਡਾ. ਮਨਮੋਹਨ ਸਿੰਘ ਦਾ ਸੱਦਾ ਪ੍ਰਵਾਨ ਕਰਦਿਆਂ ਮੈਚ ਦੇਖਣ ਆਉਣ ਲਈ ਹਾਮੀ ਭਰ ਦਿੱਤੀ ਹੈ। ਡਾ. ਮਨਮੋਹਨ ਸਿੰਘ ਦਾ ਧੰਨਵਾਦ ਕਰਦਿਆਂ ਜਨਾਬ ਗਿਲਾਨੀ ਨੇ ਕਿਹਾ ਕਿ ਇਹ ਦੋਵੇਂ ਸਰਕਾਰਾਂ ਲਈ ਦੁਨੀਆਂ ਨੂੰ ਦਿਖਾਉਣ ਦਾ ਵਧੀਆ ਮੌਕਾ ਸੀ ਕਿ ਦੋਵੇਂ ਕੌਮਾਂ ਆਪੋ ਵਿਚ ਖੇਡ ਸਕਦੀਆਂ ਹਨ ਤੇ ਕੌਮੀ ਮਹੱਤਤਾ ਦੇ ਮੁੱਦਿਆਂ 'ਤੇ ਬਹਿ ਕੇ ਚਰਚਾ ਵੀ ਕਰ ਸਕਦੀਆਂ ਹਨ। ਗਿਲਾਨੀ ਨੇ ਕਿਹਾ, 'ਅਸੀਂ ਇਸ ਮੌਕੇ ਦਾ ਕੌਮੀ ਹਿਤ ਵਿਚ ਲਾਹਾ ਲੈਣ ਦਾ ਫੈਸਲਾ ਕੀਤਾ ਹੈ।'

ਡਾ. ਮਨਮੋਹਨ ਸਿੰਘ ਦੀ ਇਹ ਕ੍ਰਿਕਟ ਕੂਟਨੀਤੀ 26/11 ਦੇ ਹਮਲਿਆਂ ਤੋਂ ਬਾਅਦ ਦੋਵਾਂ ਮੁਲਕਾਂ ਵਿਚਾਲੇ ਸਬੰਧਾਂ 'ਚ ਆਈ ਖੜੋਤ ਦੇ ਮੱਦੇਨਜ਼ਰ ਪਹਿਲੀ ਅਹਿਮ ਸਾਂਝ ਸੀ। ਇਸ ਤੋਂ ਪਹਿਲਾਂ ਮਰਹੂਮ ਰਾਸ਼ਟਰਪਤੀ ਜ਼ਿਆ-ਉਲ ਹੱਕ ਤੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਭਾਰਤ ਵਿਚ ਕ੍ਰਿਕਟ ਮੈਚ ਦੇਖਣ ਆਏ ਸਨ। ਦਿੱਲੀ ਵਿਚ ਸੇਂਟ ਸਟੀਫਨ ਦੇ ਵਿਦਿਆਰਥੀ ਰਹੇ ਜਨਾਬ ਹੱਕ ਫਰਵਰੀ 1987 ਵਿਚ ਜੈਪੁਰ ਵਿਖੇ ਸਵਾਈ ਮਾਨ ਸਿੰਘ ਸਟੇਡੀਅਮ ਵਿਚ ਟੈਸਟ ਮੈਚ ਦੇਖਣ ਆਏ ਸਨ। ਉਦੋਂ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਉਨ੍ਹਾਂ ਨੂੰ ਇਹ ਸੱਦਾ ਭੇਜਿਆ ਸੀ। ਦਿੱਲੀ ਦੇ ਪਿਛੋਕੜ ਵਾਲੇ ਹੀ ਜਨਾਬ ਮੁਸ਼ਰਫ 2005 ਵਿਚ ਫਿਰੋਜ਼ਸ਼ਾਹ ਕੋਟਲਾ ਮੈਦਾਨ ਵਿਚ ਭਾਰਤ-ਪਾਕਿ ਮੁਕਾਬਲਾ ਦੇਖਣ ਆਏ ਸਨ। ਉਦੋਂ ਉਹ ਸੱਤਾ ਵਿਚ ਸਨ। ਪਿਛਲੇ ਦੋ ਸਾਲਾਂ ਦੌਰਾਨ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਭੂਟਾਨ ਤੇ ਮਿਸਰ ਵਿਚ ਕਾਨਫਰੰਸਾਂ ਦੌਰਾਨ ਮਿਲੇ ਸਨ। ਦੋਵਾਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਵਿਚਾਲੇ ਵੀ ਮੁਲਾਕਾਤਾਂ ਹੋਈਆਂ ਤੇ ਪਿਛਲੇ ਸਾਲ ਜੁਲਾਈ ਵਿਚ ਹੋਈ ਉਨ੍ਹਾਂ ਦੀ ਗੱਲਬਾਤ ਦੌਰਾਨ ਕੋਈ ਸਿੱਟਾ ਨਹੀਂ ਨਿਕਲਿਆ ਸੀ।

ਉਧਰ ਸਹੀ ਇਸੇ ਸਮੇਂ ਇਥੇ ਭਾਰਤ ਤੇ

(ਬਾਕੀ ਸਫਾ 6 'ਤੇ)

## ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦੀ ਕੋਸ਼ਿਸ਼ ਨੂੰ ਬਰੇਕ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਖਾਲਸਾ ਕਾਲਜ, ਅੰਮ੍ਰਿਤਸਰ ਨੂੰ ਨਿੱਜੀ ਯੂਨੀਵਰਸਿਟੀ ਬਣਾਉਣ ਦੀਆਂ ਕੋਸ਼ਿਸ਼ ਨੂੰ ਲੈ ਕੇ ਪੰਜਾਬ ਸਰਕਾਰ ਬੁਰੀ ਤਰ੍ਹਾਂ ਘਿਰ ਗਈ ਹੈ। ਭਾਵੇਂ ਇਸ ਬਾਰੇ ਸਰਕਾਰ ਨੇ ਕੋਈ ਸਪਸ਼ਟ ਜਵਾਬ ਨਹੀਂ ਦਿੱਤਾ ਪਰ ਚਾਰ-ਚੁਫੇਰਿਓਂ ਹੋ ਰਹੇ ਵਿਰੋਧ ਕਾਰਨ ਉਹ ਇਸ ਮਾਮਲੇ ਤੋਂ ਪੱਲਾ ਝਾੜਨ ਦੇ ਰੌਅ 'ਚ ਹੈ, ਇਸ ਲਈ ਪੰਜਾਬ ਮੰਤਰੀ ਮੰਡਲ ਵੱਲੋਂ ਖਾਲਸਾ ਕਾਲਜ ਨੂੰ ਨਿੱਜੀ ਯੂਨੀਵਰਸਿਟੀ ਦਾ ਦਰਜਾ ਦੇਣ ਬਾਰੇ ਫਿਲਹਾਲ ਕੋਈ ਫੈਸਲਾ ਨਹੀਂ ਲਿਆ ਗਿਆ।

ਕਈ ਮੰਤਰੀਆਂ ਨੇ ਸਰਕਾਰ ਵੱਲੋਂ ਇਸ

(ਬਾਕੀ ਸਫਾ 6 'ਤੇ)

**Mann Tax Services**
Individual, Trucking or Business Taxes
CTEC California Tax Education Council Approved Tax Preparer
IRS e-file

Gurdawar S. Mann
For Fast Refund:
For Appointments.
Ph:(510) 487-1000
(510) 468-9381
Email: manntaxservices@gmail.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Home Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Pacific Coast Law Firm P.C.

**Lance V Friel, Attorney at Law** **Kirandeep K Sihota, Attorney at Law**

*Over 10 Years of experience*

**ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ**

- > Personal Injury/Car Accident
  ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
- > Bankruptcy (Ch 7) ਬੈਂਕਰਪਸੀ (ਚੈਪਟਰ 7)
- > Family Law (Divorce, Custody)
  ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)

Unlawful Detainer/Eviction ਕਿਰਾਏਦਾਰ ਦਾ ਕਬਜ਼ਾ/ਬੇਦਖਲੀ
Probate (Wills & Trusts) ਪਰੋਬੇਟ (ਵਸੀਅਤਾਂ ਅਤੇ ਟਰੱਸਟ)

Business Formation and Tax (installment agreement)
ਬਿਜਨਸ ਦੀ ਸਥਾਪਨਾ ਅਤੇ ਟੈਕਸ (ਕਿਸ਼ਤਨਾਮਾ)



*Kirandeep K Sihota and Lance V Friel*

*Free Consultation ਮੁਫਤ ਸਲਾਹ-ਮਸ਼ਵਰਾ*

**Ph.209-475-6001**

**2351 W. March Lane Suite A, Stockton, CA 95207**



# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!

## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ ਜੇ ਉਹ ਗਲਤ ਸਾਬਤ ਹੋਵੇ?




ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ ਜੇ ਉਹ ਗਲਤ ਸਾਬਤ ਹੋਵੇ?

ਸਟਾਕਟਨ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ।

ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਇਲਾਜ ਦੇ ਸਭ ਤੋਂ ਵੱਡੇ ਮੁੱਦਈ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦੇ ਡਾ. ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟਿਕਾ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ ਮੂਲੋਂ ਹੀ ਗਲਤ ਹੋ ਸਕਦਾ ਹੈ। ਭਾਵੇਂ ਉਨ੍ਹਾਂ ਦੀ ਇਸ ਰਾਏ ਨਾਲ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਕਮਰ ਦਰਦ ਤੋਂ ਨਿਜਾਤ ਪਾ ਚੁਕੇ ਖੁਸ਼ ਲੋਕਾਂ ਦੀ ਇਕ ਪੂਰੀ ਫੌਜ ਹੈ।

ਕੀ ਤੁਸੀਂ *ਐਂਟੀ-ਇਨਫਲੇਮੇਟਰੀ ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) ਆਦਿ ਸਭੇ ਨੁਸਖੇ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ! ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਸ ਪ੍ਰਗਤੀਸ਼ੀਲ ਡਾਕਟਰ ਦੇ ਖਿਆਲ ਵਿਚ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ ਗਲਤ ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ ਅਤੇ ਕਿਹੜੇ ਮਰੀਜ਼ਾਂ ਲਈ ਨਹੀਂ, ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ!

ਜੇ ਤੁਸੀਂ ਕਮਰ ਦਰਦ ਦੀਆਂ ਪ੍ਰੇਸ਼ਾਨੀਆਂ ਨਾਲ ਜੂਝ ਰਹੇ ਹੋ ਅਤੇ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ

...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ। ਕਾਰਨ ਇਹ ਹੈ ਕਿ...ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਹੈ ਇਲਾਜ ਲਈ ਸਹੀ ਮਰੀਜ਼ਾਂ ਦੀ ਚੋਣ। ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਮਰੀਜ਼ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ।

ਡਾ. ਸਿਹੋਤਾ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਵਾਲੀ ਪਹੁੰਚ ਅਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ। ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

ਜੇ ਤੁਹਾਡਾ ਅਸਹਿ/ਅਸਾਧ ਦਰਦ: (1) ਕਮਰ ਦੇ ਹੇਠਲੇ ਪਾਸੇ (ਸੀ-1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (4) ਗਰਦਨ ਵਿਚ (ਸੀ-3, 4, 5 ਜਾਂ 7) ਹੈ (5) ਬਾਂਹ ਤੋਂ ਹੇਠਾਂ ਵਲ ਹੈ (6) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (7) ਹਰਨੀਆ ਦੀ ਡਿਸਕ ਪੀੜ ਵਰਗੀ ਹੈ (8) ਸਲਿਪ ਡਿਸਕ ਤੋਂ ਹੈ (9) ਤਰੇੜੀ ਹੋਈ ਡਿਸਕ ਤੋਂ ਹੈ (10) ਸੁਕੜੇਵੇਂ ਤੋਂ ਹੈ (11) ਜੋੜਾਂ ਦੇ ਦਰਦ ਤੋਂ ਹੈ ਜਾਂ ਅਜੇ ਪੀੜ ਦੇ ਦਰਦ ਦਾ ਕਾਰਨ ਪਤਾ ਨਹੀਂ ਲਗਿਆ... ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਦਰਦ ਤੋਂ ਛੁਟਕਾਰਾ ਪਾਉਣ ਲਈ

## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ ਐਕਸੀਡੈਂਟ ਐਂਡ ਇੰਜਰੀ ਕਲੀਨਿਕ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ।

ਸੋ, ਜੇ ਤੁਸੀਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।

ਸਾਡੀ ਕਲੀਨਿਕ **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ ਫੋਨ ਕਰੋ: 209-464-7738

**ਨੋਟ (1):**ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 8 ਅਪਰੈਲ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।



ਮੈਂ ਪਿਛਲੇ 12 ਸਾਲਾਂ ਤੋਂ ਕਮਰ ਦਰਦ ਤੋਂ ਪ੍ਰੇਸ਼ਾਨ ਸਾਂ। ਮੈਂ ਟਰੱਕ ਡਰਾਈਵਰ ਹਾਂ ਅਤੇ ਪਿਛਲੇ ਕਈ ਸਾਲਾਂ ਤੋਂ ਟਰੱਕ ਚਲਾ ਰਿਹਾ ਹਾਂ। ਇਸ ਅਰਸੇ ਦੌਰਾਨ ਮੇਰੀ ਲੱਕ ਪੀੜ ਲਗਾਤਾਰ ਵਧਦੀ ਚਲੀ ਗਈ।

ਮੈਂ ਡਾ. ਸਿਹੋਤਾ ਦੀ ਕਲੀਨਿਕ ਵਿਚ ਪਿਛਲੇ 5 ਹਫਤਿਆਂ ਤੋਂ ਆ ਰਿਹਾ ਹਾਂ ਅਤੇ ਮੈਨੂੰ ਲੱਕ ਪੀੜ ਤੋਂ 60% ਤੱਕ ਆਰਾਮ ਹੈ। ਇਲਾਜ ਬਿਲਕੁਲ ਵੀ ਤਕਲੀਫਦੇਹ ਨਹੀਂ ਹੈ। ਮੈਂ ਉਨ੍ਹਾਂ ਸਭ ਸੱਜਣਾਂ ਨੂੰ ਕਹਾਂਗਾ ਕਿ ਉਹ ਇਸ ਕਲੀਨਿਕ ਵਿਚ ਆਉਣ ਜਿਹੜੇ ਕਮਰ ਦਰਦ ਤੋਂ ਪ੍ਰੇਸ਼ਾਨ ਹਨ। ਮੈਂ ਡਾ. ਸਿਹੋਤਾ ਦਾ ਧੰਨਵਾਦੀ ਹਾਂ।

*-ਭੁਪਿੰਦਰ (ਉਮਰ 39 ਸਾਲ, ਟਰੱਕ ਡਰਾਈਵਰ)*

# ਮਨਪ੍ਰੀਤ ਬਾਦਲ ਨੇ 'ਪੀਪਲਜ਼ ਪਾਰਟੀ ਆਫ਼ ਪੰਜਾਬ' ਬਣਾਈ

## ਸ਼ਹੀਦ ਭਗਤ ਸਿੰਘ ਤੇ ਸੁਖਦੇਵ ਦੇ ਭਤੀਜਿਆਂ ਨੂੰ ਟਿਕਟਾਂ ਦਾ ਐਲਾਨ



**ਖਟਕੜ ਕਲਾਂ (ਪੰਜਾਬ ਟਾਈਮਜ਼ ਬਿਊਰੋ):** ਪੰਜ ਮਹੀਨੇ ਪਹਿਲਾਂ ਅਨੁਸ਼ਾਸਨ ਭੰਗ ਕਰਨ ਦੇ ਦੋਸ਼ ਵਿਚ ਸ਼੍ਰੋਮਣੀ ਅਕਾਲੀ ਦਲ ਵਿਚੋਂ ਕੱਢੇ ਗਏ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ 27 ਮਾਰਚ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਰੈਲੀ ਦੌਰਾਨ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ.) ਨਾਂ ਦੀ ਆਪਣੀ ਨਵੀਂ ਪਾਰਟੀ ਦਾ ਐਲਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪਾਰਟੀ ਦੇ ਸੰਵਿਧਾਨ ਮੁਤਾਬਕ 70 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਵਿਅਕਤੀ ਮੰਤਰੀ ਨਹੀਂ ਬਣੇਗਾ ਤੇ ਉਸ ਦੇ ਪ੍ਰਧਾਨ ਉਪਰ ਭ੍ਰਿਸ਼ਟਾਚਾਰ ਦਾ ਕੋਈ ਦੋਸ਼ ਨਹੀਂ ਹੋਣਾ ਚਾਹੀਦਾ ਦੇ ਪਾਰਟੀ ਮੈਰਿਟ ਦੇ ਆਧਾਰ 'ਤੇ ਕੰਮ ਕਰੇਗੀ।

ਨਵੀਂ ਪਾਰਟੀ ਦਾ ਐਲਾਨ ਕਰਕੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਜੇ ਲੋਕ ਉਨ੍ਹਾਂ ਨੂੰ ਇਵੇਂ ਹੀ ਸਾਥ ਦਿੰਦੇ ਰਹੇ ਤਾਂ ਪੰਜਾਬ 'ਚ ਅਗਲੇ 11 ਮਹੀਨਿਆਂ ਬਾਅਦ ਲੋਕ-ਪੱਖੀ ਸਰਕਾਰ ਹੋਵੇਗੀ। ਖਟਕੜ ਕਲਾਂ ਦੀ ਮਿੱਟੀ ਨੂੰ ਆਪਣੇ ਹੱਥ 'ਚ ਲੈਂਦਿਆਂ ਉਨ੍ਹਾਂ ਪਾਰਟੀ ਦੀਆਂ ਪਹਿਲੀਆਂ ਦੋ ਟਿਕਟਾਂ ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਸੰਧੂ ਤੇ ਸ਼ਹੀਦ ਸੁਖਦੇਵ ਦੇ ਭਤੀਜੇ ਭਾਰਤ ਭੂਸ਼ਣ ਥਾਪਰ ਲਈ ਐਲਾਨ ਦਿੱਤੀਆਂ। ਉਨ੍ਹਾਂ ਇਹ ਸ਼ਰਤ ਰੱਖੀ ਕਿ ਸ਼ਹੀਦਾਂ ਦੇ ਇਹ ਵਾਰਸ ਵੋਟਾਂ ਮੰਗਣ ਨਹੀਂ ਜਾਣਗੇ ਸਗੋਂ ਕੁਰਬਾਨੀਆਂ ਦੀ ਗਾਥਾ ਲਿਖਣ ਵਾਲਿਆਂ ਦੇ ਸੁਪਨੇ ਪੂਰਨ ਦੇ ਚਾਹਵਾਨ ਵੋਟਰ ਪਾਰਟੀ ਦੇ ਦੋਵਾਂ ਝੰਡਾਬਰਦਾਰਾਂ ਨੂੰ ਖੁਦ ਵੋਟ ਪਾਉਣ।

'ਡੰਡੇ ਦਾ ਰਾਜ' ਬਦਲਨ ਦੇ ਦਾਅਵੇ ਨਾਲ ਪਾਰਟੀ ਦਾ ਐਲਾਨ ਕਰਨ ਲਈ ਰੈਲੀ 'ਚ ਆਉਣ ਤੋਂ ਪਹਿਲਾਂ ਮਨਪ੍ਰੀਤ ਬਾਦਲ ਆਨੰਦਪੁਰ ਸਾਹਿਬ ਮੱਥਾ ਟੇਕਣ ਗਏ। ਵੱਡੀ ਗਿਣਤੀ 'ਚ ਪੁੱਜੇ ਲੋਕਾਂ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਂ ਲਏ ਬਗੈਰ ਕਿਹਾ ਕਿ ਇਹ ਗੈਰਤਮੰਦ ਲੋਕਾਂ ਦੀ ਪਾਰਟੀ ਹੈ ਜੋ ਥਾਣੇਦਾਰਾਂ, ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀਆਂ ਤੇ ਅਫਸਰਸ਼ਾਹੀ ਦੀਆਂ ਧਮਕੀਆਂ ਦੇ ਬਾਵਜੂਦ ਪੰਜਾਬ ਨੂੰ ਬਚਾਉਣ ਲਈ ਬਣੀ ਹੈ। ਜਦੋਂ ਸਾਬਕਾ ਵਿੱਤ ਮੰਤਰੀ ਵੱਲੋਂ ਲੋਕਾਂ ਦੀਆਂ ਮੁਸ਼ਕਲਾਂ 'ਤੇ ਉਂਗਲ ਧਰੀ ਜਾਂਦੀ ਤਾਂ ਉਨ੍ਹਾਂ ਦੇ ਮੂੰਹੋਂ 'ਨਿਜ਼ਾਮ ਬਦਲੋ' ਦੇ ਨਾਅਰੇ ਨਿਕਲਦੇ। ਨਵੀਂ ਐਲਾਨੀ ਇਸ ਪਾਰਟੀ ਦਾ ਝੰਡਾ ਬਸੰਤੀ ਰੰਗ ਦਾ ਹੋਵੇਗਾ ਜਿਸ ਵਿਚ ਪੰਜਾਬੀ ਲਿਪੀ ਦਾ 'ਪ' ਤੇ ਅੰਗਰੇਜ਼ੀ ਦੀ 'ਪੀ' ਜੁੜੇ ਹੋਣਗੇ ਤੇ ਇਸ ਪਾਰਟੀ ਦਾ ਮੁੱਖ ਦਫ਼ਤਰ ਗਿੱਦੜਬਾਹਾ ਹੋਵੇਗਾ।

ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਮੁੱਦੇ ਬਾਰੇ ਉਨ੍ਹਾਂ ਕਿਹਾ ਕਿ ਲੋਕ ਤਾਂ ਘਰ 'ਚ ਔਲਾਦ ਹੋਣ 'ਤੇ ਇਕ-ਦੂਸਰੇ ਨੂੰ ਸ਼ਗਨ ਦਿੰਦੇ ਹਨ ਪਰ ਪੰਜਾਬ ਸਰਕਾਰ ਇਸ ਧਰਤੀ 'ਤੇ ਜੰਮੇ ਹਰ ਮਾਸੂਮ ਦੀ ਝੋਲੀ ਕਰਜ਼ਾ ਪਾ ਰਹੀ ਹੈ। ਕਰਜ਼ੇ ਚੁੱਕ ਕੇ ਐਸ਼ ਕਰਨ ਵਾਲੇ ਸਿਆਸਤਦਾਨਾਂ ਤੇ ਅਧਿਕਾਰੀਆਂ ਦੀ ਪੰਜਾਬ ਨੂੰ ਕੋਈ ਲੋੜ ਨਹੀਂ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ "ਅਸੀਂ ਅਚਾਰ ਨਾਲ ਅੱਧੀ ਰੋਟੀ ਖਾ ਲਵਾਂਗੇ ਪਰ ਦਿੱਲੀ ਤੋਂ ਡਬਲ ਰੋਟੀ ਨਹੀਂ ਮੰਗਣੀ। ਜੇਕਰ ਲੱਸੀ ਥੋੜ੍ਹੀ ਹੋਈ, ਘਰ ਦੇ ਨਲਕੇ ਦਾ ਪਾਣੀ ਪਾ ਕੇ ਪਤਲੀ ਪੀ ਲਵਾਂਗੇ ਪਰ ਕਰਜ਼ੇ ਨਾਲ ਦਿੱਲੀਓਂ ਲੱਸੀ ਦੇ ਬੰਦ ਪੈਕੇਟ ਨਹੀਂ ਮੰਗਵਾਉਣੇ। ਮਨਪ੍ਰੀਤ ਨਾਲ ਇਸ ਮੌਕੇ ਉਨ੍ਹਾਂ ਦੀ ਪਤਨੀ, ਪਿਤਾ ਗੁਰਦਾਸ ਬਾਦਲ ਤੇ ਹੋਰ ਪਰਿਵਾਰਕ ਮੈਂਬਰ ਆਏ ਹੋਏ ਸਨ।

ਸ. ਬਾਦਲ ਨੇ ਕਿਹਾ ਕਿ ਇਸ ਪਾਰਟੀ ਦੀ ਸੋਚ ਅਜਿਹਾ ਨਿਜ਼ਾਮ ਸਿਰਜਣ ਦੀ ਹੈ ਜਿੱਥੇ ਹਰ ਧਰਮ, ਹਰ ਜਾਤ, ਹਰ ਕਿੱਤੇ ਤੇ ਹਰ ਵਰਗ ਦੇ ਲੋਕਾਂ ਦਾ ਵਿਕਾਸ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਅਕਾਲੀ ਦਲ ਤੇ ਕਾਂਗਰਸ ਨੇ 64 ਸਾਲ ਲੋਕਾਂ ਨਾਲ ਗੁੱਲੀ-ਡੰਡੇ ਵਾਲੀ ਖੇਡ ਖੇਡੀ ਹੈ ਜਿਸ 'ਚ ਸੱਤਾਧਾਰੀ ਪਾਰਟੀਆਂ ਨੇ ਡੰਡੇ ਦਾ ਰੋਲ ਨਿਭਾਇਆ। ਉਨ੍ਹਾਂ ਕਿਹਾ ਕਿ ਇਥੇ ਦੋਵਾਂ ਪਾਰਟੀਆਂ ਨੂੰ ਹੁਣ ਲੋਕਾਂ ਅੱਗੇ ਜਵਾਬ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਉਹ ਅਜਿਹਾ ਨਿਜ਼ਾਮ ਸਿਰਜਣ ਲਈ ਲੋਕਾਂ ਤੋਂ ਸਾਥ ਦੀ ਮੰਗ ਕਰ ਰਹੇ ਹਨ ਜਿੱਥੇ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਸਿਆਸੀ ਅਤਿਵਾਦ ਤੇ ਹੋਰ ਮੁਸ਼ਕਲਾਂ ਤੋਂ ਨਿਜ਼ਾਤ ਮਿਲੇ। ਮਨਪ੍ਰੀਤ ਬਾਦਲ ਨੇ ਕਿਹਾ ਕਿ ਅੱਜ ਇਹ ਸਾਰੇ ਲੋਕ ਸ਼ਹੀਦਾਂ ਦਾ ਅਸ਼ੀਰਵਾਦ ਲੈਣ ਲਈ ਆਏ ਹਨ। ਉਨ੍ਹਾਂ ਕਿਹਾ ਕਿ "ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇਰੀ ਧਰਤੀ 'ਤੇ ਪੰਜਾਬ ਦੇ ਲੋਕ ਇਕ ਵਾਰ ਫਿਰ ਕੁਝ ਮੰਗਣ ਆਏ ਹਨ, ਉਹ ਹੈ ਤੇਰੀ ਜੁਰਅਤ, ਹਿੰਮਤ, ਸਿਰੜ ਤੇ ਕੁਰਬਾਨੀ ਦਾ ਜਜ਼ਬਾ। ਅੱਜ ਪੰਜਾਬ ਦੇ ਗਲ 'ਚ ਕਰਜ਼ੇ ਤੇ ਆਰਥਿਕ ਮੰਦਹਾਲੀ ਦੇ ਫੰਦੇ ਪਏ ਹਨ ਜਿਸ ਕਾਰਨ ਇਸ ਦਾ ਸਿਰ ਝੁਕ ਰਿਹਾ ਹੈ।

ਅਭੈ ਸੰਧੂ ਤੇ ਭਾਰਤ ਭੂਸ਼ਣ ਥਾਪਰ ਤੇ ਉਨ੍ਹਾਂ ਦੇ ਭਰਾ ਵਿਨੋਦ ਥਾਪਰ ਨੇ ਕਿਹਾ ਕਿ ਸ਼ਹੀਦਾਂ ਦੇ ਸੁਪਨੇ ਸਿਆਸੀ ਲੋਕਾਂ ਨੇ ਭੁਲਾ ਦਿੱਤੇ ਸਨ ਪਰ ਮਨਪ੍ਰੀਤ ਨੇ ਇਨ੍ਹਾਂ ਨੂੰ ਮੁੜ ਜਿਊਂਦੇ ਕੀਤਾ ਹੈ। ਉਹ ਇਸ ਸੋਚ ਨੂੰ ਘਰ-ਘਰ ਪਹੁੰਚਾਉਣ ਲਈ ਹਰ ਹੰਭਲਾ ਮਾਰਨਗੇ। ਮਨਪ੍ਰੀਤ ਬਾਦਲ ਵੱਲੋਂ ਨਵੀਂ ਪਾਰਟੀ ਦਾ ਐਲਾਨ ਕਰਨ ਤੋਂ ਬਾਅਦ ਜਦੋਂ ਪੂਰੇ ਪੰਡਾਲ 'ਚ ਹਾਜ਼ਰ ਲੋਕਾਂ ਨੇ ਖੜ੍ਹੇ ਹੋ ਕੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਏ ਤਾਂ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਦੇ ਚਿਹਰਿਆਂ 'ਤੇ ਭਾਵੁਕਤਾ ਝਲਕਾਂ ਮਾਰ ਰਹੀ ਸੀ। ਸ. ਬਾਦਲ ਨੇ ਕਿਹਾ ਕਿ ਅਗਲੇ 90 ਦਿਨਾਂ 'ਚ ਪਾਰਟੀ ਦਾ ਢਾਂਚਾ ਤੇ ਮੈਂਬਰਸ਼ਿਪ ਦਾ ਕੰਮ ਨੇਪਰੇ ਚਾੜ੍ਹਿਆ ਜਾਵੇਗਾ। ਇਸ ਪਾਰਟੀ ਨਾਲ ਆ ਜੁੜੇ ਹਾਸਰਸ ਕਲਾਕਾਰ ਭਗਵੰਤ ਮਾਨ ਨੇ ਕਿਹਾ ਕਿ ਸਿਆਸੀ ਲੋਕਾਂ ਨੇ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਲੋਕਾਂ ਤੱਕ ਨਹੀਂ ਪਹੁੰਚਣ ਦਿੱਤੀ ਸਗੋਂ ਇਹ ਲਾਲ ਬੱਤੀਆਂ ਤੇ ਸੰਸਦ ਭਵਨ ਤੱਕ ਮਹਿਦੂਦ ਕਰ ਦਿੱਤੀ। ਅੰਗਰੇਜ਼ਾਂ ਨੇ ਸ਼ਹੀਦਾਂ ਨੂੰ ਇਕ ਵਾਰ ਫਾਂਸੀ ਲਾਈ ਪਰ ਭਾਰਤੀ ਹਾਕਮਾਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ 64 ਵਰ੍ਹੇ ਫਾਂਸੀ ਦੇਈ ਰੱਖੀ। ਉਹ ਕਿਸੇ ਦੇ ਵਿਰੋਧ 'ਚ ਨਹੀਂ ਸਗੋਂ ਲੋਕਾਂ ਖਾਤਰ ਸਿਆਸੀ ਮੈਦਾਨ 'ਚ ਉਤਰੇ ਹਨ।

ਇਸ ਰੈਲੀ ਨੂੰ ਸਾਬਕਾ ਐਮ.ਪੀ. ਵਰਿੰਦਰ ਬਾਜਵਾ, ਵਿਧਾਇਕ ਜਗਬੀਰ ਬਰਾੜ, ਮਨਜਿੰਦਰ ਸਿੰਘ ਕੰਗ, ਗੁਰਮੀਤ ਸਿੰਘ ਦਾਦੂਵਾਲ, ਐਸ.ਐਸ. ਜੌਹਲ, ਤੀਰਥ ਸਿੰਘ ਚਾਹਲ, ਅਮਰਜੀਤ ਸਿੰਘ ਸੰਧੂ, ਠੇਕੇਦਾਰ ਹਰਭਜਨ ਸਿੰਘ ਭੰਗਲ, ਰਜਿੰਦਰ ਸਿੰਘ ਸੰਦਲ ਤੇ ਮਨਪ੍ਰੀਤ ਖਾਰਾ ਨੇ ਸੰਬੋਧਨ ਕੀਤਾ।

## ਭਗਵੰਤ ਮਾਨ 'ਅਸਲੀ' ਰੂਪ 'ਚ



**ਖਟਕੜ ਕਲਾਂ:** ਪ੍ਰਸਿੱਧ ਹਾਸਰਸ ਕਲਾਕਾਰ ਭਗਵੰਤ ਮਾਨ ਨੇ ਕਿਹਾ ਹੈ ਕਿ ਹੁਣ ਝੂਠੇ ਸਿਆਸੀ ਲੀਡਰਾਂ ਹੱਥੋਂ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ 65ਵੀਂ ਵਾਰ ਫਾਂਸੀ ਨਹੀਂ ਲੱਗਣ ਦਿਆਂਗੇ। ਭਗਵੰਤ ਮਾਨ ਦਾ ਇਹ ਨਵਾਂ ਰੂਪ ਸੀ ਜਿਹੜਾ ਜਨਤਾ ਸਾਹਮਣੇ ਆਇਆ ਹੈ। ਸਟੇਜਾਂ ਉਤੇ ਚੁਟਕਲੇ ਸੁਣਾਉਣ ਵਾਲਾ ਭਗਵੰਤ ਮਾਨ ਅਤਿ ਦਾ ਗੰਭੀਰ ਤੇ ਕਿਸੇ ਵੱਡੇ ਨੇਤਾ ਨਾਲੋਂ ਘੱਟ ਗੰਭੀਰ ਵਿਖਾਈ ਨਹੀਂ ਸੀ ਦੇ ਰਿਹਾ। ਭਗਵੰਤ ਮਾਨ ਦੀ ਜੋਸ਼ੀਲੀ ਤਕਰੀਰ ਨੇ ਜੁੜੇ ਇਕੱਠ ਦੇ ਰੌਂਗਟੇ ਖੜ੍ਹੇ ਕਰ ਦਿਤੇ।

ਉਨ੍ਹਾਂ ਕਿਹਾ ਕਿ ਝੂਠੇ ਸਿਆਸੀ ਲੀਡਰ ਹਰ ਸਾਲ ਖਟਕੜ ਕਲਾਂ ਵਿਖੇ ਸ਼ਹੀਦਾਂ ਦੇ ਬੁੱਤਾਂ ਨੂੰ ਹਾਰ ਪਾਉਂਦੇ ਹਨ। ਇੰਝ ਲੱਗਦਾ ਹੈ ਕਿ ਲੀਡਰ ਸ਼ਹੀਦਾਂ ਦੇ ਗਲੇ ਵਿਚ ਫਾਂਸੀ ਦੇ ਰੱਸੇ ਪਾ ਰਹੇ ਹੋਣ। ਉਨ੍ਹਾਂ ਕਿਹਾ ਕਿ ਸ਼ਹੀਦਾਂ ਨੇ ਖੂਨ ਦੇ ਕੇ ਜਿਹੜੀ ਆਜ਼ਾਦੀ ਲਿਆਂਦੀ ਸੀ, ਉਹ ਅਜੇ ਲੋਕਾਂ ਤਕ ਨਹੀਂ ਪੁੱਜੀ। ਉਨ੍ਹਾਂ ਕਿਹਾ ਕਿ ਲੰਮਾ ਸਮਾਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਕੈਸਟਾਂ ਰਾਹੀਂ ਸਰਕਾਰਾਂ ਤਕ ਪਹੁੰਚਾਉਣ ਦੇ ਯਤਨ ਕੀਤੇ ਪਰ ਸਰਕਾਰਾਂ ਦੇ ਕੰਨਾਂ ਉਤੇ ਜੂੰ ਨਾ ਸਰਕੀ, ਇਸ ਲਈ ਸ਼ਹੀਦਾਂ ਦੇ ਸੁਪਨਿਆਂ ਦਾ ਪੰਜਾਬ ਸਿਰਜਣ ਲਈ ਉਹ ਸ. ਮਨਪ੍ਰੀਤ ਨਾਲ ਸਰਗਰਮ ਸਿਆਸਤ ਵਿਚ ਆਏ ਹਨ। ਉਨ੍ਹਾਂ ਕਿਹਾ, "ਮੈਂ ਅੰਨ ਦਾਤੇ ਨੂੰ ਭੀਖ ਮੰਗਦੇ ਤੇ ਫਾਂਸੀ ਲਗਦਿਆਂ ਨਹੀਂ ਦੇਖ ਸਕਦਾ।" ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਹੱਕ ਮੰਗਦੇ ਲੋਕਾਂ ਉਤੇ ਡਾਂਗਾਂ ਵਰ੍ਹਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋੜ ਪਈ ਤਾਂ ਉਹ ਅਪਣੇ ਖੂਨ ਦਾ ਕਤਰਾ-ਕਤਰਾ ਵਹਾ ਦੇਣਗੇ ਪਰ ਸ਼ਹੀਦਾਂ ਦੀ ਆਤਮਾ ਦੁਖੀ ਨਹੀਂ ਹੋਣ ਦਿੱਤੀ ਜਾਵੇਗੀ।

## ਸਰਕਾਰ ਨੇ ਟਰਾਂਸਪੋਰਟਰਾਂ ਨੂੰ ਧਮਕਾਇਆ

**ਚੰਡੀਗੜ੍ਹ:** ਮਨਪ੍ਰੀਤ ਸਿੰਘ ਬਾਦਲ ਦੀ ਖਟਕੜ ਕਾਨਫਰੰਸ ਨੂੰ ਫੇਲ੍ਹ ਕਰਨ ਲਈ ਸਰਕਾਰ ਵੱਲੋਂ ਟਰਾਂਸਪੋਰਟਰਾਂ ਨੂੰ ਧਮਕਾਇਆ ਗਿਆ ਕਿ ਉਹ ਬੱਸਾਂ ਨਾ ਦੇਣ। ਕਾਨਫਰੰਸ ਤੋਂ ਇਕ ਦਿਨ ਪਹਿਲਾਂ ਟਰਾਂਸਪੋਰਟਰਾਂ ਨੂੰ ਜ਼ਿਲ੍ਹਾ ਟਰਾਂਸਪੋਰਟ ਅਫਸਰਾਂ ਵੱਲੋਂ ਮਨਪ੍ਰੀਤ ਹਮਾਇਤੀਆਂ ਨੂੰ ਬੱਸਾਂ ਨਾ ਦੇਣ ਦੇ ਸੁਨੇਹੇ ਦਿੱਤੇ ਗਏ। ਲੁਧਿਆਣਾ ਜ਼ਿਲ੍ਹੇ ਦੇ ਡੀ.ਟੀ.ਓ. ਅਸ਼ਵਨੀ ਕੁਮਾਰ ਦੇ ਡਰਾਈਵਰ ਸੁਖਵਿੰਦਰ ਸਿੰਘ ਵੱਲੋਂ ਮੋਬਾਈਲ ਫੋਨ ਨੰਬਰ 9779700436 ਤੇ ਉਨ੍ਹਾਂ ਦੇ ਇਕ ਗੰਨਮੈਨ ਵੱਲੋਂ ਇਕ ਹੋਰ ਫੋਨ ਨੰਬਰ ਤੋਂ ਜ਼ਿਲ੍ਹੇ ਦੇ ਟਰਾਂਸਪੋਰਟਰਾਂ ਨੂੰ ਫੋਨ ਕਰਕੇ ਮਨਪ੍ਰੀਤ ਦੀ ਕਾਨਫਰੰਸ ਲਈ ਕੀਤੀ ਬੁਕਿੰਗ ਰੱਦ ਕਰਨ ਲਈ ਆਖਿਆ ਗਿਆ। ਕੇਵਲ ਬੁਕਿੰਗ ਰੱਦ ਕਰਨ ਲਈ ਹੀ ਨਹੀਂ ਬਲਕਿ ਬੱਸਾਂ ਦੇਣ ਨਾਲ ਉਨ੍ਹਾਂ ਨੂੰ ਆਉਣ ਵਾਲੀ ਪ੍ਰੇਸ਼ਾਨੀ ਬਾਰੇ ਵੀ ਯਾਦ ਕਰਵਾਇਆ ਗਿਆ।

## ਰੈਲੀ ਸਾਬੋਤਾਜ ਕਰਨ ਦੀ ਕੋਸ਼ਿਸ਼

**ਚੰਡੀਗੜ੍ਹ:** ਮਨਪ੍ਰੀਤ ਦੀ ਚੜ੍ਹਤ ਨੂੰ ਵੇਖ ਕੇ ਘਬਰਾਏ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਖਟਕੜ ਕਲਾਂ ਰੈਲੀ ਨੂੰ ਸਾਬੋਤਾਜ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਮਨਪ੍ਰੀਤ ਨੇ ਦੋਸ਼ ਲਾਇਆ ਕਿ ਖੇਤਰੀ ਟਰਾਂਸਪੋਰਟ ਅਧਿਕਾਰੀਆਂ, ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀਆਂ, ਸੀ.ਆਈ.ਡੀ. ਦੇ ਮੁਲਾਜ਼ਮਾਂ ਤੇ ਪੰਜਾਬ ਪੁਲੀਸ ਦੇ ਅਫਸਰਾਂ ਵੱਲੋਂ ਨਿੱਜੀ ਟਰਾਂਸਪੋਰਟਰਾਂ 'ਤੇ ਰੈਲੀ ਲਈ ਬੱਸਾਂ ਨਾ ਦੇਣ ਲਈ ਦਬਾਅ ਪਾਇਆ ਗਿਆ।

ਉਨ੍ਹਾਂ ਇਹ ਵੀ ਕਿਹਾ ਕਿ ਰਾਜ ਦੇ ਮੁੱਖ ਸਕੱਤਰ ਐਸ.ਸੀ. ਅਗਰਵਾਲ ਨਾਲ ਉਨ੍ਹਾਂ ਲਗਾਤਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਫੋਨ ਨਹੀਂ ਚੁੱਕਿਆ। ਉਨ੍ਹਾਂ ਕਿਹਾ ਕਿ ਮੁੱਖ ਸਕੱਤਰ ਨੂੰ ਇਸ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਨੌਕਰੀ ਉਨ੍ਹਾਂ ਭਾਰਤੀ ਵਿਧਾਨ ਦੀ ਸਹੁੰ ਚੁੱਕ ਕੇ ਸ਼ੁਰੂ ਕੀਤੀ ਸੀ ਨਾ ਕਿ ਸੁਖਬੀਰ ਬਾਦਲ ਦੀ ਸਹੁੰ ਚੁੱਕ ਕੇ।

ਮਨਪ੍ਰੀਤ ਅਨੁਸਾਰ ਸੰਗਰੂਰ, ਲੁਧਿਆਣਾ, ਜਲੰਧਰ, ਪਟਿਆਲਾ, ਹੁਸ਼ਿਆਰਪੁਰ, ਮਾਨਸਾ ਜ਼ਿਲ੍ਹਿਆਂ ਦੇ ਜ਼ਿਲ੍ਹਾ ਟਰਾਂਸਪੋਰਟ ਅਫਸਰਾਂ ਨੇ ਟਰਾਂਸਪੋਰਟਰਾਂ ਨੂੰ ਧਮਕਾਇਆ ਕਿ ਖਟਕੜ ਕਲਾਂ ਲਈ ਬੱਸਾਂ ਨਾ ਦਿੱਤੀਆਂ ਜਾਣ ਤੇ ਜੇਕਰ ਬੱਸਾਂ ਦਿੱਤੀਆਂ ਤਾਂ ਚਾਲਾਨ ਕੱਟ ਦਿੱਤੇ ਜਾਣਗੇ। ਉਨ੍ਹਾਂ ਟਰਾਂਸਪੋਰਟ ਕੰਪਨੀਆਂ ਦੇ ਨਾਮ ਲੈਂਦਿਆਂ ਦੱਸਿਆ ਕਿ ਪ੍ਰਸ਼ਾਸਨ ਨੇ 2000 ਬੱਸਾਂ ਨੂੰ ਰੈਲੀ ਵਿਚ ਆਉਣ ਤੋਂ ਰੋਕਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜੋ ਕਾਰਵਾਈ ਕੀਤੀ ਜਾ ਰਹੀ ਹੈ ਇਹ ਬਰਦਾਸ਼ਤ ਤੋਂ ਬਾਹਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਦੇ ਕੇਬਲ ਨੈੱਟਵਰਕ ਬੰਦ ਕਰ ਦੇਣਾ ਤੇ ਕਦੇ ਬੱਸਾਂ ਨਾ ਲੈਣ ਦੇਣੀਆਂ, ਕਿੱਧਰਲਾ ਲੋਕਤੰਤਰ ਹੈ।

# ਮਨਪ੍ਰੀਤ ਲਈ ਕੰਡਿਆਲੇ ਰਾਹਾਂ ਦਾ ਸਫ਼ਰ !

**ਚੰਡੀਗੜ੍ਹ:** ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ ਕਿ ਪੰਜਾਬ ਵਿਚ ਤਬਦੀਲੀ ਦੀ ਇਬਾਰਤ ਬਹੁਤ ਦੇਰ ਪਹਿਲਾਂ ਹੀ ਲਿਖੀ ਜਾ ਚੁੱਕੀ ਸੀ ਪਰ ਕਿਸੇ ਨੂੰ ਵੀ ਇਸ 'ਤੇ ਵਿਸ਼ਵਾਸ ਨਹੀਂ ਸੀ। ਹਰ ਕੋਈ ਸੋਚਦਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਉਹ ਬੇੜਾ ਹੈ ਜਿਸ ਨੂੰ ਕੋਈ ਅਜਿਹਾ ਵਿਅਕਤੀ ਨਹੀਂ ਡੁਬੋ ਸਕਦਾ ਜੋ ਇਸ 'ਤੇ ਚੜ੍ਹ ਕੇ ਸੱਤਾ ਦੇ ਝੂਟੇ ਲੈਂਦਾ ਰਿਹਾ ਹੋਵੇ।

ਮਨਪ੍ਰੀਤ ਸਿੰਘ ਬਾਦਲ ਨੇ ਇਹ ਦੱਸ ਦਿੱਤਾ ਹੈ ਕਿ ਕਿਸੇ ਨੂੰ ਪਹਿਲਾਂ ਅਸੰਭਵ ਦਾ ਸੁਪਨਾ ਲੈਣਾ ਪੈਂਦਾ ਹੈ ਤੇ ਫਿਰ ਕਿਤੇ ਉਹ ਸੁਪਨਾ ਹਕੀਕਤ ਦਾ ਜਾਮਾ ਪਹਿਨਦਾ ਹੈ। ਇਬਾਰਤ ਬਹੁਤ ਇਹਤਿਆਤ ਨਾਲ ਲਿਖੀ ਗਈ। ਉਹ ਸਦਾ ਰਹਿਣੀ-ਬਹਿਣੀ ਦਾ ਮਾਲਕ ਹੈ। ਆਪਣਾ ਹੁਕਮ ਪੋਲੇ ਜਿਹੇ ਚਲਾਉਂਦਾ, ਬੋਲਾਂ 'ਤੇ ਅਡਿੱਗ ਰਹਿੰਦਾ, ਆਪਣੀ ਗੱਡੀ ਖੁਦ ਚਲਾਉਂਦਾ ਤੇ ਉਸ ਦੇ ਆਲੇ-ਦੁਆਲੇ ਸੁਰੱਖਿਆ ਘੇਰਾ ਨਹੀਂ ਦੇਖਿਆ ਗਿਆ। ਉਹ ਵਿਚਾਰਸ਼ੀਲ ਹੈ। ਰਾਜ ਦੇ ਮਾਲ ਖਜ਼ਾਨੇ ਦੀ ਤਰਫ਼ਦਾਰੀ ਕਰਦਾ ਹੈ ਤੇ ਸਸਤੀ ਸ਼ੋਹਰਤ ਵਾਲੀ ਸਿਆਸਤ ਦਾ ਵਿਰੋਧੀ ਹੈ ਤੇ ਗਰੀਬਾਂ ਦੀ ਭਲਾਈ ਨੂੰ ਹਮੇਸ਼ਾ ਮਨ 'ਚ ਰੱਖਦਾ ਹੈ।

ਸ਼੍ਰੋਮਣੀ ਅਕਾਲੀ ਦਲ ਨੂੰ ਹੁਣ ਪਛਤਾਵਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਵਜੋਂ ਮਨਪ੍ਰੀਤ ਦਾ ਛਤਰ ਕਿਉਂ ਬਣਨ ਦਿੱਤਾ ਗਿਆ। ਅਸਲ ਸੱਤਾ ਕੇਂਦਰ (ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ) ਤੋਂ ਜਾਣੂ ਕਈਆਂ ਨੇ ਸਬਸਿਡੀਆਂ ਦੇ ਮੁੱਦੇ 'ਤੇ ਮਨਪ੍ਰੀਤ ਦੀ ਖਿੱਲੀ ਵੀ ਉਡਾਈ। ਤਕਰੀਬਨ ਇਹੀ ਲਗਦਾ ਸੀ ਕਿ ਜੇ ਗਿੱਦੜਬਾਹਾ ਤੋਂ ਚਾਰ ਵਾਰ ਦੇ ਵਿਧਾਇਕ ਨੇ ਕਦੇ ਪਾਰਟੀ ਖਿਲਾਫ਼ ਬਗ਼ਾਵਤ ਦਾ ਝੰਡਾ ਚੁੱਕਿਆ ਤਾਂ ਉਸ ਦੇ ਨਾਲ ਦੂਨ ਸਕੂਲ ਦੇ ਉਸ ਦੇ ਸਾਥੀ ਤੇ ਉਸ ਦੇ ਪਸੰਦੀਦਾ ਰਾਜਨੇਤਾ ਅਤਾਤੁਰਕ ਦੀਆਂ ਲਿਖਤਾਂ ਹੀ ਰਹਿ ਜਾਣਗੀਆਂ।

ਇਸ ਲੋਅ 'ਚ ਪਿਛਲੇ ਸਾਲ ਸਤੰਬਰ 'ਚ



ਮਨਪ੍ਰੀਤ ਦੀ ਬਗ਼ਾਵਤ ਦੀ ਬਹੁਤ ਸਾਰੇ ਲੋਕਾਂ ਨੂੰ ਸਮਝ ਨਹੀਂ ਪਈ ਸੀ। ਆਪਣੇ ਜੀਵਨ ਵਿਚ ਆਪਣੇ ਤੋਂ ਸੀਨੀਅਰ ਆਗੂਆਂ ਨੂੰ ਖੂੰਡੇ ਲਾਉਣ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਹੀ ਇਸ ਦੀ ਸੋਝੀ ਸੀ। ਮੁੱਖ ਮੰਤਰੀ ਬਾਦਲ ਨੇ ਮਨਪ੍ਰੀਤ ਨੂੰ ਰੋਕਣ ਦੀ ਸੰਜੀਦਾ ਕੋਸ਼ਿਸ਼ ਕੀਤੀ ਪਰ ਪਾਰਟੀ ਅੰਦਰਲੇ ਸ਼ਿਕਾਰੇ (ਸੁਖਬੀਰ ਹੁਰੀਂ) ਇਹ ਮੌਕਾ ਕਿਸੇ ਸੂਰਤ ਵਿਚ ਖੁੰਝਣ ਨਹੀਂ ਦੇਣਾ ਚਾਹੁੰਦੇ ਸਨ। ਮਨਪ੍ਰੀਤ ਨੂੰ ਪਾਰਟੀ 'ਚੋਂ ਵਾਲ ਦੀ ਤਰ੍ਹਾਂ ਕੱਢ ਦਿੱਤਾ ਗਿਆ ਤੇ ਪਿਛਲੇ ਸਾਲ 13 ਅਕਤੂਬਰ ਨੂੰ ਉਸ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫ਼ਾ ਦੇ ਦਿੱਤਾ। ਪਹਿਲੀ ਵਾਰ ਸੁਖਬੀਰ ਹੱਸਿਆ ਜਦੋਂ ਬਗ਼ਾਵਤ ਵੇਲੇ ਮਨਪ੍ਰੀਤ ਦੇ ਨਾਲ ਖੜ੍ਹੇ ਵਿਧਾਇਕ ਸੰਤ ਅਜੀਤ ਸਿੰਘ ਤੇ ਚਰਨਜੀਤ ਸਿੰਘ ਚੰਨੀ ਉਸ ਤੋਂ ਪਾਸਾ ਵੱਟ ਗਏ। ਸਰਕਾਰੀ ਜ਼ੋਰ-ਜਬਰ ਦੇ ਪੇਸ਼ੇਨਜ਼ਰ ਜਦੋਂ ਮਨਪ੍ਰੀਤ ਲੋਕਾਂ ਦੀ ਕਚਹਿਰੀ 'ਚ ਆਇਆ ਤਾਂ ਉਸ ਨੂੰ ਸੁਣਨ ਆਉਣ ਵਾਲਿਆਂ ਦੀ ਤਦਾਦ ਬਹੁਤੀ ਨਹੀਂ ਸੀ। ਫਿਰ 14 ਨਵੰਬਰ ਨੂੰ 'ਜਾਗੋ ਪੰਜਾਬ' ਯਾਤਰਾ ਦੇ ਐਲਾਨ ਤੋਂ ਇਕ ਮਹੀਨੇ ਮਗਰੋਂ ਹੀ ਹਵਾ ਦਾ ਰੁਖ਼ ਬਦਲ ਗਿਆ। ਛੇਤੀ ਹੀ ਸੁਖਬੀਰ ਨੂੰ ਆਪਣੇ ਝੁਰਮਟ ਦੀ ਸਲਾਮਤੀ ਦੀ ਫਿਕਰ ਪੈ ਗਈ। ਸਖ਼ਤ ਪਹਿਰੇ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੇ ਕਿਲੇ 'ਚ ਤਰੇੜਾਂ ਪੈਣੀਆਂ ਸ਼ੁਰੂ ਹੋ ਗਈਆਂ ਤੇ ਆਉਂਦੇ ਮਹੀਨਿਆਂ 'ਚ ਮਨਪ੍ਰੀਤ ਇਹ ਤਰੇੜਾਂ ਹੋਰ ਫੈਲਦੀਆਂ ਦੇਖਣਾ ਚਾਹੁੰਦਾ ਹੈ। ਕਾਂਗਰਸ ਵੀ ਬਿਲਕੁਲ ਉਸ ਦੇ ਨਿਸ਼ਾਨੇ 'ਤੇ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਲੋਕ ਆਪਣਾ ਮਨ ਬਣਾ ਚੁੱਕੇ ਹਨ। ਹੁਣ ਉਹ ਨਵੀਂ ਸਿਆਸੀ ਪਾਰਟੀ ਦੇ ਢਾਂਚੇ ਬਾਰੇ ਜਾਣਨ ਲਈ ਉਤਸੁਕ ਹਨ ਕਿ ਮੇਰੀ ਸੰਗਤ ਕਿਹੋ ਜਿਹੀ ਹੋਵੇਗੀ। ਮੈਂ ਉਨ੍ਹਾਂ ਨੂੰ ਨਾ-ਉਮੀਦ ਨਹੀਂ ਕਰਾਂਗਾ। ਉਨ੍ਹਾਂ ਕਾਂਗਰਸ ਦਾ ਏਜੰਟ ਹੋਣ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਕਾਂਗਰਸ ਕਿਹੜੀ ਦੁਕਾਨ ਤੋਂ ਮਿਲਦੀ ਹੈ? ਅਸੀਂ ਤਾਂ ਸੌਦਾ ਲੈਣ ਨਹੀਂ ਗਏ। ਮਨਪ੍ਰੀਤ ਤਬਦੀਲੀ ਦੇ ਆਪਣੇ ਸੁਨੇਹੇ ਨੂੰ ਦੇਸ਼ਭਗਤੀ ਤੇ ਜਜ਼ਬਾਤ ਦਾ ਤੜਕਾ ਲਾ ਕੇ ਪਰੋਸ ਰਿਹਾ ਤੇ ਉਹ ਸ਼ਹੀਦ ਭਗਤ ਸਿੰਘ ਦੇ ਵਿਰਸੇ ਨੂੰ ਵੀ ਚੋਖਾ ਉਭਾਰ ਰਿਹਾ ਹੈ।

# Matrimonials

## ਕੰਨਿਆ ਦੀ ਲੋੜ

Wanted US citizen girl for Kamboj Sikh boy, 25, 5’5", Bachelor in Architecture, raised in America went to school, college in New York, living with parents in New York and works with family business. Cast no bar. Call: 516.439.1208 or 347.920.9011

---

ਜੱਟ ਸਿੱਖ ਢਿੱਲੋਂ, ਸੁਨੱਖੇ, 22, 5’11”, ਦਸ ਸਾਲ ਦੇ ਟੂਰਿਸਟ/ਬਿਜਨਸ ਵੀਜ਼ੇ ‘ਤੇ ਅਮਰੀਕਾ ਆਪਣੇ ਪਿਤਾ ਪਾਸ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਫੋਨ 812-677-6206 ਜਾਂ ਈਮੇਲ: dhillon196315@yahoo.com

---

Wanted suitable match for Jatt Sikh US born, handsome, cleanshaven, 27/ 6’1”, engineer (BSc. Engg.) boy, manager in a top US corporation. Educated, respected family, no demands. Contact: Sikh5family@gmail.com

---

Indian Attorney in 60s, 5'-6", slim looking for a sincere, educated, God fearing, companion. Caste no bar. Serious inquiries only. Contact: Ph:323-573-9315, Email: singhb1@yahoo.com

---

Seeking Jatt Sikh alliance for 27/5'-6" B.E, M.S girl. Placed with Bank of America, Contact:704-930-1734, ppsd32@gmail.com.

## ਵਰ ਦੀ ਲੋੜ

ਖੂਬਸੂਰਤ ਕੰਬੋਜ਼ ਸਿੱਖ ਉਮਰ 24 ਸਾਲ ਕੱਦ 5’6" ਸਟੂਡੈਂਟ ਵੀਜ਼ੇ ‘ਤੇ, ਕੈਨੇਡਾ ਰਹਿੰਦੀ ਰਜਿਸਟਰਡ ਪ੍ਰੈਕਟੀਕਲ ਨਰਸ ਅਮ੍ਰਿਤਧਾਰੀ ਲੜਕੀ ਲਈ ਗੁਰਸਿੱਖ ਵਰ ਚਾਹੀਦਾ ਹੈ। ਫੋਨ: 780-200-8082, 91-98146-47417

---

Sikh match for Parjapat Sikh female, 30, 5’- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com

# ਨਾਭ ਕੰਵਲ ਰਾਜਾ ਸਾਹਿਬ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ

**ਫਰਿਜ਼ਨੋ (ਐਸ. ਅਸ਼ੋਕ ਭੌਰਾ):** ਇੱਥੋਂ ਨਜ਼ਦੀਕ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਸੈਨ ਜੋਕੁਇਨ ਵਿਖੇ ਪਾਰਬ੍ਰਹਮ ਆਤਮਾ ਮਹਾਨ ਤਪੱਸਵੀ 108 ਨਾਭ ਕੰਵਲ ਰਾਜਾ ਸਾਹਿਬ ਦਾ ਜਨਮ ਦਿਨ ਸੈਂਟਰਲ ਵੈਲੀ ਅਤੇ ਫਰਿਜ਼ਨੋ ਦੀਆਂ ਸਮੂਹ ਸੰਗਤਾਂ ਵੱਲੋਂ ਸ਼ਰਧਾਪੂਰਬਕ ਮਨਾਇਆ ਗਿਆ। ਜ਼ਿਕਰਯੋਗ ਹੈ ਕਿ ਨਾਭ ਕੰਵਲ ਰਾਜਾ ਸਾਹਿਬ ਦੀ ਯਾਦ ਵਿਚ ਬੰਗਾ ਲਾਗੇ ਪਿੰਡ ਮਜਾਰਾ ਰਾਜਾ ਸਾਹਿਬ ਵਿਚ ਉਨ੍ਹਾਂ ਦੇ ਤਪੋ ਅਸਥਾਨ ‘ਤੇ ਗੁਰਦੁਆਰਾ ਸਾਹਿਬ ਉਸਾਰਿਆ ਗਿਆ ਹੈ ਜਿਥੇ ਆਏ ਸਾਲ ਪੰਥਕ ਢਾਡੀ ਜਥੇ, ਕਥਾਵਾਚਕ, ਕੀਰਤਨੀਏ ਅਤੇ ਗਾਇਕ ਗੁਰਦਾਸ ਮਾਨ, ਹਰਭਜਨ ਮਾਨ ਤੇ ਕੁਲਦੀਪ ਮਾਣਕ ਸਮੇਤ ਕਰੀਬ ਹਰ ਵੱਡੇ ਪੰਜਾਬੀ ਗਾਇਕ ਨੇ ਸ਼ਰਧਾ ਨਾਲ ਹਾਜ਼ਰੀ ਭਰੀ ਹੈ। ਇਵੇਂ ਪਿੰਡ ਗੁਣਾਚੌਰ, ਝਿੰਗੜਾਂ, ਬੱਲੋਆਲ, ਮੰਨਣਹਾਨਾ ਵਿਖੇ ਵੀ ਰਾਜਾ ਸਾਹਿਬ ਦੀ ਯਾਦ ਵਿਚ ਪਵਿੱਤਰ ਅਸਥਾਨਾਂ ਦੀ ਉਸਾਰੀ ਕੀਤੀ ਗਈ ਹੈ ਅਤੇ ਪੰਜਾਬ ਦੇ ਕੋਨੇ-ਕੋਨੇ ਤੋਂ ਲੱਖਾਂ ਸੰਗਤਾਂ ਇਨ੍ਹਾਂ ਥਾਂਵਾਂ ‘ਤੇ ਪੁੱਜਦੀਆਂ ਹਨ।

ਇਥੇ ਗੁਰੂ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਕਰੀਬ ਇਕ ਘੰਟਾ ਵਾਹਿਗੁਰੂ ਨਾਲ ਜੋੜੀ ਰੱਖਿਆ। ਇਸ ਤੋਂ ਬਾਅਦ ਯੂਬਾ ਸਿਟੀ ਤੋਂ ਆਏ ਢਾਡੀ ਸੁਖਵਿੰਦਰ ਸਿੰਘ ਗਰੇਵਾਲ ਅਤੇ ਢਾਡੀ ਮੋਹਨ ਸਿੰਘ ਕੰਗਰੋੜ ਦੇ ਜਥੇ ਨੇ ਨਾਭ ਕੰਵਲ ਰਾਜਾ ਸਾਹਿਬ ਦੇ ਜੀਵਨ ਨੂੰ ਜੋਸ਼ੀਲੇ ਢੰਗ ਨਾਲ ਵਾਰਾਂ ਜ਼ਰੀਏ ਪੇਸ਼ ਕਰਕੇ ਇਸ ਮਹਾਨ ਤਪੱਸਵੀ ਦੀ ਜੀਵਨ ਸ਼ੈਲੀ ਤੋਂ ਸੰਗਤਾਂ ਨੂੰ ਪ੍ਰੇਰਨਾ ਲੈਣ ਲਈ ਪ੍ਰੇਰਿਆ।

ਆਖਿਰ ਵਿਚ ਪੰਜਾਬ ਦੇ ਨਾਮੀ ਗਾਇਕ ਸੁਖਵਿੰਦਰ ਪੰਛੀ ਨੇ ਤਾਂ ਸਮਝੋ ਸਮਾਂ ਹੀ ਬੰਨ੍ਹ ਲਿਆ। ਰਾਜਾ ਸਾਹਿਬ ਦੀਆਂ ਸ਼ਰਧਾਲੂ ਸੰਗਤਾਂ ਨੇ ਪੰਛੀ ਦੇ ਗਾਏ ਗੀਤਾਂ ਦਾ ਵੀ ਨਾਲ-ਨਾਲ ਗਾਇਨ ਕੀਤਾ। ‘ਤੁਸੀਂ ਚੰਨ ਹੋ ਤੇ ਅਸੀਂ ਹਾਂ ਚਕੋਰ ਧੰਨ ਰਾਜਾ ਸਾਹਿਬ ਜੀ’, ‘ਰਾਜਾ ਨਾਭ ਕੰਵਲ ਜੀ ਆਏ, ਅੱਜ ਹੋਣ ਵਧਾਈਆਂ ਸੰਗਤਾਂ ਨੂੰ’, ‘ਜਦ ਸਤਿਗੁਰੂ ਫੜ ਲਈ ਬਾਂਹ, ਹੁਣ ਡਰ ਕਾਹਦਾ’, ‘ਧੰਨ ਧੰਨ ਰਾਜਾ ਸਾਹਿਬ ਜੀ, ਸੋਭਾ ਫੈਲ ਗਈ ਜਹਾਨ ਵਿਚ ਸਾਰੇ’ ਅਤੇ ‘ਸਾਧੂ ਗੰਗਾ ਦੇ ਆ ਪਹੁੰਚੇ, ਪਿੰਡ ਮਜਾਰੇ ਜੀ’ ਆਦਿ ਗੀਤਾਂ ਨਾਲ ਸਰੋਤਿਆਂ ਦਾ ਮਨ ਜਿੱਤ ਲਿਆ। ਪੰਛੀ ਨਾਲ ਸੰਗੀਤਕ ਧੁਨਾਂ ’ਤੇ ਸਾਥ ਪੱਪੀ ਭਦੌੜ ਨੇ ਦਿੱਤਾ।

ਇਸ ਮੌਕੇ ਗੁਰੂ ਦੇ ਮੁੱਖ ਸੇਵਾਦਾਰ ਗੁਰਵਿੰਦਰ ਸਿੰਘ ਧਾਲੀਵਾਲ, ਰਾਜਾ ਸਾਹਿਬ ਦੇ ਸ਼ਰਧਾਲੂ ਗਿੱਲ ਪਰਿਵਾਰ ਦੇ ਨਰਿੰਦਰ ਗਿੱਲ ਨੇ ਵੀ ਨਾਭ ਕੰਵਲ ਰਾਜਾ ਸਾਹਿਬ ਦੀ ਲਾਸਾਨੀ ਸ਼ਖ਼ਸੀਅਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਜ਼ਿਕਰਯੋਗ ਹੈ ਕਿ ਅਮੋਲਕ ਸਿੰਘ ਸਿੱਧੂ, ਸੁਖਵੀਰ ਸਿੰਘ ਮਾਨ, ਰਾਣੋ ਮਾਨ ਅਤੇ ਰਾਣੀ ਗਿੱਲ ਨੇ ਸਮੁੱਚੀ ਸਾਧ ਸੰਗਤ ਦੇ ਚਰਨਾਂ ਵਿਚ ਰਾਜਾ ਸਾਹਿਬ ਦਾ ਜਨਮ ਦਿਹਾੜਾ ਮਨਾਉਣ ਦੀ ਬੇਨਤੀ ਕੀਤੀ ਸੀ ਜਿਸ ਨੂੰ ਸੰਗਤਾਂ ਨੇ ਚਾਵਾਂ ਨਾਲ ਪ੍ਰਵਾਨ ਹੀ ਨਹੀਂ ਕੀਤਾ ਸਗੋਂ ਅਗਲੇ ਵਰ੍ਹੇ ਤੋਂ ਹੋਰ ਵੀ ਵੱਡੇ ਪੱਧਰ ‘ਤੇ ਮਨਾਉਣ ਦਾ ਫੈਸਲਾ ਕੀਤਾ।

# 78 ਸਾਲ ਨੌਜਵਾਨ ਦੌੜਾਕ ਬਾਬਾ ਗੁਲਚਮਨ ਸਿੰਘ

**ਸੈਨ ਹੋਜ਼ੇ:** ਇਥੋਂ ਦੇ ਵਸਨੀਕ ਬਾਬਾ ਗੁਲਚਮਨ ਸਿੰਘ ਸਹੋਤਾ 78-79 ਸਾਲ ਦੀ ਉਮਰ ਵਿਚ ਵੀ 5-6 ਮੀਲ ਦੀ ਰੋਜ਼ਾਨਾ ਸੈਰ ਕਰਦੇ ਹਨ ਅਤੇ ਅਜੋਕੇ ਫਾਸਟ ਫੂਡ ਦੇ ਪੱਟੇ



ਨੌਜਵਾਨਾਂ ਨੂੰ ਵੀ ਪਰ੍ਹੇ ਸੁੱਟ ਜਾਂਦੇ ਹਨ। ਉਹ 13 ਮਿੰਟ ਪ੍ਰਤੀ ਮੀਲ ਦੀ ਸਪੀਡ ਤੇ ਪੰਜ ਮੀਲ ਦਾ ਸਫਰ ਤੈਅ ਕਰ ਲੈਂਦੇ ਹਨ।

ਇਸ ਉਮਰ ਵਿਚ ਵੀ ਇੰਨੀ ਤੇਜ ਰਫਤਾਰ ਸੈਰ ਕਰਨ ਬਾਰੇ ਚਰਚਾ ਗੁਰਦੁਆਰਾ ਸੈਨ ਹੋਜ਼ੇ ਵਿਚ ਬੈਠੇ ਬਜ਼ੁਰਗ ਅਕਸਰ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਦੀ ਟਿੱਪਣੀ ਹੁੰਦੀ ਹੈ, ਬਈ ਪੁਰਾਣੀਆਂ ਖੁਰਾਕਾਂ ਖਾਧੀਆਂ ਨੇ ਸਾਡੇ ਯਾਰ ਗੁਲਚਮਨ ਸਿੰਘ ਨੇ। ਅੱਜ ਦੇ ਜਵਾਨਾਂ ਵਾਂਗੂ ਮੈਕਡੌਨਲਡ ਖਾ ਖਾ ਕੇ ਥੋੜੀ ਪਲਿਆ ਹੈ ਇਹ ਮੁੰਡਾ। ਇਸ ਨੌਜਵਾਨ ਬਾਬੇ ਦੀ ਵਧੀਆ ਸਿਹਤ ਦੇਖ ਕੇ ਕਈ ਸੱਜਣਾਂ ਨੇ ਕਸਰਤ ਕਰਨੀ ਸ਼ੁਰੂ ਕਰ ਦਿੱਤੀ ਹੈ। ਬਾਬੇ ਗੁਲਚਮਨ ਸਿੰਘ ਦਾ ਕਹਿਣਾ ਹੈ ਕਿ ਮੇਰੀ ਤੰਦਰੁਸਤੀ ਦਾ ਰਾਜ ਸਿਹਤਮੰਦ ਖੁਰਾਕ ਅਤੇ ਮੇਰੀ ਰੋਜ਼ਾਨਾ ਦੀ ਕਸਰਤ ਹੈ। ਕਸਰਤ ਅਤੇ ਖੁਰਾਕ ਦਾ ਖਿਆਲ ਰੱਖੀਏ ਤਾਂ ਕੋਈ ਬੀਮਾਰੀ ਨੇੜੇ ਨਹੀਂ ਆਉਂਦੀ।

# ਭ੍ਰਿਸ਼ਟਾਚਾਰ ਦਾ ਜਿੰਨ ਹੁਣ ਸ਼ੀਲਾ ਨੂੰ ਚੰਬੜਿਆ

## *ਰਾਸ਼ਟਰਮੰਡਲ ਖੇਡਾਂ ‘ਚ 1200 ਕਰੋੜ ਦਾ ਰਗੜਾ!*

**ਨਵੀਂ ਦਿੱਲੀ:** ਰਾਸ਼ਟਰਮੰਡਲ ਖੇਡਾਂ ਵਿਚ ਬੇਨਿਯਮੀਆਂ ਦੀ ਜਾਂਚ ਲਈ ਪ੍ਰਧਾਨ ਮੰਤਰੀ ਵੱਲੋਂ ਬਣਾਈ ਸ਼ੁੰਗਲੂ ਕਮੇਟੀ ਨੇ ਆਪਣੇ ਪੱਤੇ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ। ਕਮੇਟੀ ਦੀ ਰਿਪੋਰਟ ਵਿਚ ਵੱਖ-ਵੱਖ ਪ੍ਰਾਜੈਕਟਾਂ ਵਿਚ ਹੋਈ ਦੇਰੀ ਤੇ ਉਲੰਘਣਾ ਲਈ ਦਿੱਲੀ ਦੇ ਉਪ ਰਾਜਪਾਲ ਤੇਜਿੰਦਰ ਖੰਨਾ ਤੇ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਰਾਸ਼ਟਰਮੰਡਲ ਖੇਡ ਪਿੰਡ ਤੇ ਹੋਰ ਬੁਨਿਆਦੀ ਢਾਂਚੇ ਦੇ ਵਿਕਾਸ ਬਾਰੇ ਠੇਕਿਆਂ ਵਿਚ ਹੋਈਆਂ ਬੇਨਿਯਮੀਆਂ ਲਈ ਕਮੇਟੀ ਨੇ ਜੋ ਰਿਪੋਰਟਾਂ ਪੇਸ਼ ਕੀਤੀਆਂ ਹਨ, ਉਨ੍ਹਾਂ ਵਿਚ ਲੋਕ ਨਿਰਮਾਣ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਕੇ.ਕੇ. ਸ਼ਰਮਾ, ਇਸੇ ਵਿਭਾਗ ਦੇ ਚੀਫ ਇੰਜੀਨੀਅਰ ਆਰ. ਸੁਬਰਾਮਨੀਅਨ, ਦਿੱਲੀ ਮਿਉਂਸਪਲ ਕੌਂਸਲ ਦੇ ਚੇਅਰਮੈਨ ਪਰੀਮਲ ਰਾਏ, ਦਿੱਲੀ ਡਿਵੈਲਪਮੈਂਟ ਅਥਾਰਟੀ ਦੇ ਉਪ ਚੇਅਰਮੈਨ ਅਸ਼ੋਕ ਕੁਮਾਰ, ਡੀ.ਡੀ.ਏ. ਦੇ ਮੈਂਬਰ (ਵਿੱਤ) ਨੰਦ ਲਾਲ ਤੇ ਤੱਤਕਾਲੀ ਮੈਂਬਰ (ਇੰਜੀਨੀਅਰ) ਏ.ਕੇ. ਬਜਾਜ ਤੇ ਸ਼ਹਿਰੀ ਵਿਭਾਗ ਮੰਤਰਾਲੇ ਦੇ ਸਕੱਤਰ ਐਮ.ਜੈ ਚੰਦਰਨ ਦੇ ਨਾਂ ਹਨ।

ਇਨ੍ਹਾਂ ਸਾਰਿਆਂ ‘ਤੇ ਪ੍ਰਾਜੈਕਟਾਂ ਲਈ ਜ਼ਿਆਦਾ ਲਾਗਤ ਦਾ ਅਨੁਮਾਨ ਲਗਾਉਣ ਤੇ ਪ੍ਰਾਜੈਕਟਾਂ ਵਿਚ ਦੇਰੀ ਕਰਨ ਦਾ ਦੋਸ਼ ਹੈ। ਇਸ ਕਮੇਟੀ ਨੇ ਖੇਡ ਪ੍ਰਾਜੈਕਟਾਂ ਵਿਚ ਹੋਈ ਦੇਰੀ ਕਾਰਨ 900 ਕਰੋੜ ਰੁਪਏ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਹੈ। ਦੂਜੇ ਪਾਸੇ ਖੇਡ ਪਿੰਡ ਵਿਚ ਰਿਹਾਇਸ਼ੀ ਸਹੂਲਤਾਂ ਦੇ ਨਿਰਮਾਣ ਵਿਚ ਹੋਈ ਦੇਰੀ ਲਈ ਦਿੱਲੀ ਵਿਕਾਸ ਅਥਾਰਟੀ ਨੂੰ 300 ਕਰੋੜ ਰੁਪਏ ਦੇ ਨੁਕਸਾਨ ਦਾ ਅਨੁਮਾਨ ਹੈ। ਕਮੇਟੀ ਨੇ ਖੇਡ ਪਿੰਡ ਵਿਚ ਰਿਹਾਇਸ਼ੀ ਸਹੂਲਤਾਂ ਦੇ ਨਿਰਮਾਣ ਦਾ ਠੇਕਾ ਐਮ.ਆਰ. ਐਮ.ਜੀ.ਐਫ. ਨੂੰ ਦੇਣ ‘ਤੇ ਵੀ ਸਵਾਲੀਆ ਨਿਸ਼ਾਨ ਲਗਾਏ ਹਨ।

ਸ਼ੁੰਗਲੂ ਕਮੇਟੀ ਨੇ ਪਾਇਆ ਹੈ ਕਿ ਜਨਤਾ ਦੇ 250 ਕਰੋੜ ਰੁਪਏ ਰਾਸ਼ਟਰ ਮੰਡਲ ਖੇਡ ਪ੍ਰਬੰਧਾਂ ਲਈ ਲਾਏ ਵੱਖ-ਵੱਖ ਠੇਕੇਦਾਰਾਂ ਦੀਆਂ ਜੇਬਾਂ ਵਿਚ ਚਲੇ ਗਏ। ਆਪਣੀ ਦੂਜੀ ਰਿਪੋਰਟ ਵਿਚ ਕਮੇਟੀ ਨੇ ਕਿਹਾ ਕਿ ਖੇਡ ਪਿੰਡ ਵਾਲੀ ਥਾਂ ‘ਤੇ ਕਈ ਘਾਟਾਂ ਸਨ ਤੇ ਬਾਰਾਂਪੁਲ ਨਾਲੇ ਉਤੇ ਫਲਾਈਓਵਰ ਦੇ ਨਿਰਮਾਣ ‘ਤੇ 630 ਕਰੋੜ ਰੁਪਏ ਵਾਧੂ ਖਰਚੇ ਗਏ। ਇਹੀ ਨਹੀਂ, ਪ੍ਰਾਜੈਕਟ ਡਿਵੈਲਪਰ ਐਮਾਰ ਐਮ.ਜੀ.ਐਫ. ਨੇ 134 ਤੋਂ 220 ਕਰੋੜ ਰੁਪਏ ਦਾ ਲਾਹਾ ਲਿਆ। ਰਿਪੋਰਟ ਵਿਚ ਡੀ.ਡੀ.ਏ. ਵੱਲੋਂ ਥਾਪੇ ਕੰਸਲਟੈਂਟ ਪ੍ਰਾਈਸ ਵਾਟਰ ਕੂਪਰਜ਼ ਦੀ ਭੂਮਿਕਾ ‘ਤੇ ਵੀ ਕਿੰਤੂ ਕੀਤਾ ਗਿਆ।


SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250

MRP TRAVEL

Lowest International and Domestic Fares

FLY ANY AIRLINE OF YOUR CHOICE

Providing the lowest Airfare, Cruise and Travel Packages to Asia, Africa, Europe, the Middle East and North America

408-929-8005

E-mail:mrptravel@gmail.com
2123 Port Way, San Jose, CA 95133

CST: 2097308-40



Asiana Airlines, Emirates, Singapore Airlines, Cathay Pacific, Korean Air, Lufthansa, China Airlines

We Also Offer Notary Service

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

SYAN VIDEO PRODUCTION, INC.

Professional HD Video & Digital Photo Production

Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



734-261-0936 / 734-890-1767
E-mail: raj@syanvideo.com
or visit at: www.syanvideo.com

SV PRODUCTION

# ਮੈਂ ਲੋਕ ਆਗੂਆਂ ਦਾ ਕਾਤਲ ਨਹੀਂ ਆਪਣੇ ਦੇਸ਼ ਦਾ ਹੀਰੋ ਹਾਂ-ਮੇਜਰ ਅਵਤਾਰ ਸਿੰਘ

**ਬੇਕਰਜ਼ਫੀਲਡ (ਮਾਨ ਮਨਦੀਪ):** ਕਸ਼ਮੀਰ ਵਾਦੀ ਵਿਚ ਤਾਇਨਾਤ ਰਹੇ ਭਾਰਤੀ ਫੌਜ ਦੇ ਇਕ ਸਾਬਕਾ ਮੇਜਰ ਸ. ਅਵਤਾਰ ਸਿੰਘ ਨੇ ਤਹਿਲਕਾ ਡਾਟ ਕਾਮ ਦੇ ਹਵਾਲੇ ਨਾਲ ਕੈਲੀਫੋਰਨੀਆ ਦੇ ਇਕ ਪੰਜਾਬੀ ਅਖਬਾਰ ਵਿਚ ਆਪਣੇ ਬਾਰੇ ਛਪੀ ਖਬਰ ਦਾ ਖੰਡਨ ਕਰਦਿਆਂ ਆਖਿਆ ਹੈ ਕਿ ਮੈਂ ਲੋਕ ਆਗੂਆਂ ਦਾ ਕਾਤਲ ਨਹੀਂ ਸਗੋਂ ਇਕ ਦੇਸ਼ਭਗਤ ਹਾਂ ਅਤੇ ਆਪਣੇ ਦੇਸ਼ ਦਾ ਹੀਰੋ ਹਾਂ। ਮੇਜਰ ਅਵਤਾਰ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਬਹਾਦਰੀ ਲਈ ਭਾਰਤ ਸਰਕਾਰ ਤੋਂ ਤਿੰਨ ਵਾਰ ਬਹਾਦਰੀ ਪੁਰਸਕਾਰ ਮਿਲ ਚੁਕੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਜਿਸ ਕਸ਼ਮੀਰੀ ਖਾੜਕੂ ਜਲੀਲ ਅੰਦਰਾਬੀ ਨੂੰ ਕੁਝ ਲੋਕ ਮਨੁਖੀ ਅਧਿਕਾਰ ਕਾਰਕੁੰਨ ਦਸ ਰਹੇ ਹਨ, ਅਸਲ ਵਿਚ ਉਹ ਕਸ਼ਮੀਰੀ ਖਾੜਕੂ ਜਥੇਬੰਦੀ ਜੇ ਕੇ ਐਲ ਐਫ ਦਾ ਮੈਂਬਰ ਸੀ ਅਤੇ ਦੇਸ਼ ਵਿਰੋਧੀ ਕਾਰਵਾਈਆਂ ਵਿਚ ਹਿੱਸਾ ਲੈਂਦਾ ਸੀ।



*ਮੇਜਰ ਅਵਤਾਰ ਸਿੰਘ*

ਇਸ ਪੱਤਰਕਾਰ ਨਾਲ ਇਕ ਮੁਲਾਕਾਤ ਦੌਰਾਨ ਉਨ੍ਹਾਂ ਆਖਿਆ ਕਿ ਅੰਦਰਾਬੀ ਦੀ ਪਤਨੀ ਨੂੰ ਪਤਾ ਹੈ ਕਿ ਅਸਲ ਕਾਤਲ ਕੌਣ ਹਨ ਜੋ ਉਸ ਦੇ ਪਤੀ ਨੂੰ ਉਸ ਦੇ ਸਾਹਮਣੇ ਚੁਕ ਕੇ ਲੈ ਗਏ ਸਨ ਅਤੇ ਆਖ ਗਏ ਸਨ ਕਿ ਥੋੜੀ ਪੁਛ-ਗਿਛ ਤੋਂ ਬਾਅਦ ਉਸ ਨੂੰ ਛਡ ਦਿਤਾ ਜਾਏਗਾ। ਮੇਜਰ ਅਵਤਾਰ ਸਿੰਘ ਨੇ ਦਾਅਵਾ ਕੀਤਾ ਕਿ ਜਿਸ ਵੇਲੇ ਇਹ ਘਟਨਾ ਹੋਈ ਉਸ ਵੇਲੇ ਉਹ ਉਥੋਂ 100 ਕਿਲੋਮੀਟਰ ਦੀ ਦੂਰੀ ਤੇ ਸਨ ਅਤੇ ਉਨ੍ਹਾਂ ਨੂੰ ਵਾਇਰਲੈਸ ਰਾਹੀਂ ਇਸ ਦੀ ਸੂਚਨਾ ਦਿਤੀ ਗਈ ਸੀ। ਅੰਦਰਾਬੀ ਦੇ ਮਾਰੇ ਜਾਣ ਦੀ ਘਟਨਾ ਦੀ ਜਾਂਚ ਦਾ ਜ਼ਿਕਰ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਉਹ ਕਿਸੇ ਜਾਂਚ ਤੋਂ ਭਜੇ ਨਹੀਂ ਸਗੋਂ ਇਸ ਸਿਲਸਿਲੇ ਵਿਚ ਉਨ੍ਹਾਂ ਦੀ ਪੁਛਗਿੱਛ ਕੀਤੀ ਗਈ ਅਤੇ ਉਨ੍ਹਾਂ ਦਾ ਪੋਲੀਗਰਾਫ ਟੈਸਟ (ਝੂਠ ਫੜਨ ਲਈ ਕੀਤਾ ਜਾਂਦਾ ਟੈਸਟ) ਵੀ ਕੀਤਾ ਗਿਆ ਸੀ। ਇਸ ਟੈਸਟ ਵਿਚ ਉਨ੍ਹਾਂ ਵਿਰੁਧ ਕੋਈ ਰਿਪੋਰਟ ਨਹੀਂ ਸੀ ਆਈ। ਉਨ੍ਹਾਂ ਨੂੰ ਪੁਛਿਆ ਗਿਆ ਸੀ ਕਿ ਅੰਦਰਾਬੀ ਦੇ ਕਤਲ ਵਿਚ ਉਨ੍ਹਾਂ ਦਾ ਸਿੱਧੇ ਜਾਂ ਅਸਿੱਧੇ ਤੌਰ ਤੇ ਕੋਈ ਹੱਥ ਸੀ? ਮੇਜਰ ਨੇ ਕਿਹਾ ਕਿ ਉਹ ਅੰਦਰਾਬੀ ਦੀ ਪਤਨੀ ਅਤੇ ਭਰਾ ਨੂੰ ਚੈਲੰਜ ਕਰਦੇ ਹਨ ਕਿ ਉਹ ਵੀ ਆਪਣਾ ਪੋਲੀਗਰਾਫ ਟੈਸਟ ਕਰਾਉਣ ਤਾਂ ਜੋ ਦੁਧ ਦਾ ਦੁਧ ਅਤੇ ਪਾਣੀ ਦਾ ਪਾਣੀ ਹੋ ਸਕੇ।

ਕਸ਼ਮੀਰ ਵਾਦੀ ਵਿਚ ਆਪਣੀ ਤਾਇਨਾਤੀ ਦੇ ਸਮੇਂ ਨੂੰ ਚੇਤੇ ਕਰਦਿਆਂ ਮੇਜਰ ਅਵਤਾਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਮੌਤ ਨੂੰ ਬੜਾ ਨੇੜੇ ਹੋ ਕੇ ਦੇਖਿਆ ਹੈ। ਕਈ ਵਾਰ ਅਤਿਵਾਦੀਆਂ ਨਾਲ ਉਨ੍ਹਾਂ ਦਾ ਮੁਕਾਬਲਾ ਹੋਇਆ। ਇਕ ਵਾਰ ਆਪਣੇ ਹੌਲਦਾਰ ਦੀ ਮਦਦ ਨਾਲ 40 ਅਤਿਵਾਦੀਆਂ ਦਾ ਉਨ੍ਹਾਂ ਮੁਕਾਬਲਾ ਕੀਤਾ ਅਤੇ ਦਸਾਂ ਨੂੰ ਥਾਂ ਹੀ ਢੇਰੀ ਕਰ ਦਿਤਾ। ਇਹ ਖਬਰ ਉਦੋਂ ਦੇਸ਼ ਭਰ ਦੇ ਮੀਡੀਏ ਵਿਚ ਸੁਰਖੀਆਂ ਨਾਲ ਆਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਜੰਮੂ ਕਸ਼ਮੀਰ ਵਿਚ ਅਤਿਵਾਦੀ ਉਨ੍ਹਾਂ ਦੇ ਨਾਂ ਤੋਂ ਥਰ-ਥਰ ਕੰਬਦੇ ਸਨ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਕਿਸੇ ਬੇਕਸੂਰੇ ਦੀ ਜਾਨ ਨਹੀ ਲਈ ਪਰ ਕਿਸੇ ਕਾਤਲ ਨੂੰ ਬਖਸ਼ਿਆ ਵੀ ਨਹੀਂ। ਫੌਜ ਅਤੇ ਅਤਿਵਾਦੀ ਉਨ੍ਹਾਂ ਨੂੰ ਮੇਜਰ ਅਵਤਾਰ ਸਿੰਘ ਬਸ਼ੀਰ ਦੇ ਨਾਂ ਨਾਲ ਜਾਣਦੇ ਸਨ। ਉਨ੍ਹਾਂ ਕਿਹਾ ਕਿ ਮੈਂ ਫੌਜ ਦਾ ਉਹ ਅਫਸਰ ਸਾਂ ਜਿਸ ਨੂੰ ਕਸ਼ਮੀਰੀ ਅਤਿਵਾਦੀ ਸਲਾਮ ਕਰਦੇ ਸਨ ਪਰ ਅੰਦਰਾਬੀ ਵਾਲੇ ਕੇਸ ਵਿਚ ਮੈਨੂੰ ਨਾਜਾਇਜ਼ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮੇਜਰ ਅਵਤਾਰ ਸਿੰਘ ਨੇ ਇਹ ਵੀ ਕਿਹਾ ਕਿ ਸੰਬੰਧਤ ਅਖਬਾਰ ਵਿਚ ਖਬਰ ਦੇ ਨਾਲ ਜਿਹੜੀ ਤਸਵੀਰ ਛਾਪੀ ਗਈ ਹੈ, ਉਹ ਉਨ੍ਹਾਂ ਦੀ ਨਹੀਂ ਹੈ। ਦੇਸ਼ ਛਡ ਆਉਣ ਬਾਰੇ ਪੁਛੇ ਜਾਣ 'ਤੇ ਉਨ੍ਹਾਂ ਆਖਿਆ ਕਿ ਵੇਲੇ ਦੀ ਹਕੂਮਤ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਖਤਮ ਕਰਨ ਦੀ ਪੂਰੀ ਯੋਜਨਾ ਬਣਾ ਚੁਕੀ ਸੀ ਜਿਸ ਕਰਕੇ ਉਨ੍ਹਾਂ ਨੂੰ ਦੇਸ਼ ਛਡਣਾ ਪਿਆ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਸਿੱਖ ਹੋਣ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਉਨ੍ਹਾਂ ਦਸਿਆ ਕਿ ਪਾਕਿਸਤਾਨੀ ਖੁਫ਼ੀਆ ਏਜੰਸੀਆਂ ਵਲੋਂ ਕਸ਼ਮੀਰ ਵਿਚ ਕੰਮ ਕਰਦਿਆਂ ਉਨ੍ਹਾਂ ਨੂੰ ਆਪਣੇ ਲਈ ਕੰਮ ਕਰਨ ਵਾਸਤੇ ਕਰੋੜਾਂ ਰੁਪਏ ਦੀ ਪੇਸ਼ਕਸ਼ ਕੀਤੀ ਗਈ ਪਰ ਉਹ ਸਦਾ ਆਪਣੇ ਦੇਸ਼ ਪ੍ਰਤੀ ਵਫਾਦਾਰ ਰਹੇ ਅਤੇ ਵਫਾਦਾਰ ਰਹਿਣਗੇ। ਇਨੀ ਦਿਨੀਂ ਮੇਜਰ ਅਵਤਾਰ ਸਿੰਘ ਟਰੱਕ ਚਲਾ ਕੇ ਆਪਣੀ ਰੋਜੀ ਰੋਟੀ ਤੋਰਦੇ ਹਨ।

## ਲਿਬੀਆ ਵਿਚ ਨਾਟੋ ਜੰਗੀ ਜਹਾਜ਼ਾਂ ਵੱਲੋਂ ਭਾਰੀ ਬੰਬਾਰੀ

**ਤ੍ਰਿਪੋਲੀ:** ਅਮਰੀਕੀ ਤੇ ਯੂਰਪੀ ਜੰਗੀ ਜਹਾਜ਼ਾਂ ਨੇ ਮੁਅਮਰ ਗੱਦਾਫ਼ੀ ਦੇ ਕਬਾਇਲੀ ਗੜ੍ਹ ਸਿਰਤੇ ਉਤੇ ਭਾਰੀ ਗੋਲਾਬਾਰੀ ਕੀਤੀ ਤੇ ਬਾਗ਼ੀਆਂ ਨੇ ਇਸ ਉਪਰ ਕਬਜ਼ਾ ਕਰਨ ਦਾ ਦਾਅਵਾ ਕੀਤਾ ਹੈ। ਲਿਬੀਆ ਦੇ ਬਾਗੀਆਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਅਜਦਾਬੀਆ, ਬਰੇਗਾ, ਰਸ ਲਨੁਫ, ਉਕਾਯੇਲਾ ਤੇ ਬਿਨ ਜਵਾਦ ਸ਼ਹਿਰਾਂ 'ਤੇ ਕਬਜ਼ਾ ਕਰ ਲਿਆ ਹੈ। ਇਸ ਦੌਰਾਨ ਫਰਾਂਸ ਦੇ ਲੜਾਕੂ ਜਹਾਜ਼ਾਂ ਦੇ ਮੁਅੱਮਰ ਗਦਾਫੀ ਦੇ ਪੰਜ ਲੜਾਕੂ ਹਵਾਈ ਜਹਾਜ਼ਾਂ ਤੇ ਦੋ ਹੈਲੀਕਾਪਟਰਾਂ ਨੂੰ ਤਬਾਹ ਕਰ ਦਿੱਤਾ।

ਸਿਰਤੇ ਵਿਚ ਧਮਾਕਿਆਂ ਤੋਂ ਬਾਅਦ ਹੀ ਗੱਦਾਫ਼ੀ ਦੇ ਇਸ ਪੁਸ਼ਤੈਨੀ ਸ਼ਹਿਰ 'ਚੋਂ ਲੋਕਾਂ ਦੀ ਹਿਜਰਤ ਸ਼ੁਰੂ ਹੋ ਗਈ। ਗੱਦਾਫ਼ੀ ਨੇ ਸਿਰਤੇ ਨੂੰ ਫੌਜੀ ਛਾਉਣੀ ਵਿਚ ਬਦਲ ਦਿੱਤਾ ਸੀ। ਬਾਗ਼ੀਆਂ ਦੇ ਬੁਲਾਰੇ ਸ਼ਮਸੀ ਅਬਦੁਲ ਮੁੱਲਾ ਨੇ ਦਾਅਵਾ ਕੀਤਾ ਕਿ ਬਾਗ਼ੀ ਐਤਵਾਰ ਰਾਤੀਂ 11.30 ਵਜੇ ਸ਼ਹਿਰ ਵਿਚ ਦਾਖਲ ਹੋ ਗਏ ਸਨ। ਅਲ-ਜਜ਼ੀਰਾ ਨੇ ਬੈਨਗਾਜ਼ੀ ਤੋਂ ਰਿਪੋਰਟ ਦਿੱਤੀ ਕਿ ਬਾਗੀਆਂ ਨੂੰ ਸ਼ਹਿਰ ਵਿਚ ਕਿਸੇ ਤਰ੍ਹਾਂ ਦੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ। ਪੱਛਮ ਵੱਲ ਮਿਸਰਤਾ ਸ਼ਹਿਰ 'ਤੇ ਕਬਜ਼ੇ ਲਈ ਗਹਿਗੱਚ ਲੜਾਈ ਚੱਲ ਰਹੀ ਹੈ। ਇਸੇ ਦੌਰਾਨ ਫਰਾਂਸੀਸੀ ਹਵਾਈ ਫੌਜ ਨੇ ਅਵਾਕਸ ਸੂਹੀਆ ਸਿਸਟਮ ਦੀ ਮਦਦ ਨਾਲ 20 ਜੈਟਾਂ ਦੀ ਵਰਤੋਂ ਕੀਤੀ ਤੇ ਗੱਦਾਫ਼ੀ ਦੇ 5 ਜੰਗੀ ਜਹਾਜ਼ਾਂ ਤੇ 2 ਐਮ.ਆਈ.-35 ਹੈਲੀਕਾਪਟਰ ਅਤੇ ਬਰਤਾਨਵੀ ਜੰਗੀ ਜਹਾਜ਼ਾਂ ਨੇ ਤਿੰਨ ਬਖ਼ਤਰਬੰਦ ਗੱਡੀਆਂ ਤਬਾਹ ਕਰ ਦਿੱਤੀਆਂ।

ਰੱਖਿਆ ਮੰਤਰੀ ਰਾਬਰਟ ਗੇਟਸ ਤੇ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਕਿਹਾ ਕਿ ਉਨ੍ਹਾਂ ਨੂੰ ਸੰਕੇਤ ਮਿਲੇ ਹਨ ਕਿ ਗਦਾਫ਼ੀ ਦੇ ਅਹਿਮ ਕਰੀਬੀ ਸਾਥੀ ਉਸ ਦਾ ਸਾਥ ਛੱਡਣ ਲਈ ਤਿਆਰ ਹਨ।


ਟਰੱਕ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ



ਕੈਲੀਫੋਰਨੀਆ ਤੋਂ ਓਹਾਇਓ ਅਤੇ ਓਹਾਇਓ ਤੋਂ ਵਾਪਿਸ ਕੈਲੀਫੋਰਨੀਆ ਲਈ ਪੱਕੇ ਰੂਟ
ਲੋਡ ਚੱਕਣ ਲਈ ਕੋਈ ਇੰਤਜ਼ਾਰ ਨਹੀਂ
ਕਾਗਜ਼ ਪੂਰੇ ਕਰਨ 'ਤੇ ਤੁਰਤ ਭੁਗਤਾਨ

ਕਾਲ ਕਰੋ: 847-477-9968
765-610-9795



*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*





Guaranteed Save $5,000!
on Your Home Purchase or I will Pay You $1,000 Cash
Call 24hr Free Information 1-888-450-6603, ID 4008
Priority Access to Hot New Listing. Visit www.FreeHotListings.net
**Amardeep Singh, Realtor/Loan Broker (DRE # 01357217) Ph:(916) 712-2735**



**$169,000**
**ANATOLIA - $645 Payment**
Quite street!. Bright living & family room. Perfect home. Private Shaded backyard. Cozy fireplace. Beautiful
**FREE INFO: 1-888-450-6603**
ID # 4230



**$165,000**
**NATOMAS - $630 Payment**
Why Rent? Starter Home. Open Floor Plan.Bright Living Rooms. Cozy Den, Comfortable. Eat in Kitchen.
**FREE INFO: 1-888-450-6603**
ID # 4231



**$148,000**
**ANTELOPE - $562 Payment**
Great Investment! Wonderful Area. Best schools. Walking distance to parks. Family home. Private back yard.
**FREE INFO: 1-888-450-6603**
ID # 4232



**$109,000**
**CALVINE - $416 Payment**
Location–Lively. Comfortable. Safe Neighborhood. Don't Miss. What A Deal.Easy access to Hwy 99 and College
**FREE INFO: 1-888-450-6603,**
ID # 4233




**$155,000**
**VINTAGE - $591 Payment**
Great Opportunity. First time home buyer. Walking distance to school, park, and shopping. Clean. Safe Area.
**FREE INFO: 1-888-450-6603**
ID # 4234



**$189,900**
**Natomas - $721 Payment**
Bank Owned. New Home. Excellent School District. Family room. Bright living room. Cozy den. Granite Counters
**FREE INFO: 1-888-450-6603**
ID # 4235



**$119,000**
**SACRAMENTO - $454 Payment**
Safe Neighborhood. Desirable Location. Private Yard. Open Layout. Family Beautiful Home
**FREE INFO: 1-888-450-6603,**
ID # 4236



**$229,000**
**ANATOLIA - $874 Payment**
New community. Good Schools. Walking distance to park. One Bed and one bath down stairs. Fire Place. Shaded Backyard.
**FREE INFO: 1-888-450-6603**
ID # 4237



**$240,000**
**ELK GROVE - $916 Payment**
Great School District. Cul de sac Location. Wooden and Tile Floor. Maintained landscaped. Upgrade kitchen. 4 Bed.
**FREE INFO: 1-888-450-6603**
ID # 4238



**$229,000**
**ROCKLIN - $874 Payment**
Beautiful home on a corner lot. Open floor plan with large family room. Upgraded kitchen. First time buyer delight.
**FREE INFO: 1-888-450-6603**
ID # 4239



**$210,000**
**ELK GROVE - $802 Payment**
Lovely home. 4 bedroom. Great schools. Private yard. Perfect for family. Quite Street.Wonderful Area. Desirable.
**FREE INFO: 1-888-450-6603**
ID #4240




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦੀ ਕੋਸ਼ਿਸ਼ ਨੂੰ ਬਰੇਕ

## *ਸਿੱਖ ਜਗਤ ਦੇ ਵਿਰੋਧ ਅੱਗੇ ਸਰਕਾਰ ਝੁਕੀ*

ਮੰਤਰੀ ਦੀ ਹੈਸੀਅਤ ਵਿਚ ਸ. ਬਾਦਲ ਨੇ ਲੋੜੀਂਦਾ ਬਿੱਲ ਮੰਤਰੀ ਮੰਡਲ ਦੀ ਮੀਟਿੰਗ ਵਿਚ ਪੇਸ਼ ਕਰਨ ਨੂੰ ਹਰੀ ਝੰਡੀ ਵੀ ਦੇ ਦਿੱਤੀ ਸੀ ਪਰ ਅਚਾਨਕ ਉਹ ਮੀਟਿੰਗ ਮੁਲਤਵੀ ਕਰਨ ਦਿੱਤੀ। ਸ਼੍ਰੋਮਣੀ 'ਚ ਸ. ਬਾਦਲ ਤੱਕ ਇਹ ਆਵਾਜ਼ ਵੀ ਪਹੁੰਚਾਈ ਗਈ ਹੈ ਕਿ ਜੇ ਖਾਲਸਾ ਕਾਲਜ ਨੂੰ ਖਾਲਸਾ ਯੂਨੀਵਰਸਿਟੀ ਬਣਾ ਕੇ ਨਿੱਜੀ ਹੱਥਾਂ ਵਿਚ ਦਿੱਤਾ ਗਿਆ ਤਾਂ ਸਿੱਖ ਜਗਤ ਵਿਚ ਇਸ ਦਾ ਤਿੱਖਾ



ਬਾਰੇ ਪੇਸ਼ ਮੱਦ ਦਾ ਵਿਰੋਧ ਕੀਤਾ ਜਿਸ ਕਾਰਨ ਮੰਤਰੀ ਮੰਡਲ ਨੇ ਇਸ ਬਾਰੇ ਫੈਸਲੇ ਨੂੰ ਅੱਗੇ ਪਾ ਦਿੱਤਾ। ਵਿਰੋਧ ਕਰਨ ਵਾਲਿਆਂ ਵਿਚ ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਪ੍ਰਮੁੱਖ ਸਨ ਤੇ ਕਈ ਹੋਰ ਮੰਤਰੀਆਂ ਨੇ ਵੀ ਪੰਚਾਇਤ ਮੰਤਰੀ ਦੇ ਪੱਖ 'ਚ ਹੁੰਗਾਰਾ ਭਰਿਆ। ਉਂਜ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਵਿਚ ਤਬਦੀਲ ਕਰਨ ਬਾਰੇ ਵਿਰੋਧ ਵਾਲੀ ਤਾਂ ਕੋਈ ਗੱਲ ਨਹੀਂ। ਮੈਮੋਰੰਡਮ ਵਿਚ ਕੁਝ ਗੱਲਾਂ ਸਪੱਸ਼ਟ ਨਹੀਂ ਸਨ। ਮੰਤਰੀ ਮੰਡਲ ਨੇ ਕੁਝ ਸਪਸ਼ਟੀਕਰਨ ਮੰਗੇ ਹਨ ਜਿਸ ਕਾਰਨ ਇਹ ਮਾਮਲਾ ਟਾਲ ਦਿੱਤਾ ਗਿਆ।

ਇਤਿਹਾਸਕ ਸਿੱਖ ਵਿਰਸੇ ਵਾਲੀ ਸਿੱਖਿਆ ਸੰਸਥਾ ਖਾਲਸਾ ਕਾਲਜ, ਅੰਮ੍ਰਿਤਸਰ ਨੂੰ ਨਿੱਜੀ ਯੂਨੀਵਰਸਿਟੀ ਵਿਚ ਬਦਲਣ ਦੀ ਪ੍ਰਕਿਰਿਆ ਦਾ ਸਿੱਖ ਜਗਤ ਵੱਲੋਂ ਤਿੱਖਾ ਵਿਰੋਧ ਕਰਨ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਸਟੈਂਡ 'ਤੇ ਨਜ਼ਰਸਾਨੀ ਕਰਨ ਲਈ ਮਜਬੂਰ ਹੋ ਗਏ ਹਨ। ਭਾਵੇਂਕਿ ਕਿ ਕੁਝ ਦਿਨ ਪਹਿਲਾਂ ਵਿਧਾਨ ਸਭਾ ਵਿਚ ਕਾਂਗਰਸ ਵੱਲੋਂ ਇਹ ਮਾਮਲਾ ਉਠਾਏ ਜਾਣ 'ਤੇ ਉਨ੍ਹਾਂ ਨੇ ਕਿਹਾ ਸੀ ਕਿ 120 ਸਾਲ ਪੁਰਾਣੀ ਇਸ ਸਿੱਖ ਸਿੱਖਿਆ ਸੰਸਥਾ ਨੂੰ ਯੂਨੀਵਰਸਿਟੀ ਦਾ ਦਰਜਾ ਦਿੱਤੇ ਜਾਣ 'ਚ ਕੋਈ ਮਾੜੀ ਗੱਲ ਨਹੀਂ।

ਦਿਲਚਸਪ ਗੱਲ ਇਹ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੋ ਇਸ ਸੰਸਥਾ ਦੇ ਚਾਂਸਲਰ ਰਹੇ ਹਨ, ਨੇ ਇਸ ਨੂੰ ਸਿੱਖ ਯੂਨੀਵਰਸਿਟੀ ਵਿਚ ਬਦਲ ਦੇਣ ਲਈ ਡਟ ਕੇ ਵਿਰੋਧਤਾ ਕੀਤੀ ਸੀ। ਕੁਝ ਦਿਨ ਪਹਿਲਾਂ ਤੱਕ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਉਕਤ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਬਾਰੇ ਵਿਧਾਨ ਸਭਾ ਦੇ ਬਜਟ ਵਿਚ ਬਿੱਲ ਲਿਆਂਦਾ ਜਾਵੇ ਪਰ ਹੁਣ ਇਹ ਮਾਮਲਾ ਲਟਕ ਗਿਆ ਹੈ। ਹਾਲਾਂਕਿ ਮੁੱਖ

ਕਮੇਟੀ ਦੀਆਂ ਆਮ ਚੋਣਾਂ ਸਿਰ 'ਤੇ ਆ ਗਈਆਂ ਹਨ ਤੇ ਇਸ ਲਈ ਸਰਕਾਰ ਇਸ ਵਿਵਾਦ ਨੂੰ ਹੋਰ ਨਹੀਂ ਉਲਝਾਉਣਾ ਚਾਹੁੰਦੀ। ਇਸ ਬਦਲੇ ਹੋਏ ਇਰਾਦੇ ਕਰਕੇ ਹੀ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਨੇ ਬਾਕਾਇਦਾ ਮਤਾ ਪਾਸ ਕਰਕੇ ਖਾਲਸਾ ਕਾਲਜ ਦਾ ਮੌਜੂਦਾ ਸਰੂਪ ਕਾਇਮ ਰੱਖਣ ਦਾ ਫਤਵਾ ਦਿੱਤਾ ਸੀ।

ਸਿੱਖਾਂ ਦੀ ਪੁਰਾਣੀ ਜਥੇਬੰਦੀ ਚੀਫ਼ ਖਾਲਸਾ ਦੀਵਾਨ ਨੇ ਵੀ ਖਾਲਸਾ ਕਾਲਜ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ ਦਾ ਸਮਰਥਨ ਕੀਤਾ ਹੈ। ਅਸਲ ਵਿਰੋਧ ਹੋਵੇਗਾ ਤੇ ਇਸ ਦਾ ਮਿੰਨੀ ਸਿੱਖ ਪਾਰਲੀਮੈਂਟ ਦੀਆਂ ਹੋਣ ਜਾ ਰਹੀਆਂ ਆਮ ਚੋਣਾਂ ਬਾਰੇ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਚਾਰ ਮੁਹਿੰਮ 'ਤੇ ਬੁਰਾ ਪ੍ਰਭਾਵ ਪਵੇਗਾ।

### *ਦਲ ਖ਼ਾਲਸਾ ਤੇ ਖ਼ਾਲਸਾ ਐਕਸ਼ਨ ਕਮੇਟੀ ਵੱਲੋਂ ਵਿਰੋਧ*

ਉਧਰ ਸ਼੍ਰੋਮਣੀ ਕਮੇਟੀ ਤੋਂ ਬਾਅਦ ਦਲ ਖ਼ਾਲਸਾ ਨੇ ਕਾਲਜ ਨੂੰ ਯੂਨੀਵਰਸਿਟੀ ਵਿਚ ਬਦਲਣ ਦਾ ਸਖ਼ਤ ਵਿਰੋਧ ਕਰਦਿਆਂ ਐਲਾਨ ਕੀਤਾ ਕਿ ਜੇ ਖ਼ਾਲਸਾ ਕਾਲਜ ਦੀ ਕਮੇਟੀ ਨੇ ਅਪਣਾ ਅੜੀਅਲ ਰਵਈਆ ਨਾ ਛੱਡਿਆ ਤਾਂ ਸਾਰੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਸੜਕਾਂ 'ਤੇ ਉਤਰਿਆ ਜਾਵੇਗਾ। ਦਲ ਖ਼ਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਤੇ ਖ਼ਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਖ਼ਾਲਸਾ ਯੂਨੀਵਰਸਿਟੀ ਬਣਨ ਦੀ ਖ਼ਬਰ ਨਾਲ ਸਿੱਖਾਂ ਨੂੰ ਕੋਈ ਖੁਸ਼ੀ ਨਹੀਂ ਹੋਈ, ਉਲਟਾ ਸਿੱਖ ਵਿਰਾਸਤ ਦੇ ਇਸ ਮਹੱਤਵਪੂਰਨ ਪ੍ਰਤੀਕ ਨੂੰ ਕਾਲਜ ਤੋਂ ਯੂਨੀਵਰਸਿਟੀ ਵਿਚ ਬਦਲਣ ਦੀ ਖ਼ਬਰ ਨਾਲ ਸਿੱਖ ਹਿਰਦੇ ਵਲੂੰਧਰੇ ਗਏ ਹਨ। ਕੰਵਰਪਾਲ ਸਿੰਘ ਨੇ ਖ਼ਾਲਸਾ ਕਾਲਜ ਪ੍ਰਬੰਧਕੀ ਕਮੇਟੀ ਦੇ ਆਨਰੇਰੀ ਸਕੱਤਰ ਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਰਾਜਿੰਦਰਮੋਹਨ ਸਿੰਘ ਛੀਨਾ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ 1970 ਵਿਚ ਜਿਸ ਜਨਸੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਦਾ ਵਿਰੋਧ ਕੀਤਾ ਸੀ, ਹੁਣ ਇਸੇ ਹੀ ਸੰਸਥਾ ਦੇ ਆਗੂ ਖ਼ਾਲਸਾ ਯੂਨੀਵਰਸਿਟੀ ਬਣਾਉਣ ਵਾਸਤੇ ਤਰਲੋਮੱਛੀ ਕਿਉਂ ਹੋ ਰਹੇ ਹਨ? ਭਾਈ ਮੋਹਕਮ ਸਿੰਘ ਨੇ ਹੁਣ ਤੱਕ ਵੇਚੀ ਗਈ ਜ਼ਮੀਨ ਵਿਚ ਹੋਈ ਹੇਰਾਫੇਰੀ ਦੀ ਹਾਈਕੋਰਟ ਦੇ ਮੌਜੂਦਾ ਜੱਜ ਕੋਲੋਂ ਜਾਂਚ ਕਰਵਾਉਣ ਦੀ ਮੰਗ ਕੀਤੀ।

ਉਧਰ ਖਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਕਾਲਜ ਨੂੰ ਯੂਨੀਵਰਸਿਟੀ ਵਿਚ ਤਬਦੀਲ ਕਰਨ ਦੇ ਫੈਸਲੇ ਖ਼ਿਲਾਫ਼ ਸਿੱਖ ਜਥੇਬੰਦੀ ਚੀਫ ਖਾਲਸਾ ਦੀਵਾਨ ਨੇ ਆਪਣੇ ਸਾਲਾਨਾ ਬਜਟ ਇਜਲਾਸ ਦੌਰਾਨ ਖਾਲਸਾ ਕਾਲਜ ਦੀ ਹੋਂਦ ਤੇ ਵਜੂਦ ਨੂੰ ਬਰਕਰਾਰ ਰੱਖਣ ਦੇ ਹੱਕ ਵਿਚ ਮਤਾ ਪਾਸ ਕੀਤਾ। ਦੋਵਾਂ ਸਿੱਖ ਸੰਸਥਾਵਾਂ, ਖਾਲਸਾ ਕਾਲਜ ਗਵਰਨਿੰਗ ਕੌਂਸਲ ਤੇ ਚੀਫ਼ ਖਾਲਸਾ ਦੀਵਾਨ ਦੇ ਕਈ ਅਹੁਦੇਦਾਰ ਤੇ ਮੈਂਬਰ ਸਾਂਝੇ ਹਨ। ਚੀਫ ਖਾਲਸਾ ਦੀਵਾਨ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ ਮਤੇ ਤੋਂ ਇਹ ਗੱਲ ਉਭਰੀ ਹੈ ਕਿ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਕੁਝ ਮੈਂਬਰ ਵੀ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਵਿਚ ਤਬਦੀਲ ਕਰਨ ਦੇ ਹੱਕ ਵਿਚ ਨਹੀਂ ਹਨ।

### *ਸਿਆਸੀ ਦਬਾਅ ਕਾਰਨ ਸ਼੍ਰੋਮਣੀ ਕਮੇਟੀ ਮੁਕਰੀ*

ਇਤਿਹਾਸਕ ਖਾਲਸਾ ਕਾਲਜ ਨੂੰ ਨਿੱਜੀ ਯੂਨੀਵਰਸਟੀ ਵਿਚ ਨਾ ਤਬਦੀਲ ਕਰਨ ਬਾਰੇ ਪਾਸ ਕੀਤੇ ਗਏ ਵਿਸ਼ੇਸ਼ ਮਤੇ ਬਾਰੇ ਸ਼੍ਰੋਮਣੀ ਕਮੇਟੀ ਨੇ ਅਚਨਚੇਤੀ ਯੂ-ਟਰਨ ਲੈ ਲਿਆ। ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਏ ਜਾਣ ਦੇ ਵਿਰੋਧ 'ਚ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਕੋਈ ਮਤਾ ਪੇਸ਼ ਹੀ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹਾਊਸ ਵਿਚ ਮੈਂਬਰ ਸਹਿਬਾਨ ਨੇ ਆਪਣੇ-ਆਪਣੇ ਵਿਚਾਰ ਵੀ ਪੇਸ਼ ਕੀਤੇ ਸਨ ਤੇ ਉਨ੍ਹਾਂ ਦੇ ਵਿਅਕਤੀਗਤ ਵਿਚਾਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪਾਸ ਕੀਤੇ ਮਤੇ ਦੇ ਰੂਪ 'ਚ ਨਹੀਂ ਦੇਖਿਆ ਜਾ ਸਕਦਾ।

ਉਨ੍ਹਾਂ ਕਿਹਾ ਕਿ ਕੋਈ ਕਾਲਜ ਤਾਂ ਹੀ ਯੂਨੀਵਰਸਿਟੀ ਬਣਦਾ ਹੈ ਜੋ ਸਰਕਾਰ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ ਤੇ ਜੇਕਰ ਖਾਲਸਾ ਕਾਲਜ ਅਜਿਹੀਆਂ ਸ਼ਰਤਾਂ ਪੂਰੀ ਕਰਕੇ ਯੂਨੀਵਰਸਿਟੀ ਬਣਨ ਦੇ ਸਮਰੱਥ ਹੈ ਤਾਂ ਇਸ ਨਾਲ ਉਸ ਦਾ ਵਜੂਦ ਖਤਮ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਬਣਨ ਨਾਲ ਜਿੱਥੇ ਕਾਲਜ ਦਾ ਦਰਜਾ ਵਿਸ਼ਵ ਪੱਧਰ ਦੀਆਂ ਯੂਨੀਵਰਸਿਟੀਆਂ ਦੇ ਮੁਕਾਬਲੇ ਦਾ ਹੋਵੇਗਾ ਉਥੇ ਵਿਦਿਆ ਦੇ ਪਸਾਰ ਦਾ ਪੱਧਰ ਵੀ ਹੋਰ ਉੱਚਾ ਹੋਵੇਗਾ ਜੋ ਸਿੱਖ ਜਗਤ ਲਈ ਖੁਸ਼ੀ ਤੇ ਮਾਣ ਵਾਲੀ ਗੱਲ ਹੈ।

ਇਥੇ ਦੱਸਣਯੋਗ ਹੈ ਕਿ 24 ਮਾਰਚ ਨੂੰ ਇਸ ਬਾਰੇ ਮਤਾ ਕੁਝ ਸ਼੍ਰੋਮਣੀ ਮੈਂਬਰਾ ਵੱਲੋਂ ਪੇਸ਼ ਕੀਤਾ ਗਿਆ ਸੀ ਜਿਨ੍ਹਾਂ ਨੇ ਪ੍ਰਧਾਨ ਨੂੰ ਅਪੀਲ ਕੀਤੀ ਸੀ ਕਿ ਇਸ ਮਤੇ ਨੂੰ ਪਾਸ ਕੀਤੇ ਜਾਣ ਵਾਲੇ ਮੱਤਿਆਂ ਵਿਚ ਸ਼ਾਮਲ ਕੀਤਾ ਜਾਵੇ। ਪ੍ਰਧਾਨ ਵੱਲੋਂ ਬਾਅਦ ਵਿਚ ਇਹ ਮਤਾ ਮੈਂਬਰਾਂ ਦੀ ਮੰਗ 'ਤੇ ਵਿਸ਼ੇਸ਼ ਤੌਰ 'ਤੇ ਪੇਸ਼ ਕੀਤਾ ਗਿਆ ਤੇ ਜੈਕਾਰਿਆਂ ਦੀ ਗੂੰਜ 'ਚ ਇਸ ਨੂੰ ਪ੍ਰਵਾਨਗੀ ਦੇ ਦਿੱਤੀ।

# ਭਾਰਤ-ਪਾਕਿ ਦੀ 'ਦੋਸਤੀ ਐਕਸਪ੍ਰੈਸ' ਮੁੜ ਪਟੜੀ 'ਤੇ!

**ਨਵੀਂ ਦਿੱਲੀ:** ਕ੍ਰਿਕਟ ਦੀ ਕੂਟਨੀਤੀ ਤਹਿਤ ਪਾਕਿਸਤਾਨ ਨੇ 26/11 ਦੇ ਮੁੰਬਈ ਹਮਲੇ ਦੇ ਮਾਮਲੇ ਦੀ ਜਾਂਚ ਲਈ ਭਾਰਤੀ ਟੀਮ ਨੂੰ ਆਪਣੀ ਧਰਤੀ 'ਤੇ ਆਉਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਤਰ੍ਹਾਂ ਦੋਵਾਂ ਗੁਆਂਢੀਆਂ ਦੇ ਸਬੰਧਾਂ ਵਿਚ

### ਕ੍ਰਿਕਟ ਨੇ ਭਾਰਤ-ਪਾਕਿ ਰਿਸ਼ਤਿਆਂ 'ਤੇ ਜੰਮੀ ਬਰਫ਼ ਪਿਘਲਾਈ

ਪਾਕਿਸਤਾਨ ਦੇ ਗ੍ਰਹਿ ਸਕੱਤਰਾਂ ਵਿਚਾਲੇ ਦੋ ਦਿਨਾਂ ਮੀਟਿੰਗ ਹੋਈ। ਨੌਂ ਮਹੀਨਿਆਂ ਮਗਰੋਂ ਹੋਈ ਇਸ ਮੀਟਿੰਗ ਵਿਚ ਕੁਝ ਖਾਸ ਨਹੀਂ ਹੋਇਆ ਪਰ ਇਸ ਨਾਲ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਜੰਮੀ ਬਰਫ਼ ਨੂੰ ਪਿਘਲਾਉਣ 'ਚ ਮਦਦ ਮਿਲੀ। ਭਾਰਤੀ ਵਫ਼ਦ ਦੀ ਅਗਵਾਈ ਗ੍ਰਹਿ ਸਕੱਤਰ ਜੀ. ਕੇ. ਪਿੱਲੇ ਨੇ ਕੀਤੀ ਜਦਕਿ ਪਾਕਿ ਵਫ਼ਦ ਦੀ ਅਗਵਾਈ ਉਥੋਂ ਦੇ ਗ੍ਰਹਿ ਸਕੱਤਰ ਚੌਧਰੀ ਕਮਰ ਜੁਮਾਨ ਵੱਲੋਂ ਕੀਤੀ ਗਈ।

ਭਾਰਤ ਤੇ ਪਾਕਿਸਤਾਨ ਦੇ ਗ੍ਰਹਿ ਸਕੱਤਰਾਂ ਵਿਚਕਾਰ ਹੋਈ ਗੱਲਬਾਤ ਤੋਂ ਬਾਅਦ ਉਨ੍ਹਾਂ ਇਸ ਨੂੰ 'ਬੇਹੱਦ ਹਾਂਦਰੂ' ਤੇ ਸਹੀ ਦਿਸ਼ਾ ਵਿਚ ਪੇਸ਼ਕਦਮੀ ਕਰਾਰ ਦਿੱਤਾ। ਗ੍ਰਹਿ ਸਕੱਤਰ ਜੀ. ਕੇ. ਪਿੱਲੇ ਨੇ ਕਿਹਾ ਕਿ 'ਵਾਰਤਾਵਾਂ ਬੇਹੱਦ ਹਾਂਪੱਖੀ ਹਨ। ਖਾਸ ਦਿਸ਼ਾ ਤੇ ਸਹੀ ਦਿਸ਼ਾ ਵਿਚ ਪ੍ਰਗਤੀ ਹੋਈ ਹੈ।' ਬਾਰਾਂ ਮੈਂਬਰੀ ਵਫ਼ਦ ਲੈ ਕੇ ਆਏ ਜਨਾਬ ਜ਼ਮਾਂ ਨੇ ਵੀ ਵਾਰਤਾ ਨੂੰ 'ਕਾਫੀ ਹਾਂਦਰੂ' ਦੱਸਿਆ। ਨਵੰਬਰ 2008 ਵਿਚ ਮੁੰਬਈ ਹਮਲੇ ਤੋਂ ਬਾਅਦ ਵਾਰਤਾ ਦਾ ਅਮਲ ਰੋਕ ਦਿੱਤਾ ਗਿਆ ਸੀ। ਸਬੱਬੀਂ, ਮੁੰਬਈ ਹਮਲਾ ਉਦੋਂ ਹੋਇਆ ਸੀ ਜਦੋਂ ਤਤਕਾਲੀ ਗ੍ਰਹਿ ਸਕੱਤਰ ਮਧੁਕਰ ਗੁਪਤਾ ਗੱਲਬਾਤ ਲਈ ਇਸਲਾਮਾਬਾਦ ਗਏ ਹੋਏ ਸਨ।

ਨਵਾਂ ਮੋੜ ਆ ਗਿਆ ਹੈ। ਇਸ ਤੋਂ ਇਲਾਵਾ ਦੋਵਾਂ ਮੁਲਕਾਂ ਦੇ ਗ੍ਰਹਿ ਸਕੱਤਰਾਂ ਵਿਚਾਲੇ ਹੌਟਲਾਈਨ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਅਤਿਵਾਦੀਆਂ ਦੀਆਂ ਧਮਕੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾ ਸਕੇ। ਪਾਕਿਸਤਾਨ ਜੋ ਭਾਰਤੀ ਜਾਂਚ ਟੀਮ ਨੂੰ ਆਪਣੀ ਧਰਤੀ 'ਤੇ ਆਉਣ ਦੇਣ ਬਾਰੇ ਮਹੀਨਿਆਂ ਤੋਂ ਕਤਰਾ ਰਿਹਾ ਸੀ, ਨੇ 29 ਮਾਰਚ ਨੂੰ ਦੋਵਾਂ ਮੁਲਕਾਂ ਦੇ ਗ੍ਰਹਿ ਸਕੱਤਰਾਂ ਭਾਰਤ ਦੇ ਗੋਪਾਲ ਕੇ. ਪਿੱਲੇ ਤੇ ਪਾਕਿ ਦੇ ਕਮਰ ਜ਼ਮਾਂ ਦੀ ਮੀਟਿੰਗ ਦੌਰਾਨ ਇਹ ਹਾਮੀ ਭਰ ਹੀ ਦਿੱਤੀ। ਇਸ ਮੀਟਿੰਗ ਦੀ ਸਮਾਪਤੀ ਮਗਰੋਂ ਜਾਰੀ ਸਾਂਝੇ ਬਿਆਨ ਵਿਚ ਦੋਵਾਂ ਮੁਲਕਾਂ ਨੇ ਹਰ ਕਿਸਮ ਦੇ ਅਤਿਵਾਦ ਨਾਲ ਲੜਨ ਲਈ ਜਿਥੇ ਅਹਿਦ ਕੀਤਾ ਉਥੇ ਹਿੰਸਕ ਕਾਰਵਾਈਆਂ ਲਈ ਜ਼ਿੰਮੇਵਾਰ ਲੋਕਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਬਿਆਨ ਵਿਚ ਨਸ਼ਿਆਂ ਤੇ ਮਨੁੱਖੀ ਤਸਕਰੀ ਨੂੰ ਰੋਕਣ, ਵੀਜ਼ਾ ਪ੍ਰਕਿਰਿਆ ਸਰਲ ਬਣਾਉਣ, ਜਾਅਲੀ ਕਰੰਸੀ ਤੇ ਸਾਈਬਰ ਅਪਰਾਧ ਰੋਕਣ ਸਣੇ ਹੋਰ ਖੇਤਰਾਂ ਵਿਚ ਵੀ ਸਹਿਯੋਗ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਪਾਕਿਸਤਾਨ ਨੇ ਮੀਟਿੰਗ ਵਿਚ ਮੁੰਬਈ ਹਮਲਿਆਂ ਬਾਰੇ ਚੱਲ ਰਹੇ ਮੁਕੱਦਮੇ ਦੀ ਤਾਜ਼ਾ ਜਾਣਕਾਰੀ ਦਿੱਤੀ। ਬਿਆਨ ਵਿਚ ਕਿਹਾ ਗਿਆ ਹੈ ਕਿ ਪਾਕਿ ਨੇ ਮੁੰਬਈ ਹਮਲੇ ਸਬੰਧੀ ਭਾਰਤੀ ਜਾਂਚ ਟੀਮ ਨੂੰ ਆਪਣੀ ਧਰਤੀ ਉਪਰ ਆਉਣ ਦੇਣ ਲਈ ਸਿਧਾਂਤਕ ਤੌਰ 'ਤੇ ਗੱਲ ਮੰਨ ਲਈ ਹੈ। ਟੀਮ ਦੀ ਰੂਪ-ਰੇਖਾ ਤੇ ਇਸ ਦੇ ਘੇਰੇ ਬਾਰੇ ਕੰਮ ਕੂਟਨੀਤਿਕ ਤੌਰ 'ਤੇ ਕੀਤਾ ਜਾਵੇਗਾ।

ਉਧਰ ਮੁੰਬਈ ਹਮਲੇ ਸਬੰਧੀ ਪਾਕਿਸਤਾਨ ਵੱਲੋਂ ਜੁਡੀਸ਼ਲ ਕਮਿਸ਼ਨ 15 ਮਈ ਤਕ ਭਾਰਤ ਆਵੇਗਾ। ਬਿਆਨ ਮੁਤਾਬਕ 26/11 ਹਮਲੇ ਬਾਰੇ ਭਾਰਤ ਦੀ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਤੇ ਪਾਕਿਸਤਾਨ ਸੰਘੀ ਜਾਂਚ ਏਜੰਸੀ ਇਕ ਦੂਜੇ ਨਾਲ ਸਹਿਯੋਗ ਕਰਦੀਆਂ ਰਹਿਣਗੀਆਂ। ਭਾਰਤ ਵੱਲੋਂ ਇਸ ਹਮਲੇ ਦੇ ਮੁੱਖ ਸਾਜ਼ਿਸ਼ਕਾਰਾਂ ਦੀਆਂ ਆਵਾਜ਼ਾਂ ਦੇ ਨਮੂਨੇ ਲੈਣ ਲਈ ਕੀਤੀ ਗਈ ਮੰਗ ਉਪਰ ਪਾਕਿ ਅਧਿਕਾਰੀਆਂ ਨੇ ਆਪਣਾ ਪੱਲਾ ਝਾੜਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਇਕ ਹੇਠਲੀ ਅਦਾਲਤ ਨੇ ਇਸ ਬਾਰੇ ਸਰਕਾਰ ਦੀ ਅਪੀਲ ਰੱਦ ਕਰ ਦਿੱਤੀ ਹੈ। ਇਸ ਬਾਰੇ ਹਾਈ ਕੋਰਟ ਵਿਚ ਅਪੀਲ ਪਾ ਦਿੱਤੀ ਗਈ ਹੈ। ਇਸ ਗੱਲਬਾਤ ਦੌਰਾਨ ਭਾਰਤ ਨੇ ਸਮਝੌਤਾ ਐਕਸਪ੍ਰੈਸ ਬੰਬ ਕਾਂਡ ਦੀ ਜਾਂਚ ਬਾਰੇ ਪਾਕਿ ਨੂੰ ਤਾਜ਼ਾ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਲਸ਼ਕਰ-ਏ-ਤੋਇਬਾ ਦੇ ਮੋਢੀ ਹਾਫ਼ਿਜ਼ ਸਈਦ, ਦਾਊਦ ਇਬਰਾਹੀਮ ਤੇ ਹੋਰ ਅਤਿਵਾਦੀਆਂ ਬਾਰੇ ਵੀ ਗੱਲਬਾਤ ਹੋਈ।

### ਭਾਰਤੀ ਮੂਲ ਦੇ ਵਿਅਕਤੀ ਨੂੰ ਉਮਰ ਕੈਦ

**ਟੋਰਾਂਟੋ:** ਕੈਨੇਡਾ ਦੀ ਇਕ ਅਦਾਲਤ ਨੇ ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਆਪਣੀ ਪਤਨੀ ਦੀ ਹੱਤਿਆ ਕਰਨ ਤੇ ਮਗਰੋਂ ਉਹਦੀ ਲਾਸ਼ ਨੂੰ ਜਲਾ ਦੇਣ ਦੇ ਦੋਸ਼ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਮੁਖਤਿਆਰ ਪੰਘਾਲੀ ਨਾਂ ਦੇ ਇਸ ਵਿਅਕਤੀ ਨੇ 2006 ਵਿਚ ਆਪਣੀ ਗਰਭਵਤੀ ਪਤਨੀ ਦੀ ਹੱਤਿਆ ਕਰ ਦਿੱਤੀ ਸੀ। ਮਨਜੀਤ ਪੰਘਾਲੀ ਦੀ ਜਲੀ ਹੋਈ ਲਾਸ਼ ਬ੍ਰਿਟਿਸ਼ ਕੋਲੰਬੀਆ ਦੇ ਡੈਲਟਾ ਇਲਾਕੇ 'ਚੋਂ ਮਿਲੀ ਸੀ।

ਸਜ਼ਾ ਦੇ ਪਹਿਲੇ ਪੰਦਰਾਂ ਵਰ੍ਹੇ ਮੁਖਤਿਆਰ ਨੂੰ ਪੈਰੋਲ ਨਹੀਂ ਮਿਲ ਸਕੇਗੀ। ਪਤਨੀ ਦੀ ਲਾਸ਼ ਸਾੜਨ ਦੇ ਮਾਮਲੇ ਵਿਚ ਉਸ ਨੂੰ ਸਾਢੇ ਤਿੰਨ ਵਰ੍ਹੇ ਦੀ ਹੋਰ ਸਜ਼ਾ ਸੁਣਾਈ ਗਈ ਹੈ ਜੋ ਕਿ ਉਮਰ ਕੈਦ ਦੇ ਨਾਲ-ਨਾਲ ਹੀ ਚੱਲੇਗੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਅੰਬੇਦਕਰਵਾਦੀਆਂ ਵੱਲੋਂ ਡਾਂਡੀ ਮਾਰਚ ਖ਼ਿਲਾਫ਼ ਰੈਲੀ

**ਸੈਨ ਫਰਾਂਸਿਸਕੋ:** 'ਆਰਗੇਨਾਈਜੇਸ਼ਨ ਫਾਰ ਮਾਇਨਾਰਟੀਟਜ਼ ਆਫ਼ ਇੰਡੀਆ' ਵੱਲੋਂ ਇੱਥੇ ਭ੍ਰਿਸ਼ਟਾਚਾਰ ਦੀ ਦਲ-ਦਲ ਵਿਚ ਖੁੱਭੀ ਭਾਰਤ ਸਰਕਾਰ ਖਿਲਾਫ ਰੈਲੀ ਕੀਤੀ ਗਈ। ਰੈਲੀ ਦੇ ਕਰਤਾ-ਧਰਤਾ ਭਜਨ ਸਿੰਘ ਨੇ ਰੈਲੀ ਦੌਰਾਨ ਪੂਰੇ ਗੜ੍ਹਕੇ ਨਾਲ ਕਿਹਾ ਕਿ ਭਾਰਤ ਵਿਚ ਭ੍ਰਿਸ਼ਟਾਚਾਰ ਦੀ ਸ਼ੁਰੂਆਤ 'ਰਾਸ਼ਟਰ ਪਿਤਾ' ਗਾਂਧੀ ਨਾਲ ਹੀ ਹੋਈ। ਗਾਂਧੀ ਦਾ ਬੁੱਤ ਲਾਉਣ ਵਿਚ ਵੀ ਭ੍ਰਿਸ਼ਟਾਚਾਰ ਨੂੰ ਪੱਠੇ ਪਾਏ ਗਏ। ਇਸ ਰੈਲੀ ਵਿਚ ਮੰਗ ਕੀਤੀ ਗਈ ਕਿ ਗਾਂਧੀ ਦਾ ਬੁੱਤ ਤੁਰੰਤ ਹਟਾਇਆ ਜਾਵੇ।

ਇਸ ਰੈਲੀ ਨੂੰ ਬਾਕਾਇਦਾ 'ਅੰਬੇਦਕਰ ਰੈਲੀ' ਦਾ ਨਾਂ ਦਿੱਤਾ ਗਿਆ। ਗੌਰਤਲਬ ਹੈ ਕਿ ਗਾਂਧੀ ਦੇ ਪ੍ਰਸ਼ੰਸਕਾ ਵੱਲੋਂ ਗਾਂਧੀ ਦੀ ਅਗਵਾਈ ਵਿਚ ਕੱਢੇ ਗਏ ਡਾਂਡੀ ਮਾਰਚ ਦੀ ਯਾਦ ਵਿਚ ਡਾਂਡੀ ਮਾਰਚ-2 ਕੱਢਿਆ ਗਿਆ ਸੀ ਜੋ ਕਿ ਸੈਨ ਡੀਐਗੋ ਤੋਂ ਦੋ ਹਫਤੇ ਪਹਿਲਾਂ ਆਰੰਭ ਹੋਇਆ ਸੀ ਅਤੇ ਇਸੇ ਬੁਤ ਤੇ ਆ ਕੇ ਖਤਮ ਹੋਇਆ ਸੀ। ਕੈਨੇਡੀਅਨ ਪਾਰਲੀਮੈਂਟ ਦੇ ਮੈਂਬਰ ਉਝਲ ਦੁਸਾਂਝ ਨੇ ਇਸ ਬੁਤ ਕੋਲ ਮਾਰਚ ਦਾ ਸਵਾਗਤ ਕਰਨਾ ਸੀ ਪਰ ਐਨ ਆਖਰੀ ਮੌਕੇ ਉਸ ਨੇ ਫੈਸਲਾ ਬਦਲ ਲਿਆ। ਗਾਂਧੀ ਦਾ ਇਹ ਬੁੱਤ ਉਸ ਦੇ ਇਕ ਰਿਸ਼ਤੇਦਾਰ ਯੋਗੇਸ਼ ਕੇ. ਗਾਂਧੀ ਵੱਲੋਂ 3 ਅਕਤੂਬਰ 1988 ਨੂੰ ਲਾਇਆ ਗਿਆ ਸੀ ਜੋ 'ਗਾਂਧੀ ਮੈਮੋਰੀਅਲ ਇੰਟਰਨੈਸ਼ਨਲ ਫਾਊਂਡੇਸ਼ਨ' ਵੀ ਚਲਾ ਰਿਹਾ ਹੈ। ਇਸ ਬੁੱਤ ਦੀ ਕੀਮਤ 1,20,000 ਡਾਲਰ ਦੱਸੀ ਗਈ ਸੀ। ਉਸ ਨੇ 1996 'ਚ 3,25,000 ਡਾਲਰ 'ਡੈਮੋਕਰੇਟਿਕ ਨੈਸ਼ਨਲ ਕਮੇਟੀ' ਨੂੰ ਦਾਨ ਕੀਤੇ ਸਨ ਜਿਨ੍ਹਾਂ ਬਾਰੇ ਬਾਅਦ ਵਿਚ ਖੁਲਾਸਾ ਹੋਇਆ ਕਿ ਇਹ ਡਾਲਰ ਤਾਂ ਉਸ ਨੂੰ ਕਿਸੇ ਜਾਪਾਨੀ ਨਾਗਰਿਕ ਨੇ ਦਿੱਤੇ ਸਨ।

'ਆਰਗੇਨਾਈਜੇਸ਼ਨ ਫਾਰ ਮਾਇਨਾਰਟੀਟਜ਼ ਆਫ਼ ਇੰਡੀਆ' ਵੱਲੋਂ ਇਸ ਗਾਂਧੀ-ਪੱਖੀ ਮਾਰਚ ਦੇ ਬਰਾਬਰ 'ਅੰਬੇਡਕਰ ਰੈਲੀ' ਦਾ ਪ੍ਰਬੰਧ ਕੀਤਾ ਗਿਆ ਅਤੇ ਯੋਗੇਸ਼ ਕੇ. ਗਾਂਧੀ ਵੱਲੋਂ ਕੀਤੇ ਭ੍ਰਿਸ਼ਟਾਚਾਰ ਦਾ ਮੁੱਦਾ ਉਭਾਰਿਆ ਗਿਆ। ਇਸ ਵਿਚ ਕਿਹਾ ਗਿਆ ਕਿ ਭਾਰਤ ਦੇ ਲੋਕਾਂ ਦੀ ਗੁਰਬਤ ਲਈ ਅਸਲ ਵਿਚ 'ਰਾਸ਼ਟਰ ਪਿਤਾ' ਗਾਂਧੀ ਹੀ ਜ਼ਿੰਮੇਵਾਰ ਹੈ ਜਿਸ ਦੀ ਯਾਦ ਵਿਚ ਯੋਗੇਸ਼ ਕੇ. ਗਾਂਧੀ ਨੇ ਬੁੱਤ ਲਵਾਇਆ ਹੈ। ਰੈਲੀ ਵਿਚ ਡਾ. ਭੀਮ ਰਾਓ ਅੰਬੇਡਕਰ ਨੂੰ ਸਦੀਆਂ ਤੋਂ ਦੱਬੇ-ਕੁਚਲੇ ਲੋਕਾਂ ਦਾ ਮਸੀਹਾ ਆਖਿਆ ਗਿਆ। ਬੁਲਾਰਿਆਂ ਨੇ ਠੋਕ-ਵਜਾ ਕੇ ਕਿਹਾ ਕਿ ਭਾਰਤ ਵਿਚ ਗਰੀਬੀ ਦਾ ਕਾਰਨ 'ਰਾਸ਼ਟਰ ਪਿਤਾ' ਦੀਆਂ ਨੀਤੀਆਂ ਹੀ ਹਨ ਜਿਨ੍ਹਾਂ ਵਿਚ ਦੱਬੇ-ਕੁਚਲੇ ਲੋਕਾਂ ਨੂੰ ਲਾਂਭੇ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਿਸ ਸ਼ਖ਼ਸ (ਯੋਗੇਸ਼ ਕੇ. ਗਾਂਧੀ) ਨੇ ਬੁੱਤ ਲਾਉਣ ਲਈ ਪੈਸੇ ਦਿੱਤੇ ਹਨ, ਉਹ ਵੀ ਭ੍ਰਿਸ਼ਟਾਚਾਰ ਦੀ ਦਲ-ਦਲ ਵਿਚ ਧਸਿਆ ਹੋਇਆ ਹੈ। ਅੰਬੇਦਕਰਵਾਦੀਆਂ ਨੇ 'ਭਗਤ ਸਿੰਘ ਜਿੰਦਾਬਾਦ' ਅਤੇ 'ਅੰਬੇਦਕਰ ਜਿੰਦਾਬਾਦ' ਦੇ ਨਾਅਰੇ ਲਾਏ। ਉਨ੍ਹਾਂ ਮੰਗ ਕੀਤੀ ਕਿ ਮਹਾਤਮਾ ਗਾਂਧੀ ਦਾ ਇਹ ਬੁੱਤ ਇਥੋਂ ਹਟਾਇਆ ਜਾਵੇ।




ਅੰਬੇਦਕਰਵਾਦੀ ਰੈਲੀ ਵਿਚ ਸ਼ਾਮਲ ਲੋਕ ਗਾਂਧੀ ਦੇ ਬੁਤ ਦੁਆਲੇ ਧਰਨਾ ਦਿੰਦੇ ਹੋਏ

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guaran-tee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com




FREE CREDIT CARD TERMINAL!

## Law Offices of Gill & Heridis

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 736-5203, (408) 940-6065**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-383-2785**

4585 Pell Dr. Secramento CA, 95838

## Short Sale Specialist

**We Can Sell Your Home in Short Sale at No Cost to You**



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**For Buying & Selling Residential And For Loans**

*Call: Sohanpreet 'Sam' Chahal*

**@916-612-5773**

Serving from Bay Area to Sacramento

Call for free listing of Reo-Bankowned Properties

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

## Golden State Realty

Sacramento Office: 8695 Territorial Way, Elk Grove CA 95624
**Tel: 916-612-5773 Fax: 916-689-5707**

## ਖਟਕੜ ਕਲਾਂ 'ਚ ਸਿਆਸੀ ਰੈਲੀਆਂ

# ਅਕਾਲੀ-ਭਾਜਪਾ ਸਰਕਾਰ ਅੰਗਰੇਜ਼ਾਂ ਵਾਂਗ ਜ਼ੁਲਮ ਢਾਹ ਰਹੀ ਹੈ:ਕੈਪਟਨ

**ਖਟਕੜ ਕਲਾਂ:** ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ 80ਵੇਂ ਸ਼ਹੀਦੀ ਦਿਵਸ ਮੌਕੇ ਖਟਕੜ ਕਲਾਂ ਵਿਖੇ ਕਾਂਗਰਸ ਪਾਰਟੀ ਵੱਲੋਂ ਰਾਜ ਪੱਧਰੀ ਸਿਆਸੀ ਕਾਨਫ਼ਰੰਸ ਕੀਤੀ ਗਈ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸ਼ਹੀਦਾਂ ਦੀ ਤਸਵੀਰ ਅੱਗੇ ਸ਼ਰਧਾਂਜਲੀ ਭੇਟ ਕਰਨ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਜਿਵੇਂ ਇਨ੍ਹਾਂ ਸ਼ਹੀਦਾਂ ਨੇ ਆਪਣੀਆਂ ਜਾਨਾਂ ਵਾਰ ਕੇ ਅੰਗਰੇਜ਼ ਹਕੂਮਤ ਤੋਂ ਦੇਸ਼ ਨੂੰ ਆਜ਼ਾਦ ਕਰਵਾਇਆ, ਬਿਲਕੁਲ ਉਸੇ ਤਰ੍ਹਾਂ ਕਾਂਗਰਸ ਪਾਰਟੀ ਹੁਣ ਸੂਬੇ ਨੂੰ ਬਾਦਲਾਂ ਦੇ ਚੁੰਗਲ 'ਚੋਂ ਛੁਡਵਾਏਗੀ। ਅੱਜ ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਸਰਕਾਰ ਅੰਗਰੇਜ਼ਾਂ ਦੀ ਤਰ੍ਹਾਂ ਜ਼ੁਲਮ ਢਾਹ ਰਹੀ ਹੈ। ਬਾਦਲ ਸਰਕਾਰ ਵੱਲੋਂ ਹੱਕ ਮੰਗਦੇ ਮੁਲਾਜ਼ਮਾਂ, ਕਿਸਾਨਾਂ, ਅਧਿਆਪਕਾਂ, ਨੌਜਵਾਨਾਂ ਤੇ ਮਜ਼ਦੂਰਾਂ 'ਤੇ ਡਾਂਗਾ ਵਰ੍ਹਾਈਆਂ ਜਾ ਰਹੀਆਂ ਹਨ। ਜਮਹੂਰੀ ਕਦਰਾਂ-ਕੀਮਤਾਂ ਨੂੰ ਦਰੜਿਆ ਜਾ ਰਿਹਾ ਹੈ। ਕਾਂਗਰਸ ਸੂਬਾ ਪ੍ਰਧਾਨ ਨੇ ਕਿਹਾ ਕਿ ਪਿਛਲੇ ਦਿਨੀਂ ਬਠਿੰਡਾ ਵਿਖੇ ਨੰਨ੍ਹੀ ਛਾਂ ਦਾ ਡਰਾਮਾ ਰਚਣ ਵਾਲੀ ਬੀਬੀ ਹਰਸਿਮਰਤ ਕੌਰ ਦੀ ਹਾਜ਼ਰੀ 'ਚ ਹੱਕਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ 21 ਜਥੇਬੰਦੀਆਂ ਦੇ ਵਰਕਰਾਂ 'ਤੇ ਡਾਗਾਂ ਵਰ੍ਹਾਈਆਂ ਗਈਆਂ। ਸੂਬੇ ਦੇ ਲੋਕਾਂ ਦਾ




ਅੱਜ ਦਾ ਇਕੱਠ ਸਾਬਤ ਕਰਦਾ ਹੈ ਕਿ ਹੁਣ ਇਨ੍ਹਾਂ ਬਾਦਲਾਂ ਨੂੰ ਚਲਦਾ ਕਰਨ ਦਾ ਲੋਕਾਂ ਨੇ ਮਨ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨ ਦੀ ਚੁਫੇਰਿਓਂ ਲੁੱਟ ਹੋ ਰਹੀ ਹੈ, ਨੌਜਵਾਨ ਵਰਗ ਬੇਰੁਜ਼ਗਾਰੀ 'ਚ ਪੀੜਤ ਹੈ। ਸੂਬਾ ਸਰਕਾਰ ਦੀ ਸ਼ਹਿ 'ਤੇ ਸ਼ਰਾਬ, ਰੇਤਾ, ਟੈਲੀਵਿਜ਼ਨ ਤੇ ਟਰਾਂਸਪੋਰਟ ਖੇਤਰਾਂ 'ਚ ਅੰਨ੍ਹੀ ਲੁੱਟ ਮੱਚੀ ਹੋਈ ਹੈ। ਉਨ੍ਹਾਂ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਬਾਰੇ ਕਿਹਾ ਕਿ ਉਸ ਨੇ ਬਾਦਲਾਂ ਦੀ ਡੁੱਬਦੀ ਬੇੜੀ ਤੋਂ ਛਾਲ ਮਾਰ ਕੇ ਆਪਾ ਤਾਂ ਬਚਾ ਲਿਆ ਹੈ ਪਰ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਉਸ ਦੀ ਜਾਗੋ ਪੰਜਾਬ ਮੁਹਿੰਮ ਵੀ ਗੂੜ੍ਹੀ ਨੀਂਦਰੇ ਸੌਂ ਜਾਵੇਗੀ।

ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਆਖਿਆ ਕਿ ਕਾਂਗਰਸ ਰਾਜ ਦੌਰਾਨ ਪੰਜਾਬ ਇਕ ਨੰਬਰ ਦਾ ਸੂਬਾ ਸੀ ਪਰ ਅੱਜ ਮੌਜੂਦਾ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਸੂਬੇ ਦੀ ਚੁਫੇਰਿਓਂ ਕੰਗਾਲੀ ਦੀ ਹਾਲਤ ਬਣੀ ਪਈ ਹੈ। ਵਿਰੋਧੀ ਧਿਰ ਦੀ ਨੇਤਾ ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਦੇਸ਼ ਵਿਚ ਸ਼ਹੀਦਾਂ ਨੂੰ ਸਭ ਤੋਂ ਵੱਧ ਮਾਣ ਕਾਂਗਰਸ ਵਲੋਂ ਦਿੱਤਾ ਗਿਆ। ਕਾਂਗਰਸ ਨੇ ਪੰਜਾਬ ਨੂੰ ਅਨੇਕਾਂ ਵਿਕਾਸ ਦੇ ਥੰਮ ਦਿੱਤੇ ਪਰ ਅਕਾਲੀਆਂ ਵੱਲੋਂ ਉਲਟਾ ਸਰਕਾਰੀ ਜਾਇਦਾਦਾਂ ਵੇਚੀਆਂ ਜਾ ਰਹੀਆਂ ਹਨ। ਪੰਜਾਬ 'ਤੇ ਜਿਨ੍ਹਾਂ ਸਮਾਂ ਬਾਦਲਾਂ ਦਾ ਸਾਇਆ ਹੈ, ਓਨਾ ਸਮਾਂ ਕਿਸੇ ਵਿਕਾਸ ਦੀ ਤਾਂਘ ਨਹੀਂ ਰੱਖੀ ਜਾ ਸਕਦੀ।

ਸੀਨੀਅਰ ਕਾਂਗਰਸੀ ਨੇਤਾ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਕਾਂਗਰਸ ਕਾਨਫ਼ਰੰਸ ਲੋਕਾਂ ਦੇ ਹੁੰਗਾਰੇ ਦੀ ਕਾਨਫ਼ਰੰਸ ਹੈ ਜਦਕਿ ਦੂਸਰੇ ਪਾਸੇ ਅਕਾਲੀਆਂ ਦੀ ਕਾਨਫ਼ਰੰਸ ਸਰਕਾਰੀ ਜਲਸਾ ਹੋ ਨਿਬੜਿਆ ਹੈ। ਸ੍ਰੀ ਬਰਾੜ ਨੇ ਕਿਹਾ ਕਿ ਕਾਂਗਰਸ ਇਕਜੁੱਟ ਹੈ ਤੇ ਪੰਜਾਬ ਨੂੰ ਬਚਾਉਣ ਲਈ ਉਹ ਸਾਰੇ ਯਤਨਸ਼ੀਲ ਹਨ।

# ਆਜ਼ਾਦੀ ਲਈ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀ ਦਿੱਤੀ:ਬਾਦਲ

**ਖਟਕੜ ਕਲਾਂ:** ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ 80ਵੇਂ ਸ਼ਹੀਦੀ ਦਿਵਸ ਮੌਕੇ 23 ਮਾਰਚ ਨੂੰ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਤੇ ਵਿਰੋਧੀ ਪੰਜਾਬ ਕਾਂਗਰਸ ਵੱਲੋਂ ਕਰਵਾਏ ਸਿਆਸੀ ਸਮਾਗਮਾਂ ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਕ-ਦੂਜੇ ਨੂੰ ਖੂਬ ਭੰਡਿਆ ਗਿਆ। ਕੇਂਦਰ ਦੀ ਯੂ.ਪੀ.ਏ. ਸਰਕਾਰ 'ਤੇ ਭ੍ਰਿਸ਼ਟ ਨੀਤੀਆਂ ਅਪਣਾ ਕੇ ਸ਼ਹੀਦਾਂ ਦੇ ਸੁਪਨੇ ਚੂਰ-ਚੂਰ ਕਰਨ ਦਾ ਦੋਸ਼ ਲਾਉਂਦਿਆਂ ਰਾਜ ਪੱਧਰੀ ਸ਼ਹੀਦੀ ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਕਿ ਪੰਜਾਬ ਨਾਲ ਵਿਤਕਰਾ ਖਤਮ ਨਾ ਹੋਣ ਤੱਕ ਕੇਂਦਰ ਖ਼ਿਲਾਫ਼ ਜੰਗ ਜਾਰੀ ਰਹੇਗੀ। ਇਸ ਸਮਾਗਮ ਦੇ ਪ੍ਰਬੰਧਕ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਜਿੱਥੇ ਕਾਂਗਰਸ ਦੀ ਨਿੰਦਾ ਦੇ ਨਾਲ-ਨਾਲ ਇਸ ਸਮਾਗਮ ਨੂੰ ਆਪਣਾ ਸ਼ਕਤੀ ਪ੍ਰਦਰਸ਼ਨ ਬਣਾਉਣ ਦੀ ਕੋਸ਼ਿਸ਼ ਕੀਤੀ, ਉਥੇ ਇਸ ਦੀ ਭਾਈਵਾਲ ਭਾਜਪਾ ਦੇ ਰਾਸ਼ਟਰੀ ਆਗੂਆਂ ਨੇ ਕੇਂਦਰ ਤੋਂ ਮੰਗ ਕੀਤੀ ਕਿ ਕਿਸਾਨਾਂ, ਕਿਰਤੀਆਂ ਦੀ ਖਾਤਰ ਲੜਨ ਵਾਲੇ ਸ਼ਹੀਦਾਂ ਨੂੰ ਸਹੀ ਸ਼ਰਧਾਂਜਲੀ ਦੇਣ ਲਈ ਖੇਤੀਬਾੜੀ ਨੂੰ ਕੌਮੀ ਕਿੱਤਾ ਐਲਾਨਿਆ ਜਾਵੇ।

ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਦੀ ਕਾਂਗਰਸ ਸਰਕਾਰ ਦੀਆਂ ਨੀਤੀਆਂ ਨੇ ਦੇਸ਼ ਵਿਚ ਭ੍ਰਿਸ਼ਟਾਚਾਰ, ਅਨਪੜ੍ਹਤਾ, ਗਰੀਬੀ ਤੇ ਬੇਰੁਜ਼ਗਾਰੀ ਵਧਾਈ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਸੰਘਰਸ਼ ਦੌਰਾਨ ਪੰਜਾਬੀਆਂ ਨੇ ਸਭ ਤੋਂ ਵੱਧ ਜਾਨਾਂ ਦਿੱਤੀਆਂ ਪਰ ਕੇਂਦਰ 'ਚ ਕਾਂਗਰਸੀ ਸਰਕਾਰ ਨੇ ਹਮੇਸ਼ਾ ਹੀ ਪੰਜਾਬ ਨਾਲ ਵਿਤਕਰਾ ਕੀਤਾ। ਭਾਜਪਾ ਆਗੂ ਰਾਜਨਾਥ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਕਿਸਾਨਾਂ, ਕਿਰਤੀਆਂ ਤੇ ਅਣਗੌਲੇ ਵਰਗਾਂ ਦੀ ਖਾਤਰ ਆਵਾਜ਼ ਉਠਾਈ ਸੀ ਪਰ ਸੱਤਾ 'ਤੇ ਕਾਬਜ਼ ਰਹੀ ਕਾਂਗਰਸ ਨੇ ਸ਼ਹੀਦਾਂ ਦੀ ਇਸ ਭਾਵਨਾ ਨੂੰ ਕਦੇ ਨਹੀਂ ਸਮਝਿਆ। ਉਨ੍ਹਾਂ ਕਿਹਾ ਕਿ ਅੱਜ ਦੁਖਦਾਈ ਗੱਲ ਹੈ ਕਿ ਭਾਰਤ ਦੀ ਖਾਤਰ ਅੰਨ ਪੈਦਾ ਕਰਨ ਵਾਲੇ ਕਿਸਾਨ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਭਾਜਪਾ ਆਗੂ ਨੇ ਕਿਹਾ ਕਿ ਇਹ ਇਤਿਹਾਸਕ ਸਚਾਈ ਹੈ ਕਿ ਜੇਕਰ ਉਸ ਵੇਲੇ ਕਾਂਗਰਸ ਸੱਤਾ ਦੀ ਲਾਲਸਾ ਵਿਚ ਸਮਝੌਤਾਵਾਦੀ ਨਾ ਬਣਦੀ ਤਾਂ ਮੁਲਕ ਦੇ ਟੁਕੜੇ ਨਹੀਂ ਹੋਣੇ ਸਨ। ਹਿਮਾਚਲ ਦੇ ਸਾਬਕਾ ਮੁੱਖ ਮੰਤਰੀ ਸ਼ਾਂਤਾ ਕੁਮਾਰ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਆਜ਼ਾਦੀ ਦੇ ਅੰਦੋਲਨ ਨੂੰ ਅੱਗੇ ਤੋਰਿਆ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਅੰਗਰੇਜ਼ਾਂ ਨੂੰ ਭਜਾ ਕੇ ਆਜ਼ਾਦੀ ਦਿਵਾਈ ਪਰ ਅੱਜ ਕਾਂਗਰਸ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਦੀ ਛਤਰ-ਛਾਇਆ ਹੇਠ ਆਗੂਆਂ ਦਾ ਪੈਸਾ ਅੰਗਰੇਜ਼ਾਂ ਦੀਆਂ ਵਿਦੇਸ਼ੀ ਬੈਂਕਾਂ ਵਿਚ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਮੁਲਕ ਭ੍ਰਿਸ਼ਟਾਚਾਰ ਦਾ ਗੜ੍ਹ ਬਣ ਗਿਆ ਹੈ। ਇਸ ਮੌਕੇ ਭਾਜਪਾ ਆਗੂਆਂ ਨੇ 2-ਜੀ ਸਪੈਕਟ੍ਰਮ, ਰਾਸ਼ਟਰਮੰਡਲ ਖੇਡਾਂ, ਆਦਰਸ਼ ਸੁਸਾਇਟੀ ਤੇ ਹੋਰ ਘਪਲਿਆਂ ਦਾ ਵਾਰ-ਵਾਰ ਜ਼ਿਕਰ ਕੀਤਾ।

ਇਸ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਅਕਾਲੀ-ਭਾਜਪਾ ਸਰਕਾਰ ਦੀ ਅਗਵਾਈ 'ਚ ਸੂਬਾ ਤਰੱਕੀ ਦੀਆਂ ਬੁਲੰਦੀਆਂ 'ਤੇ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਮੁਲਕ ਨੂੰ ਅੰਨ ਪੈਦਾਵਾਰ ਪੱਖੋਂ ਆਤਮ-ਨਿਰਭਰ ਕਰਨ ਦੇ ਬਾਵਜੂਦ ਕੇਂਦਰ ਨੇ ਹਮੇਸ਼ਾ ਪੰਜਾਬ ਨਾਲ ਵਿਤਕਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਵਿਤਕਰਾ ਬੰਦ ਨਹੀਂ ਹੁੰਦਾ ਉਦੋਂ ਤੱਕ ਕੇਂਦਰ ਖ਼ਿਲਾਫ਼ ਜੰਗ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਨਾਲੋਂ ਉਨ੍ਹਾਂ ਦੀ ਸਰਕਾਰ ਨੇ ਸੂਬੇ ਦੀ ਆਮਦਨ ਦੁੱਗਣੀ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪੇਸ਼ ਕੀਤੇ ਗਏ ਵਧੀਆ ਬਜਟ ਤੋਂ ਘਬਰਾ ਕੇ ਪੰਜਾਬ ਦੇ ਕਾਂਗਰਸੀ ਆਗੂ ਭਗੌੜੇ ਹੋ ਗਏ।



*ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਪ੍ਰਕਾਸ਼ ਸਿੰਘ ਬਾਦਲ*

ਇਸ ਸਮਾਗਮ ਦੌਰਾਨ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ (ਦੋਵੇਂ ਐਮ.ਪੀ.), ਮਨੋਰੰਜਨ ਕਾਲੀਆ, ਡਾ. ਉਪਿੰਦਰਜੀਤ ਕੌਰ, ਰਣਜੀਤ ਸਿੰਘ ਬ੍ਰਹਮਪੁਰਾ, ਸੁੱਚਾ ਸਿੰਘ ਲੰਗਾਹ, ਚੌਧਰੀ ਸਵਰਨਾ ਰਾਮ, ਤੀਕਸ਼ਣ ਸੂਦ, ਸੇਵਾ ਸਿੰਘ ਸੇਖਵਾਂ, ਮਾਸਟਰ ਮੋਹਣ ਲਾਲ, ਲਕਸ਼ਮੀ ਕਾਂਤਾ ਚਾਵਲਾ, ਜਨਮੇਜਾ ਸਿੰਘ ਸੇਖੋਂ, ਗੁਲਜ਼ਾਰ ਸਿੰਘ ਰਣੀਕੇ, ਕੈਪਟਨ ਬਲਵੀਰ ਸਿੰਘ ਬਾਠ ਤੇ ਹੀਰਾ ਸਿੰਘ ਗਾਬੜੀਆ (ਸਾਰੇ ਕੈਬਨਿਟ ਮੰਤਰੀ ਪੰਜਾਬ) ਹਾਜ਼ਰ ਸਨ।

## ਸ਼ਹੀਦ ਦੇ ਆਦਰਸ਼ ਪੂਰੇ ਨਹੀਂ ਹੋਏ:ਕਰਤ

**ਖਟਕੜ ਕਲਾਂ:** ਭਗਤ ਸਿੰਘ ਦੇ ਸ਼ਹੀਦੀ ਦਿਵਸ 'ਤੇ ਸੀ.ਪੀ.ਆਈ. ਤੇ ਸੀ.ਪੀ.ਐਮ. ਵੱਲੋਂ ਸਾਂਝੇ ਤੌਰ 'ਤੇ ਸਮਾਗਮ ਕਰਵਾਇਆ ਗਿਆ। ਇਸ ਨੂੰ ਸੰਬੋਧਨ ਕਰਦਿਆਂ ਸੀ.ਪੀ.ਆਈ.(ਐਮ.) ਦੇ ਆਗੂ ਪ੍ਰਕਾਸ਼ ਕਰਤ ਨੇ ਕਿਹਾ ਕਿ ਭਾਰਤ ਦੀਆਂ ਸੱਤਾਧਾਰੀ ਪਾਰਟੀਆਂ ਨੇ 63 ਸਾਲਾਂ ਵਿਚ ਪੂੰਜੀਵਾਦੀ ਲੋਕਾਂ ਦੇ ਹੱਕ ਵਿਚ ਨੀਤੀਆਂ ਬਣਾ ਕੇ ਦੇਸ਼ ਦੇ ਕਰੋੜਾਂ ਲੋਕਾਂ ਦਾ ਆਰਥਕ ਸ਼ੋਸ਼ਣ ਕੀਤਾ ਹੈ।



ਉਨ੍ਹਾਂ ਕਿਹਾ ਕਿ ਦੇਸ਼ ਦੇ 80 ਕਰੋੜ ਲੋਕ 20 ਰੁਪਏ ਦਿਹਾੜੀ 'ਤੇ ਗੁਜ਼ਾਰਾ ਕਰ ਰਹੇ ਹਨ। ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਜਿਸ ਸਮਾਜਵਾਦ ਦੀ ਸੋਚ ਨੂੰ ਲੈ ਕੇ ਆਪਣੀ ਕੁਰਬਾਨੀ ਦਿੱਤੀ ਸੀ, ਉਸ ਦੇ ਆਦਰਸ਼ਾਂ ਦੀ ਪੂਰਤੀ ਨਹੀਂ ਹੋਈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਆਦਰਸ਼ ਸੀ ਕਿ ਮਜ਼ਦੂਰਾਂ, ਕਿਸਾਨਾਂ ਤੇ ਹੋਰ ਲੋਕਾਂ ਨੂੰ ਜਿਊਣ, ਰਹਿਣ, ਸਿੱਖਿਆ ਤੇ ਸਿਹਤ ਦੀਆਂ ਬਰਾਬਰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਇਹ ਸਹੂਲਤਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਭ੍ਰਿਸ਼ਟਾਚਾਰ ਵਿਚ ਪੂਰੀ ਤਰ੍ਹਾਂ ਫਸ ਚੁੱਕੀ ਹੈ। 2-ਜੀ ਸਪੈਕਟ੍ਰਮ ਘੁਟਾਲੇ ਵਿਚ 176 ਹਜ਼ਾਰ ਕਰੋੜ ਰੁਪਏ ਦਾ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਾਇਆ ਗਿਆ ਹੈ। ਦੇਸ਼ ਦੀ ਸੰਪਤੀ ਲੁੱਟੀ ਜਾ ਰਹੀ ਹੈ। ਸਰਕਾਰ ਕਿਸਾਨਾਂ ਕੋਲੋਂ ਕੌਡੀਆਂ ਦੇ ਭਾਅ ਜ਼ਮੀਨਾਂ ਲੈ ਕੇ ਪੂੰਜੀਪਤੀਆਂ ਤੇ ਵੱਡੀਆਂ ਕੰਪਨੀਆਂ ਨੂੰ ਸਸਤੇ ਭਾਅ ਵੇਚ ਰਹੀ ਹੈ। ਸੀ.ਪੀ.ਐਮ. ਦੇ ਸਕੱਤਰ ਨੇ ਕਿਹਾ ਕਿ ਸ਼ੋਸ਼ਣ ਮੁਕਤ ਸਮਾਜਵਾਦ ਲਿਆਉਣ ਲਈ ਵਿਸ਼ਵ ਪੱਧਰ 'ਤੇ ਸੰਘਰਸ਼ ਕਰਨਾ ਹੋਵੇਗਾ।

ਉਨ੍ਹਾਂ ਕਿਹਾ ਕਿ ਭਾਰਤ ਅਮਰੀਕਾ ਦਾ ਪਿਛਲੱਗ ਬਣ ਕੇ ਉਸ ਦੀ ਹਰ ਸ਼ਰਤ ਪ੍ਰਵਾਨ ਕਰ ਰਿਹਾ ਹੈ ਤੇ ਅਮਰੀਕਾ ਨੇ ਆਪਣੀ ਧੌਂਸ ਜਮਾਉਣ ਪਹਿਲਾਂ ਕਦੇ ਇਰਾਕ 'ਤੇ ਹਮਲਾ ਕੀਤਾ ਸੀ ਤੇ ਹੁਣ ਲਿਬੀਆ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸੀ.ਪੀ.ਆਈ. ਦੇ ਜਨਰਲ ਸਕੱਤਰ ਏ.ਬੀ. ਬਰਧਨ ਨੇ ਕਿਹਾ ਕਿ ਸੱਤਾਧਾਰੀ ਅਕਾਲੀ ਦਲ ਤੇ ਕਾਂਗਰਸ ਵੱਲੋਂ ਸ਼ਹੀਦਾਂ ਦੇ ਨਾਂ 'ਤੇ ਵੋਟਾਂ ਬਟੋਰਨ ਲਈ ਇਸ ਸਿਆਸੀ ਅਖਾੜੇ ਕਾਰਨ ਢਾਈ ਘੰਟੇ ਟਰੈਫਿਕ ਵਿਚ ਫਸਣਾ ਪਿਆ। ਉਨ੍ਹਾਂ ਕਿਹਾ ਕਿ ਜੇ ਤੁਸੀਂ ਸਮਾਜਵਾਦ ਲਿਆਉਣਾ ਹੈ ਤਾਂ ਲਾਲ ਝੰਡੇ ਹੇਠ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ।

## ਪਾਕਿਸਤਾਨੀਆਂ ਵੱਲੋਂ ਵੀ ਸ਼ਹੀਦੀ ਸਮਾਗਮ

**ਚੰਡੀਗੜ੍ਹ:** 23 ਮਾਰਚ ਨੂੰ ਜਦੋਂ ਭਾਰਤੀ ਪੰਜਾਬ ਵਿਚ ਸ਼ਹੀਦ-ਏ-ਆਜ਼ਮ ਤੇ ਸਾਥੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਜਾ ਰਿਹਾ ਸੀ ਤਾਂ ਲਾਹੌਰ ਦੇ ਉਸ ਸ਼ਾਦਮਾਨ ਚੌਕ ਜਿੱਥੇ ਇਨ੍ਹਾਂ ਤਿੰਨਾਂ ਨੂੰ ਫਾਂਸੀ ਦਿੱਤੀ ਗਈ ਸੀ, ਵਿਖੇ ਵੀ ਮੋਮਬੱਤੀਆਂ ਬਾਲ ਕੇ ਤੇ ਹੁਮਾ ਸਫ਼ਦਰ ਤੇ ਕੈਸਰ ਅਬਾਸ ਦੀ ਸਾਂਝੀ ਨਿਰਦੇਸ਼ਨਾ ਵਾਲੇ ਨਾਟਕ 'ਛੁਪਣ ਤੋਂ ਪਹਿਲਾਂ' ਦਾ ਮੰਚਨ ਕਰਕੇ ਇਨ੍ਹਾਂ ਸ਼ਹੀਦਾਂ ਨੂੰ ਉਚੇਚੇ ਤੌਰ 'ਤੇ ਯਾਦ ਕੀਤਾ ਗਿਆ।

ਪਾਕਿਸਤਾਨ ਦੇ ਅਗਾਂਹਵਧੂ ਲੋਕਾਂ, ਯੂਨੀਵਰਸਿਟੀ ਵਿਦਿਆਰਥੀਆਂ, ਪੀਸ ਸਟੱਡੀਜ਼ ਇੰਸਟੀਚਿਊਸ਼ਨ ਤੇ ਪਾਕਿਸਤਾਨ ਲੇਬਰ ਪਾਰਟੀ ਵੱਲੋਂ ਸਾਂਝੇ ਤੌਰ 'ਤੇ ਮਨਾਏ ਗਏ ਇਸ ਸ਼ਹੀਦੀ ਦਿਹਾੜੇ ਮੌਕੇ ਭਾਵੇਂ ਸ਼ਿਰਕਤ ਕਰਨ ਵਾਲੇ ਲੋਕਾਂ ਦੀ ਗਿਣਤੀ ਚੋਖੀ ਨਾ ਹੋ ਕੇ 500 ਤੱਕ ਹੀ ਸੀਮਤ ਸੀ ਪਰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਦੇਣ ਲਈ ਖੇਡੇ ਗਏ ਇਸ ਨਾਟਕ ਤੋਂ ਬਾਅਦ ਜਦੋਂ ਇਕਸੁਰ ਹੋ ਕੇ ਇਨਕਲਾਬ ਜ਼ਿੰਦਾਬਾਦ ਤੇ ਸ਼ਹੀਦ ਭਗਤ ਸਿੰਘ ਅਮਰ ਰਹੇ ਦੇ ਨਾਅਰੇ ਗੂੰਜੇ ਤਾਂ ਸ਼ਾਦਮਾਨ ਚੌਕ ਦਾ ਸਾਰਾ ਟਰੈਫਿਕ ਇਕ ਵਾਰ ਰੁਕ ਗਿਆ। ਸ਼ਹੀਦ ਭਗਤ ਸਿੰਘ ਨੂੰ ਯਾਦ ਕਰਨ ਲਈ ਕਰਵਾਏ ਸਮਾਗਮ ਵਿਚ ਸ਼ਾਦਮਾਨ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਕਰਨ ਦੀ ਮੰਗ ਵੀ ਗੂੰਜੀ।

## ਭਗਤ ਸਿੰਘ ਦਾ ਭਾਣਜਾ ਸਿਆਸੀ ਲੋਕਾਂ ਦੇ ਰਵੱਈਏ ਤੋਂ ਖ਼ਫ਼ਾ

**ਹੁਸੈਨੀਵਾਲਾ:** ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਹੈ ਕਿ ਕੌਮੀ ਸ਼ਹੀਦ ਨੂੰ ਸੌੜੇ ਹਿੱਤਾਂ ਲਈ ਸਿਆਸੀ ਰੰਗਤ ਚਾੜ੍ਹਨ ਦੀ ਕੋਸ਼ਿਸ਼ ਕਰਨ ਵਾਲੇ ਸਿਆਸਤਦਾਨਾਂ ਨੂੰ ਦੇਸ਼ਵਾਸੀਆਂ ਤੋਂ ਕਰਾਰਾ ਜਵਾਬ ਮਿਲੇਗਾ।



ਪ੍ਰੋ. ਜਗਮੋਹਨ ਸਿੰਘ ਨੇ ਆਪਣੀ ਵੱਡੀ ਭੈਣ ਜੋਗਿੰਦਰ ਕੌਰ ਤੇ ਉਨ੍ਹਾਂ ਦੇ ਦੋਹਤੇ ਤੇਗਿੰਦਰ ਸਿੰਘ, ਛੋਟੇ ਭਰਾ ਮਨਜੀਤ ਸਿੰਘ ਤੇ ਉਨ੍ਹਾਂ ਦੀ ਪਤਨੀ ਪੌਲਾ ਧਾਲੀਵਾਲ ਤੇ ਪਰਿਵਾਰ ਦੀ ਸਨੇਹੀ ਅੰਜੁਮਨ ਦੀਦੀ ਨਾਲ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ 80ਵੇਂ ਸ਼ਹੀਦੀ ਦਿਵਸ 'ਤੇ ਉਨ੍ਹਾਂ ਦੀ ਸਮਾਧ 'ਤੇ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਪ੍ਰੋ. ਜਗਮੋਹਨ ਸਿੰਘ ਨੇ ਕਿਹਾ "ਭਾਰਤ ਦੇ ਲੋਕਾਂ ਲਈ ਭਗਤ ਸਿੰਘ ਨਾਇਕ ਹੈ। ਉਹ ਸਿਆਸੀ ਮੁਫਾਦ ਲਈ ਭਗਤ ਸਿੰਘ ਦੇ ਨਾਂ ਦੀ ਵਰਤੋਂ ਕਰਨ ਵਾਲੇ ਸਿਆਸਤਦਾਨਾਂ ਨੂੰ ਕਰਾਰਾ ਜਵਾਬ ਦੇਣਗੇ ਕਿਉਂਕਿ ਇਹ ਸਿਆਸਤਦਾਨ ਭਗਤ ਸਿੰਘ ਦੀ ਵਿਚਾਰਧਾਰਾ ਵਿਰੁੱਧ ਭੁਗਤ ਰਹੇ ਹਨ।" ਉਨ੍ਹਾਂ ਕਿਹਾ ਕਿ ਭਗਤ ਸਿੰਘ ਦਾ ਨਾਂ ਲੈਣ ਦਾ ਹੱਕ ਸਿਰਫ ਉਨ੍ਹਾਂ ਸਿਆਸਤਦਾਨਾਂ ਨੂੰ ਹੈ ਜਿਹੜੇ ਉਸ ਦੀ ਵਿਚਾਰਧਾਰਾ ਪ੍ਰਤੀ ਸੁਹਿਰਦ ਹਨ। ਭਗਤ ਸਿੰਘ ਦੇਸ਼ਵਾਸੀਆਂ ਦੇ ਦਿਲਾਂ 'ਤੇ ਰਾਜ ਕਰਦੇ ਹਨ ਤੇ ਦੇਸ਼ਵਾਸੀ ਆਪਣੇ ਨਾਇਕ ਦੇ ਰੁਤਬੇ ਨੂੰ ਢਾਹ ਨਹੀਂ ਲੱਗਣ ਦੇਣਗੇ। ਜਦੋਂ ਪ੍ਰੋ. ਜਗਮੋਹਨ ਸਿੰਘ ਨੇ ਆਪਣੇ ਭਰਾ ਅਭੈ ਸੰਧੂ ਵੱਲੋਂ ਸਾਬਕਾ ਅਕਾਲੀ ਆਗੂ ਮਨਪ੍ਰੀਤ ਸਿੰਘ ਬਾਦਲ ਵੱਲੋਂ ਚਲਾਈ ਜਾ ਰਹੀ ਜਾਗੋ ਪੰਜਾਬ ਯਾਤਰਾ ਵਿਚ ਸ਼ਾਮਲ ਹੋਣ ਬਾਰੇ ਕਿਹਾ ਕਿ ਭਗਤ ਸਿੰਘ ਦੇ ਵਿਰਸੇ 'ਤੇ ਪਹਿਰਾ ਦੇਣ ਲਈ ਕਿਸੇ ਨੂੰ ਆਪਣੇ ਜਾਤੀ ਮੁਫਾਦ ਤੋਂ ਉਪਰ ਉੱਠਣਾ ਪਵੇਗਾ। ਜਦੋਂ ਵੀ ਕਦੇ ਦੇਸ਼ ਨੂੰ ਸੰਕਟ ਦਾ ਸਾਹਮਣਾ ਹੋਵੇਗਾ ਤਾਂ ਭਗਤ ਸਿੰਘ ਦਾ ਵਿਰਸਾ ਰਾਹ ਦਸੇਰਾ ਬਣੇਗਾ। ਉਨ੍ਹਾਂ ਦਾ ਨਾਂ ਕਿਸੇ ਸਿਆਸੀ ਜਥੇਬੰਦੀ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ।

FARMERS INSURANCE GROUP
Symbol of Superior Service
# FARMERS®

**181 Metro Drive, Suite 290, San Jose, CA 95110**

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



**Satwant Singh**
**Insurance Agent**
**License # OH11256**

***Auto *Home *Life *Business *Workers Compensation**

**Call for consultation**

## Ph: 408-771-2438

***408-580-6063, 408-687-7566***

**Fax: 408-573-3829**

**ssingh6@farmeragent.com**

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

***Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay**

**We Specialize in Bankowned, Foreclosure and Short Sale Homes**

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



**Gurbans Singh Gill**
**Realtor**
**13 Years Experiance in Real Estate**
**e-mail: gurbans@gotracy.com**
**Fax: 209-836-0706**
**www.gotracy.com**

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

## Gurbans Gill 209-815-1869



# ਟਰੇਸੀ ਤੇ ਮਨਟਿਕਾ 'ਚ ਪੰਜਾਬੀ ਰੇਡੀਓ

ਪੰਜਾਬੀ ਰੇਡੀਓ ਯੂਐਸਏ ਦੀ ਟੀਮ ਟਰੇਸੀ ਤੇ ਮਨਟਿਕਾ 'ਚ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ
3 ਅਪ੍ਰੈਲ 2011 ਦਿਨ ਐਤਵਾਰ
ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਟਰੇਸੀ
ਗੁਰਦੁਆਰਾ ਗੁਰਮਤਿ ਪ੍ਰਕਾਸ਼, ਮਨਟਿਕਾ

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*

# PUNJABI RADIO USA

ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ
**I-Phone Application**
ਤੁਸੀਂ ਕਿਸੇ ਸਮੇਂ ਵੀ
**ਮੁਫ਼ਤ ਡਾਊਨਲੋਡ**
ਕਰ ਸਕਦੇ ਹੋ।

## ਛੋਟੇ ਰੇਡੀਓ ਦੀ ਕੀਮਤ $ 25 ਵੱਡੇ ਰੇਡੀਓ ਦੀ ਕੀਮਤ $ 35

## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ : **ਅੰਮ੍ਰਿਤ ਵੇਲਾ ਸਚ ਨਾਉ**, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ **ਹੁਕਮਨਾਮੇ ਦੀ ਵਿਆਖਿਆ**
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ **ਖ਼ਬਰਾਂ ਹਰ ਦੋ ਘੰਟੇ ਬਾਅਦ**
- ਸਵੇਰੇ 10 ਤੋਂ 11 ਵਜੇ : **ਆਤਮਿਕ ਆਨੰਦ ਪ੍ਰੋਗਰਾਮ** – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : **ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ** (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : **ਕੁਝ ਗੱਲਾਂ ਕੁਝ ਗੀਤ** (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7:30 ਵਜੇ : **ਸਰਬ ਸਾਂਝੀ ਗੁਰਬਾਣੀ** – ਰਹਿਰਾਸ ਸਾਹਿਬ ਤੇ ਕੀਰਤਨ ਗੁਰਦੁਆਰਾ ਐਲ ਸਬਰਾਂਟੇ, ਸੈਨਹੋਜ਼ੇ ਤੇ ਹੋਰ ਗੁਰਦੁਆਰਾ ਸਾਹਿਬ ਤੋਂ
- ਰਾਤ 7:30 ਤੋਂ 8 ਵਜੇ ਤੱਕ : **ਜੀਵਨ ਜਾਚ ਦਾ ਖਜ਼ਾਨਾ** – ਵੀਰ ਭੁਪਿੰਦਰ ਸਿੰਘ ਤੇ ਕਥਾ ਭਾਈ ਅਮਰੀਕ ਸਿੰਘ ਚੰਡੀਗੜ੍ਹ
- ਰਾਤ 8 ਤੋਂ 9 ਵਜੇ : **ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ** (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : **ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ** - ਗੁਰਪ੍ਰੀਤ ਸਿੰਘ ਤੇ ਸਿਮਰਨ, **ਲਹਿੰਦੇ ਪੰਜਾਬ ਦੀਆਂ ਬਾਂਗਾਂ** - ਮਸੂਦ ਮੱਲੀ, ਖਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

**ਸ਼ੁੱਕਰਵਾਰ** : ਸ਼ਾਮ 3 ਤੋਂ 4 ਵਜੇ : **ਦੇਸੋਂ ਪਰਦੇਸ** – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : **ਸ਼ਾਨ ਪੰਜਾਬ ਦੀ** – ਗੁਰਦੀਪ ਸਿੰਘ ਸ਼ੇਰਗਿੱਲ
**ਸ਼ਨਿਚਰਵਾਰ** : ਸ਼ਾਮ 3 ਤੋਂ 4 ਵਜੇ : **ਝਿਲਮਿਲ ਤਾਰੇ** – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : **ਇਕ ਖ਼ਾਸ ਮੁਲਾਕਾਤ** – ਹਰਵਿੰਦਰ ਸਿੰਘ ਕੰਗ

ਹੋਰ ਜਾਣਕਾਰੀ ਲਈ **408.722.7698**
Listen LIVE **www.punjabiradiousa.com**
**Email: info@punjabiradiousa.com**
**3750 McKee Road, # B, San Jose CA 95127**

# ਚੋਣ ਅਸਰ : ਸ਼੍ਰੋਮਣੀ ਕਮੇਟੀ ਨੇ ਧਰਮ ਪ੍ਰਚਾਰ ਲਈ ਫੰਡ ਘਟਾਇਆ

## 5.79 ਅਰਬ ਦਾ ਬਜਟ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸਾਲਾਨਾ ਬਜਟ ਇਜਲਾਸ ਦੌਰਾਨ ਗੁਰਦੁਆਰਾ ਸਾਹਿਬਾਨ ਤੇ ਵਿਦਿਅਕ ਅਦਾਰਿਆਂ 'ਤੇ ਧਿਆਨ ਕੇਂਦਰਤ ਕਰਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਵਿੱਤੀ ਵਰ੍ਹੇ 2011-12 ਲਈ 579 ਕਰੋੜ 98 ਲੱਖ 16 ਹਜ਼ਾਰ 327 ਰੁਪਏ ਦੇ ਸਾਲਾਨਾ ਬਜਟ ਨੂੰ ਪ੍ਰਵਾਨਗੀ ਦਿੱਤੀ ਗਈ। ਇਹ ਬਜਟ ਪਿਛਲੇ ਵਰ੍ਹੇ ਦੇ ਬਜਟ ਨਾਲੋਂ ਤਕਰੀਬਨ 71 ਕਰੋੜ ਰੁਪਏ ਵੱਧ ਹੈ।

24 ਮਾਰਚ ਨੂੰ ਬਾਅਦ ਦੁਪਹਿਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਪੇਸ਼ ਕੀਤਾ। ਆਪਣੇ ਬਜਟ ਭਾਸ਼ਣ ਦੌਰਾਨ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਾਲ 2011-12 ਲਈ ਆਪਣੀਆਂ ਸਮੂਹਿਕ ਸੰਸਥਾਵਾਂ ਵਾਸਤੇ 579 ਕਰੋੜ 98 ਲੱਖ ਰੁਪਏ ਦਾ ਬਜਟ ਰੱਖਿਆ ਗਿਆ ਹੈ ਜਦੋਂਕਿ ਪਿਛਲੇ ਵਰ੍ਹੇ 508 ਕਰੋੜ 70 ਲੱਖ ਰੁਪਏ ਦਾ ਸਾਲਾਨਾ ਬਜਟ ਸੀ। ਚੋਣ ਵਰ੍ਹਾ ਹੋਣ ਕਰਕੇ ਮੌਜੂਦਾ ਬਜਟ ਵਿਚ ਸ਼੍ਰੋਮਣੀ ਕਮੇਟੀ ਹੇਠ ਆਉਂਦੇ ਜਨਰਲ ਬੋਰਡ, ਟਰਸੱਟ ਫੰਡ ਤੇ ਵਿਦਿਅਕ ਫੰਡ ਲਈ 80 ਕਰੋੜ 48 ਲੱਖ 41 ਹਜ਼ਾਰ ਰੁਪਏ ਰੱਖੇ ਗਏ ਹਨ। ਧਰਮ ਪ੍ਰਚਾਰ ਕਮੇਟੀ ਦਾ ਬਜਟ ਪਿਛਲੇ ਵਰ੍ਹੇ ਨਾਲੋਂ 6 ਕਰੋੜ ਰੁਪਏ ਘੱਟ ਕਰ ਦਿੱਤਾ ਗਿਆ ਹੈ ਜਦੋਂਕਿ ਇਸ ਵਾਰ ਸਿੱਖ ਸੰਸਥਾਵਾਂ ਵੱਲੋਂ ਧਰਮ ਪ੍ਰਚਾਰ ਦਾ ਬਜਟ ਵਧਾਉਣ ਦੀ ਮੰਗ ਕੀਤੀ ਜਾ ਰਹੀ ਸੀ। ਧਰਮ ਪ੍ਰਚਾਰ ਕਮੇਟੀ ਦਾ ਸਾਲਾਨਾ ਬਜਟ 40 ਕਰੋੜ ਰੁਪਏ ਰੱਖਿਆ ਗਿਆ ਹੈ। ਵਿਦਿਅਕ ਅਦਾਰਿਆਂ ਲਈ 84 ਕਰੋੜ 34 ਲੱਖ 30 ਹਜ਼ਾਰ ਰੁਪਏ ਰੱਖੇ ਗਏ ਹਨ ਜੋ ਕਿ ਪਿਛਲੇ ਵਰ੍ਹੇ ਨਾਲੋਂ ਤਕਰੀਬਨ 7 ਕਰੋੜ ਰੁਪਏ ਵੱਧ ਹਨ। ਸੈਕਸ਼ਨ 85 ਹੇਠ ਆਉਂਦੇ ਗੁਰਦੁਆਰਾ ਸਾਹਿਬਾਨ ਲਈ 368 ਕਰੋੜ 79 ਲੱਖ 33 ਹਜ਼ਾਰ ਰੁਪਏ ਰੱਖੇ ਗਏ ਹਨ। ਗੁਰਦੁਆਰਾ ਸਾਹਿਬਾਨ ਦਾ ਇਹ ਬਜਟ ਪਿਛਲੇ ਵਰ੍ਹੇ ਦੇ ਬਜਟ ਨਾਲੋਂ ਤਕਰੀਬਨ 57 ਕਰੋੜ ਰੁਪਏ ਵੱਧ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲਦੀਆਂ ਵੱਖ-ਵੱਖ ਪ੍ਰਿਟਿੰਗ ਪ੍ਰੈਸਾਂ ਲਈ 6 ਕਰੋੜ 36 ਲੱਖ ਰੁਪਏ ਦਾ ਬਜਟ ਰੱਖਿਆ ਗਿਆ ਹੈ। ਬਜਟ ਇਜਲਾਸ ਵਿਚ ਹੋਏ ਮਾਮੂਲੀ ਰੌਲੇ ਰੱਪੇ ਦੌਰਾਨ ਇਥੇ ਹਾਜ਼ਰ 116 ਮੈਂਬਰਾਂ ਨੇ



ਜੈਕਾਰਿਆਂ ਦੀ ਗੂੰਜ ਵਿਚ ਇਸ ਬਜਟ ਨੂੰ ਪ੍ਰਵਾਨਗੀ ਦਿੱਤੀ।

ਇਸ ਮੌਕੇ ਹਰਿਆਣਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਜਗਦੀਸ਼ ਸਿੰਘ ਝੀਂਡਾ ਜੋ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਰਥਕ ਹਨ, ਇਜਲਾਸ ਦੌਰਾਨ ਪਹਿਲਾਂ ਬੋਲਣ ਦੀ ਆਗਿਆ ਨਾ ਦਿੱਤੇ ਜਾਣ ਕਾਰਨ ਰੋਸ ਵਜੋਂ ਆਪਣਾ ਅਸਤੀਫ਼ਾ ਦੇ ਕੇ ਬਜਟ ਸਮਾਗਮ ਛੱਡ ਕੇ ਚਲੇ ਗਏ। ਇਸ ਦੌਰਾਨ ਵਿਰੋਧੀ ਧਿਰਾਂ ਨਾਲ ਸਬੰਧਤ ਕੁਝ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਬਜਟ ਬਾਰੇ ਆਪਣੇ ਵਿਰੋਧ ਲਿਖਤੀ ਰੂਪ ਵਿਚ ਪ੍ਰਧਾਨ ਨੂੰ ਸੌਂਪੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਬਜਟ ਵਿਚ ਅਮਰੀਕਾ ਦੇ ਸ਼ਹਿਰ ਵਾਸ਼ਿੰਗਟਨ ਵਿਚ ਗੁਰਦੁਆਰਾ ਸਾਹਿਬ ਵਾਸਤੇ 8 ਕਰੋੜ ਰੁਪਏ ਬਜਟ ਵਿਚ ਰੱਖੇ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਵਾਸ਼ਿੰਗਟਨ ਵਿਚ ਸਿੱਖੀ ਦੇ ਪ੍ਰਚਾਰ ਲਈ ਸਿੱਖ ਮਿਸ਼ਨ ਕੇਂਦਰ ਸਥਾਪਤ ਕਰਨ ਦੀ ਯੋਜਨਾ ਹੈ। ਇਹ ਮਿਸ਼ਨ ਕੇਂਦਰ ਇਸ ਗੁਰਦੁਆਰੇ ਵਿਚ ਸਥਾਪਤ ਕੀਤਾ ਜਾਵੇਗਾ। ਅਮਰੀਕਾ ਦੇ ਸੂਬੇ ਉਤਰੀ ਕੈਰੋਲੀਨਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਸਾਹਿਤ ਦੀ ਪ੍ਰਕਾਸ਼ਨਾ ਲਈ ਪ੍ਰਿੰਟਿੰਗ ਪ੍ਰੈਸ ਲਾਉਣ ਵਾਸਤੇ ਢਾਈ ਕਰੋੜ ਰੁਪਏ ਰੱਖੇ ਗਏ ਹਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ ਵੱਸਦੇ ਸਿੱਖ ਭਾਈਚਾਰੇ ਤੋਂ ਵੀ ਹੋਰ ਮਾਇਕ ਮਦਦ ਪ੍ਰਾਪਤ ਕੀਤੀ ਜਾਵੇਗੀ।

ਇਸ ਵਰ੍ਹੇ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ 25 ਨਵੇਂ ਸਕੂਲ ਤੇ ਕਾਲਜ ਖੋਲ੍ਹਣ ਦੀ ਯੋਜਨਾ ਬਣਾਈ ਗਈ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਤਕਰੀਬਨ 35 ਕਾਲਜ ਚੱਲ ਰਹੇ ਹਨ ਜਿਨ੍ਹਾਂ ਵਿਚ 4 ਇੰਜਨੀਅਰਿੰਗ ਕਾਲਜ ਤੇ ਦੋ ਮੈਡੀਕਲ ਕਾਲਜ ਸ਼ਾਮਲ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਇਸ ਵੇਲੇ 60 ਤੋਂ ਵਧੇਰੇ ਸਕੂਲ ਚੱਲ ਰਹੇ ਹਨ। ਨਵੇਂ ਖੋਲ੍ਹੇ ਜਾਣ ਵਾਲੇ ਵਿਦਿਅਕ ਅਦਾਰਿਆਂ ਵਿਚੋਂ ਵਧੇਰੇ 17 ਕਾਲਜ ਤੇ ਸਕੂਲ ਮਾਲਵਾ ਖੇਤਰ ਵਿਚ ਖੋਲ੍ਹੇ ਜਾ ਰਹੇ ਹਨ ਜਦੋਂਕਿ ਮਾਝਾ ਵਿਚ ਤਿੰਨ ਤੇ ਦੁਆਬਾ ਵਿਚ ਸਿਰਫ ਇਕ ਵਿਦਿਅਕ ਅਦਾਰਾ ਖੋਲ੍ਹਣ ਦੀ ਯੋਜਨਾ ਹੈ। ਇਸੇ ਤਰ੍ਹਾਂ ਹਰਿਆਣਾ ਵਿਚ ਤਿੰਨ ਅਤੇ ਬਿਹਾਰ ਵਿਚ ਵੀ ਇਕ ਵਿਦਿਅਕ ਅਦਾਰਾ ਖੋਲ੍ਹਣ ਦੀ ਯੋਜਨਾ ਹੈ।

ਧਰਮ ਪ੍ਰਚਾਰ ਕਮੇਟੀ ਦੇ 40 ਕਰੋੜ ਰੁਪਏ ਦੇ ਬਜਟ ਵਿਚ ਇਸ ਵਾਰ ਪੰਜਾਬ ਤੋਂ ਬਾਹਰ ਦੂਜੇ ਰਾਜਾਂ ਵਿਚ ਪ੍ਰਚਾਰ ਹਿੱਤ ਸਿੱਖ ਮਿਸ਼ਨ ਕੇਂਦਰ ਕਾਇਮ ਕਰਨ ਦੀ ਯੋਜਨਾ ਬਣਾਈ ਗਈ ਹੈ ਜਿਸ ਤਹਿਤ ਹਰਿਆਣਾ ਸਿੱਖ ਮਿਸ਼ਨ ਲਈ ਇਕ ਕਰੋੜ 59 ਲੱਖ ਰੁਪਏ, ਰਾਜਸਥਾਨ ਸਿੱਖ ਮਿਸ਼ਨ ਲਈ 13 ਲੱਖ ਰੁਪਏ, ਯੂ.ਪੀ., ਦਿੱਲੀ ਤੇ ਮੱਧ ਪ੍ਰਦੇਸ਼ ਦੇ ਸਿੱਖ ਮਿਸ਼ਨ ਕੇਂਦਰ ਲਈ 2 ਕਰੋੜ ਰੁਪਏ, ਮਹਾਂਰਾਸ਼ਟਰ ਸਿੱਖ ਮਿਸ਼ਨ ਕੇਂਦਰ ਲਈ 9 ਲੱਖ ਰੁਪਏ, ਜੰਮੂ ਕਸ਼ਮੀਰ ਸਿੱਖ ਮਿਸ਼ਨ ਕੇਂਦਰ ਲਈ 26 ਲੱਖ ਰੁਪਏ ਰੱਖੇ ਗਏ ਹਨ।

ਉਤਰਾਖੰਡ, ਛੱਤੀਸਗੜ੍ਹ, ਹਿਮਾਚਲ, ਉੜੀਸਾ, ਆਂਧਰਾ ਪ੍ਰਦੇਸ਼ ਤੇ ਪੂਰਬੀ ਭਾਰਤ ਵਿੱਚ ਵੀ ਸਿੱਖ ਮਿਸ਼ਨ ਕੇਂਦਰਾਂ ਲਈ ਇਕ ਕਰੋੜ 45 ਲੱਖ ਰੁਪਏ ਰੱਖੇ ਗਏ ਹਨ। ਹਰਿਆਣਾ ਦੇ ਪਿੰਡ ਹੋਦ ਚਿੱਲ੍ਹੜ ਵਿੱ ਨਵੰਬਰ 1984 ਸਮੇਂ ਸਿੱਖ ਕਤਲੇਆਮ ਦਾ ਸ਼ਿਕਾਰ ਹੋਏ ਪ੍ਰਭਾਵਿਤ ਸਿੱਖ ਪਰਿਵਾਰਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਨੇ ਬਜਟ ਵਿਚ 50 ਲੱਖ ਰੁਪਏ ਰੱਖੇ ਹਨ। ਸ਼੍ਰੋਮਣੀ ਕਮੇਟੀ ਦੇ ਸੈਕਸ਼ਨ 85 ਤਹਿਤ ਸਮੂਹ ਗੁਰਦੁਆਰਿਆਂ ਵਿਚੋਂ ਸ੍ਰੀ ਹਰਿਮੰਦਰ ਸਾਹਿਬ ਦਾ ਸਾਲਾਨਾ ਬਜਟ 145 ਕਰੋੜ 15 ਲੱਖ ਰੁਪਏ ਰੱਖਿਆ ਗਿਆ ਹੈ ਜਿਸ ਵਿਚੋਂ ਇਸ ਵਰ੍ਹੇ ਦਸ ਕਰੋੜ ਰੁਪਏ ਨਵੀਂ ਸਰ੍ਹਾਂ ਸਾਰਾਗੜ੍ਹੀ ਨਿਵਾਸ ਬਣਾਉਣ ਵਾਸਤੇ ਤੇ ਇਸਦੇ ਨਾਲ ਲਗਦੀ ਹੋਰ ਜ਼ਮੀਨ ਖਰੀਦਣ ਵਾਸਤੇ ਵੱਖਰੇ ਦਸ ਕਰੋੜ ਰੁਪਏ ਰੱਖੇ ਗਏ ਹਨ। ਅਕਾਲੀ ਮਾਰਕੀਟ ਵਿਖੇ ਸਿੱਖ ਇਤਿਹਾਸ ਨੂੰ ਦਰਸਾਉਂਦਾ ਇਕ ਵਿਸ਼ੇਸ਼ ਮਿਊਜ਼ੀਅਮ ਬਣਾਉਣ ਦੀ ਵੀ ਯੋਜਨਾ ਨੂੰ ਬਜਟ ਵਿਚ ਸ਼ਾਮਲ ਕੀਤਾ ਗਿਆ ਹੈ। ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਇਮਾਰਤ ਦਾ ਨਵੀਨੀਕਰਨ ਕਰਨਾ ਵੀ ਬਜਟ ਵਿਚ ਸ਼ਾਮਲ ਹੈ।

ਤਖਤ ਸ੍ਰੀ ਕੇਸਗੜ੍ਹ ਵਿਖੇ ਗੁਰਦੁਆਰਾ ਭੋਰਾ ਸਾਹਿਬ ਨੇੜੇ ਐਨ.ਆਰ.ਆਈ. ਸਰਾਂ ਤੇ ਗੁਰਦੁਆਰਾ ਪਾਤਾਲਪੁਰੀ ਨੇੜੇ ਵੀ ਇਕ ਸਰਾਂ ਉਸਾਰਣ ਦੀ ਯੋਜਨਾ ਬਣਾਈ ਗਈ ਹੈ। ਇਸੇ ਤਰ੍ਹਾਂ ਪਟਿਆਲਾ ਸਥਿਤ ਗੁਰਦੁਆਰਾ ਦੁੱਖ ਨਿਵਾਰਨ ਵਿਖੇ ਸਰ੍ਹਾਂ ਬਣਾਉਣ, ਹਰਿਆਣਾ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਮਧਾਨ ਵਿਖੇ ਸਕੂਲ ਦੀ ਉਸਾਰੀ ਤੇ ਦਸ ਕਮਰਿਆਂ ਦੀ ਸਰਾਂ ਬਣਾਉਣ, ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ ਵਿਖੇ ਧਾਰਮਿਕ ਸਮਾਗਮਾਂ ਲਈ ਇਕ ਦੀਵਾਨ ਹਾਲ, ਗੁਰਦੁਆਰਾ ਬਾਗ ਸ਼ਹੀਦਾਂ ਬੁੜੈਲ ਚੰਡੀਗੜ੍ਹ ਵਿਖੇ ਅਮਲੇ ਲਈ ਕੁਆਰਟਰ ਬਣਾਉਣ, ਆਈ.ਏ.ਐਸ. ਦੇ ਇਮਤਿਹਾਨਾਂ ਦੀ ਸਿਖਲਾਈ ਵਾਸਤੇ ਅਕੈਡਮੀ ਦੀ ਇਮਾਰਤ ਵਿਚ ਇਕ ਵੱਖਰਾ ਬਲਾਕ ਤਿਆਰ ਕਰਨ, ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਮਿਊਜ਼ੀਅਮ ਬਣਾਉਣ ਤੇ ਦੀਵਾਨ ਢੋਡਰ ਮੱਲ ਦੀ ਹਵੇਲੀ ਦੀ ਨਵ ਉਸਾਰੀ ਕਰਵਾਉਣ ਦੀ ਯੋਜਨਾ ਨੂੰ ਬਜਟ ਵਿਚ ਸ਼ਾਮਲ ਕੀਤਾ ਗਿਆ ਹੈ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਿੱਧੀ ਚੋਣ ਖ਼ਿਲਾਫ਼ ਸੰਘਰਸ਼

## ਝੀਂਡਾ ਨੇ ਕੇਂਦਰ ਸਰਕਾਰ ਕੋਲੋਂ ਦਖਲ ਮੰਗਿਆ

**ਚੰਡੀਗੜ੍ਹ:** ਹਰਿਆਣਾ ਲਈ ਵੱਖਰੀ ਕਮੇਟੀ ਦੀ ਮੰਗ ਕਰਦੇ ਆ ਰਹੇ ਸਿੱਖ ਆਗੂ ਜਗਦੀਸ਼ ਸਿੰਘ ਝੀਂਡਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸਿੱਧੀ ਚੋਣ ਲਈ ਕੇਂਦਰ ਸਰਕਾਰ ਦੇ ਦਖ਼ਲ ਦੀ ਮੰਗ ਕਰਦੇ ਹੋਏ ਕਿਹਾ ਹੈ ਕਿ ਕੌਮ ਦੇ ਭਲੇ ਲਈ ਬੰਦ ਲਿਫ਼ਾਫ਼ੇ 'ਚੋਂ ਨਿਕਲਣ ਵਾਲੀ ਪ੍ਰਧਾਨਗੀ ਤੋਂ ਗੁਰੇਜ਼ ਕਰਨਾ ਜ਼ਰੂਰੀ ਹੈ ਕਿਉਂਕਿ ਇਸ ਢੰਗ ਨਾਲ ਬਣਿਆ ਪ੍ਰਧਾਨ ਦੂਜਿਆਂ ਦੀ ਮਰਜ਼ੀ ਨਾਲ ਕੰਮ ਕਰਨ ਦਾ ਪਾਬੰਦ ਹੁੰਦਾ ਹੈ।

ਸ. ਝੀਂਡਾ ਨੇ ਕਿਹਾ ਕਿ ਕਮੇਟੀ ਦੇ ਪ੍ਰਧਾਨ ਦੀ ਸਿੱਧੀ ਚੋਣ ਵਾਸਤੇ ਉਹ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਤੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਮੰਗ ਪੱਤਰ ਦੇਣਗੇ। ਉਨ੍ਹਾਂ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਮੌਕੇ ਵੀ ਲਿਖਤੀ ਸੂਚਨਾ ਦੇ ਚੁੱਕੇ ਹਨ। ਭਾਰਤ ਦੇ ਚੋਣ ਕਮਿਸ਼ਨ ਕੋਲ ਵੀ ਛੇਤੀ ਪਹੁੰਚ ਕੀਤੀ ਜਾ ਰਹੀ ਹੈ ਜੇ ਲੋੜ ਪਈ ਤਾਂ ਧਰਨੇ ਤੇ ਰੈਲੀਆਂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਾਂਗੇ। ਉਨ੍ਹਾਂ ਦਾਅਵਾ ਕੀਤਾ ਕਿ ਦੂਜੇ ਰਾਜਾਂ ਤੋਂ ਵਿਰੋਧੀ ਖੇਮੇ ਨੇ ਵੀ ਉਨ੍ਹਾਂ ਦੀ ਇਸ ਮੰਗ ਨਾਲ ਸਹਿਮਤੀ ਪ੍ਰਗਟ ਕਰਦਿਆਂ ਪ੍ਰਧਾਨ ਦੀ ਚੋਣ ਲਈ ਬੰਦ ਲਿਫ਼ਾਫ਼ਾ ਪ੍ਰਥਾ ਬੰਦ ਕਰਨ ਲਈ ਇਕਜੁੱਟ ਹੋਣ ਦੀ ਗੱਲ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੀ ਕਈ ਸਾਲਾਂ ਦੀ ਕਾਰਗੁਜ਼ਾਰੀ 'ਤੇ ਬਾਰੇ ਉਨ੍ਹਾਂ ਕਿਹਾ ਕਿ ਇਹ ਆਪਣੇ ਮਨੋਰਥ ਤੋਂ ਲਾਂਭੇ ਜਾ ਰਹੀ ਹੈ। ਲੋਕਾਂ ਦੀ ਮਰਜ਼ੀ ਤੋਂ ਬਿਨਾਂ ਸਿਆਸੀ ਤੌਰ 'ਤੇ ਬੰਦ ਲਿਫ਼ਾਫ਼ੇ 'ਚੋਂ ਨਿਕਲਣ ਵਾਲਾ ਪ੍ਰਧਾਨ ਦੂਜਿਆਂ ਦੀ ਮਰਜ਼ੀ ਨਾਲ ਕੰਮ ਕਰਨ ਦਾ ਪਾਬੰਦ ਹੁੰਦਾ ਹੈ।

ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ 1984 ਦੇ ਸਿੱਖ ਦੰਗਿਆਂ ਦੇ 26 ਸਾਲਾਂ ਬਾਅਦ ਵੀ ਸ਼੍ਰੋਮਣੀ ਕਮੇਟੀ ਨੇ ਹਰਿਆਣਾ ਵਿਚ ਮਾਰੇ ਗਏ ਸਿੱਖਾਂ ਬਾਰੇ ਨਾ ਕੋਈ ਸਰਵੇਖਣ ਕਰਾਇਆ ਤੇ ਨਾ ਹੀ ਉਨ੍ਹਾਂ ਦੇ ਪਰਿਵਾਰਾਂ ਦੀ ਸਾਰ ਲਈ। ਹੋਂਦ ਚਿੱਲੜ ਦਾ ਮਾਮਲਾ ਸਾਹਮਣੇ ਆਉਣ 'ਤੇ ਵੀ ਕਮੇਟੀ ਨੇ ਪੀੜਤ ਪਰਿਵਾਰਾਂ ਦੀ ਮਦਦ ਲਈ ਕੋਈ ਠੋਸ ਉਪਰਾਲਾ ਨਹੀਂ ਕੀਤਾ।

ਉਨ੍ਹਾਂ ਕਿਹਾ ਕਿ ਕਮੇਟੀ ਦੀ ਬਜਟ ਮੀਟਿੰਗ ਵਿਚ ਉਨ੍ਹਾਂ ਹੋਂਦ ਚਿੱਲੜ ਦੇ ਪਰਿਵਾਰਾਂ ਤੇ ਮਾਰੇ ਗਏ ਸਿੱਖਾਂ ਦੀ ਯਾਦਗਾਰ ਬਣਾਉਣ ਲਈ 50 ਕਰੋੜ ਦੀ ਮੰਗ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਦੀ ਆਵਾਜ਼ ਦਬਾ ਦਿੱਤੀ ਗਈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਧੜੇ ਨੇ ਪਿੰਡ ਹੋਂਦ ਵਿਚ ਯਾਦਗਾਰ ਬਣਾਉਣ ਦਾ ਫੈਸਲਾ ਲਿਆ ਹੈ। ਇਸ ਵਾਸਤੇ ਉਹ ਕੇਂਦਰ ਤੇ ਹਰਿਆਣਾ ਸਰਕਾਰ ਕੋਲੋਂ ਮਦਦ ਲਈ ਪਹੁੰਚ ਕਰਨਗੇ।

# ਨੌਜਵਾਨ ਦੀ ਪੁਲਿਸ ਹਿਰਾਸਤ 'ਚ ਮੌਤ

**ਮੋਗਾ:** ਪਿੰਡ ਮਾਹਲਾ ਕਲਾਂ ਦੇ ਨਾਬਾਲਗ ਲੜਕੇ ਦੀ ਨੱਥੂਵਾਲਾ ਗਰਬੀ ਦੀ ਪੁਲਿਸ ਚੌਕੀ ਵਿਚ ਮੌਤ ਹੋ ਗਈ। ਪੁਲਿਸ ਵੱਲੋਂ ਇਸ ਨੂੰ ਖੁਦਕੁਸ਼ੀ ਦੱਸਿਆ ਜਾ ਰਿਹਾ ਹੈ ਜਦਕਿ ਪਰਿਵਾਰ ਵਾਲੇ ਤੇ ਪਿੰਡ ਵਾਸੀ ਦੋਸ਼ ਲਾ ਰਹੇ ਹਨ ਕਿ ਪੁਲਿਸ ਦੀ ਕੁੱਟਮਾਰ ਕਾਰਨ ਲੜਕੇ ਦੀ ਮੌਤ ਹੋਈ ਹੈ।

ਪੁਲੀਸ ਨੇ ਪਿੰਡ ਮਾਹਲਾ ਕਲਾਂ ਦੇ ਸ਼ਮਸ਼ਾਨਘਾਟ 'ਚ ਲਾਸ਼ ਦਾ ਸਸਕਾਰ ਕਰਨ ਦੀ ਕੋਸ਼ਿਸ਼ ਕੀਤੀ ਪਰ ਪਿੰਡ ਵਾਸੀਆਂ ਨੇ ਲਾਸ਼ ਆਪਣੇ ਕਬਜ਼ੇ 'ਚ ਲੈ ਕੇ ਬਾਘਾਪੁਰਾਣਾ-ਮੁੱਦਕੀ ਜੀ.ਟੀ.ਰੋਡ 'ਤੇ ਪਿੰਡ ਮਾਹਲਾ ਕਲਾਂ ਦੇ ਬੱਸ ਅੱਡੇ 'ਤੇ ਜਾਮ ਲਾ ਦਿੱਤਾ। ਇਸ ਦੌਰਾਨ ਪੁਲਿਸ ਅਧਿਕਾਰੀਆਂ ਤੇ ਪਿੰਡ ਵਾਸੀਆਂ ਵਿਚ ਹੱਥੋਪਾਈ ਵੀ ਹੋਈ ਤੇ ਇਕ-ਦੂਜੇ 'ਤੇ ਪਥਰਾਅ ਵੀ ਕੀਤਾ ਗਿਆ। ਜ਼ਿਲ੍ਹਾ ਪੁਲਿਸ ਮੁਖੀ ਸਨੇਹਦੀਪ ਸ਼ਰਮਾ ਨੇ ਚੌਕੀ ਦੇ ਮਨੁਸ਼ੀ ਦਵਿੰਦਰ ਸਿੰਘ ਬਿੱਲਾ ਤੇ ਹੌਲਦਾਰ ਸੁਖਵਿੰਦਰ ਸਿੰਘ ਸੁੱਖਾ ਨੂੰ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਅਧਿਕਾਰੀਆਂ ਦੀ ਮੁਅੱਤਲੀ ਪਿੱਛੋਂ ਲੋਕਾਂ ਨੇ ਧਰਨਾ ਚੁੱਕ ਲਿਆ ਤੇ ਰਣਜੀਤ ਦੀ ਲਾਸ਼ ਦਾ ਸਸਕਾਰ ਕਰ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਪਿੰਡ ਮਾਹਲਾ ਕਲਾਂ ਦੇ 17 ਸਾਲਾ ਰਣਜੀਤ ਸਿੰਘ ਦੀ ਪੁਲਿਸ ਚੌਕੀ ਨੱਥੂਵਾਲਾ ਗਰਬੀ (ਮੋਗਾ) ਵਿਚ ਮੌਤ ਹੋ ਗਈ। ਮ੍ਰਿਤਕ ਦੇ ਭਰਾ ਲਖਵਿੰਦਰ ਸਿੰਘ ਤੇ ਬੱਬੂ ਨੇ ਦੋਸ਼ ਲਾਇਆ ਕਿ ਏ.ਐਸ.ਆਈ. ਜਰਨੈਲ ਸਿੰਘ ਤੇ ਹੌਲਦਾਰ ਸੁਖਵਿੰਦਰ ਸਿੰਘ ਨੇ ਰਣਜੀਤ ਸਿੰਘ ਨੂੰ ਨੱਥੂਵਾਲਾ ਪੁਲ ਤੋਂ ਹਿਰਾਸਤ 'ਚ ਲਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਸ ਤੋਂ ਪਹਿਲਾਂ ਇਹ ਦੋਵੇਂ ਪੁਲਿਸ ਅਧਿਕਾਰੀ ਉਨ੍ਹਾਂ ਦੇ ਘਰ ਉਨ੍ਹਾਂ ਦੀ ਮਾਤਾ ਕੋਲੋਂ ਪੁੱਛਗਿੱਛ ਕਰਨ ਆਏ ਸਨ ਤੇ ਉਸ ਵੇਲੇ ਦੋਵੇਂ ਸ਼ਰਾਬੀ ਸਨ। ਉਨ੍ਹਾਂ ਦੋਸ਼ ਲਾਇਆ ਕਿ ਰਣਜੀਤ ਨੂੰ ਚੋਰੀ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਜਦਕਿ ਉਸ ਖਿਲਾਫ਼ ਕਿਸੇ ਨੇ ਕੋਈ ਵੀ ਸ਼ਿਕਾਇਤ ਦਰਜ ਨਹੀਂ ਕਰਵਾਈ ਸੀ।

# ਕਾਂਗਰਸ 'ਚ ਫੁੱਟ: ਬਰਾੜ ਦੇ ਸਨਮਾਨ ਸਮਾਰੋਹ 'ਚੋਂ ਕੈਪਟਨ ਤੇ ਭੱਠਲ ਧੜਾ ਗੈਰਹਾਜ਼ਰ

**ਮਾਨਸਾ (ਪੰਜਾਬ ਟਾਈਮਜ਼ ਬਿਊਰੋ):** ਇਕਮੁੱਠਤਾ ਦੇ ਲੱਖ ਦਾਅਵੇ ਕਰਨ ਦੇ ਬਾਵਜੂਦ ਕਾਂਗਰਸ ਦੀ ਫੁੱਟ ਬਰਕਰਾਰ ਹੈ। ਇਹ ਗੱਲ ਉਸ ਵੇਲੇ ਸਾਹਮਣੇ ਆਈ ਜਦੋਂ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਜਗਮੀਤ ਸਿੰਘ ਬਰਾੜ ਦੇ ਸਨਮਾਨ ਸਮਾਰੋਹ 'ਚੋਂ ਕੈਪਟਨ ਤੇ ਭੱਠਲ ਧੜਾ ਗੈਰਹਾਜ਼ਰ ਰਹੇ। ਸਮਾਰੋਹ ਦੌਰਾਨ ਸ. ਬਰਾੜ ਵੱਲੋਂ ਖਟਕੜ ਕਲਾਂ ਵਿਖੇ ਸਿਆਸੀ ਕਾਨਫੰਰਸ ਦੌਰਾਨ ਕਾਂਗਰਸ ਵਿਚ ਇਕਜੁੱਟਤਾ ਦੇ ਕੀਤੇ ਦਾਅਵੇ ਦੀ ਫੂਕ ਨਿਕਲ ਗਈ। ਸਮਾਰੋਹ ਵਿਚ ਜ਼ਿਲ੍ਹੇ ਦੇ ਤਿੰਨੇ ਕਾਂਗਰਸੀ ਵਿਧਾਇਕਾਂ ਤੇ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸਮੇਤ ਸਾਰੇ ਪਹਿਲੀ ਕਤਾਰ ਦੇ ਆਗੂ ਗੈਰ ਹਾਜ਼ਰ ਰਹੇ। ਸਮਾਗਮ ਵਿਚ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਰਾਜਿੰਦਰ ਕੌਰ ਭੱਠਲ ਦੇ ਧੜਿਆਂ ਨਾਲ ਜੁੜਿਆ ਕੋਈ ਵੀ ਨੇਤਾ ਹਾਜ਼ਰ ਨਹੀਂ ਹੋਇਆ।

ਗੈਰ ਹਾਜ਼ਰ ਰਹਿਣ ਵਾਲੇ ਇਨ੍ਹਾਂ ਕਾਂਗਰਸੀ ਵਿਧਾਇਕਾਂ ਵਿਚ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ), ਸ਼ੇਰ ਸਿੰਘ ਗਾਗੋਵਾਲ (ਮਾਨਸਾ), ਮੰਗਤ ਰਾਏ ਬਾਂਸਲ (ਬੁਢਲਾਡਾ) ਤੇ ਜ਼ਿਲ੍ਹਾ ਯੂਥ ਕਾਂਗਰਸ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਵਿੱਕੀ ਸ਼ਾਮਲ ਹਨ। ਸ. ਬਰਾੜ ਨੇ ਗੈਰ-ਹਾਜ਼ਰ ਰਹਿਣ ਵਾਲੇ ਨੇਤਾਵਾਂ ਬਾਰੇ ਕਿਹਾ ਕਿ ਉਨ੍ਹਾਂ ਨੂੰ ਕਾਂਗਰਸ ਦੇ ਦੇਸ਼ ਪੱਧਰੀ ਪ੍ਰੋਗਰਾਮ ਦਾ ਗਿਆਨ ਨਹੀਂ ਹੈ ਜਿਸ ਕਰਕੇ ਉਹ ਪਾਰਟੀ ਦੇ ਪ੍ਰਚਾਰ ਤੇ ਅਗਾਂਹ ਵਧੂ ਪ੍ਰੋਗਰਾਮਾਂ ਵਿਚ ਸ਼ਿਕਰਤ ਨਹੀਂ ਕਰਨ ਲੱਗੇ ਹਨ। ਇਸ ਮੌਕੇ ਸ. ਬਰਾੜ ਨੇ ਕਿਹਾ ਹੈ ਕਿ ਅਜੋਕੇ ਸਮੇਂ ਵਿਚ ਪੰਜਾਬ ਦੀ ਰਾਜਨੀਤੀ ਗੰਧਲੀ ਹੋਣ ਲੱਗੀ ਹੈ। ਉਹ ਇਥੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਾਬਕਾ ਮੈਂਬਰ ਮਨਜੀਤ ਸਿੰਘ ਝੱਲਬੂਟੀ ਵੱਲੋਂ ਰੱਖੇ ਸਨਮਾਨ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਖੁੱਲ੍ਹ ਕੇ ਕਿਹਾ ਕਿ ਇਥੇ ਸਾਬਕਾ ਡੀ.ਆਈ.ਜੀ, ਹੋਟਲਾਂ ਦੇ ਮਾਲਕ, ਸੇਵਾ ਮੁਕਤ ਡੀ.ਐਸ.ਪੀ. ਤੇ ਸੇਵਾ ਮੁਕਤ ਆਈ.ਏ.ਐਸ ਅਫਸਰ ਸੂਬੇ ਦੀਆਂ ਦੋ ਵੱਡੀਆਂ ਰਾਜਸੀ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਤੋਂ ਆ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਟਿਕਟਾਂ ਦੀ ਝਾਕ ਰੱਖਣ ਲੱਗੇ ਹਨ।



ਸ. ਬਰਾੜ ਨੇ ਕਿਹਾ ਕਿ ਕਾਂਗਰਸ ਵੱਲੋਂ ਅਜਿਹੇ ਅਫਸਰਾਂ ਨੂੰ ਬਿਲਕੁਲ ਟਿਕਟਾਂ ਨਹੀਂ ਦਿੱਤੀਆਂ ਜਾਣਗੀਆਂ ਕਿਉਂਕਿ ਅਜਿਹਾ ਹੋਣ ਨਾਲ ਪਾਰਟੀ ਦੀ ਰੀੜ ਦੀ ਹੱਡੀ ਵਜੋਂ ਜਾਣੇ ਜਾਂਦੇ ਵਰਕਰਾਂ ਦੀ ਮੈਰਿਟ ਅੱਖੋਂ-ਪਰੋਖੇ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਲਈ ਕੰਮ ਕਰਦੇ ਵਰਕਰਾਂ ਦੀ ਉਹ ਹਮੇਸ਼ਾ ਕਦਰ ਕਰਦੇ ਰਹੇ ਹਨ।


ਸ. ਬਰਾੜ ਨੇ ਕਿਹਾ ਕਿ ਪੰਜਾਬ ਵਿਚ ਇਸ ਵੇਲੇ ਲੋਕਾਂ ਦੀ ਨਹੀਂ, ਇਕ ਪਰਿਵਾਰ ਦੀ ਸਰਕਾਰ ਹੈ ਜਿਸ ਨੇ ਬੱਸਾਂ, ਰੇਤ ਦੇ ਠੇਕੇ ਤੇ ਹੋਰ ਕਾਰੋਬਾਰਾਂ ਉਤੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਜੇ ਪੰਜਾਬ ਵਿਚ ਇਹੀ ਹਾਲ ਰਿਹਾ ਤਾਂ ਆਮ ਦੁਕਾਨਦਾਰ ਕੋਲੋਂ ਵੀ ਆਪਣਾ ਰੁਜ਼ਗਾਰ ਖੁਸ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਦੀ ਗੁਪਤ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ ਜਿਸ ਵਿਚ ਉਹ ਪਾਰਟੀ ਹਾਈ ਕਮਾਂਡ ਨੂੰ ਆਮ ਵਰਕਰ ਤੇ ਪਾਰਟੀ ਲਈ ਤਨਦੇਹੀ ਨਾਲ ਕੰਮ ਕਰਨ ਵਾਲੇ ਵਰਕਰਾਂ ਨੂੰ ਟਿਕਟ ਦੇਣ ਦੀ ਸਿਫਾਰਸ਼ ਕਰਨਗੇ।




ਸਰੀ, ਕੈਨੇਡਾ ਵਿਚ ਸੂਫੀ ਗਾਇਕਾ ਡਾ. ਮਮਤਾ ਜੋਸ਼ੀ ਦੀ ਐਲਬਮ 'ਮਹਿਫਲ-ਏ-ਸੂਫੀ' ਰਿਲੀਜ਼ ਕਰਦੇ ਹੋਏ ਰਵੀ ਸ਼ਰਮਾ (ਦੇਸੀ ਦੂਰਦਰਸ਼ਨ), ਸ੍ਰੀ ਗੁਰਮੰਤ ਗਰੇਵਾਲ (ਸਾਬਕਾ ਐਮ ਪੀ, ਕੈਨੇਡੀਅਨ ਪਾਰਲੀਮੈਂਟ), ਸ਼ੈਰਨ ਲਿੱਧੜ (ਪ੍ਰੈਜ਼ੀਡੈਂਟ ਦੇਸੀ ਦੂਰਦਰਸ਼ਨ) ਅਤੇ ਬਾਬੀ ਨਾਗਰਾ। ਬਹੁਤ ਥੋੜ੍ਹੇ ਅਰਸੇ ਵਿਚ ਸੂਫੀ ਗਾਇਕੀ ਵਿਚ ਵਧੀਆ ਥਾਂ ਬਣਾਉਣ ਵਾਲੀ ਗਾਇਕਾ ਡਾ. ਮਮਤਾ ਜੋਸ਼ੀ ਇਸ ਸਮੇਂ ਸਰਕਾਰੀ ਕਾਲਜ ਚੰਡੀਗੜ੍ਹ ਵਿਚ ਸੰਗੀਤ ਵਿਭਾਗ ਦੀ ਮੁਖੀ ਹੈ। ਉਨ੍ਹਾਂ ਦੀ ਇਸ ਐਲਬਮ ਵਿਚ ਹਜ਼ਰਤ ਅਮੀਰ ਖੁਸਰੋ, ਸਾਧੂ ਦਿਆ ਸਿੰਘ ਆਰਿਫ, ਫਿਦਾ ਬਟਾਲਵੀ, ਹਰੀ ਸਿੰਘ ਦਿਲਬਰ, ਐਸ ਅਸ਼ੋਕ ਭੌਰਾ ਅਤੇ ਰਾਜ ਕਾਕੜਾ ਦੀਆਂ ਰਚਨਾਵਾਂ ਸ਼ਾਮਲ ਹਨ।

# ਮਨਪ੍ਰੀਤ ਬਾਦਲ ਦੀ ਜ਼ਮਾਨਤ ਜ਼ਬਤ ਹੋਵੇਗੀ-ਜਥੇਦਾਰ ਗੋਰਾ

**ਗਿੱਦੜਬਾਹਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਅਤੇ ਹਲਕਾ ਗਿੱਦੜਬਾਹਾ ਵਿਚ ਅਕਾਲੀ ਦਲ (ਬ) ਦੇ ਇੰਚਾਰਜ ਜਥੇਦਾਰ ਗੁਰਪਾਲ ਸਿੰਘ ਗੋਰਾ ਨੇ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਚੁਣੌਤੀ ਦਿੰਦਿਆਂ ਆਖਿਆ ਹੈ ਕਿ ਉਹ ਗਿੱਦੜਬਾਹਾ ਵਿਧਾਨ ਸਭਾ ਹਲਕੇ ਤੋਂ ਚੋਣ ਲੜ ਕੇ ਵਿਖਾਉਣ, ਪਤਾ ਲੱਗ ਜਾਏਗਾ ਕਿ ਉਹ ਅਤੇ ਉਸ ਦੀ ਪਾਰਟੀ ਕਿੰਨੇ ਕੁ ਪਾਣੀ ਵਿਚ ਹਨ? ਜੇ ਜ਼ਮਾਨਤ ਜ਼ਬਤ ਨਾ ਹੋਈ ਤਾਂ ਉਹ ਸਿਆਸਤ ਤੋਂ ਲਾਂਭੇ ਹਟ ਜਾਣਗੇ। ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਜਥੇਦਾਰ ਗੋਰਾ ਨੇ ਆਖਿਆ ਕਿ ਮਨਪ੍ਰੀਤ ਸ਼ੇਅਰੋ-ਸ਼ਾਇਰੀ ਤਾਂ ਨਕਲ ਮਾਰ ਕੇ ਚੰਗੀ ਕਰ ਲੈਂਦਾ ਹੈ ਪਰ ਸਿਆਸਤ ਵਿਚ ਅਕਲ ਚਲਦੀ ਹੈ ਜੋ ਕਿ ਉਸ ਪਾਸ ਨਹੀਂ ਹੈ। ਚੋਣਾਂ ਕਦੇ ਵੀ ਸ਼ੇਅਰੋ-ਸ਼ਾਇਰੀ ਨਾਲ ਨਹੀਂ ਜਿੱਤ ਹੁੰਦੀਆਂ ਸਗੋਂ ਲੋਕਾਂ ਦੇ ਸਹਿਯੋਗ ਨਾਲ ਜਿੱਤੀਆਂ ਜਾਂਦੀਆਂ ਹਨ।



ਗੁਰਪਾਲ ਸਿੰਘ ਗੋਰਾ

ਜਥੇਦਾਰ ਗੋਰਾ ਨੇ ਕਿਹਾ ਕਿ ਗਿੱਦੜਬਾਹਾ ਹਲਕਾ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਮਾਨਤ ਹੈ ਅਤੇ ਲੋਕ ਮਨਪ੍ਰੀਤ ਨੂੰ ਮੂੰਹ ਵੀ ਨਹੀਂ ਲਾਉਣਗੇ, ਕਿਉਂਕਿ ਉਹ ਕੁਰਸੀ ਖਾਤਿਰ ਭਗੌੜਾ ਹੋਇਆ ਇਨਸਾਨ ਹੈ ਜਿਸ ਦੇ ਪੱਲੇ ਸਿਵਾਏ ਗੱਪ ਤੋਂ ਹੋਰ ਕੁਝ ਨਹੀਂ। ਗਿੱਦੜਬਾਹਾ ਸੀਟ ਪਿਛਲੇ 50 ਸਾਲ ਤੋਂ ਸ. ਬਾਦਲ ਦੀ ਅਮਾਨਤ ਹੈ ਅਤੇ ਉਨ੍ਹਾਂ ਇਹ ਅਮਾਨਤ ਮਨਪ੍ਰੀਤ ਨੂੰ ਇਸ ਵਾਅਦੇ ਨਾਲ ਦਿੱਤੀ ਸੀ ਕਿ ਪਹਿਲਾਂ ਲੋਕ ਅਤੇ ਸਭ ਤੋਂ ਬਾਅਦ ਆਪ। ਜਥੇਦਾਰ ਗੋਰਾ ਨੇ ਮਨਪ੍ਰੀਤ ਅਤੇ ਉਸ ਦੇ ਸਾਥੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਸ ਦੀ ਜੁੰਡਲੀ ਵਿਚ ਸ਼ਾਮਲ ਉਸ ਦਾ ਪੀ ਏ ਜੋ ਇਕ ਟੈਂਪੂ ਡਰਾਈਵਰ ਹੋਇਆ ਕਰਦਾ ਸੀ ਤੇ ਗਿੱਦੜਬਾਹੇ ਤੋਂ ਫੱਕਰਸਰ ਤੱਕ ਆਵਾਜ਼ਾਂ ਦੇ ਦੇ ਕੇ ਸਵਾਰੀਆਂ ਢੋਂਦਾ ਸੀ, ਅੱਜ ਚੰਡੀਗੜ੍ਹ ਵਿਚ 3 ਕਰੋੜ ਰੁਪਏ ਦੇ ਫਲੈਟ, ਪੰਜਾਬ ਵਿਚ ਇਕ ਸਕੂਲ ਅਤੇ ਹਿਮਾਚਲ ਵਿਚ ਸੇਬਾਂ ਦੇ ਇਕ ਬਾਗ ਦਾ ਮਾਲਕ ਹੈ। ਇਹ ਸਭ ਕਿੱਥੋਂ ਆਇਆ? ਜਥੇਦਾਰ ਗੋਰਾ ਨੇ ਦੋਸ਼ ਲਾਇਆ ਕਿ ਜਾਅਲੀ ਡਿਗਰੀ ਦੇ ਆਧਾਰ ਉਪਰ ਮਨਪ੍ਰੀਤ ਦੇ ਇਸ ਟੈਂਪੂ ਡਰਾਈਵਰ ਦੀ ਪਤਨੀ ਨੂੰ ਇਕ ਅਧਿਆਪਕਾ ਦੇ ਤੌਰ 'ਤੇ ਨੌਕਰੀ ਕਰਨ ਕਰਕੇ ਸਜ਼ਾ ਵੀ ਹੋਈ ਅਤੇ ਬਾਅਦ ਵਿਚ ਨੌਕਰੀ ਤੋਂ ਕੱਢ ਦਿੱਤਾ ਗਿਆ। ਮਨਪ੍ਰੀਤ ਨੂੰ ਇਸ ਬਾਰੇ ਸਭ ਸਮਝ ਸੀ ਅਤੇ ਉਸੇ ਦੀ ਸਿਫਾਰਿਸ਼ 'ਤੇ ਇਹ ਅਧਿਆਪਕਾ ਭਰਤੀ ਕੀਤੀ ਗਈ ਸੀ। ਅੱਜ ਸਾਫ ਸੁਥਰੇ ਪ੍ਰਸ਼ਾਸਨ ਦੀਆਂ ਫੜਾਂ ਮਾਰਨ ਵਾਲਾ ਅਤੇ ਨਵਾਂ ਬਣਿਆ 'ਇਨਕਲਾਬੀ' ਮਨਪ੍ਰੀਤ ਪਹਿਲਾਂ ਆਪਣੀ ਪੀੜ੍ਹੀ ਹੇਠ ਤਾਂ ਸੋਟਾ ਫੇਰ ਲਵੇ ਕਿ ਉਹ ਇੰਨਾ ਚਿਰ ਚੁੱਪ ਕਿਉਂ ਰਿਹਾ?

## ਸ਼ਾਰਜਾਹ 'ਚ 8 ਪੰਜਾਬੀਆਂ ਦੀ ਮੌਤ ਦੀ ਸਜ਼ਾ ਰੱਦ

**ਚੰਡੀਗੜ੍ਹ:** ਸ਼ਾਰਜਾਹ ਦੀ ਅਦਾਲਤ ਨੇ 27 ਮਾਰਚ ਨੂੰ ਅੱਠ ਭਾਰਤੀ ਤੇ ਦੋ ਪਾਕਿਸਤਾਨੀ ਨੌਜਵਾਨਾਂ ਵੱਲੋਂ ਪੇਸ਼ 'ਦੀਆ' (ਬਲੱਡ ਮਨੀ) ਸਵੀਕਾਰ ਕਰਦਿਆਂ ਉਨ੍ਹਾਂ ਦੀ ਮੌਤ ਦੀ ਸਜ਼ਾ ਰੱਦ ਕਰ ਦਿੱਤੀ ਤੇ ਕੈਦ ਦੀ ਮਿਆਦ ਘਟਾ ਕੇ ਤਿੰਨ ਸਾਲ ਕਰ ਦਿੱਤੀ ਹੈ। ਇਨ੍ਹਾਂ ਸਾਰਿਆਂ ਨੂੰ 11 ਜੁਲਾਈ 2009 ਨੂੰ ਫੈਸਲਾਬਾਦ (ਪਾਕਿਸਤਾਨ) ਦੇ ਇਕ ਕਾਮੇ ਮੁਮਤਾਜ਼ ਯੂਸਫ ਦੀ ਹੱਤਿਆ ਦੇ ਦੋਸ਼ੀ ਠਹਿਰਾਇਆ ਗਿਆ ਸੀ। ਦੋਸ਼ੀਆਂ ਵਿਚ ਮੋਗਾ ਦੇ ਕੁਲਦੀਪ ਸਿੰਘ ਅਤੇ ਰਸ਼ਵਿੰਦਰ ਪਾਲ ਸਿੰਘ, ਗੁਰਾਇਆ ਦੇ ਸਚਿਨ ਸ਼ਰਮਾ ਅਤੇ ਅਮਰਜੀਤ ਸਿੰਘ ਮਕਸੂਦਾਂ (ਜਲੰਧਰ) ਦਾ ਰਾਕੇਸ਼ ਕਾਮਰਾ, ਮਾਨਸਾ ਦਾ ਸੁਖਪਾਲ ਸਿੰਘ, ਕੋਟਕਪੂਰਾ ਦਾ ਹਰਦੇਵ ਸਿੰਘ, ਨਵਾਂ ਸ਼ਹਿਰ ਦਾ ਚਰਨਜੀਤ ਸਿੰਘ, ਤੋਂ ਇਲਾਵਾ ਮੁਹੰਮਦ ਅੰਸਾਰ ਚੌਧਰੀ (ਮਕਬੂਜ਼ਾ ਕਸ਼ਮੀਰ) ਤੇ ਸ਼ਾਹਿਦ ਹੁਸੈਨ ਇਫਤਹੀਨ ਰਾਣਾ (ਮੁਲਤਾਨ, ਬੁਰੇਵਾਲ) ਸ਼ਾਮਲ ਸਨ। ਸੰਯੁਕਤ ਅਰਬ ਅਮੀਰਾਤ ਵਿਚ ਇਸ ਤਰ੍ਹਾਂ ਦੇ ਮਾਮਲਿਆਂ ਵਿਚ ਬਹੁਤ ਸਾਰੇ ਭਾਰਤੀ ਤੇ ਪਾਕਿਸਤਾਨੀ ਕਾਮੇ ਫਸੇ ਹੋਏ ਹਨ।

ਇਕ ਹੋਰ ਕੇਸ ਵਿਚ ਪੰਜਾਬੀ ਕਾਮੇ ਦੀ ਹੱਤਿਆ ਦੇ ਦੋਸ਼ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਤਿੰਨ ਪੰਜਾਬੀ ਨੌਜਵਾਨਾਂ ਦੀ ਅਗਲੇ ਕੁਝ ਦਿਨਾਂ ਵਿਚ ਰਿਹਾਈ ਦੀ ਆਸ ਹੈ।

# ਅੰਮ੍ਰਿਤਸਰ ਪੋਸਟ ਦਾ ਪਲੇਠਾ ਅੰਕ ਰਿਲੀਜ਼

**ਅੰਮ੍ਰਿਤਸਰ:** ਬਹੁਰੰਗੀ ਦੋ-ਭਾਸ਼ੀ ਮਾਸਿਕ ਪੱਤਰ 'ਅੰਮ੍ਰਿਤਸਰ ਪੋਸਟ' ਦਾ ਰਸਮੀ ਉਦਘਾਟਨ ਲੰਘੇ ਸਨਿਚਰਵਾਰ ਇਥੋਂ ਦੇ ਡਿਪਟੀ ਕਮਿਸ਼ਨਰ ਸ. ਕਾਹਨ ਸਿੰਘ ਪੰਨੂ ਨੇ ਰਿਲੀਜ਼ ਕੀਤਾ। ਇਸ ਮੌਕੇ ਪਰਚੇ ਦੇ ਸੰਪਾਦਕ ਡਾ. ਚਰਨਜੀਤ ਸਿੰਘ ਗੁਮਟਾਲਾ ਅਤੇ ਅਮਰੀਕਾ ਤੋਂ ਰਾਜ ਸਾਮੰਤ ਤੋਂ ਇਲਾਵਾ ਪਰਚੇ ਦਾ ਸੰਪਾਦਕੀ ਮੰਡਲ, ਡਾ. ਹਰਦੀਪ ਸਿੰਘ ਦੀਪ, ਪ੍ਰੋ. ਮੋਹਣ ਸਿੰਘ, ਪ੍ਰਿੰ. ਅੰਮ੍ਰਿਤ ਲਾਲ ਮੰਨਣ, ਅਦਿੱਤਯ ਭਾਟੀਆ ਆਦਿ ਸੱਜਣ ਹਾਜ਼ਰ ਸਨ।

ਪਰਚੇ ਦਾ ਪਲੇਠਾ ਅੰਕ ਸਮਾਜ ਸੇਵੀ ਸੰਸਥਾ 'ਅੰਮ੍ਰਿਤਸਰ ਵਿਕਾਸ ਮੰਚ' ਨੂੰ ਸਮਰਪਿਤ ਹੈ। ਪਰਚੇ ਦੇ ਮੰਤਵ ਬਾਰੇ ਦੱਸਦਿਆਂ ਸ. ਗੁਮਟਾਲਾ ਨੇ ਦੱਸਿਆ ਕਿ ਸ਼ਹਿਰ ਦੀ ਬੇਹਤਰੀ ਲਈ ਕੰਮ ਕਰ ਰਹੀਆਂ ਸਮੂਹ ਸਮਾਜ ਸੇਵੀ ਸੰਸਥਾਵਾਂ ਅਤੇ ਨਗਰ ਦੇ ਵਪਾਰੀਆਂ, ਉਦਯੋਗਪਤੀਆਂ ਅਤੇ ਹੋਰ ਜਥੇਬੰਦੀਆਂ ਦੇ ਵਿਚਾਰ ਛਾਪੇ ਜਾਇਆ ਕਰਨਗੇ ਅਤੇ ਇਹ ਜਿਲ੍ਹਾ ਪ੍ਰਸ਼ਾਸ਼ਨ ਅਤੇ ਨਗਰ ਨਿਵਾਸੀਆਂ ਵਿਚਾਲੇ ਪੁਲ ਦਾ ਕੰਮ ਕਰੇਗਾ।



ਅੰਮ੍ਰਿਤਸਰ ਪੋਸਟ ਦਾ ਪਲੇਠਾ ਅੰਕ ਜਾਰੀ ਕਰਦੇ ਹੋਏ ਡਿਪਟੀ ਕਮਿਸ਼ਨਰ ਸ. ਕਾਹਨ ਸਿੰਘ ਪੰਨੂ, ਨਾਲ ਹਨ ਡਾ. ਹਰਦੀਪ ਸਿੰਘ ਦੀਪ, ਪ੍ਰੋ. ਮੋਹਣ ਸਿੰਘ ਤੇ ਹੋਰ।

# ਪੰਜਾਬੀ ਰੇਡੀਓ ਯੂਐਸਏ ਹੁਣ ਆਈ-ਫੋਨ 'ਤੇ ਵੀ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਰੇਡੀਓ ਯੂਐਸਏ ਦੀ ਆਪਣੀ ਆਈ ਫੋਨ ਐਪਲੀਕੇਸ਼ਨ ਤਿਆਰ ਹੋਣ ਨਾਲ ਇਹ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ ਸਟੇਸ਼ਨ ਬਣ ਗਿਆ ਹੈ ਜਿਸ ਦੀ ਆਪਣੀ ਆਈ ਫੋਨ ਐਪਲੀਕੇਸ਼ਨ ਹੈ।

ਰੇਡੀਓ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਐਪਲੀਕੇਸ਼ਨ ਨੂੰ ਕਿਸੇ ਵੀ ਆਈ ਫੋਨ ਤੇ ਐਪਲ ਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ ਅਤੇ ਇਹ ਪੰਜਾਬੀ ਰੇਡੀਓ ਯੂਐਸਏ ਵਲੋਂ ਮੁਫ਼ਤ ਵਿੱਚ ਮੁਹੱਈਆ ਕੀਤੀ ਜਾਏਗੀ। ਇਹ ਐਪਲੀਕੇਸ਼ਨ ਡਾਊਨਲੋਡ ਕਰਕੇ ਪੰਜਾਬੀ ਰੇਡੀਓ ਯੂਐਸਏ ਦੁਨੀਆਂ ਵਿਚ ਕਿਤੇ ਵੀ ਸੁਣਿਆ ਜਾ ਸਕਦਾ ਹੈ। ਬਿਆਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੰਜਾਬੀ ਰੇਡੀਓ ਯੂਐਸਏ ਦੇ ਪ੍ਰੋਗਰਾਮਾਂ ਨੂੰ ਸਰੋਤਿਆਂ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਪ੍ਰੈਸ ਬਿਆਨ ਅਨੁਸਾਰ ਅਗਲੇ ਮਹੀਨੇ ਵਿਸਾਖੀ ਸਬੰਧੀ ਪੰਜਾਬੀ ਰੇਡੀਓ ਨੇ ਦਸਤਾਰ ਜਾਗਰੂਕਤਾ ਮੁਹਿੰਮ ਵੀ ਆਰੰਭੀ ਹੋਈ ਹੈ ਜਿਸ ਅਧੀਨ ਵੱਖ ਵੱਖ ਪ੍ਰੋਗਰਾਮਾਂ ਰਾਹੀਂ ਪਗੜੀ ਬਾਰੇ ਜਾਣਕਾਰੀ ਦੇਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਦਸਤਾਰ ਜਾਗਰੂਕਤਾ ਮੁਕਾਬਲਾ ਵੀ ਸ਼ੁਰੂ ਕੀਤਾ ਗਿਆ ਹੈ ਜੋ ਵਿਸਾਖੀ ਤੱਕ ਚੱਲੇਗਾ। ਸਿੱਖ ਨੌਜਵਾਨ ਪੰਜਾਬੀ ਰੇਡੀਓ ਯੂਐਸਏ ਦੇ ਫੈਨ ਪੇਜ 'ਤੇ ਆਪਣੀਆਂ ਦਸਤਾਰ ਸਹਿਤ ਫੋਟੋਆਂ ਅਪਲੋਡ ਕਰ ਰਹੇ ਨੇ ਅਤੇ ਜਿਸ ਦੀ ਫੋਟੋ ਸਭ ਤੋਂ ਵੱਧ ਪਸੰਦ ਕੀਤੀ ਜਾਵੇਗੀ ਉਸ ਨੂੰ ਸਨਮਾਨਿਤ ਕੀਤਾ ਜਾਵੇਗਾ ਅਤੇ ਪੰਜਾਬੀ ਰੇਡੀਓ ਯੂਐਸਏ ਦੇ ਵਿਸਾਖੀ ਦੇ ਸਪੈਸ਼ਲ ਪ੍ਰੋਗਰਾਮ 'ਤੇ ਸੱਦਾ ਦਿਤਾ ਜਾਵੇਗਾ।

ਬਿਆਨ ਅਨੁਸਾਰ ਪੰਜਾਬੀ ਰੇਡੀਓ ਯੂਐਸਏ ਦੇ ਰੇਡੀਓ ਸੈਟਾਂ ਦੀ ਖਰੀਦ ਨੂੰ ਵੀ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਹੋਰ ਜਾਣਕਾਰੀ ਲਈ ਪੰਜਾਬੀ ਰੇਡੀਓ ਯੂਐਸਏ ਨਾਲ ਫੋਨ 408-722-7698 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਜੂਨੀਅਰ ਬੈਂਚ ਪ੍ਰੈਸ ਜੇਤੂ ਅਜੈ ਗੋਗਨਾ ਦਾ ਭੁਲੱਥ 'ਚ ਸਵਾਗਤ

**ਜਲੰਧਰ:** ਨੈਸ਼ਨਲ ਪਾਵਰਲਿਫਟਿੰਗ ਚੈਂਪੀਅਨਸ਼ਿਪ ਵਿਚ ਪੰਜਾਬ ਦੀ ਨੁਮਾਇੰਦਗੀ ਕਰਕੇ ਜੂਨੀਅਰ ਬੈਂਚ ਪ੍ਰੈਸ ਚੈਂਪੀਅਨਸ਼ਿਪ ਵਿਚ 212.5 ਕਿਲੋ ਦੀ ਬੈਂਚ ਪ੍ਰੈਸ ਲਾ ਕੇ ਗੋਲਡ ਮੈਡਲ ਜਿੱਤਣ ਵਾਲੇ ਅਜੈ ਗੋਗਨਾ ਦਾ ਕਸਬਾ ਭੁਲੱਥ ਪਹੁੰਚਣ 'ਤੇ ਇਲਾਕੇ ਦੇ ਲੋਕਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। 24 ਸਾਲਾ ਅਜੈ ਪਰਵਾਸੀ ਪੱਤਰਕਾਰ ਰਾਜ ਗੋਗਨਾ ਦਾ ਸਪੁੱਤਰ ਹੈ।

ਜ਼ਿਕਰਯੋਗ ਹੈ ਕਿ ਨੈਸ਼ਨਲ ਪਾਵਰਲਿਫਟਿੰਗ ਚੈਂਪੀਅਨਸ਼ਿਪ ਪਿਛਲੇ ਦਿਨੀਂ ਜੰਮੂ ਵਿਚ ਕਰਵਾਈ ਗਈ ਸੀ ਅਤੇ ਇਸ ਵਿਚ ਦੇਸ਼ ਭਰ ਵਿਚੋਂ 550 ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ ਸੀ। ਆਪਣੇ ਕਸਬੇ ਭੁਲੱਥ ਦੇ ਲੋਕਾਂ ਵਲੋਂ ਦਿੱਤੇ ਪਿਆਰ ਲਈ ਧੰਨਵਾਦ ਕਰਦਿਆਂ ਅਜੈ ਨੇ ਕਿਹਾ ਕਿ ਉਹ ਹੋਰ ਵੀ ਮਿਹਨਤ ਨਾਲ ਖੇਡੇਗਾ ਅਤੇ ਕੌਮਾਂਤਰੀ ਪੱਧਰ 'ਤੇ ਮੈਡਲ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕਰੇਗਾ।

### Public Notice

**Change of Name**

I, Harbhajan Singh S/O S. Hazura Singh resident of village & PO Dod, tehsil Jaito Distt. Faridkot, Punjab, India, currently living at 6119 N. Carica Ave, Fresno, CA 93722 USA have changed my name from Harbhajan Singh to Harbhajan Singh Gill. All concerned please note.





**Business Opportunity**

International Company looking for serious people to work from home-part time or full time. Great earning potential, full training and support provided. To attend training in your area and For more info. call:

Surjit Singh or Satwant K. Takk Cell:

(416) 889-9886

Sukhpreet Kaur Indiana

Ph:317-884-3557

*www.safeandeasyweightloss.com*

*e-mail:sstakk@hotmail.com*

FARMERS INSURANCE GROUP — Symbol of Superior Service

FARMERS

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella

*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann

Insurance Agent

License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਲਿਵਿੰਗਸਟਨ 'ਚ ਹੋਲੇ ਮਹੱਲੇ 'ਤੇ ਮਹਾਨ ਨਗਰ ਕੀਰਤਨ



**ਲਿਵਿੰਗਸਟਨ, ਕੈਲੀਫੋਰਨੀਆ (ਹਰਜਿੰਦਰ ਹੈਪੀ)**: ਲਿਵਿੰਗਸਟਨ ਦੀਆਂ ਸੰਗਤਾਂ ਵਲੋਂ ਹੋਲੇ ਮਹੱਲੇ ਦੇ ਪੁਰਬ ਸਬੰਧੀ ਲੰਘੇ ਐਤਵਾਰ 13ਵਾਂ ਸਾਲਾਨਾ ਨਗਰ ਕੀਰਤਨ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਇਆ ਗਿਆ। ਵੱਡੀ ਗਿਣਤੀ ਵਿਚ ਸੰਗਤਾਂ ਨੇ ਇਸ ਨਗਰ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕੀਤੇ।



*ਲੰਗਰ ਦੀ ਸੇਵਾ ਕਰ ਰਹੀਆਂ ਬੀਬੀਆਂ*



ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਅਰੰਭ ਹੋਏ ਅਖੰਡ ਪਾਠ ਦਾ ਭੋਗ ਪਾਇਆ ਗਿਆ ਅਤੇ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਤੋਂ ਇਲਾਵਾ ਪੰਥ ਪ੍ਰਸਿਧ ਰਾਗੀ ਜਥਿਆਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਦੇ ਰੰਗ ਵਿਚ ਰੰਗਿਆ।

ਨਗਰ ਕੀਰਤਨ ਦੁਪਹਿਰ 12 ਵਜੇ ਗੁਰਦੁਆਰਾ ਪੀਚ ਐਵਨਿਊ ਤੋਂ ਅਰੰਭ ਹੋਇਆ। ਇਕ ਸਜੀ ਹੋਈ ਪਾਲਕੀ ਵਿਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਉਤਸ਼ਾਹੀ ਸੰਗਤਾਂ ਨਗਰ ਕੀਰਤਨ ਦੇ ਅੱਗੇ ਅੱਗੇ ਝਾੜੂਬਰਦਾਰ ਬਣ ਕੇ ਸੜਕ ਸਾਫ ਕਰ ਰਹੀਆਂ ਸਨ। ਗੁਰਬਾਣੀ ਦੇ ਕੀਰਤਨ ਦੀ ਧੁਨੀ ਸ਼ਹਿਰ ਦੀ ਫਿਜ਼ਾ ਵਿਚ ਇਲਾਹੀ ਰੰਗ ਘੋਲ ਰਹੀ ਸੀ। ਵੱਖ ਵੱਖ ਸੰਸਥਾਵਾਂ ਦੇ ਜਥੇ ਨਗਰ ਕੀਰਤਨ ਵਿਚ ਆਪਣੀ ਹਾਜ਼ਰੀ ਭਰ ਰਹੇ ਸਨ। ਗਤਕਾ ਪਾਰਟੀਆਂ ਸਿੱਖ ਮਾਰਸ਼ਲ ਆਰਟ ਦੇ ਜ਼ੌਹਰ ਵਿਖਾ ਕੇ ਮੁੱਖ ਧਾਰਾ ਦੇ ਅਮਰੀਕਨਾਂ ਨੂੰ ਅਚੰਭਿਤ ਕਰ ਰਹੀਆਂ ਸਨ।

ਨਗਰ ਕੀਰਤਨ ਦੇ ਸਾਰੇ ਰਸਤੇ ਵਿਚ ਸ਼ਰਧਾਲੂ ਸੰਗਤਾਂ ਵਲੋਂ ਭਾਂਤ ਸੁਭਾਂਤੇ ਪਕਵਾਨ ਤਿਆਰ ਕਰਕੇ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ ਨੂੰ ਛਕਾਏ ਜਾ ਰਹੇ ਸਨ ਜਿਨ੍ਹਾਂ ਦਾ ਅਨੰਦ ਦੂਜੇ ਭਾਈਚਾਰਿਆਂ ਦੇ ਲੋਕ ਵੀ ਮਾਣ ਰਹੇ ਸਨ। ਨਗਰ ਕੀਰਤਨ ਗੁਰਦੁਆਰਾ ਬੀ ਸਟਰੀਟ ਉਤੇ ਵੀ ਰੁਕਿਆ ਜਿਥੇ ਮਨਜੀਤ ਸਿੰਘ ਬਾਸੀ, ਮਾਸਟਰ ਜਗਜੀਤ ਸਿੰਘ, ਗੁਰਨਾਮ ਸਿੰਘ ਕਾਲਕਟ, ਹਰਦੀਪ ਸਿੰਘ ਰਾਏ ਨੇ ਆਪਣੇ ਸਾਥੀਆਂ ਨਾਲ ਪੂਰੀਆਂ-ਛੋਲੇ, ਗੋਲਗੱਪਿਆਂ ਅਤੇ ਭੱਲਿਆਂ ਨਾਲ ਸੰਗਤਾਂ ਦੀ ਸੇਵਾ ਕੀਤੀ। ਭਾਂਤ ਸੁਭਾਂਤੀਆਂ ਮਿਠਾਈਆਂ ਵੀ ਹਾਜ਼ਰ ਸਨ। ਵਾਲੀਬਾਲ ਦੀ ਟੀਮ ਵਲੋਂ ਮੱਕੀ ਦੀਆਂ ਝੱਲੀਆਂ ਵਰਤਾਈਆਂ ਗਈਆਂ। ਜਰਨੈਲ ਸਿੰਘ ਲਾਲੜੀਆਂ ਪਰਿਵਾਰ ਨੇ ਆਈਸਕ੍ਰੀਮ ਦੀ ਸੇਵਾ ਕੀਤੀ। ਲੱਛਰ ਭਰਾਵਾਂ-ਤਰਲੋਚਨ ਸਿੰਘ ਅਤੇ ਜਸਵਿੰਦਰ ਸਿੰਘ, ਅਮਰਜੀਤ ਸਿੰਘ ਅਤੇ ਬਲਜੀਤ ਸਿੰਘ ਸਹੋਤਾ ਦੇ ਪਰਿਵਾਰ ਵਲੋਂ ਗੰਨੇ ਦੇ ਰਸ ਦੀ ਸੇਵਾ ਕੀਤੀ ਗਈ। ਬੀਬੀਆਂ ਨੇ ਵੀ ਸੇਵਾ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ। ਇੰਦਰ ਦੇਵਤਾ ਨੇ ਵੀ ਇਸ ਦਿਨ ਮਿਹਰ ਰੱਖੀ ਅਤੇ ਸੁੱਕ-ਪੁਕਾ ਹੀ ਰਿਹਾ। ਸ਼ਹਿਰ ਦੀਆਂ ਵੱਖ ਵੱਖ ਸੜਕਾਂ ਤੋਂ ਹੁੰਦਾ ਹੋਇਆ ਨਗਰ ਕੀਰਤਨ ਦੇਰ ਸ਼ਾਮ ਸਮਾਪਤ ਹੋਇਆ।

# ਜੱਸੀ ਖੰਗੂੜਾ ਵਲੋਂ ਪ੍ਰਵਾਸੀਆਂ ਦੀਆਂ ਮੰਗਾਂ ਬਾਰੇ ਭਰੋਸਾ

**ਸੈਕਰਾਮੈਂਟੋ (ਬਿਊਰੋ):** "ਮੈਂ ਖੁਦ ਪ੍ਰਵਾਸੀ ਭਾਰਤੀ ਰਿਹਾ ਹਾਂ ਤੇ ਮੈਂ ਪ੍ਰਵਾਸੀਆਂ ਦੇ ਮਸਲਿਆਂ ਤੋਂ ਚੰਗੀ ਤਰ੍ਹਾਂ ਜਾਣੂ ਹਾਂ।" ਇਹ ਵਿਚਾਰ ਹਲਕਾ ਕਿਲਾ ਰਾਏਪੁਰ ਦੇ ਵਿਧਾਇਕ ਜਸਬੀਰ ਸਿੰਘ ਜੱਸੀ ਖੰਗੂੜਾ ਨੇ ਇਥੇ ਐਨ.ਆਰ.ਆਈ. ਫਰੰਟ ਯੂ.ਐਸ.ਏ. ਵਲੋਂ ਕਰਵਾਏ ਗਏ ਇਕ ਸੈਮੀਨਾਰ ਦੌਰਾਨ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਪ੍ਰਗਟਾਏ। ਸ. ਖੰਗੂੜਾ ਨੇ ਕਿਹਾ ਕਿ ਇਸ ਵੇਲੇ ਪ੍ਰਵਾਸੀ ਪੰਜਾਬੀ ਕਈ ਤਰ੍ਹਾਂ ਦੀਆਂ ਸਮਸਿਆਵਾਂ ਵਿਚ ਘਿਰੇ ਹੋਏ ਹਨ। ਭਾਰਤ ਦਾ ਪਿਛਲੇ 66 ਸਾਲਾਂ ਦਾ ਸਿਸਟਮ ਠੀਕ ਨਹੀਂ ਰਿਹਾ। ਅਸੀਂ ਅਜ ਵੀ ਇਸ ਵਿਚ ਸੁਧਾਰ ਲਿਆਉਣਾ ਚਾਹੀਏ ਤਾਂ ਘਟੋ-ਘਟ 20 ਸਾਲ ਲਗ ਜਾਣਗੇ। ਐਨ.ਆਰ.ਆਈ. ਫਰੰਟ ਵਲੋਂ ਪ੍ਰਵਾਸੀਆਂ ਬਾਰੇ ਉਭਾਰੇ ਮਸਲਿਆਂ ਦਾ ਜ਼ਿਕਰ ਕਰਦਿਆਂ ਸ. ਖੰਗੂੜਾ ਨੇ ਕਿਹਾ ਕਿ ਮੈਂ ਅਸੈਂਬਲੀ ਵਿਚ ਇਹ ਮਸਲੇ ਰਖਾਂਗਾ ਅਤੇ ਕੇਂਦਰ ਸਰਕਾਰ ਗੋਚਰੇ ਮੰਗਾ ਬਾਰੇ ਸਬੰਧਤ ਵਿਭਾਗਾਂ ਦੇ ਮੰਤਰੀਆਂ ਨਾਲ ਰਾਬਤਾ ਕਾਇਮ ਕਰਾਂਗਾ।

ਸਮਾਗਮ ਦੇ ਸ਼ੁਰੂ ਵਿਚ ਫਰੰਟ ਦੇ ਪ੍ਰਧਾਨ ਸੁਖੀ ਘੁੰਮਣ, ਚੇਅਰਮੈਨ ਗੁਰਜਤਿੰਦਰ ਸਿੰਘ ਰੰਧਾਵਾ ਤੇ ਪੈਟਰਨ ਪਾਲ ਸਹੋਤਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। 20 ਦੇ ਕਰੀਬ ਬੁਲਾਰਿਆਂ ਨੇ ਪ੍ਰਵਾਸੀ ਪੰਜਾਬੀਆਂ ਦੀਆਂ ਸਮਸਿਆਵਾਂ ਬਾਰੇ ਵਿਚਾਰ ਰੱਖੇ। ਇਨ੍ਹਾਂ 'ਚ ਸੁਖੀ ਘੁੰਮਣ, ਗੁਰਜਤਿੰਦਰ ਸਿੰਘ ਰੰਧਾਵਾ, ਪਾਲ ਸਹੋਤਾ, ਜਤਿੰਦਰ ਪਾਲ ਸਿੰਘ ਦਿੱਲੀ ਵਾਲੇ, ਗੁਰਬਖਸ਼ੀਸ਼ ਗਰੇਵਾਲ, ਜਸੀ ਬੰਗਾ, ਹਰਬੰਸ ਸਿੰਘ ਪੰਮਾ, ਇੰਦਰਜੀਤ ਸਿੰਘ ਰੰਧਾਵਾ, ਸੁਖਵਿੰਦਰ ਸਿੰਘ ਸੰਘੇੜਾ, ਬੀਬੀ ਸੁਰਜੀਤ ਕੌਰ, ਹਰਜਿੰਦਰ ਸਿੰਘ ਧਾਮੀ, ਕੁਲਦੀਪ ਧਾਲੀਵਾਲ, ਮਦਨ ਸ਼ਰਮਾ, ਜਗਦੇਵ ਰਾਮ, ਨਰਿੰਦਰਪਾਲ ਸਿੰਘ ਹੁੰਦਲ, ਦਿਲ ਨਿੱਜਰ, ਮਹੇਸ਼ਇੰਦਰ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਧੀਰਾ ਨਿੱਜਰ ਦੇ ਨਾਂ ਸ਼ਾਮਲ ਸਨ। ਇਸ ਮੌਕੇ ਹਲਕਾ ਬਿਆਸ ਦੇ ਸਾਬਕਾ ਵਿਧਾਇਕ ਸ. ਮਨਮੋਹਨ ਸਿੰਘ ਸਠਿਆਲਾ ਨੇ ਪ੍ਰਵਾਸੀ ਪੰਜਾਬੀਆਂ ਦੀਆਂ ਸਮਸਿਆਵਾਂ ਬਾਰੇ ਗੱਲ ਕੀਤੀ।

ਸ. ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਇਸ ਵੇਲੇ ਪ੍ਰਵਾਸੀ ਪੰਜਾਬੀਆਂ ਨੂੰ ਵੀਜ਼ਾ ਤੇ ਪਾਸਪੋਰਟ ਦੀ ਸਭ ਤੋਂ ਵੱਡੀ ਸਮਸਿੱਆ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਜਾਇਦਾਦਾਂ ਤੇ ਹੋ ਰਹੇ ਕਬਜੇ, ਵਿਆਹਾਂ ਦੇ ਮਾਮਲੇ ਵੀ ਹਨ।

ਐਨ.ਆਰ.ਆਈ. ਫਰੰਟ ਦੇ ਪ੍ਰਧਾਨ ਸੁੱਖੀ ਘੁੰਮਣ ਨੇ ਕਿਹਾ ਕਿ ਫਰੰਟ ਦੇ ਇਕ ਵਫਦ ਨੇ ਪਿਛਲੇ ਸਾਲ ਦਸੰਬਰ ਵਿਚ ਦਿੱਲੀ ਵਿਦੇਸ਼ ਰਾਜ ਮੰਤਰੀ ਨੂੰ ਪ੍ਰਵਾਸੀ ਪੰਜਾਬੀਆਂ ਦੀਆਂ ਸਮਸਿਆਵਾਂ






ਸੰਬੰਧੀ ਮਿਲ ਕੇ ਇਕ ਮੰਗ ਪਤਰ ਦਿਤਾ ਸੀ। ਇਸ ਸੈਮੀਨਾਰ ਦੌਰਾਨ ਪ੍ਰਵਾਸੀਆਂ ਦੀਆਂ ਮੰਗਾਂ ਬਾਰੇ ਇਕ ਮੰਗ ਪੱਤਰ ਜੱਸੀ ਖੰਗੂੜਾ ਨੂੰ ਦਿਤਾ ਗਿਆ। ਇਹ ਮੰਗ ਪੱਤਰ ਡਾਕ ਰਾਹੀਂ ਵਿਦੇਸ਼ ਵਿਭਾਗ ਨੂੰ ਵੀ ਭੇਜਿਆ ਜਾ ਰਿਹਾ ਹੈ।

ਇਸ ਸੈਮੀਨਾਰ ਵਿਚ ਕੈਲੀਫੋਰਨੀਆ ਦੇ ਵਖ ਵਖ ਇਲਾਕਿਆਂ ਤੋਂ ਗੁਰਦੁਆਰਾ ਕਮੇਟੀਆਂ,



ਸਮਾਜਕ ਤੇ ਸਭਿਆਚਾਰਕ ਸੰਸਥਾਵਾਂ ਦੇ ਨੁਮਾਇੰਦੇ ਹਾਜਰ ਹੋਏ। ਸੈਮੀਨਾਰ ਉਪਰੰਤ ਐਨ.ਆਰ.ਆਈ. ਫਰੰਟ ਦੇ ਆਗੂ ਜੱਸੀ ਖੰਗੂੜਾ ਨੂੰ ਪਿਛਲੇ ਦਿਨੀਂ ਅਨਪਛਾਤੇ ਵਿਅਕਤੀਆਂ ਹਥੋਂ ਮਾਰੇ ਗਏ ਸ. ਸੁਰਿੰਦਰ ਸਿੰਘ ਦੇ ਘਰ ਲੈ ਕੇ ਗਏ ਜਿੱਥੇ ਉਨ੍ਹਾਂ ਪਰਿਵਾਰ ਨਾਲ ਦੁਖ ਸਾਂਝਾ ਕੀਤਾ।

### ਜੱਸੀ ਖੰਗੂੜਾ ਸੈਨ ਹੋਜ਼ੇ 'ਚ

**ਸੈਨ ਹੋਜ਼ੇ (ਚਰਨਜੀਤ ਸਿੰਘ ਪੰਨੂ):** ਪੰਜਾਬ ਦੇ ਵਿਧਾਇਕ ਜੱਸੀ ਖੰਗੂੜਾ ਨੇ ਕੈਲੀਫੋਰਨੀਆ ਦੇ ਆਪਣੇ ਸੰਖੇਪ ਜਿਹੇ ਨਿੱਜੀ ਦੌਰੇ ਦੌਰਾਨ ਲਾਸ ਏਂਜਲਸ, ਫਰਿਜ਼ਨੋ, ਸੈਨ ਹੋਜ਼ੇ ਅਤੇ ਸੈਕਰਾਮੈਂਟੋ ਵਿਖੇ ਵੱਖ ਵੱਖ ਅਦਾਰਿਆਂ ਤੇ ਉਘੀਆਂ ਸ਼ਖਸ਼ੀਅਤਾਂ ਨਾਲ ਐਨ ਆਰ ਆਈ ਪੰਜਾਬੀਆਂ ਨੂੰ ਦਰਪੇਸ਼ ਮੁਸ਼ਕਿਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ।

ਸ. ਖੰਗੂੜਾ ਸੈਨ ਹੋਜ਼ੇ ਗੁਰੂ ਘਰ ਦੇ ਦਰਸ਼ਨਾਂ ਲਈ ਵੀ ਗਏ ਅਤੇ ਗੁਰਦੁਆਰੇ ਦੇ ਏਨੇ ਵੱਡੇ ਸੁੰਦਰ ਪ੍ਰੋਜੈਕਟ ਨੂੰ ਸਿਰੇ ਚੜ੍ਹਾਉਣ ਲਈ ਸਮੂਹ ਸੰਗਤ ਤੇ ਪ੍ਰਬੰਧਕੀ ਕਮੇਟੀ ਨੂੰ ਵਧਾਈ ਦਿੱਤੀ। ਉਨ੍ਹਾਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਰੇਡੀਓ ਚੜਦੀ ਕਲਾ ਦੇ ਮੇਜ਼ਬਾਨ ਬਲਬੀਰ ਸਿੰਘ ਐਮ ਏ ਨੇ ਪੰਜਾਬ ਦੀਆਂ ਸਿਆਸੀ ਆਰਥਿਕ ਤੇ ਸਮਾਜਿਕ ਪ੍ਰਸਥਿਤੀਆਂ ਬਾਰੇ ਉਨ੍ਹਾਂ ਨਾਲ ਵਿਸ਼ੇਸ਼ ਇੰਟਰਵਿਊ ਬਰਾਡਕਾਸਟ ਕੀਤੀ।

ਡਾ. ਦਲਵੀਰ ਸਿੰਘ ਪੰਨੂ ਡੀ ਡੀ ਐਸ ਨਾਲ ਰੇਡੀਓ ਮੁਲਾਕਾਤ ਦੌਰਾਨ ਉਨ੍ਹਾਂ ਪੰਜਾਬੀਆ ਦੀ ਮਿਹਨਤ ਦੀ ਤਾਰੀਫ ਕਰਦਿਆਂ ਆਪਣੀਆਂ ਸੇਵਾਵਾਂ ਦੀ ਪੇਸ਼ਕਸ ਕੀਤੀ।

# ਮਨਪ੍ਰੀਤ ਦੀ ਰੈਲੀ ਨੇ ਨਵੀਂ ਚਰਚਾ ਛੇੜੀ

ਅਜਾਈਂ ਨਾ ਜਾਣ ਦਿੰਦਿਆਂ ਅਕਾਲੀ ਦਲ ਅਤੇ ਕਾਂਗਰਸ ਨੇ ਵੀ ਰੈਲੀਆਂ ਕਰਨ ਦਾ ਫ਼ੈਸਲਾ ਕਰ ਲਿਆ ਜਿਸ ਕਰਕੇ ਮਨਪ੍ਰੀਤ ਨੇ ਸਿਆਸੀ ਸੂਝ ਦਾ ਸਬੂਤ ਦਿੰਦਿਆਂ ਆਪਣੀ ਰੈਲੀ 27 ਮਾਰਚ ਨੂੰ ਕਰਨ ਦਾ ਐਲਾਨ ਕਰ ਦਿੱਤਾ। ਇਨ੍ਹਾਂ ਰੈਲੀਆਂ ਲਈ ਦੋ ਮਹੀਨੇ ਪਹਿਲਾਂ ਹੀ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਸਨ ਤੇ ਪਾਰਟੀਆਂ ਦੇ ਸੀਨੀਅਰ ਆਗੂਆਂ ਨੇ ਹਰ ਹਲਕੇ 'ਚ ਪਹੁੰਚ ਕੇ ਲੋਕਾਂ ਨੂੰ ਲਾਮਬੰਦ ਕੀਤਾ ਗਿਆ। ਉਂਜ ਰੈਲੀ 'ਚ ਲੋਕਾਂ ਦੀ ਗਿਣਤੀ ਪੱਖੋਂ ਅਕਾਲੀ ਦਲ (ਬਾਦਲ) ਤੋਂ ਬਾਗੀ ਹੋਇਆ ਮਨਪ੍ਰੀਤ ਬਾਦਲ ਸਭ ਨੂੰ ਮਾਤ ਦੇ ਗਿਆ ਹੈ। ਅਕਾਲੀ ਦਲ (ਬਾਦਲ) ਅਤੇ ਕਾਂਗਰਸ ਨੇ ਆਪਣੇ ਪੰਡਾਲ ਚਾਰ-ਚਾਰ ਏਕੜ 'ਚ ਲਾਏ ਸਨ ਜਦਕਿ ਮਨਪ੍ਰੀਤ ਨੇ 27 ਮਾਰਚ ਨੂੰ ਕੀਤੀ ਆਪਣੀ ਰੈਲੀ ਲਈ 12 ਏਕੜ 'ਚ ਪੰਡਾਲ ਲਾਇਆ। ਉਂਜ ਸਰਕਾਰ ਨੇ ਮਨਪ੍ਰੀਤ ਦੀ ਰੈਲੀ ਨੂੰ ਤਾਰਪੀਡੋ ਕਰਨ ਲਈ ਕੋਈ ਕਸਰ ਨਾ ਛੱਡੀ ਤੇ ਖੇਤਰੀ ਟਰਾਂਸਪੋਰਟ ਅਧਿਕਾਰੀਆਂ, ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀਆਂ, ਸੀ.ਆਈ.ਡੀ. ਦੇ ਮੁਲਾਜ਼ਮਾਂ ਤੇ ਪੰਜਾਬ ਪੁਲਿਸ ਦੇ ਅਫਸਰਾਂ ਰਾਹੀਂ ਨਿੱਜੀ ਟਰਾਂਸਪੋਰਟਰਾਂ 'ਤੇ ਰੈਲੀ ਲਈ ਬੱਸਾਂ ਨਾ ਦੇਣ ਲਈ ਦਬਾਅ ਪਾਇਆ। ਜ਼ਿਲ੍ਹਾ ਟਰਾਂਸਪੋਰਟ ਅਫਸਰਾਂ ਨੇ ਟਰਾਂਸਪੋਰਟਰਾਂ ਨੂੰ ਧਮਕਾਇਆ ਕਿ ਖਟਕੜ ਕਲਾਂ ਲਈ ਬੱਸਾਂ ਦਿੱਤੀਆਂ ਤਾਂ ਚਲਾਨ ਕੱਟ ਦਿੱਤੇ ਜਾਣਗੇ। ਮਨਪ੍ਰੀਤ ਨੇ ਟਰਾਂਸਪੋਰਟ ਕੰਪਨੀਆਂ ਦੇ ਨਾਂ ਲੈਂਦਿਆਂ ਦੋਸ਼ ਲਾਇਆ ਕਿ ਪ੍ਰਸ਼ਾਸਨ ਨੇ 2000 ਬੱਸਾਂ ਨੂੰ ਰੈਲੀ ਵਿਚ ਆਉਣ ਤੋਂ ਰੋਕਿਆ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸਰਕਾਰ ਦੀ ਸ਼ਹਿ 'ਤੇ ਰੈਲੀ ਵਾਲੀ ਥਾਂ 'ਤੇ ਪਾਣੀ ਛੱਡ ਦਿੱਤਾ ਗਿਆ।

ਇਸ ਰੈਲੀ 'ਚ ਮਨਪ੍ਰੀਤ ਬਾਦਲ ਨੇ 'ਜਾਗੋ ਪੰਜਾਬ ਯਾਤਰਾ' ਦੌਰਾਨ ਜਿਹੜਾ ਨਿਜ਼ਾਮ ਬਦਲਣ ਦਾ ਨਾਅਰਾ ਦਿੱਤਾ ਸੀ ਉਸ ਨੂੰ ਅੰਜਾਮ ਦੇਣ ਲਈ ਪੰਜਾਬ ਪੀਪਲਜ਼ ਪਾਰਟੀ ਬਣਾ ਲਈ ਹੈ। ਇਸ ਪਾਰਟੀ ਦੇ ਏਜੰਡੇ 'ਚ ਉਹ ਸਾਰੀਆਂ ਗੱਲਾਂ ਸ਼ਾਮਲ ਹਨ ਜੋ ਮਨਪ੍ਰੀਤ ਲੋਕ ਕਚਹਿਰੀ 'ਚ ਲੈ ਕੇ ਗਏ ਸਨ ਤੇ ਉਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਮਨਪ੍ਰੀਤ ਬਾਦਲ ਦੇ ਇਸ ਸ਼ਕਤੀ ਪ੍ਰਦਰਸ਼ਨ ਤੋਂ ਬਾਅਦ ਅਕਾਲੀ ਦਲ ਅਤੇ ਕਾਂਗਰਸ ਨੂੰ ਵੱਡੀ ਚੁਣੌਤੀ ਮਿਲਣ ਦਾ ਡਰ ਸਤਾਉਣ ਲੱਗਾ ਹੈ। ਇਹੋ ਕਾਰਨ ਹੈ ਕਿ ਸਾਰੀਆਂ ਸਿਆਸੀ ਧਿਰਾਂ ਦਾ ਧਿਆਨ ਹੁਣ ਮਨਪ੍ਰੀਤ ਵੱਲ ਹੈ। ਪਹਿਲਾਂ ਦੋਵੇਂ ਪਾਰਟੀਆਂ ਮਨਪ੍ਰੀਤ ਬਾਦਲ ਦੀ ਸਿਆਸੀ ਹੋਂਦ ਮੰਨਣ ਲਈ ਹੀ ਤਿਆਰ ਨਹੀਂ ਸਨ ਪਰ ਹੁਣ ਨਵੇਂ ਉਠੇ ਇਸ ਤੁਫਾਨ ਦੇ ਖ਼ਤਰੇ ਦਾ ਇਸ਼ਾਰਾ ਇਕ-ਦੂਜੇ ਵੱਲ ਕਰ ਰਹੀਆਂ ਹਨ। ਅਸਲ 'ਚ ਸਰਕਾਰੀ ਜ਼ੋਰ-ਜ਼ਬਰ ਕਰਕੇ ਜਦੋਂ ਮਨਪ੍ਰੀਤ ਲੋਕਾਂ ਦੀ ਕਚਹਿਰੀ 'ਚ ਆਇਆ ਸੀ ਤਾਂ ਉਸ ਨੂੰ ਸੁਣਨ ਆਉਣ ਵਾਲਿਆਂ ਦੀ ਤਦਾਦ ਬਹੁਤੀ ਨਹੀਂ ਸੀ। ਫਿਰ 14 ਨਵੰਬਰ ਨੂੰ 'ਜਾਗੋ ਪੰਜਾਬ ਯਾਤਰਾ' ਦੇ ਐਲਾਨ ਤੋਂ ਇਕ ਮਹੀਨੇ ਮਗਰੋਂ ਹੀ ਹਵਾ ਦਾ ਰੁਖ਼ ਬਦਲ ਗਿਆ। ਛੇਤੀ ਹੀ ਸੁਖਬੀਰ ਨੂੰ ਆਪਣੇ ਝੁਰਮਟ ਦੀ ਸਲਾਮਤੀ ਦੀ ਫਿਕਰ ਪੈ ਗਈ। ਸਖ਼ਤ ਪਹਿਰੇ ਦੇ ਬਾਵਜੂਦ ਅਕਾਲੀ ਦਲ ਦੇ ਕਿਲੇ 'ਚ ਤਰੇੜਾਂ ਪੈਣੀਆਂ ਸ਼ੁਰੂ ਹੋ ਗਈਆਂ।

ਮਨਪ੍ਰੀਤ ਬਾਦਲ ਨੇ ਹੁਣ ਖੁੱਲ੍ਹ ਕੇ ਸਾਹਮਣੇ ਆਉਂਦਿਆਂ ਆਪਣੇ ਤਾਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਖਰੀਆਂ-ਖਰੀਆਂ ਸੁਣਾਈਆਂ ਹਨ। ਮੰਤਰੀ ਮੰਡਲ 'ਚੋਂ ਕੱਢੇ ਜਾਣ ਦੀ ਕਾਰਵਾਈ ਬਾਰੇ ਮਨਪ੍ਰੀਤ ਨੇ ਕਿਹਾ ਹੈ ਕਿ ਕਰਜ਼ਾ ਮੁਆਫ਼ੀ ਦੇ ਮੁੱਦੇ 'ਤੇ ਸਰਕਾਰ ਨੇ ਜੋ ਰੁਖ਼ ਅਪਨਾਇਆ ਸੀ, ਉਸ ਤੋਂ ਮੁੱਖ ਮੰਤਰੀ ਦੀ ਸਿਆਣਪ 'ਤੇ ਬਹੁਤ ਦੁੱਖ ਹੋਇਆ। ਉਨ੍ਹਾਂ ਸਪਸ਼ਟ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਿਆਣਪ ਅਤੇ ਸੂਝ-ਬੂਝ 'ਤੇ ਤਰਸ ਆਉਂਦਾ ਹੈ। ਉਨ੍ਹਾਂ ਕਿਹਾ ਕਿ ਧਰਮ ਦੇ ਨਾਂ 'ਤੇ ਰਾਜਨੀਤੀ ਕਰਨ ਵਾਲੇ ਆਗੂਆਂ ਨੂੰ ਇਸ ਗੱਲ ਦਾ ਜ਼ਰੂਰ ਡਰ ਹੈ ਕਿ ਲੋਕ ਜਾਗ ਨਾ ਪੈਣ ਤੇ ਉਹ ਲੋਕ ਚਾਹੁੰਦੇ ਹਨ ਕਿ ਲੋਕ ਅਗਿਆਨ ਦੀ ਗੂੜ੍ਹੀ ਨੀਂਦ ਸੁੱਤੇ ਰਹਿਣ, ਨਸ਼ਿਆਂ ਦੇ ਆਦੀ ਬਣੇ ਰਹਿਣ ਪਰ ਮੈਂ ਲੋਕਾਂ ਨੂੰ ਜਗਾਉਣ ਤੁਰਿਆ ਹਾਂ ਤੇ ਕਾਮਯਾਬ ਹੋਵਾਂਗਾ। ਉਨ੍ਹਾਂ ਕਿਹਾ ਕਿ ਪਾਰਟੀ ਦੇ ਸੰਵਿਧਾਨ ਮੁਤਾਬਕ 70 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਵਿਅਕਤੀ ਮੰਤਰੀ ਨਹੀਂ ਬਣੇਗਾ ਤੇ ਉਸ ਦੇ ਪ੍ਰਧਾਨ ਉਪਰ ਭ੍ਰਿਸ਼ਟਾਚਾਰ ਦਾ ਕੋਈ ਦੋਸ਼ ਨਹੀਂ ਹੋਣਾ ਚਾਹੀਦਾ। ਪਾਰਟੀ ਮੈਰਿਟ ਦੇ ਆਧਾਰ 'ਤੇ ਕੰਮ ਕਰੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਜੇ ਲੋਕ ਉਨ੍ਹਾਂ ਨੂੰ ਇਵੇਂ ਹੀ ਸਾਥ ਦਿੰਦੇ ਰਹੇ ਤਾਂ ਪੰਜਾਬ 'ਚ ਅਗਲੇ 11 ਮਹੀਨਿਆਂ ਬਾਅਦ ਲੋਕ-ਪੱਖੀ ਸਰਕਾਰ ਹੋਵੇਗੀ।

# ਸ਼ਹੀਦਾਂ ਦੀ ਵਿਰਾਸਤ ਸੰਭਾਲਣ ਤੋਂ ਭੱਜੀਆਂ ਸਰਕਾਰਾਂ

**ਲੁਧਿਆਣਾ (ਬਿਊਰੋ):** ਖਟਕੜ ਕਲਾਂ ਵਿਖੇ ਸ਼ਹੀਦਾਂ ਦੀ ਵਿਰਾਸਤ ਦੇ ਵਾਰਸ ਅਖਵਾਉਣ ਲਈ ਅਕਾਲੀ ਦਲ ਤੇ ਕਾਂਗਰਸ ਵੱਲੋਂ ਭਾਵੇਂ ਅੱਡੀ ਚੋਟੀ ਦਾ ਜ਼ੋਰ ਲਾਇਆ ਗਿਆ ਪਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸਾਥੀ ਸ਼ਹੀਦ ਸੁਖਦੇਵ ਦੇ ਲੁਧਿਆਣਾ ਸਥਿਤ ਜੱਦੀ ਘਰ ਦੀਆਂ ਘੁਣ ਖਾਧੀਆਂ ਚੁਗਾਠਾਂ ਤੇ ਖਸਤਾ ਹਾਲਤ ਅੱਗੇ ਇਹ ਯਤਨ ਬੌਣੇ ਹੋ ਕੇ ਰਹਿ ਗਏ।

ਇਥੇ ਚੌੜਾ ਬਾਜ਼ਾਰ ਲੰਘ ਕੇ ਤੰਗ ਜਿਹੀ ਗਲੀ ਵਿਚ ਸਥਿਤ ਸ਼ਹੀਦ ਦੇ ਇਸ ਘਰ ਦੀ ਹਾਲਤ ਬੜੀ ਤਰਸਯੋਗ ਹੈ। ਸ਼ਹਿਰ ਦੇ ਹੀ ਸਭਿਆਚਾਰ, ਸੈਰ ਸਪਾਟਾ ਤੇ ਪੁਰਾਤਤਵ ਵਿਭਾਗ ਦੇ ਮੰਤਰੀ ਹੀਰਾ ਸਿੰਘ ਗਾਬੜੀਆ ਵੱਲੋਂ ਇਸ ਨੂੰ ਕੌਮੀ ਸਮਾਰਕ ਐਲਾਨ ਕਰਵਾ ਕੇ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਸਰਕਾਰ ਦੇ ਸਿਰ ਲੈਣ ਦਾ ਵਾਅਦਾ ਕੀਤਾ ਗਿਆ ਸੀ ਪਰ ਉਹ ਕਦੇ ਵਫ਼ਾ ਨਾ ਹੋਇਆ। 23 ਮਾਰਚ ਨੂੰ ਇਸ ਸਮਾਰਕ 'ਤੇ ਮੰਤਰੀ ਵੱਲੋਂ ਅੱਗੇ ਵਾਂਗ ਸਿਜਦਾ ਕਰਨ ਲਈ ਵੀ ਨਾ ਪੁੱਜਣ 'ਤੇ ਸ਼ਹਿਰ ਵਾਸੀ ਦੁਖੀ ਹੋਏ। ਸ਼ਹੀਦ ਸੁਖਦੇਵ ਦੇ ਘਰ ਦੇ ਬਾਹਰ ਸਥਿਤ ਉਸ ਦੀ ਮੂਰਤੀ ਵੀ ਦੇਸ਼ ਭਗਤ ਯਾਦਗਾਰ ਸੁਸਾਇਟੀ ਜਲੰਧਰ ਦੀ ਹੀ ਦੇਣ ਹੈ।



ਸ਼ਹੀਦ ਦੀ ਇਸ ਜਨਮ ਭੋਇੰ ਨੂੰ ਆਪਣੇ ਯਤਨਾਂ ਨਾਲ ਇਸ ਵਿਚ ਬੈਠੇ ਕਿਰਾਏਦਾਰਾਂ ਤੋਂ ਖਾਲੀ ਕਰਵਾ ਕੇ ਇਸ ਦੀ ਆਪਣੇ ਪੱਧਰ 'ਤੇ ਸਾਂਭ-ਸੰਭਾਲ ਕਰ ਰਹੇ ਸ਼ਹੀਦ ਸੁਖਦੇਵ ਥਾਪਰ ਮੈਮੋਰੀਅਲ ਟਰੱਸਟ ਦੇ ਪ੍ਰਧਾਨ ਅਸ਼ੋਕ ਥਾਪਰ ਨੇ ਕਿਹਾ ਕਿ ਦੋ ਦਹਾਕੇ ਤੋਂ ਇਸ ਯਾਦਗਾਰ ਨੂੰ ਸੰਭਾਲਣ ਦੇ ਐਲਾਨ ਤਾਂ ਬਹੁਤ ਹੋ ਰਹੇ ਹਨ ਪਰ ਆਖਰ 'ਤੇ ਆ ਕੇ ਉਨ੍ਹਾਂ ਨੂੰ ਹੀ ਹਰ ਸਾਲ ਇਸ ਦੀ ਸਾਂਭ-ਸੰਭਾਲ ਕਰਨੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਯਾਦਗਾਰ ਨੂੰ ਸੰਭਾਲਣਾ ਤਾਂ ਦੂਰ ਦੀ ਗੱਲ ਅੱਜ ਤੱਕ ਇਸ ਨੂੰ ਆਉਂਦੇ ਰਸਤੇ 'ਤੇ ਕੋਈ ਦਿਸ਼ਾ ਸੂਚਕ ਬੋਰਡ ਲਾਉਣ ਦੀ ਲੋੜ ਵੀ ਨਹੀਂ ਸਮਝੀ ਗਈ। ਨੇੜੇ ਸਥਿਤ ਪੀ.ਐਨ.ਬੀ.ਬੈਂਕ ਅੱਗਿਓਂ ਇਸ ਯਾਦਗਾਰ ਨੂੰ ਰਸਤਾ ਲੈ ਕੇ ਦੇਣ ਦੀ ਮੰਗ 'ਤੇ ਜ਼ਿਲ੍ਹਾ ਪ੍ਰਸ਼ਾਸਨ ਜਾਂ ਸਰਕਾਰ ਵੱਲੋਂ ਅੱਜ ਤੱਕ ਸੰਜੀਦਗੀ ਨਹੀਂ ਦਿਖਾਈ ਗਈ। ਸੁਖਦੇਵ ਦਾ ਮਾਤਾ ਰੱਲੀ ਦੇਵੀ ਤੇ ਪਿਤਾ ਰਾਮ ਲਾਲ ਦੇ ਇਸ ਘਰ ਵਿਚ ਜਨਮ ਹੋਇਆ ਸੀ ਤੇ ਉਹ ਇਸ ਥਾਂ 5 ਸਾਲ ਦੀ ਉਮਰ ਤੱਕ ਰਹੇ ਸਨ। ਉਸ ਦੀ ਚਚੇਰੀ ਭੈਣ ਸ਼ਾਂਤਾ ਝਾਂਜੀ ਉਸ ਦੀ ਯਾਦਗਾਰ ਬਣਦੇ ਦੇਖਣ ਦਾ ਸੁਪਨਾ ਦਿਲ ਵਿਚ ਹੀ ਲੈ ਕੇ ਤੁਰ ਗਈ ਪਰ ਅਜੇ ਤੱਕ ਸਰਕਾਰ ਨੂੰ ਜਾਗ ਨਹੀਂ ਆਈ। ਕੁਝ ਸਮਾਂ ਪਹਿਲਾਂ ਸਰਕਾਰ ਵੱਲੋਂ ਇਸ ਯਾਦਗਾਰ ਲਈ 10 ਲੱਖ ਰੁਪਏ ਭੇਜੇ ਤਾਂ ਗਏ ਪਰ ਅੱਜ ਤੱਕ ਉਹ ਖ਼ਜ਼ਾਨੇ ਵਿਚੋਂ ਹੀ ਨਹੀਂ ਨਿਕਲ ਸਕੇ। ਫਿਰ ਪਿਛਲੇ ਸਾਲ ਇਸ ਯਾਦਗਾਰ ਦੇ ਆਲੇ ਦੁਆਲੇ ਨੂੰ ਸੁੰਦਰ ਬਣਾਉਣ ਲਈ 20 ਲੱਖ ਰੁਪਏ ਦੀ ਰਾਸ਼ੀ ਐਲਾਨੀ ਗਈ ਪਰ ਉਹ ਵੀ ਅਜੇ ਤੱਕ ਇੱਥੇ ਨਹੀਂ ਪੁੱਜੀ।

## ਅਜੇ ਵੀ ਰੁਲ ਰਹੇ ਨੇ ਆਜ਼ਾਦੀ ਦੇ ਪਰਵਾਨੇ

**ਫਿਰੋਜ਼ਪੁਰ:** ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸਹਾਇਤਾ ਕਰਨ ਵਾਲੇ ਹਰਬੰਸ ਸਿੰਘ ਨੂੰ ਜ਼ਿੰਦਗੀ ਮੰਦੜੇ ਹਾਲੀਂ ਬਿਤਾਉਣੀ ਪੈ ਰਹੀ ਹੈ। ਅੰਗਰੇਜ਼ਾਂ ਦੇ ਰਾਜ ਸਮੇਂ ਇਨਕਲਾਬੀ ਸੁਤੰਤਰਤਾ ਸੰਗਰਾਮੀਆਂ ਦੀ ਮਦਦ ਕਰਨ ਦੇ 'ਦੋਸ਼' ਵਿਚ ਪੁਲਿਸ ਨੇ ਉਸ 'ਤੇ ਤਸ਼ੱਦਦ ਢਾਹਿਆ ਸੀ ਪਰ ਹੁਣ ਦੀਆਂ ਸਰਕਾਰ ਨੇ ਉਸ ਵੱਲੋਂ ਦੇਸ਼ ਲਈ ਘਾਲੀ ਘਾਲਣਾ ਨੂੰ ਮਾਨਤਾ ਨਹੀਂ ਦਿੱਤੀ। ਫਿਰੋਜ਼ਪੁਰ ਦੇ ਗਾਂਧੀ ਨਗਰ ਵਿਚ ਪੰਜ ਮਰਲੇ ਦੇ ਘਰ ਵਿਚ ਆਪਣੇ ਪੁੱਤਰ ਤੇ ਚਾਰ ਪੋਤਿਆਂ ਨਾਲ ਰਹਿ ਰਹੇ ਹਰਬੰਸ ਸਿੰਘ ਨੂੰ ਪੰਜਾਬ ਦੇ ਕਿ ਮੰਤਰੀ ਨੇ ਕਾਫੀ ਸਮਾਂ ਪਹਿਲਾਂ ਲੱਖ ਰੁਪਏ ਦੀ ਮਦਦ ਦੇਣ ਦਾ ਵਾਅਦਾ ਕੀਤਾ ਸੀ ਪਰ ਇਹ ਵਾਅਦਾ ਹਾਲੇ ਤਕ ਵਫ਼ਾ ਨਹੀਂ ਹੋ ਸਕਿਆ।

ਮੂਲ ਰੂਪ ਵਿਚ ਲਾਹੌਰ ਜ਼ਿਲ੍ਹੇ ਦੇ ਪਿੰਡ ਬਾਗੜੀਆਂ ਦੇ ਜੰਮਪਲ ਹਰਬੰਸ ਸਿੰਘ ਦੀ ਉਮਰ 100 ਸਾਲ ਨੂੰ ਪਾਰ ਕਰ ਚੁੱਕੀ ਹੈ। ਅੰਗਰੇਜ਼ਾਂ ਦੇ ਰਾਜ ਸਮੇਂ ਪੁਲਿਸ ਜਦੋਂ ਵੀ ਦੇਸ਼ ਭਗਤਾਂ ਦੀ ਫੜੋ-ਫੜੀ ਸ਼ੁਰੂ ਕਰਦੀ ਤਾਂ ਉਨ੍ਹਾਂ ਦੇ ਘਰ 'ਤੇ ਵੀ ਛਾਪਾ ਵੱਜਦਾ ਸੀ। ਹਰਬੰਸ ਸਿੰਘ ਅਨੁਸਾਰ, "ਇਕ ਵਾਰ 1927 ਵਿਚ ਲਾਹੌਰ ਪੁਲੀਸ ਨੇ ਸਾਡੇ ਘਰ 'ਤੇ ਛਾਪਾ ਮਾਰਿਆ। ਪੁਲਿਸ ਨੇ ਕੁੱਟ-ਕੁੱਟ ਕੇ ਮੇਰੀ ਸੱਜੀ ਬਾਂਹ ਤੋੜ ਦਿੱਤੀ ਤੇ ਉਂਗਲਾਂ ਮਰੋੜ ਦਿੱਤੀਆਂ ਜਿਸ ਕਰਕੇ ਇਸ ਹੱਥ ਤੋਂ ਪੂਰਾ ਕੰਮ ਨਹੀਂ ਹੁੰਦਾ।" ਉਸ ਅਨੁਸਾਰ ਉਹ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਖਾਣਾ ਖਵਾਉਣ ਤੋਂ ਬਾਅਦ ਹੀ ਆਪ ਖਾਣਾ ਖਾਂਦਾ ਸੀ। ਉਨ੍ਹਾਂ ਦੇ ਬਰਤਨ ਤੇ ਕੱਪੜੇ ਵੀ ਹੱਥੀਂ ਸਾਫ ਕਰਦਾ ਸੀ।

ਹਰਬੰਸ ਸਿੰਘ ਅਨੁਸਾਰ 12 ਜੁਲਾਈ 1928 ਨੂੰ ਇਕ ਵਾਰ ਫੇਰ ਉਨ੍ਹਾਂ ਨੇ ਘਰ 'ਤੇ ਪੁਲਿਸ ਨੇ ਛਾਪਾ ਮਾਰਿਆ। ਭਗਤ ਸਿੰਘ ਤੇ ਉਸ ਦੇ ਸਾਥੀ ਘਰ ਵਿਚ ਹੀ ਸਨ। ਉਸ ਨੇ ਖਾਨਾ ਕਾਸ਼ਾ ਪੁਲੀਸ ਸਟੇਸ਼ਨ, ਲਾਹੌਰ ਦੇ ਐਸ.ਐਚ.ਓ. ਮੁਹੰਮਦ ਦੀ ਅਗਵਾਈ ਹੇਠ ਆ ਰਹੀ 35 ਪੁਲਿਸ ਕਰਮੀਆਂ ਦੀ ਟੁਕੜੀ ਵਾਲੀ ਬੱਸ ਦਾ ਇੰਜਣ ਭੰਨ੍ਹ ਕੇ ਭਗਤ ਸਿੰਘ ਤੇ ਸਾਥੀਆਂ ਦੇ ਦੌੜਨ ਦਾ ਰਾਹ ਸਾਫ ਕਰ ਦਿੱਤਾ। ਤਿੰਨ ਦਿਨ ਬਾਅਦ ਪੁਲੀਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਤੇ ਬੇਤਹਾਸ਼ਾ ਕੁੱਟਮਾਰ ਕੀਤੀ। ਮੁਕੱਦਮਾ ਚਲਾਇਆ ਗਿਆ ਤੇ ਹਰਬੰਸ ਸਿੰਘ ਨੂੰ ਦੋ ਮਹੀਨੇ ਦੀ ਕੈਦ ਹੋਈ। ਐਡਵੋਕੇਟ ਕੇਦਾਰ ਨਾਥ ਨੇ ਉਸ ਦਾ ਕੇਸ ਲੜਿਆ ਸੀ। ਹਰਬੰਸ ਸਿੰਘ ਨੇ ਇਹ ਵੀ ਦੱਸਿਆ ਕਿ "ਜੇਲ੍ਹ 'ਚੋਂ ਰਿਹਾਅ ਹੋਣ ਮਗਰੋਂ ਉਹ ਭਗਤ ਸਿੰਘ ਹੁਰਾਂ ਦੇ ਫਿਰ ਸੰਪਰਕ ਵਿਚ ਆ ਗਿਆ।

# ਸ਼ਹੀਦਾਂ ਦੇ ਨਾਂ 'ਤੇ ਕਰੋੜਾਂ ਦਾ ਘਪਲਾ, 3 ਵਿਰੁਧ ਕੇਸ ਦਰਜ

**ਜਲੰਧਰ:** ਖਟਕੜ ਕਲਾਂ ਵਿਚ 2008 ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਸ਼ਤਾਬਦੀ ਸਮਾਗਮਾਂ ਦੌਰਾਨ ਹੋਏ ਕਰੋੜਾਂ ਰੁਪਏ ਘਪਲੇ ਸਬੰਧੀ ਵਿਜੀਲੈਂਸ ਪੁਲਿਸ ਨੇ ਸਮਾਗਮ ਕਰਵਾਉਣ ਵਾਲੇ ਪੰਜਾਬ ਕਲਾ ਪ੍ਰੀਸ਼ਦ ਦੇ ਤਤਕਾਲੀ ਚੇਅਰਮੈਨ ਡਾ. ਸਵਰਨ ਸਿੰਘ ਤੇ 'ਦਿ ਪ੍ਰੋਫੈਸ਼ਨਲਜ਼ ਸਟੇਜ ਮੈਨੇਜਮੈਂਟ' ਕੰਪਨੀ ਦੇ ਜਨਰਲ ਮੈਨੇਜਰ ਸਤਬੀਰ ਬਾਜਵਾ ਤੇ ਜੀ.ਐਮ. ਐਂਟਰਟੇਨਮੈਂਟ ਨਾਂ ਦੀ ਕੰਪਨੀ ਦੇ ਵਿਕਾਸ ਮਹਿਰਾ ਤੇ ਸੰਜੇ ਗੇਰਾ ਖਿਲਾਫ਼ ਕੇਸ ਦਰਜ ਕਰ ਲਿਆ ਹੈ।

ਜ਼ਿਕਰਯੋਗ ਹੈ ਕਿ 27 ਸਤੰਬਰ 2008 ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਸ਼ਤਾਬਦੀ ਸਮਾਗਮ 'ਤੇ 3.5 ਕਰੋੜ ਰੁਪਏ ਖਰਚ ਕਰ ਦਿੱਤੇ ਗਏ ਸਨ ਜਿਨ੍ਹਾਂ ਵਿਚ ਸਟੇਜ ਲਗਾਉਣ, ਲਾਈਟ ਤੇ ਸਾਊਂਡ, ਬਿਜਲੀ, ਟੈਂਟ, ਕਾਰਡਾਂ ਦੀ ਛਪਾਈ, ਹੋਰ ਤਿਆਰੀਆਂ ਤੇ ਕਲਾਕਾਰਾਂ ਦੀਆਂ ਫੀਸਾਂ ਤੇ ਆਉਣ-ਜਾਣ ਦੇ ਖਰਚੇ ਵਿਚ ਅਸਲ ਨਾਲੋਂ ਜ਼ਿਆਦਾ ਰਕਮਾਂ ਦਿਖਾ ਦਿੱਤੀਆਂ ਗਈਆਂ ਸਨ। ਇਸ ਘੁਟਾਲੇ ਦਾ ਉਦੋਂ ਪਤਾ ਲੱਗਾ, ਜਦੋਂ ਹਿਊਮਨ ਇੰਪਾਵਰਮੈਂਟ ਲੀਗ ਆਫ ਪੰਜਾਬ (ਹੈਲਪ) ਵੱਲੋਂ ਸੂਚਨਾ ਅਧਿਕਾਰ ਤਹਿਤ ਲਈ ਗਈ ਜਾਣਕਾਰੀ ਵਿਚ ਇਨ੍ਹਾਂ ਖਰਚਿਆਂ ਵਿਚ ਕੀਤੀ ਗਈ ਭਾਰੀ ਹੇਰਾਫੇਰੀ ਦਾ ਖੁਲਾਸਾ ਹੋਇਆ। ਇਸ ਖੁਲਾਸੇ ਤੋਂ ਬਾਅਦ ਇਸ ਘਪਲੇ ਦੀ ਜਾਂਚ ਪੰਜਾਬ ਵਿਜੀਲੈਂਸ ਪੁਲੀਸ ਨੂੰ ਸੌਂਪ ਦਿੱਤੀ ਗਈ। ਵਿਜੀਲੈਂਸ ਵੱਲੋਂ ਕੁਝ ਦਿਨ ਪਹਿਲਾਂ ਹੀ ਇਸ ਘਪਲੇ ਦੀ ਜਾਂਚ ਰਿਪੋਰਟ ਪੰਜਾਬ ਸਰਕਾਰ ਨੂੰ ਦੇ ਦਿੱਤੀ ਗਈ ਸੀ। ਤਿੰਨਾਂ ਵਿਅਕਤੀਆਂ ਖਿਲਾਫ਼ ਕੇਸ ਦਰਜ ਕਰਨ ਦੀ ਪੁਸ਼ਟੀ ਪੁਲੀਸ ਨੇ ਕੀਤੀ ਹੈ।

## ਦੋਸ਼ੀਆਂ ਨੂੰ ਨਹੀਂ ਬਖ਼ਸ਼ਾਂਗੇ: ਬਾਦਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਸਦਨ ਨੂੰ ਭਰੋਸਾ ਦਿੱਤਾ ਕਿ ਸਾਲ 2008 'ਚ ਸ਼ਹੀਦ ਭਗਤ ਸਿੰਘ ਦੇ ਸਮਾਗਮਾਂ ਵਿਚ ਘਪਲਾ ਕਰਨ ਵਾਲੇ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਤੋਂ ਪਹਿਲਾਂ ਵਿਰੋਧੀ ਧਿਰ ਨੇ ਖਟਕੜ ਕਲਾਂ ਵਿਚ 100 ਸਾਲਾ ਸ਼ਹੀਦੀ ਸਮਾਗਮਾਂ ਦੌਰਾਨ ਹੋਏ ਘਪਲਿਆਂ ਦੇ ਮੁੱਦੇ 'ਤੇ ਭਾਰੀ ਸ਼ੋਰ ਸ਼ਰਾਬਾ ਕੀਤਾ।

ਵਿਰੋਧੀ ਧਿਰ ਨੇ ਇਨ੍ਹਾਂ ਸਮਾਗਮਾਂ ਦੌਰਾਨ ਕਰੋੜਾਂ ਰੁਪਏ ਦਾ ਘਪਲਾ ਹੋਣ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਮੰਤਰੀ ਦੀ ਕਾਰਗੁਜ਼ਾਰੀ 'ਤੇ ਸ਼ੱਕ ਦੀ ਉਂਗਲ ਧਰਦਿਆਂ ਹੀਰਾ ਸਿੰਘ ਗਾਬੜੀਆ ਦੇ ਅਸਤੀਫ਼ੇ ਦੀ ਮੰਗ ਵੀ ਕੀਤੀ। ਵਿਰੋਧੀ ਧਿਰ ਦੇ ਹਮਲਿਆਂ ਵਿਚ ਘਿਰੀ ਸਰਕਾਰ ਨੂੰ ਜਵਾਬ ਦੇਣਾ ਪਿਆ।

ਯੂਬਾ ਸਿਟੀ ਵਿਚ ਤੁਹਾਡੀ ਆਪਣੀ ਟਾਇਰ ਅਤੇ ਆਟੋ ਰਿਪੇਅਰ ਸ਼ਾਪ
Lucky Tire & Auto Repair
ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ
909 Garden Hwy
660 Culussa Hwy


ਟਾਇਰ ਸਪੈਸ਼ਲ $99/-
ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ
ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)
ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)
ਫੋਨ:530-755-4037, 530-673-4001

Two Way Truck Wash Available
For Lease or Sale

Truck Wash in Illinois on I-80 Very Good Location with 2 Acres of Land which can be used for variety of purposes.
ਟੂ ਵੇਅ ਟਰੱਕ ਵਾਸ਼ ਸੇਲ ਜਾਂ ਲੀਜ਼ ਲਈ ਉਪਲਬਧ ਹੈ
ਇਲੀਨਾਏ ਵਿਚ ਆਈ-80 ਉਤੇ ਬਹੁਤ ਹੀ ਬਿਜ਼ੀ ਲੋਕੇਸ਼ਨ। ਨਾਲ ਲੱਗਦੀ ਦੋ ਏਕੜ ਜ਼ਮੀਨ ਸਮੇਤ। ਚੰਗੀ ਕਮਾਈ।
Contact: 815-603-5877

ਪੰਜਾਬ ਟਾਈਮਜ਼

*ਸਨਿਚਰਵਾਰ, 2 ਅਪਰੈਲ 2011*

## ਖਟਕੜ ਕਲਾਂ ਦਾ ਸਿਆਸੀ ਪਿੜ

ਐਤਕੀਂ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਖੇ ਹੋਏ ਸਮਾਗਮ ਆਮ ਸਾਲਾਂ ਵਾਲੇ ਸਮਾਗਮਾਂ ਵਰਗੇ ਨਹੀਂ ਸਨ। ਅਕਾਲੀ ਦਲ (ਬਾਦਲ) ਤੋਂ ਵੱਖ ਹੋਏ ਮਨਪ੍ਰੀਤ ਸਿੰਘ ਬਾਦਲ ਵੱਲੋਂ ਭਗਤ ਸਿੰਘ ਦਾ ਨਾਂ ਲੈ ਕੇ ਕੀਤੀ ਜਾ ਰਹੀ ਸਰਗਰਮੀ ਦਾ ਸਿਖਰ 23 ਮਾਰਚ ਵਾਲਾ ਦਿਨ ਬਣਨਾ ਸੀ ਜਿਸ ਦਿਨ ਮਨਪ੍ਰੀਤ ਨੇ ਆਪਣੀ ਨਵੀਂ ਪਾਰਟੀ ਦਾ ਐਲਾਨ ਕਰਨ ਦਾ ਐਲਾਨ ਕੀਤਾ ਹੋਇਆ ਸੀ ਪਰ ਸ਼ਰੀਕਾਂ ਦੀ ਬੁਰਛਾਗਰਦੀ ਅਤੇ ਵਧੀਕੀਆਂ ਕਾਰਨ ਉਨ੍ਹਾਂ ਆਪਣਾ ਸਮਾਗਮ 27 ਮਾਰਚ ਤੱਕ ਮੁਲਤਵੀ ਕਰ ਲਿਆ ਅਤੇ ਫਿਰ ਉਸ ਦਿਨ ਖਟਕੜ ਕਲਾਂ ਵਿਖੇ ਨਵੀਂ ਪਾਰਟੀ 'ਪੀਪਲ'ਜ਼ ਪਾਰਟੀ ਆਫ਼ ਪੰਜਾਬ' ਦਾ ਠੋਕ-ਵਜਾ ਕੇ ਐਲਾਨ ਵੀ ਕੀਤਾ। ਭਗਤ ਸਿੰਘ ਨੂੰ ਮਨਪ੍ਰੀਤ ਬਾਦਲ ਵਰਗੇ ਸਿਆਸਤਦਾਨ ਵੱਲੋਂ ਵੀ ਆਪਣਾ ਆਦਰਸ਼ ਮੰਨਣ ਨਾਲ ਇਕ ਗੱਲ ਤਾਂ ਸਪਸ਼ਟ ਹੈ ਕਿ ਪੰਜਾਬੀਆਂ ਦੇ ਵੱਡੇ ਹਿੱਸੇ ਲਈ ਭਗਤ ਸਿੰਘ ਦਾ ਅਕਸ ਅਜਿਹੇ ਨਾਇਕ ਦਾ ਹੈ ਜਿਹੜਾ ਦਲ-ਦਲ ਵਿਚ ਧਸ ਚੁੱਕੇ ਪੰਜਾਬ/ਭਾਰਤ ਦਾ ਗੱਡਾ ਕੱਢ ਸਕਦਾ ਹੈ। ਭਗਤ ਸਿੰਘ ਪੰਜਾਬ ਦਾ ਉਹ ਸ਼ਖ਼ਸ ਹੈ ਜਿਸਦਾ ਲਾਗਾ-ਦੇਗਾ ਸੱਤਾ ਤਬਦੀਲੀ ਦੀ ਥਾਂ ਮੁੱਢੋਂ-ਸੁੱਢੋਂ ਨਿਜ਼ਾਮ ਬਦਲਣ ਨਾਲ ਵਧੇਰੇ ਰਿਹਾ ਹੈ। ਉਸ ਦੇ ਸਮੁੱਚੇ ਸਿਆਸੀ ਜੀਵਨ ਦੀਆਂ ਸਰਗਰਮੀਆਂ ਇਸੇ ਗੱਲ ਦੀ ਹੀ ਗਵਾਹੀ ਭਰਦੀਆਂ ਹਨ। ਆਪਣੇ ਸੰਖੇਪ ਜਿਹੇ ਸਿਆਸੀ ਜੀਵਨ ਵਿਚ ਉਸ ਦਾ ਸਿਆਸਤ ਦੇ ਪਿੜ ਵਿਚ ਜੋ ਵਿਕਾਸ ਨਜ਼ਰੀਂ ਪੈਂਦਾ ਹੈ, ਉਸ ਤੋਂ ਉਸ ਦੀ ਸਿਆਸੀ ਸੋਝੀ ਅਤੇ ਪਕੜ ਦਾ ਪਤਾ ਲਗਦਾ ਹੈ। ਭਗਤ ਸਿੰਘ ਦੇ ਪ੍ਰਸੰਗ ਵਿਚ ਇਕ ਹੋਰ ਗੱਲ ਕਰਨ ਵਾਲੀ ਹੈ ਜਿਹੜੀ ਉਸ ਨੂੰ ਸੱਚੇ ਨਾਇਕ ਦਾ ਰੁਤਬਾ ਦਿੰਦੀ ਹੈ। ਭਗਤ ਸਿੰਘ ਆਹਲਾ ਦਰਜੇ ਦਾ ਐਕਟਿਵਿਸਟ ਅਤੇ ਜਥੇਬੰਦਕ ਹੋਣ ਦੇ ਨਾਲ-ਨਾਲ ਚਿੰਤਕ ਵੀ ਸੀ। ਇੰਨੀ ਛੋਟੀ ਉਮਰ ਵਿਚ ਉਸ ਨੇ ਦੁਨੀਆ ਭਰ ਦੇ ਇਤਿਹਾਸ 'ਤੇ ਝਾਤੀ ਮਾਰੀ ਅਤੇ ਚੱਲ ਰਹੀਆਂ ਆਜ਼ਾਦੀ ਦੀਆਂ ਲਹਿਰਾਂ ਦਾ ਮੁਤਾਲਾ ਕੀਤਾ ਅਤੇ ਇਨ੍ਹਾਂ ਲਹਿਰਾਂ ਤੋਂ ਆਪਣੀ ਲੜਾਈ ਵਿਚ ਰੂਹ ਫੂਕਣ ਦਾ ਯਤਨ ਕੀਤਾ। ਦੁਨੀਆਂ ਦਾ ਇਤਿਹਾਸ ਗਵਾਹ ਹੈ ਕਿ ਫਸਿਆ ਗੱਡਾ ਉਹੀ ਸ਼ਖ਼ਸ/ਲੀਡਰ ਕੱਢ ਸਕਣ ਦੇ ਸਮਰੱਥ ਹੁੰਦਾ ਹੈ ਜਿਸ ਵਿਚ ਐਕਟਿਵਿਜ਼ਮ ਅਤੇ ਚਿੰਤਨ ਦਾ ਸੁਮੇਲ ਹੁੰਦਾ ਹੈ। ਇਕੱਲਾ ਚਿੰਤਨ ਟਾਹਣੀ ਤੋਂ ਟੁੱਟੇ ਉਸ ਪੱਤੇ ਵਾਂਗ ਹੁੰਦਾ ਹੈ ਜਿਸ ਦੀ ਹੋਣੀ ਤਾਂ ਹਵਾ ਦਾ ਹਲਕਾ ਜਿਹਾ ਬੁੱਲਾ ਹੀ ਤੈਅ ਕਰ ਦਿੰਦਾ ਹੈ। ਦੂਜੇ, ਇਕੱਲਾ ਐਕਟਿਵਿਜ਼ਮ ਹਾਲਾਤ ਨੂੰ ਤਿੱਖਾ ਮੋੜਾ ਦੇਣ ਦੇ ਅਸਮਰਥ ਹੁੰਦਾ ਹੈ। ਭਗਤ ਸਿੰਘ 20ਵੀਂ ਸਦੀ ਦਾ ਅਜਿਹਾ ਸ਼ਾਇਦ ਇਕੱਲਾ ਸ਼ਖ਼ਸ ਹੋਇਆ ਹੈ ਜਿਹੜਾ ਚਿੰਤਨ ਅਤੇ ਐਕਟਿਵਜ਼ਮ ਦਾ ਸੁਮੇਲ ਸੀ। ਇਸ ਲਈ, ਇਹ ਗੱਲ ਤਾਂ ਤਕਰੀਬਨ ਤੈਅ ਹੀ ਹੈ ਕਿ ਪੰਜਾਬ ਦਾ ਬੇੜਾ ਬੰਨ੍ਹੇ ਲਾਉਣ ਲਈ ਤਤਪਰ ਤਾਕਤਾਂ ਨੂੰ ਖਟਕੜ ਕਲਾਂ ਦੀ ਗੇੜੀ ਮਾਰਨੀ ਪੈਣੀ ਹੈ ਅਤੇ ਭਗਤ ਸਿੰਘ ਦੇ ਵਿਚਾਰਾਂ 'ਤੇ ਝਾਤ ਵੀ ਮਾਰਨੀ ਪੈਣੀ ਹੈ। ਇਸ ਸੂਰਤ ਵਿਚ ਗੰਭੀਰਤਾ ਨਾਲ ਵਿਚਾਰਨ ਦਾ ਮੁੱਦਾ ਇਹ ਰਹਿ ਜਾਂਦਾ ਹੈ ਕਿ ਭਗਤ ਸਿੰਘ ਦਾ ਨਾਂ ਲੈ ਕੇ ਤੁਰਨ ਵਾਲੀਆਂ ਤਾਕਤਾਂ ਕਿੰਨੀਆਂ ਕੁ ਇਮਾਨਦਾਰ ਅਤੇ ਸੰਜੀਦਾ ਹਨ।

ਪੰਜਾਬ ਦੀਆਂ ਵੱਡੀਆਂ ਰਵਾਇਤੀ ਧਿਰਾਂ-ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ, ਹਰ ਸਾਲ 23 ਮਾਰਚ ਨੂੰ ਰੈਲੀਆਂ ਕਰਕੇ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇ ਸ਼ਹੀਦੀ ਦਿਹਾੜੇ ਨੂੰ ਆਪੋ-ਆਪਣੇ ਸਿਆਸੀ ਲਾਹੇ ਲਈ ਵਰਤਦੀਆਂ ਰਹੀਆਂ ਹਨ। ਭਗਤ ਸਿੰਘ ਦੀਆਂ ਲਿਖਤਾਂ ਅਤੇ ਵਿਚਾਰਾਂ ਨਾਲ ਇਨ੍ਹਾਂ ਨੇ ਕਦੀ ਵੀ ਕੋਈ ਸੰਵਾਦ ਨਹੀਂ ਰਚਾਇਆ ਅਤੇ ਨਾ ਇਨ੍ਹਾਂ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਹੀਲਾ ਕੀਤਾ ਹੈ। ਇਨ੍ਹਾਂ ਪਾਰਟੀਆਂ ਦੀਆਂ ਨੀਤੀਆਂ ਦਾ ਭਗਤ ਸਿੰਘ ਦੇ ਵਿਚਾਰਾਂ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਹੈ।

ਮਨਪ੍ਰੀਤ ਬਾਦਲ ਦੀਆਂ ਨੀਤੀਆਂ ਵੀ ਭਾਵੇਂ ਇਨ੍ਹਾਂ ਪਾਰਟੀਆਂ ਤੋਂ ਵੱਖਰੀਆਂ ਨਹੀਂ ਪਰ ਮਨਪ੍ਰੀਤ ਦੇ ਪ੍ਰਸੰਗ ਵਿਚ ਸਿਰਫ਼ ਇਕ ਹੀ ਗੱਲ ਗੌਲਣ ਵਾਲੀ ਹੈ ਅਤੇ ਉਹ ਹੈ ਵੀ ਬੜੀ ਮਹੱਤਵਪੂਰਨ। ਪਿਛਲੇ ਕੁਝ ਮਹੀਨਿਆਂ ਦੌਰਾਨ ਉਸ ਨੇ ਜਿਸ ਤਰ੍ਹਾਂ ਬੱਝਵੇਂ ਰੂਪ ਵਿਚ ਸਰਗਰਮੀ ਕੀਤੀ ਹੈ, ਉਸ ਤੋਂ ਜਾਪਦਾ ਹੈ ਕਿ ਉਸ ਦੀ ਸਿਆਸੀ ਸਰਗਰਮੀ ਨਾਲ ਪੰਜਾਬ ਵਿਚ ਫਿਲਹਾਲ ਕੋਈ ਸਿਫ਼ਤੀ ਤਬਦੀਲੀ ਤਾਂ ਭਾਵੇਂ ਨਾ ਹੋਵੇ ਪਰ ਆਉਣ ਵਾਲੀ ਸਰਕਾਰ ਨੂੰ ਆਪਣੀਆਂ ਨੀਤੀਆਂ ਵਿਚ ਜ਼ਰੂਰ ਤਬਦੀਲੀ ਕਰਨੀ ਪੈ ਸਕਦੀ ਹੈ। ਪੰਜਾਬ ਵਿਚ ਗਾਹੇ-ਬਗਾਹੇ ਤੀਜੇ ਫਰੰਟ ਦੀ ਗੱਲ ਤੁਰਦੀ ਰਹੀ ਹੈ। ਇਸ ਦਾ ਵੱਡਾ ਕਾਰਨ ਅਤੇ ਲੋੜ, ਰਵਾਇਤੀ ਪਾਰਟੀਆਂ ਵੱਲੋਂ ਲੋਕਾਂ ਦੇ ਮੁੱਦਿਆਂ/ਮਸਲਿਆਂ ਤੋਂ ਮੂੰਹ ਭੁਆਉਣਾ ਹੈ ਪਰ ਪੰਜਾਬ ਵਿਚ ਤੀਜੇ ਫਰੰਟ ਦਾ ਮੂੰਹ-ਮੱਥਾ ਨਹੀਂ ਬਣਿਆ। ਕਮਿਊਨਿਸਟ ਪਾਰਟੀਆਂ ਦਾ ਜਲੌਅ ਉਂਜ ਹੀ ਖ਼ਤਮ ਹੋ ਚੁੱਕਾ ਹੈ। ਬਲਵੰਤ ਸਿੰਘ ਰਾਮੂਵਾਲੀਆ ਨੂੰ ਕਿਸੇ ਨੇ ਗੰਭੀਰਤਾ ਨਾਲ ਲਿਆ ਹੀ ਨਹੀਂ। ਬਸਪਾ ਦਾ ਦੌਰ ਵੀ ਲੰਘ ਗਿਆ ਹੈ। ਇਸ ਤਰ੍ਹਾਂ ਦੇ ਸਿਆਸੀ ਮਾਹੌਲ ਵਿਚ ਜਦੋਂ ਮਨਪ੍ਰੀਤ ਬਾਦਲ ਲਗਾਤਾਰ ਅਤੇ ਯੋਜਨਾਬੱਧ ਤਰੀਕੇ ਨਾਲ ਸਰਗਰਮੀ ਕਰ ਰਿਹਾ ਹੈ ਤਾਂ ਸਿਆਸੀ ਪੰਡਿਤ ਉਸ ਨੂੰ ਵਜ਼ਨ ਦੇਣ ਲੱਗੇ ਹਨ ਅਤੇ ਉਸ ਬਾਰੇ ਉਨ੍ਹਾਂ ਦੀ ਰਾਏ ਵੀ ਕੁਝ-ਕੁਝ ਕੁ ਬਦਲਣ ਲੱਗੀ ਹੈ। ਖਟਕੜ ਕਲਾਂ ਵਿਚ ਮਨਪ੍ਰੀਤ ਦੇ ਇਕੱਠ ਨੂੰ ਜੇ ਮੀਟਰ ਮੰਨ ਲਿਆ ਜਾਵੇ ਤਾਂ ਲੋਕਾਂ ਦਾ ਵੀ ਉਸ ਵੱਲ ਰੁਖ਼ ਹਮਦਰਦੀ ਵਾਲਾ ਜਾਪਦਾ ਹੈ। ਉਂਜ ਵੀ ਪੰਜਾਬ ਅਤੇ ਪੰਜਾਬੀ ਅੱਜਕੱਲ੍ਹ ਜਿਸ ਤਰ੍ਹਾਂ ਦੀ ਅਧੋਗਤੀ ਵਿਚੋਂ ਲੰਘ ਰਹੇ ਹਨ, ਅਜਿਹੀ ਸਰਗਰਮੀ ਨੂੰ ਉਹ ਹਨ੍ਹੇਰੇ ਵਿਚ ਚਾਨਣ ਦੀ ਲੀਕ ਹੀ ਚਿਤਵਦੇ ਹਨ। ਦਰਅਸਲ ਸਿਆਸੀ ਖੇਤਰ ਵਿਚ ਰਵਾਇਤੀ ਪਾਰਟੀਆਂ ਦੇ ਵਿਹਾਰ ਤੋਂ ਲੋਕ ਡਾਢੇ ਅੱਕੇ ਹੋਏ ਹਨ। ਉਹ ਅਜਿਹੀ ਪਾਰਟੀ ਅਤੇ ਲੀਡਰ ਦੀ ਭਾਲ ਵਿਚ ਹਨ ਜਿਹੜਾ ਉਨ੍ਹਾਂ ਨੂੰ ਦੁਸ਼ਵਾਰੀਆਂ ਦੇ ਇਸ ਦੌਰ ਵਿਚੋਂ ਕੱਢ ਸਕਦਾ ਹੈ। ਇਸੇ ਕਰਕੇ ਹੀ ਉਨ੍ਹਾਂ ਦੇ ਚੇਤਿਆਂ ਵਿਚ ਭਗਤ ਸਿੰਘ ਦਾ ਉਹ ਬਿੰਬ ਟਿਕਿਆ ਹੋਇਆ ਹੈ ਜਿਹੜਾ ਜ਼ਾਲਮ ਹਾਕਮਾਂ ਨੂੰ ਨੰਗੇ ਧੜ ਵੰਗਾਰਦਾ ਹੈ। ਇਸ ਵੇਲੇ ਪੰਜਾਬ ਦਾ ਸਿਆਸੀ ਪਿੜ ਅਜਿਹੇ ਲੀਡਰਾਂ ਅਤੇ ਲੋਕਾਂ ਨੂੰ ਉਡੀਕ ਰਿਹਾ ਹੈ। ਇਹ ਉਡੀਕ ਅੱਜ ਦੀ ਨਹੀਂ, ਚਿਰਾਂ ਦੀ ਹੈ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਇਸ ਪਿੜ ਵਿਚ ਕੌਣ ਕਿੰਨੀ ਜਾਨ ਨਾਲ ਕੁੱਦਦਾ ਹੈ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *'ਬੁੱਕ' ਦਾ ਬੁਰਾ ਹਾਲ?*

ਆਵੇ ਚਿੱਠੀ ਮਸ਼ੀਨਾਂ ਦੀ 'ਪ੍ਰਿੰਟ' ਹੋਈ, ਲਿਖੀ ਹੱਥਾਂ ਦੀ ਕਿਧਰੇ ਦੂਰ ਹੜ੍ਹ ਗਈ।
ਵਰ ਲੱਭਦੀ 'ਨੈਟ' 'ਤੇ ਆਪਣੇ ਲਈ, ਉਹ ਵੀ ਕੁੜੀ ਜਮਾਤਾਂ ਜੋ ਚਾਰ ਪੜ੍ਹ ਗਈ।
ਲੱਕ ਤੋੜ ਕੇ ਸਾਂਝ ਦਾ 'ਪ੍ਰਾਈਵੇਸੀ', ਹਰ ਬੰਦੇ ਨੂੰ ਇਕੱਲਤਾ ਵਿਚ ਮੜ੍ਹ ਗਈ।
ਰੁਕੇ ਜ਼ਿੰਦਗੀ ਬਿਨਾ ਮਸ਼ੀਨਰੀ ਤੋਂ, ਸੈਲ ਮੁੱਕਿਆਂ ਜਿਸ ਤਰ੍ਹਾਂ ਘੜੀ ਖੜ੍ਹ ਗਈ।
ਵਧ ਗਈ 'ਨੇੜਤਾ' ਏਕਤਾ ਗਾਇਬ ਹੋਈ, ਜਾਪੇ ਹਉਮੈ ਦੀ ਭੱਠੀ ਵਿਚ ਸੜ ਗਈ।
ਨਵੇਂ ਯੁੱਗ ਨੇ ਖੋਹ ਲਈ 'ਬੁੱਕ' ਸਾਥੋਂ, 'ਫੇਸ-ਬੁੱਕ' ਦੀ ਗੁੱਡੀ ਅਕਾਸ਼ ਚੜ੍ਹ ਗਈ।

# ਹਰਿਆਣਾ ਨੇ ਪਾਣੀਆਂ 'ਤੇ ਦਾਅਵਾ ਜਤਾ ਕੇ ਫਿਰ ਮਘਾਇਆ ਮਸਲਾ

**ਸੁਰਜੀਤ ਸਿੰਘ ਗੋਪੀਪੁਰ**

***ਹਰਿਆਣਾ ਵਿਧਾਨ ਸਭਾ ਵੱਲੋਂ ਪਾਸ ਮਤਿਆਂ ਦਾ ਨਾ ਤਾਂ ਪੰਜਾਬ 'ਤੇ ਕੋਈ ਅਸਰ ਪੈਂਦਾ ਹੈ, ਨਾ ਹੀ ਇਨ੍ਹਾਂ ਦੀ ਕੋਈ ਬਹੁਤੀ ਅਹਿਮੀਅਤ ਹੈ ਕਿਉਂਕਿ ਇਹ ਸਿਰਫ਼ ਮਤੇ ਹੀ ਹਨ, ਕਾਨੂੰਨ ਨਹੀਂ। ਹੁਣ ਅਸਲ ਸਵਾਲ ਇਹ ਹੈ ਕਿ ਕੀ ਹਰਿਆਣਾ ਵਿਧਾਨ ਸਭਾ, ਪੰਜਾਬ ਦੇ ਪਾਣੀਆਂ ਬਾਰੇ ਕਿਸੇ ਤਰ੍ਹਾਂ ਦਾ ਫ਼ੈਸਲਾ ਕਰ ਸਕਦੀ ਹੈ? ਕੀ ਉਸ ਨੂੰ ਅਜਿਹੇ ਮਤੇ ਪਾਸ ਕਰਨ ਦਾ ਨੈਤਿਕ ਹੱਕ ਹੈ? ਕੀ ਉਹ ਇਸ ਬਾਰੇ ਕੋਈ ਕਾਨੂੰਨ ਬਣਾ ਸਕਦੀ ਹੈ? ਕੀ ਭਾਰਤ ਦਾ ਸੰਵਿਧਾਨ ਉਸ ਨੂੰ ਅਜਿਹੀ ਸਰਗਰਮੀ ਚਲਾਉਣ ਦਾ ਅਧਿਕਾਰ ਦਿੰਦਾ ਹੈ?***

ਹਰਿਆਣਾ ਵਿਧਾਨ ਸਭਾ ਵੱਲੋਂ ਹਾਂਸੀ-ਬੁਟਾਣਾ ਨਹਿਰ ਅਤੇ ਸਤਲੁਜ-ਜਮਨਾ ਲਿੰਕ ਨਹਿਰ ਬਾਰੇ ਪਾਸ ਕੀਤੇ ਮਤਿਆਂ ਨਾਲ ਇਕ ਵਾਰ ਫਿਰ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦਾ ਬੇਹੱਦ ਗੰਭੀਰ ਅਤੇ ਅਹਿਮ ਮੁੱਦਾ ਭਖ ਉਠਿਆ ਹੈ। ਪਹਿਲੇ ਮਤੇ ਤਹਿਤ ਹਰਿਆਣਾ ਦੇ ਵਿਧਾਇਕਾਂ ਨੇ ਸਰਬਸੰਮਤੀ ਨਾਲ ਭਾਖੜਾ ਨਹਿਰ ਵਿਚੋਂ ਸਮਾਣੇ ਨੇੜਿਉਂ ਕੱਢੀ ਗਈ ਹਾਂਸੀ-ਬੁਟਾਣਾ ਲਿੰਕ ਨਹਿਰ ਨੂੰ ਸੂਬੇ ਦੀ ਜੀਵਨ ਰੇਖਾ ਕਰਾਰ ਦਿੱਤਾ ਹੈ ਅਤੇ ਇਸ ਨੂੰ ਚਾਲੂ ਕਰਨ ਦਾ ਪ੍ਰਣ ਲਿਆ ਹੈ। ਇਹ ਲਿੰਕ ਨਹਿਰ ਹਰਿਆਣਾ ਦੇ 18 ਜ਼ਿਲ੍ਹਿਆਂ ਨੂੰ ਪਾਣੀ ਪਹੁੰਚਾਏਗੀ। ਦੂਜੇ ਮਤੇ ਵਿਚ ਸਤਲੁਜ-ਜਮਨਾ ਲਿੰਕ ਨਹਿਰ ਨੂੰ ਹਰਿਆਣੇ ਦੇ ਰਾਵੀ-ਬਿਆਸ ਦੇ ਪਾਣੀ ਦੀ ਵੰਡ ਵਿਚੋਂ ਬਣਦੇ 'ਹਿੱਸੇ' ਲਈ ਫ਼ੈਸਲਾਕੁਨ ਕੜੀ ਮੰਨਿਆ ਗਿਆ ਹੈ ਅਤੇ ਪੰਜਾਬ ਵਿਧਾਨ ਸਭਾ ਵਲੋਂ 2004 ਵਿਚ ਪਾਸ ਕੀਤੇ 'ਪੰਜਾਬ ਸਮਝੌਤਿਆਂ ਦਾ ਖ਼ਾਤਮਾ ਕਾਨੂੰਨ' (ਪੰਜਾਬ ਟਰਮੀਨੇਸ਼ਨ ਆਫ਼ ਐਗਰੀਮੈਂਟਸ ਐਕਟ-2004) ਨੂੰ 'ਬੇਅਰਥ' ਅਤੇ 'ਗ਼ੈਰ ਸੰਵਿਧਾਨਕ' ਗਰਦਾਨਿਆ ਗਿਆ ਹੈ ਜਿਸ ਨੇ ਇਸ ਨਹਿਰ ਦੀ ਮੁਕੰਮਲ ਉਸਾਰੀ ਉਤੇ ਵਕਤੀ ਤੌਰ 'ਤੇ ਰੋਕ ਲਾ ਦਿੱਤੀ ਸੀ। ਇਹ ਤਾਂ ਸਪੱਸ਼ਟ ਹੀ ਹੈ ਕਿ ਇਨ੍ਹਾਂ ਮਤਿਆਂ ਦਾ ਨਾ ਤਾਂ ਪੰਜਾਬ 'ਤੇ ਕੋਈ ਅਸਰ ਪੈਂਦਾ ਹੈ, ਨਾ ਹੀ ਇਨ੍ਹਾਂ ਦੀ ਕੋਈ ਬਹੁਤੀ ਅਹਿਮੀਅਤ ਹੈ ਕਿਉਂਕਿ ਇਹ ਸਿਰਫ਼ ਮਤੇ ਹੀ ਹਨ, ਕਾਨੂੰਨ ਨਹੀਂ। ਹੁਣ ਸਵਾਲ ਹੈ ਕਿ ਕੀ ਹਰਿਆਣਾ ਵਿਧਾਨ ਸਭਾ, ਪੰਜਾਬ ਦੇ ਪਾਣੀਆਂ ਬਾਰੇ ਕਿਸੇ ਤਰ੍ਹਾਂ ਦਾ ਫ਼ੈਸਲਾ ਕਰ ਸਕਦੀ ਹੈ? ਕੀ ਉਸ ਨੂੰ ਅਜਿਹੇ ਮਤੇ ਪਾਸ ਕਰਨ ਦਾ ਨੈਤਿਕ ਹੱਕ ਹੈ? ਕੀ ਉਹ ਇਸ ਬਾਰੇ ਕੋਈ ਕਾਨੂੰਨ ਬਣਾ ਸਕਦੀ ਹੈ? ਕੀ ਭਾਰਤ ਦਾ ਸੰਵਿਧਾਨ ਉਸ ਨੂੰ ਅਜਿਹੀ ਸਰਗਰਮੀ ਚਲਾਉਣ ਦਾ ਅਧਿਕਾਰ ਦਿੰਦਾ ਹੈ?

ਅਜਿਹੇ ਸਵਾਲਾਂ ਦਾ ਜਵਾਬ ਸੰਵਿਧਾਨ ਸਾਨੂੰ ਆਸਾਨੀ ਨਾਲ ਦੇ ਦਿੰਦਾ ਹੈ। ਪਹਿਲੀ ਗੱਲ, ਪੰਜਾਬ ਦੇ ਰਾਵੀ, ਬਿਆਸ ਅਤੇ ਸਤਲੁਜ ਦਰਿਆ ਪੰਜਾਬ, ਹਰਿਆਣਾ ਜਾਂ ਰਾਜਸਥਾਨ ਦੇ ਮਾਮਲੇ ਵਿਚ ਅੰਤਰਰਾਜੀ ਨਹੀਂ ਹਨ। ਇਸ ਹਾਲਤ 'ਚ ਸੰਵਿਧਾਨ ਮੁਤਾਬਿਕ ਦਰਿਆਈ ਪਾਣੀਆਂ 'ਤੇ ਪੂਰਾ ਹੱਕ ਸੂਬਿਆਂ ਦਾ ਹੀ ਹੈ ਅਤੇ ਇਸ ਬਾਰੇ ਫ਼ੈਸਲਾ ਉਹੀ ਸੂਬਾ ਕਰ ਸਕਦਾ ਹੈ ਜਿਸ ਵਿਚੋਂ ਦਰਿਆ ਗੁਜ਼ਰਦੇ ਹੋਣ। ਕੇਂਦਰ ਇਸ ਬਾਰੇ ਕਿਸੇ ਤਰ੍ਹਾਂ ਦਾ ਕਾਨੂੰਨ ਨਹੀਂ ਬਣਾ ਸਕਦਾ। ਸੰਵਿਧਾਨ ਦੀ ਰਾਜ ਸੂਚੀ ਦੀ 17ਵੀਂ ਮੱਦ ਤਹਿਤ ਪਾਣੀ, ਪਾਣੀ ਦੀ ਸਪਲਾਈ, ਸਿੰਜਾਈ, ਭੰਡਾਰਨ, ਨਿਕਾਸ ਅਤੇ ਪਾਣੀ ਤੋਂ ਪੈਦਾ ਹੋਣ ਵਾਲੀ ਬਿਜਲੀ ਸੂਬਿਆਂ ਦੇ ਅਖ਼ਤਿਆਰ ਵਿਚ ਆਉਂਦੀ ਹੈ। ਸਤਲੁਜ, ਰਾਵੀ ਅਤੇ ਬਿਆਸ ਕਿਉਂਕਿ ਪੰਜਾਬ ਵਿਚੋਂ ਹੀ ਲੰਘਦੇ ਹਨ, ਇਸ ਲਈ ਪੰਜਾਬ ਹੀ ਇਨ੍ਹਾਂ ਦੇ ਪਾਣੀਆਂ ਬਾਰੇ ਕੋਈ ਫ਼ੈਸਲਾ ਕਰ ਸਕਦਾ ਹੈ ਜਾਂ ਕਾਨੂੰਨ ਬਣਾ ਸਕਦਾ ਹੈ।

ਇਸ ਤੋਂ ਇਲਾਵਾ ਸੰਵਿਧਾਨ ਅਤੇ ਇਸ ਤਹਿਤ ਬਣਾਏ ਗਏ ਕਾਨੂੰਨ ਦਰਿਆਈ ਪਾਣੀਆਂ ਦੀ ਵੰਡ ਬਾਰੇ ਕੌਮਾਂਤਰੀ ਨਿਯਮਾਂ ਜਿਵੇਂ ਰਿਪੇਰੀਅਨ ਸਿਧਾਂਤ ਅਤੇ ਨਦੀ ਖੇਤਰ ਸੰਕਲਪ (ਬੇਸਿਨ ਕੰਸੈਪਟ) ਨੂੰ ਮੰਨਦੇ ਹਨ। ਭਾਰਤ ਵਿਚ ਨਰਮਦਾ ਨਦੀ ਜਲ ਵਿਵਾਦ, ਕ੍ਰਿਸ਼ਨਾ ਨਦੀ ਦਾ ਵਿਵਾਦ ਅਤੇ ਕਾਵੇਰੀ ਜਲ ਵਿਵਾਦ ਰਿਪੇਰੀਅਨ ਕਾਨੂੰਨ ਮੁਤਾਬਿਕ ਹੀ ਹੱਲ ਕੀਤੇ ਗਏ ਸਨ। ਰਿਪੇਰੀਅਨ ਸਿਧਾਂਤ ਇਹ ਕਹਿੰਦਾ ਹੈ ਕਿ ਕਿਸੇ ਵੀ ਦਰਿਆ ਦੇ ਪਾਣੀ ਨੂੰ ਵਰਤਣ ਦਾ ਹੱਕ ਉਨ੍ਹਾਂ ਲੋਕਾਂ ਨੂੰ ਹੈ ਜੋ ਇਸ ਦੇ ਕੰਢੇ 'ਤੇ ਵਸਦੇ ਹਨ ਜਾਂ ਨੇੜੇ ਰਹਿੰਦੇ ਹਨ। ਇਸ ਸਿਧਾਂਤ ਅਨੁਸਾਰ ਪੰਜਾਬ, ਸਤਲੁਜ, ਰਾਵੀ ਅਤੇ ਬਿਆਸ ਦਰਿਆਵਾਂ ਦਾ ਰਿਪੇਰੀਅਨ ਸੂਬਾ ਹੈ ਅਤੇ ਹਰਿਆਣਾ ਜਾਂ ਰਾਜਸਥਾਨ ਗ਼ੈਰ-ਰਿਪੇਰੀਅਨ ਸੂਬੇ ਹਨ।

ਗ਼ੈਰ-ਰਿਪੇਰੀਅਨ ਸੂਬੇ ਹੋਣ ਕਰਕੇ ਹਰਿਆਣਾ ਅਤੇ ਰਾਜਸਥਾਨ ਰਾਜਾਂ ਨੂੰ ਪੰਜਾਬ ਦੇ ਪਾਣੀਆਂ 'ਤੇ ਹੱਕ ਜਤਾਉਣ ਦਾ ਕੋਈ ਅਧਿਕਾਰ ਨਹੀਂ ਹੈ। ਜੇ ਨਦੀ ਖੇਤਰ ਸੰਕਲਪ ਨੂੰ ਵਿਚਾਰੀਏ ਤਾਂ ਇਸ ਅਨੁਸਾਰ ਇਕ ਨਦੀ ਖੇਤਰ ਦਾ ਪਾਣੀ ਦੂਜੇ ਨਦੀ ਖੇਤਰ ਵਿਚ ਬਨਾਵਟੀ ਤਰੀਕੇ ਨਾਲ ਨਹੀਂ ਲਿਜਾਇਆ ਜਾ ਸਕਦਾ। ਪੰਜਾਬ ਸਿੰਧ ਨਦੀ ਖੇਤਰ ਵਿਚ ਪੈਂਦਾ ਹੈ ਜਿਸ ਦੇ ਸਾਰੇ ਨਦੀਆਂ-ਨਾਲਿਆਂ ਦਾ ਨਿਕਾਸ ਅਰਬ ਸਾਗਰ ਵਿਚ ਹੁੰਦਾ ਹੈ, ਜਦੋਂ ਕਿ ਹਰਿਆਣਾ ਗੰਗ ਨਦੀ ਖੇਤਰ 'ਚ ਆਉਂਦਾ ਹੈ ਜਿਸ ਦੇ ਪਾਣੀ ਦਾ ਨਿਕਾਸ ਬੰਗਾਲ ਦੀ ਖਾੜੀ ਵਿਚ ਹੁੰਦਾ ਹੈ। ਇਸ ਅਨੁਸਾਰ ਵੀ ਹਰਿਆਣੇ ਦਾ ਪੰਜਾਬ ਦੇ ਪਾਣੀਆਂ 'ਤੇ ਦਾਅਵਾ ਅਰਥਹੀਣ ਹੋ ਜਾਂਦਾ ਹੈ।

ਇਥੇ ਹਰਿਆਣਾ ਵੱਲੋਂ ਪੰਜਾਬ ਤੋਂ ਦਰਿਆਈ ਪਾਣੀਆਂ ਦੀ ਮੰਗ ਕਰਨ ਲਈ ਜੋ ਆਧਾਰ ਘੜੇ ਗਏ ਹਨ, ਉਨ੍ਹਾਂ ਦਾ ਜ਼ਿਕਰ ਅਤੇ ਵਿਸ਼ਲੇਸ਼ਣ ਵੀ ਕਰਨਾ ਬਣਦਾ ਹੈ:

ਹਰਿਆਣਾ ਸਰਕਾਰ ਦਾ ਕਹਿਣਾ ਹੈ ਕਿ 1966 ਵਿਚ ਹੋਈ ਵੰਡ ਅਨੁਸਾਰ ਪੰਜਾਬ ਅਤੇ ਹਰਿਆਣਾ ਵਿਚਕਾਰ ਜ਼ਮੀਨ 60:40 ਵਿਚ ਵੰਡੀ ਗਈ ਹੈ। ਇਸ ਲਈ ਪੰਜਾਬ ਦੇ ਦਰਿਆਈ ਪਾਣੀਆਂ ਵਿਚੋਂ 40 ਫ਼ੀਸਦੀ ਪਾਣੀ ਹਰਿਆਣੇ ਨੂੰ ਮਿਲਣਾ ਚਾਹੀਦਾ ਹੈ।

ਦੂਜੀ ਦਲੀਲ ਹੈ, ਕੇਂਦਰ ਸਰਕਾਰ ਨੇ 1960 ਵਿਚ ਸਿੰਧ ਪਾਣੀ ਸੰਧੀ ਰਾਹੀਂ 60 ਮਿਲੀਅਨ ਪੌਂਡ ਸਟਰਲਿੰਗ ਦੇ ਕੇ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦਾ ਪਾਣੀ ਪਾਕਿਸਤਾਨ ਕੋਲੋਂ ਖਰੀਦਿਆ ਹੈ। ਇਸ ਲਈ ਇਹ ਕੇਂਦਰ ਦੀ ਮਰਜ਼ੀ ਹੈ ਕਿ ਉਹ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਜਿਥੇ ਚਾਹੇ, ਉਥੇ ਵਰਤੇ।

ਤੀਜਾ ਨੁਕਤਾ ਇਹ ਦਿੱਤਾ ਗਿਆ ਹੈ ਕਿ ਇਨ੍ਹਾਂ ਦਰਿਆਵਾਂ ਦਾ ਵਾਧੂ ਪਾਣੀ ਪਾਕਿਸਤਾਨ ਨੂੰ ਅਜਾਈਂ ਜਾ ਰਿਹਾ ਹੈ। ਇਸ ਲਈ ਪਾਕਿਸਤਾਨ ਨੂੰ ਜਾ ਰਿਹਾ ਵਾਧੂ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਦਿੱਤਾ ਜਾਣਾ ਚਾਹੀਦਾ ਹੈ।

ਚੌਥੀ ਦਲੀਲ ਹੈ, ਪੰਜਾਬ ਕੋਲ ਆਪਣੀ ਲੋੜ ਤੋਂ ਕਿਤੇ ਜ਼ਿਆਦਾ ਪਾਣੀ ਹੈ। ਇਸ ਲਈ ਇਹ ਵਾਧੂ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਦਿੱਤਾ ਜਾਵੇ ਤਾਂ ਕਿ ਉਹ ਆਪਣੇ ਖੁਸ਼ਕ ਇਲਾਕਿਆਂ ਨੂੰ ਸਿੰਜ ਸਕਣ।

ਹਰਿਆਣਾ ਦੇ ਇਸ ਦਾਅਵੇ ਵਿਚ ਕੋਈ ਦਮ ਨਹੀਂ ਹੈ ਕਿ ਪਾਣੀ ਦੋ ਸੂਬਿਆਂ ਜਾਂ ਦੇਸ਼ਾਂ ਦਰਮਿਆਨ ਜ਼ਮੀਨ ਦੇ ਅਨੁਪਾਤ ਵਿਚ ਵੰਡੇ ਜਾਣੇ ਚਾਹੀਦੇ ਹਨ, ਸਗੋਂ ਪਾਣੀ ਵੰਡਣ ਲਈ ਪਹਿਲਾਂ ਜ਼ਿਕਰ ਕੀਤੇ ਆਲਮੀ ਪੱਧਰ 'ਤੇ ਰਿਪੇਰੀਅਨ ਨਿਯਮ ਪ੍ਰਵਾਨਿਤ ਹੈ। ਇਸ ਨਿਯਮ ਮੁਤਾਬਿਕ ਹਰਿਆਣੇ ਦਾ ਪੰਜਾਬ ਦੇ ਪਾਣੀਆਂ 'ਤੇ ਕੋਈ ਹੱਕ ਨਹੀਂ ਬਣਦਾ ਕਿਉਂਕਿ ਹਰਿਆਣਾ ਗ਼ੈਰ-ਰਿਪੇਰੀਅਨ ਸੂਬਾ ਹੈ।

ਹਰਿਆਣਾ ਵੱਲੋਂ ਬਿਆਨਿਆ ਜਾਂਦਾ ਦੂਸਰਾ ਆਧਾਰ ਬਿਲਕੁਲ ਝੂਠ ਹੈ। ਸਿੰਧ ਜਲ ਸੰਧੀ ਅਧੀਨ ਕੇਂਦਰ ਸਰਕਾਰ ਵੱਲੋਂ ਪਾਕਿਸਤਾਨ ਕੋਲੋਂ ਕੋਈ ਪਾਣੀ ਨਹੀਂ ਖਰੀਦਿਆ ਗਿਆ, ਸਗੋਂ ਸੰਸਾਰ ਬੈਂਕ ਨੇ ਪਾਕਿਸਤਾਨ ਨੂੰ ਨਹਿਰੀ ਪ੍ਰਬੰਧ ਠੀਕ ਕਰਨ ਵਿਚ ਮਦਦ ਕਰਨ ਲਈ ਇਕ ਵਿਸ਼ਵ ਪੱਧਰ ਦਾ ਫੰਡ (ਸਿੰਧ ਬੇਸਿਨ ਵਿਕਾਸ ਫੰਡ) ਕਾਇਮ ਕੀਤਾ ਸੀ। ਇਸ ਫੰਡ ਵਿਚ ਜਰਮਨੀ, ਆਸਟਰੀਆ, ਕੈਨੇਡਾ, ਇੰਗਲੈਂਡ, ਅਮਰੀਕਾ ਨਿਊਜ਼ੀਲੈਂਡ ਅਤੇ ਭਾਰਤ ਸਮੇਤ ਕਈ ਮੁਲਕਾਂ ਨੇ ਆਪਣਾ ਹਿੱਸਾ ਪਾਇਆ ਸੀ।

ਤੀਜਾ ਦਾਅਵਾ ਵੀ ਬਿਲਕੁਲ ਗ਼ਲਤ ਹੈ ਕਿ ਪੰਜਾਬ ਦੇ ਦਰਿਆਵਾਂ ਦਾ ਵਾਧੂ ਪਾਣੀ ਅਜਾਈਂ ਜਾ ਰਿਹਾ ਹੈ। ਮੰਥਨ ਅਧਿਐਨ ਕੇਂਦਰ ਬਦਵਾਨੀ (ਮੱਧ ਪ੍ਰਦੇਸ਼) ਦੀ ਖੋਜ ਰਿਪੋਰਟ "ਅਨਰਿਵੈਲਿੰਗ ਭਾਖੜਾ" ਅਨੁਸਾਰ ਸਾਲ 2001-02 ਦੌਰਾਨ ਪੰਜਾਬ ਦੇ ਦਰਿਆਵਾਂ ਵਿਚ ਪਾਕਿਸਤਾਨ ਨੂੰ ਸਿਰਫ਼ 0.2 ਲੱਖ ਏਕੜ ਫੁੱਟ ਪਾਣੀ ਹੀ ਗਿਆ, ਜੋ ਬਿਲਕੁਲ ਨਾਂਮਾਤਰ ਹੈ। ਇਹ ਦਾਅਵਾ ਵੀ ਬਿਲਕੁਲ ਨਿਰਮੂਲ ਹੈ ਕਿ ਪੰਜਾਬ ਕੋਲ ਕੋਈ ਵਾਧੂ ਪਾਣੀ ਹੈ। ਪੰਜਾਬ ਨੂੰ ਘੱਟੋ-ਘੱਟ 450 ਲੱਖ ਏਕੜ ਫੁੱਟ ਸਾਲਾਨਾ ਪਾਣੀ ਦੀ ਜ਼ਰੂਰਤ ਹੈ ਜਦ ਕਿ ਪੰਜਾਬ ਆਪਣੇ ਦਰਿਆਵਾਂ ਵਿਚੋਂ ਸਿਰਫ਼ 150 ਲੱਖ ਏਕੜ ਫੁੱਟ ਪਾਣੀ ਵਰਤ ਰਿਹਾ ਹੈ। ਇਸ ਤਰ੍ਹਾਂ ਪੰਜਾਬ ਵਿਚ ਤਕਰੀਬਨ 300 ਲੱਖ ਏਕੜ ਫੁੱਟ ਪਾਣੀ ਦੀ ਕਮੀ ਹੈ।

ਇਸ ਸਮੁੱਚੇ ਦ੍ਰਿਸ਼ ਨੂੰ ਧਿਆਨ 'ਚ ਰੱਖਦਿਆਂ ਹਾਂਸੀ-ਬੁਟਾਣਾ ਨਹਿਰ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਹਰਿਆਣਾ ਨੂੰ ਅਜਿਹੀ ਨਹਿਰ ਕੱਢਣ ਦਾ ਕੋਈ ਹੱਕ ਨਹੀਂ ਹੈ। ਦੂਜਾ ਤਕਨੀਕੀ ਤੌਰ 'ਤੇ ਵੀ ਇਹ ਨਹਿਰ ਨੁਕਸ-ਭਰਪੂਰ ਹੈ ਜਿਸ ਕਾਰਨ ਹੜ੍ਹ ਆਉਣ ਦਾ ਵੱਡਾ ਖ਼ਤਰਾ ਹੈ। ਜਿਥੋਂ ਤੱਕ ਸਤਲੁਜ-ਜਮਨਾ ਲਿੰਕ ਨਹਿਰ ਦਾ ਸਵਾਲ ਹੈ, ਇਸ ਸਬੰਧੀ ਨੋਟੀਫਿਕੇਸ਼ਨ 1976 ਵਿਚ ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਜਾਰੀ ਕੀਤਾ ਗਿਆ ਸੀ ਅਤੇ ਇਸ ਦੇ ਜ਼ਰੀਏ ਹਰਿਆਣੇ ਨੂੰ 35 ਲੱਖ ਏਕੜ ਫੁੱਟ ਪਾਣੀ ਦੇਣ ਦਾ ਐਲਾਨ ਕੀਤਾ ਗਿਆ ਸੀ। 1978 ਵਿਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਹਿਰ ਦੀ ਉਸਾਰੀ ਕਰਨੀ ਮਨਜ਼ੂਰ ਕਰ ਲਈ ਸੀ ਪਰ ਬਾਅਦ ਵਿਚ ਪੰਜਾਬ ਦੇ ਹੋਰਨਾਂ ਆਗੂਆਂ ਦੇ ਦਬਾਅ ਅੱਗੇ ਝੁਕਦਿਆਂ ਉਨ੍ਹਾਂ ਨੇ ਇਹ ਉਸਾਰੀ ਕਰਵਾਉਣ ਤੋਂ ਨਾਂਹ ਕਰ ਦਿੱਤੀ। ਬਾਅਦ 'ਚ ਧਰਮ ਯੁੱਧ ਮੋਰਚੇ ਅਤੇ ਖਾੜਕੂ ਲਹਿਰ ਦੇ ਜ਼ੋਰ ਕਾਰਨ ਇਹ ਉਸਾਰੀ ਰੁਕੀ ਰਹੀ।

ਹਰਿਆਣਾ ਨੇ ਨਹਿਰ ਦੀ ਪੁਨਰ ਉਸਾਰੀ ਲਈ ਸੁਪਰੀਮ ਕੋਰਟ ਵਿਚ ਅਰਜ਼ੀ ਦਾਖ਼ਲ ਕੀਤੀ ਜਿਸ 'ਤੇ ਸੁਣਵਾਈ ਕਰਦਿਆਂ 4 ਜੂਨ 2004 ਨੂੰ ਇਸ ਅਦਾਲਤ ਨੇ ਪੰਜਾਬ ਨੂੰ 14 ਜੁਲਾਈ 2004 ਤੱਕ ਨਹਿਰ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਅਤੇ ਨਾਲ ਹੀ ਇਹ ਕਹਿ ਦਿੱਤਾ ਕਿ ਜੇਕਰ ਪੰਜਾਬ ਮਿੱਥੀ ਤਰੀਕ ਤੱਕ ਨਹਿਰ ਦੀ ਉਸਾਰੀ ਨਹੀਂ ਕਰਦਾ ਤਾਂ ਕੇਂਦਰ ਸਰਕਾਰ ਇਹ ਕੰਮ ਆਪਣੀ ਕਿਸੇ ਏਜੰਸੀ ਕੋਲੋਂ ਪੂਰਾ ਕਰਾਏ। ਇਸ ਦੌਰਾਨ 12 ਜੁਲਾਈ 2004 ਨੂੰ ਪੰਜਾਬ ਦੀ ਵਿਧਾਨ ਸਭਾ ਨੇ 'ਪੰਜਾਬ ਸਮਝੌਤਿਆਂ ਦਾ ਖ਼ਾਤਮਾ ਕਾਨੂੰਨ-2004' ਬਣਾਇਆ। ਇਸ ਕਾਨੂੰਨ ਤਹਿਤ ਪੰਜਾਬ ਨੇ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਪਿਛਲੇ ਸਾਰੇ ਕਥਿਤ ਸਮਝੌਤੇ, ਸਮੇਤ ਰਾਜੀਵ-ਲੌਂਗੋਵਾਲ ਦੇ, ਰੱਦ ਕਰ ਦਿੱਤੇ ਗਏ। ਇਸ ਤਰ੍ਹਾਂ ਵਕਤੀ ਤੌਰ 'ਤੇ ਨਹਿਰ ਦੀ ਉਸਾਰੀ ਰੁਕ ਗਈ। ਉਦੋਂ ਹਰਿਆਣਾ ਤੇ ਰਾਜਸਥਾਨ ਪੰਜਾਬ ਦੇ ਇਸ ਕਦਮ ਤੋਂ ਕਾਫੀ ਅੱਗ ਬਬੂਲੇ ਹੋ ਉਠੇ ਸਨ ਅਤੇ ਉਨ੍ਹਾਂ ਨੇ ਇਸ ਕਾਨੂੰਨ ਦਾ ਸਖਤ ਵਿਰੋਧ ਕੀਤਾ ਸੀ, ਜਦੋਂ ਕਿ ਪੰਜਾਬ ਵਿਧਾਨ ਸਭਾ ਨੂੰ ਅਜਿਹਾ ਕਰਨ ਦਾ ਸੰਵਿਧਾਨਕ ਹੱਕ ਹੈ ਪਰ ਉਲਟਾ ਹਰਿਆਣਾ ਦੇ ਨੁਮਾਇੰਦੇ ਪੰਜਾਬ ਦੇ ਨੁਮਾਇੰਦਿਆਂ ਦੇ ਇਸ ਕਦਮ ਨੂੰ 'ਬੇਅਰਥ' ਤੇ 'ਗ਼ੈਰ-ਸੰਵਿਧਾਨਕ' ਗਰਦਾਨ ਰਹੇ ਹਨ।

ਅਜਿਹੇ ਤੱਥਾਂ ਤੋਂ ਇਹ ਗੱਲ ਸਪੱਸ਼ਟ ਤੌਰ 'ਤੇ ਉਭਰਦੀ ਹੈ ਕਿ ਦੇਸ਼ ਦਾ ਸੰਵਿਧਾਨ ਹਰਿਆਣਾ ਜਾਂ ਰਾਜਸਥਾਨ ਨੂੰ ਪੰਜਾਬ ਦੇ ਪਾਣੀਆਂ ਸਬੰਧੀ ਫ਼ੈਸਲੇ ਲੈਣ 'ਤੇ ਹੱਕ ਜਤਾਉਣ ਦੀ ਬਿਲਕੁਲ ਵੀ ਇਜਾਜ਼ਤ ਨਹੀਂ ਦਿੰਦਾ ਪਰ ਪੰਜਾਬ ਨਾਲ ਸਦਾ ਹੀ ਧੱਕੇ ਕਰਦੀ ਰਹੀ ਕੇਂਦਰ ਸਰਕਾਰ ਦੀ ਮਿਹਰਬਾਨੀ ਨਾਲ ਇਹ ਰਾਜ ਪੰਜਾਬ ਦੇ ਪਾਣੀਆਂ ਨੂੰ ਸ਼ਰੇਆਮ ਲੁੱਟ ਰਹੇ ਹਨ। ਪੰਜਾਬ ਵਿਚ ਪਹਿਲਾਂ ਹੀ ਪਾਣੀ ਦਾ ਗੰਭੀਰ ਸੰਕਟ ਹੈ, ਇਸ ਲਈ ਜੇਕਰ ਹਾਂਸੀ-ਬੁਟਾਣਾ ਨਹਿਰ ਜਾਂ ਐਸ. ਵਾਈ. ਐਲ. ਨਹਿਰ ਚਾਲੂ ਹੋ ਜਾਵੇਗੀ ਤਾਂ ਪੰਜਾਬ ਆਉਂਦੇ ਸਾਲਾਂ 'ਚ ਮਾਰੂਥਲ ਹੀ ਬਣ ਜਾਵੇਗਾ। ਇਸ ਦੇ ਮੱਦੇਨਜ਼ਰ ਜ਼ਰੂਰੀ ਹੈ ਕਿ ਪੰਜਾਬ ਦੇ ਸਾਰੇ ਸੱਤਾਧਾਰੀ ਸਿਆਸਤਦਾਨ ਆਪਣੇ ਸਿਆਸੀ ਮੁਫ਼ਾਦ ਛੱਡ ਕੇ ਕੁਰਬਾਨੀ ਦੀ ਭਾਵਨਾ ਮਨ 'ਚ ਰੱਖ ਕੇ ਵਿਧਾਨ ਸਭਾ 'ਚ ਅਜਿਹਾ ਕਾਨੂੰਨ ਬਣਾਉਣ ਜੋ ਇਸ ਪੱਖੋਂ ਸੂਬੇ ਦੇ ਹਿੱਤਾਂ ਨੂੰ ਕਾਇਮ ਰੱਖ ਸਕੇ।

# ਭ੍ਰਿਸ਼ਟਾਚਾਰ ਨੇ ਜਮਹੂਰੀਅਤ ਦੀ ਬੱਸ ਕਰਾ ਦਿੱਤੀ

ਦੇਸ਼-ਪਰਦੇਸ

**ਗੋਬਿੰਦ ਠੁਕਰਾਲ**

***ਨਾਜਾਇਜ਼ ਢੰਗ-ਤਰੀਕਿਆਂ ਨਾਲ ਬਣਾਇਆ ਧਨ ਉਡਾਇਆ ਜਾ ਰਿਹਾ ਹੈ। ਇਹ ਵਰਤਾਰਾ ਸਮਾਜ ਨੂੰ ਨਿਰ-ਉਤਸ਼ਾਹਿਤ ਕਰਨ ਵਾਲਾ ਹੈ। ਆਦਰਸ਼ ਬਦਲ ਰਹੇ ਹਨ। ਵਿਚਾਰਧਾਰਾਵਾਂ ਪਿੱਛੇ ਧੱਕੀਆਂ ਗਈਆਂ ਹਨ ਅਤੇ ਮੌਕਾਪ੍ਰਸਤੀ ਰਾਜ ਕਰ ਰਹੀ ਹੈ। ਸਾਰੇ ਪਾਸੇ ਅਮੀਰ ਬਣਨ ਅਤੇ ਪੂੰਜੀ ਇਕੱਠੀ ਕਰਨ ਦੀ ਲਾਲਸਾ ਹੈ ਅਤੇ ਇਹ ਚੀਜ਼ ਖਪਤਵਾਦ, ਨੰਗੇਜ਼ਵਾਦ ਅਤੇ ਬੇਸ਼ਰਮੀ ਨੂੰ ਥਾਂ ਦੇ ਰਹੀ ਹੈ। ਸਮਾਜਿਕ ਤਣਾਅ ਅਤੇ ਜੁਰਮ ਵਧ ਰਹੇ ਹਨ ਜਿਸ ਨਾਲ ਪੁਲਿਸ ਤੇ ਸੁਰੱਖਿਆ ਬਲਾਂ 'ਤੇ ਖਰਚਾ ਵਧਦਾ ਹੈ। ਇਹ ਵਧਦੀਆਂ ਸਮੱਸਿਆਵਾਂ ਅੱਗੇ ਆਉਣ ਵਾਲੇ ਕਾਲੇ ਦਿਨਾਂ ਦੀ ਸ਼ਾਹਦੀ ਭਰਦੀਆਂ ਹਨ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜਾਂ ਉਨ੍ਹਾਂ ਦੀ ਸਰਕਾਰ ਲਈ ਇਹ ਮਾੜਾ ਸਮਾਂ ਹੈ। ਕਾਂਗਰਸ ਅਤੇ ਪ੍ਰਧਾਨ ਮੰਤਰੀ ਦੋਵਾਂ ਦੀ ਪ੍ਰਤੀਤ ਜਾਂਦੀ ਰਹੀ ਹੈ।***

ਕਿੰਨਾ ਭ੍ਰਿਸ਼ਟ ਹੈ ਭਾਰਤ ਜਾਂ ਕਿੰਨਾ ਇਮਾਨਦਾਰ ਹੈ ਇਹ ਦੇਸ਼, ਜਿਸ ਦੇ ਆਗੂ ਹੁਣ ਇਹ ਸਬਜ਼ਬਾਗ ਦਿਖਾ ਰਹੇ ਹਨ ਕਿ ਇਹ ਦੇਸ਼ ਤਕਰੀਬਨ ਹੁਣ ਮਹਾਂਸ਼ਕਤੀ ਬਣ ਹੀ ਗਿਆ ਹੈ। ਕੌਣ ਹੈ ਜੋ ਛੋਟੇ ਜਾਂ ਵੱਡੇ ਸਰਕਾਰੀ ਅਧਿਕਾਰੀਆਂ ਅਤੇ ਸਿਆਸਤਦਾਨਾਂ ਨੂੰ ਰਿਸ਼ਵਤ ਦੇਣ ਲਈ ਮਜਬੂਰ ਨਹੀਂ ਹੋਇਆ? ਕੀ ਇਹ ਸੱਚ ਨਹੀਂ ਹੈ ਕਿ ਸਨਅਤਕਾਰਾਂ, ਵਪਾਰੀਆਂ ਅਤੇ ਠੇਕੇਦਾਰਾਂ ਦੀ ਲਗਭਗ ਸਮੁੱਚੀ ਕਾਰੋਬਾਰੀ ਸ਼੍ਰੇਣੀ ਧੁਰ ਅੰਦਰ ਤੱਕ ਵਿਗੜੀ ਹੋਈ ਹੈ, ਨਕਲੀ ਚੀਜ਼ਾਂ ਵੇਚਦੀ ਹੈ ਅਤੇ ਸਰਕਾਰ ਤੋਂ ਕਾਰੋਬਾਰੀ ਨਿਯਮਾਂ ਨੂੰ ਨਰਮ ਕਰਨ ਦੀ ਮੰਗ ਕਰਦੀ ਰਹਿੰਦੀ ਹੈ ਤਾਂ ਕਿ ਉਨ੍ਹਾਂ ਲਈ ਹਾਲਾਤ ਸੁਖਾਲੇ ਹੋ ਸਕਣ? ਸਾਰੀਆਂ ਕੌਮਾਂਤਰੀ ਏਜੰਸੀਆਂ ਜੋ ਲੋਕਾਂ ਦੀ ਜ਼ਿੰਦਗੀ ਵਿਚ ਪਾਰਦਰਸ਼ਤਾ ਮਾਪਦੀਆਂ ਹਨ, ਨੇ ਇਹ ਪਤਾ ਲਾਇਆ ਹੈ ਕਿ ਭਾਰਤ ਬਹੁਤ ਹੀ ਭ੍ਰਿਸ਼ਟ ਦੇਸ਼ ਹੈ।

ਸਰਵੇਖਣ ਅਤੇ ਅਧਿਐਨ ਭਾਵੇਂ ਲਾਲਚ ਅਤੇ ਭ੍ਰਿਸ਼ਟਾਚਾਰ ਦੇ ਕਦੇ ਨਾ ਰੁਕਣ ਵਾਲੇ ਚੱਕਰ ਦੀ ਭੇਟ ਚੜ੍ਹਦੀ ਕੁੱਲ ਪੂੰਜੀ ਦਾ ਪਤਾ ਲਾਉਣ 'ਚ ਅਸਫਲ ਰਹੇ ਹੋਣ ਪਰ ਇਨ੍ਹਾਂ ਦਾ ਦਾਅਵਾ ਹੈ ਕਿ ਜੋ ਵੀ ਚੀਜ਼ਾਂ ਖਰੀਦਣ ਦੀ ਸਮਰੱਥਾ ਰੱਖਦਾ ਹੈ, ਉਹ ਰਿਸ਼ਵਤ ਦੇ ਅਮਲ 'ਚ ਸ਼ਾਮਿਲ ਹੁੰਦਾ ਹੈ। ਕੁਝ ਲੋਕ ਭਾਵੇਂ ਆਪਣੀ ਜ਼ਮੀਰ ਨੂੰ ਲਾਅਨਤਾਂ ਪਾਉਂਦੇ ਹਨ; ਕੁਝ ਲੋਕ ਤਾਜ਼ੇ-ਤਾਜ਼ੇ ਨੋਟ ਜਿਨ੍ਹਾਂ 'ਤੇ ਮਾਣ ਨਾਲ ਰਾਸ਼ਟਰਪਿਤਾ ਦੀ ਫੋਟੋ ਛਾਪੀ ਗਈ ਹੈ, ਨੂੰ ਰਿਸ਼ਵਤ ਵਜੋਂ ਦੇਣ ਤੋਂ ਨਹੀਂ ਝਿਜਕਦੇ। ਜਿਵੇਂ ਭਾਰਤ ਵਿਚ ਗਰੀਬਾਂ ਦੀ ਗਿਣਤੀ ਦਾ ਪਤਾ ਨਹੀਂ ਹੈ, ਉਸੇ ਤਰ੍ਹਾਂ ਕਰ ਚੋਰੀ ਦੇ ਜ਼ਰੀਏ ਇਕੱਠੇ ਕੀਤੇ ਜਾਂਦੇ ਕਾਲੇ ਧਨ ਬਾਰੇ ਵੀ ਵਧੀਆ ਭਰੋਸੇਯੋਗ ਅੰਦਾਜ਼ੇ ਮੌਜੂਦ ਨਹੀਂ ਹਨ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਸਾਡੀ ਬਹੁਤੀ ਆਰਥਿਕ ਸਰਗਰਮੀ ਭ੍ਰਿਸ਼ਟਾਚਾਰ ਦੇ ਪਿਰਾਮਿਡ 'ਤੇ ਖੜ੍ਹੀ ਹੈ। ਪਿਛਲੇ ਸਾਲ ਦੌਰਾਨ ਮੁਸਲਿਮ ਮੁਲਕਾਂ ਨੂੰ ਛੱਡ ਕੇ ਬਾਕੀ ਦੇਸ਼ਾਂ ਮੁਕਾਬਲੇ ਭਾਰਤ ਦੇ ਸਟਾਕ ਬਾਜ਼ਾਰ ਦੀ ਕਾਰਗੁਜ਼ਾਰੀ ਸਭ ਤੋਂ ਮਾੜੀ ਰਹੀ।

ਭਾਰਤੀਆਂ ਦਾ ਵਧਦੇ ਭ੍ਰਿਸ਼ਟਾਚਾਰ ਨੂੰ ਲੈ ਕੇ ਗੁੱਸਾ ਭਖ ਰਿਹਾ ਹੈ ਜਾਂ ਭਖ ਗਿਆ ਹੈ। 'ਘਪਲਿਆਂ ਦੇ ਮੌਸਮ' ਦੌਰਾਨ, ਲੰਘ ਕੇ ਗਈਆਂ ਰਾਸ਼ਟਰ ਮੰਡਲ ਖੇਡਾਂ ਦੀਆਂ ਤਿਆਰੀਆਂ ਵਿਚ ਸਬੰਧਤ ਅਧਿਕਾਰੀਆਂ ਵੱਲੋਂ ਕਥਿਤ ਤੌਰ 'ਤੇ ਕਰੋੜਾਂ ਰੁਪਏ ਚੋਰੀ ਕਰ ਲਏ ਗਏ। 2-ਜੀ ਸਪੈਕਟ੍ਰਮ ਸੇਵਾ ਦੇ ਲਾਇਸੰਸਾਂ ਦੀ ਵਿਕਰੀ ਵਿਚ ਸਰਕਾਰੀ ਖਜ਼ਾਨੇ ਨੂੰ 200 ਬਿਲੀਅਨ ਰੁਪਏ ਦਾ ਮਾਲੀ ਘਾਟਾ ਪਿਆ। 500 ਬਿਲੀਅਨ ਰੁਪਏ ਦੀ ਚੋਰੀ 'ਇਸਰੋ' ਦੀ ਐਸ. ਸਪੈਕਟ੍ਰਮ ਸੇਵਾ ਦੀ ਵਿਕਰੀ ਦੌਰਾਨ ਹੋਈ ਅਤੇ ਇਕੱਲੇ ਉਤਰ ਪ੍ਰਦੇਸ਼ ਵਿਚੋਂ ਹੀ 40 ਬਿਲੀਅਨ ਡਾਲਰ ਗਰੀਬਾਂ ਨੂੰ ਭੋਜਨ ਤੇ ਬਾਲਣ ਦੀਆਂ ਸਬਸਿਡੀਆਂ ਦੇਣ ਦੀਆਂ ਸਕੀਮਾਂ ਵਿਚ ਹੜੱਪ ਲਏ ਗਏ। 45 ਬਿਲੀਅਨ ਰੁਪਏ ਇਕ ਹੋਰ ਲੜਾਕੂ ਜਹਾਜ਼ ਖਰੀਦਣ ਲਈ ਹੋਏ ਭ੍ਰਿਸ਼ਟ ਰੱਖਿਆ ਸੌਦੇ ਵਿਚ ਚੋਰੀ ਹੋ ਗਏ। ਲੋਕਾਂ 'ਚ ਹੁਣ ਇਹ ਚਰਚਾ ਹੈ ਕਿ ਕੌਣ ਜ਼ਿਆਦਾ ਭ੍ਰਿਸ਼ਟ ਹੈ-ਸਿਆਸਤਦਾਨ, ਕਾਰੋਬਾਰੀ ਲੋਕ ਜਾਂ ਬਾਬੂ ਲੋਕ? ਸਿਆਸੀ ਚਿੰਤਕ ਮਜ਼ਾਕੀਆ ਅੰਦਾਜ਼ 'ਚ ਇਹ ਟਿੱਪਣੀ ਕਰਦੇ ਹਨ ਕਿ ਇਹ ਰਿਸ਼ਵਤ ਹੀ ਹੈ ਜਿਸ ਨੇ ਦੇਸ਼ ਨੂੰ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਇਕਜੁੱਟ ਰੱਖਿਆ ਹੋਇਆ ਹੈ। ਭ੍ਰਿਸ਼ਟਾਚਾਰ ਦਾ ਪਲੀਤ ਧਾਗਾ ਭਾਰਤੀ ਸਿਆਸਤ ਦੇ ਸਰੀਰ ਵਿਚੋਂ ਦੀ ਲੰਘ ਰਿਹਾ ਹੈ ਅਤੇ ਇਸ ਦੇ ਅਕਸ ਨੂੰ ਵਿਗਾੜ ਰਿਹਾ ਹੈ। ਭ੍ਰਿਸ਼ਟ ਬੰਦਿਆਂ ਨੇ ਘੱਟੋ-ਘੱਟ ਗਿਆਰਾਂ ਦੇਸ਼ਾਂ ਵਿਚ ਆਪਣੇ ਕਰੋੜਾਂ-ਅਰਬਾਂ ਰੁਪਏ ਜਮ੍ਹਾਂ ਕਰਾਏ ਹੋਏ ਹਨ। ਵੱਡੇ ਰੌਲੇ ਦੇ ਬਾਵਜੂਦ ਸਮੇਂ ਦੀਆਂ ਸਰਕਾਰਾਂ ਨੇ ਇਸ ਧਨ ਨੂੰ ਵਾਪਸ ਭਾਰਤ ਲਿਆਉਣ ਲਈ ਬਹੁਤ ਘੱਟ ਕੋਸ਼ਿਸ਼ਾਂ ਕੀਤੀਆਂ ਹਨ ਪਰ ਭਾਰਤ ਵਿਚ ਪੈਦਾ ਹੋਏ ਕੁੱਲ ਕਾਲੇ ਧਨ ਦਾ ਇਹ ਸਿਰਫ਼ 10 ਫ਼ੀਸਦੀ ਹਿੱਸਾ ਬਣਦਾ ਹੈ। ਬਾਕੀ 90 ਫ਼ੀਸਦੀ ਹਿੱਸਾ ਭਾਰਤ ਵਿਚ ਹੀ ਹੈ ਅਤੇ ਕਿਸੇ ਵਿਚ ਵੀ ਇਸ ਨੂੰ ਛੇੜਨ ਦੀ ਹਿੰਮਤ ਨਹੀਂ ਹੈ। ਇਹ ਸਿੱਧੇ ਵਿਦੇਸ਼ੀ ਨਿਵੇਸ਼ ਜਾਂ ਸਟਾਕ ਬਾਜ਼ਾਰਾਂ ਵਿਚ ਸ਼ੇਅਰਾਂ ਦੇ ਰੂਪ 'ਚ ਵਾਪਸ ਆਉਂਦਾ ਹੈ। 2009 ਵਿਚ ਸਿੱਧਾ ਵਿਦੇਸ਼ੀ ਨਿਵੇਸ਼ 27 ਬਿਲੀਅਨ ਡਾਲਰ ਦਾ ਸੀ ਜੋ 2010 ਵਿਚ ਘਟ ਕੇ 21 ਬਿਲੀਅਨ ਡਾਲਰ ਰਹਿ ਗਿਆ, ਭਾਵੇਂ ਏਸ਼ੀਆ ਵਿਚ ਇਹ ਹਰ ਕਿਤੇ ਵਧਿਆ ਹੈ। ਵਿਦੇਸ਼ੀ ਨਿਵੇਸ਼ ਸੂਚੀ ਦੇ ਨਿਵੇਸ਼ਕਾਂ, ਜਿਨ੍ਹਾਂ ਨੇ ਇਕ ਵਾਰ ਭਾਰਤ ਦੀ ਸਟਾਕ ਮਾਰਕੀਟ 'ਚ ਡੂੰਘੀ ਦਿਲਚਸਪੀ ਦਿਖਾਈ ਸੀ, ਨੇ ਪਿਛਲੇ ਕੁਝ ਮਹੀਨਿਆਂ ਵਿਚ 2 ਬਿਲੀਅਨ ਡਾਲਰ ਦਾ ਨਿਵੇਸ਼ ਘਟਾ ਲਿਆ ਹੈ। ਸਾਂਝਾ ਪ੍ਰਗਤੀਸ਼ੀਲ ਮੋਰਚਾ ਸਰਕਾਰ ਦਾ ਮੌਜੂਦਾ ਸਮੇਂ ਅਕਸ ਬੇਹੱਦ ਖਰਾਬ ਹੈ ਕਿਉਂਕਿ ਅਮਰੀਕਾ ਦੇ ਇਹ ਹੱਥਠੋਕੇ (ਜਿਵੇਂ 'ਦ ਹਿੰਦੂ' ਅਤੇ ਵਿਕੀਲੀਕਸ ਨੇ ਖੁਲਾਸਾ ਕੀਤਾ ਹੈ) ਇੰਨੇ ਕਮਜ਼ੋਰ ਹਨ ਕਿ ਕਿਸੇ ਕਾਰਵਾਈ ਦਾ ਭਰੋਸਾ ਵੀ ਨਹੀਂ ਦੇ ਸਕਦੇ।

ਸਰਕਾਰ ਦਾ ਕਹਿਣਾ ਹੈ ਕਿ ਅਗਲੇ ਸਾਲ ਤੋਂ ਸ਼ੁਰੂ ਹੋ ਰਹੀ 12ਵੀਂ ਪੰਜ ਸਾਲਾ ਯੋਜਨਾ ਵਿਚ 45 ਟ੍ਰਿਲੀਅਨ ਰੁਪਏ ਸੜਕਾਂ, ਰੇਲਵੇ, ਬੰਦਰਗਾਹਾਂ ਆਦਿ 'ਤੇ ਖਰਚੇ ਜਾਣਗੇ ਤੇ ਨਾਲ ਹੀ ਹੋਰ ਕਰੋੜਾਂ ਰੁਪਏ ਹਥਿਆਰਬੰਦ ਫ਼ੌਜਾਂ ਨੂੰ ਸਾਜ਼ੋ-ਸਾਮਾਨ ਦੇਣ ਤੇ ਭਲਾਈ ਲਈ ਖਰਚੇ ਜਾਣਗੇ। ਇਨ੍ਹਾਂ ਵਿਚੋਂ ਕਿੰਨੇ ਪੈਸੇ ਭ੍ਰਿਸ਼ਟਾਚਾਰੀਆਂ ਦੀਆਂ ਜੇਬਾਂ 'ਚ ਪੈਣਗੇ? ਜੇਕਰ ਅਸੀਂ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਬਿਆਨ 'ਕਿ ਸਰਕਾਰੀ ਸਕੀਮਾਂ ਲਈ ਨਿਰਧਾਰਿਤ ਧਨ ਦਾ ਸਿਰਫ਼ 10 ਫ਼ੀਸਦੀ ਹਿੱਸਾ ਹੀ ਆਪਣੀ ਮੰਜ਼ਿਲ 'ਤੇ ਪਹੁੰਚਦਾ ਹੈ', ਨੂੰ ਲਈਏ ਤਾਂ ਕਿਸੇ ਅੰਦਾਜ਼ੇ ਦੀ ਲੋੜ ਨਹੀਂ ਪੈਂਦੀ। ਦੁਰਲੱਭ ਜ਼ਮੀਨ, ਪਾਣੀ ਅਤੇ ਖਣਿਜਾਂ ਲਈ ਲਾਲਚ ਪੈਦਾ ਹੋਇਆ ਪਿਆ ਹੈ। ਇਸ ਵਰਤਾਰੇ ਵਿਰੁਧ ਹੋਕਾ ਦੇਣ ਵਾਲਿਆਂ ਨੂੰ ਲਗਾਤਾਰ ਤਸੀਹੇ ਦਿੱਤੇ ਜਾ ਰਹੇ ਹਨ ਜਾਂ ਉਨ੍ਹਾਂ ਨੂੰ ਮਾਰਿਆ ਜਾ ਰਿਹਾ ਹੈ। ਦੂਜੇ ਬੰਨੇ ਭ੍ਰਿਸ਼ਟਾਚਾਰੀਆਂ ਦੀ ਬਹੁਗਿਣਤੀ ਆਜ਼ਾਦ ਘੁੰਮ ਰਹੀ ਹੈ।

ਵਿਦੇਸ਼ੀ ਕਾਰੋਬਾਰੀ ਖ਼ਰਾਬ ਬੁਨਿਆਦੀ ਢਾਂਚੇ ਤੋਂ ਬਾਅਦ ਰਿਸ਼ਵਤਖੋਰੀ ਨੂੰ ਆਪਣੀ ਸਭ ਤੋਂ ਵੱਡੀ ਸਿਰਦਰਦੀ ਮੰਨਦੇ ਹਨ। ਇਸ ਕਰਕੇ ਉਨ੍ਹਾਂ ਨੇ ਆਪਣੇ ਨਿਵੇਸ਼ 'ਚ ਕਟੌਤੀ ਕਰ ਦਿੱਤੀ ਹੈ ਕਿਉਂਕਿ ਉਹ ਰਿਸ਼ਵਤ ਦੇ ਇੰਨੇ ਵੱਡੇ ਵਰਤਾਰੇ ਵਿਚ ਖੜ੍ਹੇ ਨਹੀਂ ਰਹਿ ਸਕਦੇ। ਜਿੰਨੀ ਤੇਜ਼ੀ ਨਾਲ ਅਰਥਿਕਤਾ ਵਿਕਾਸ ਕਰਦੀ ਹੈ, ਹੈਰਾਨ ਕਰਨ ਵਾਲੀ ਚੋਰੀ ਲਈ ਮੌਕੇ ਓਨੇ ਹੀ ਜ਼ਿਆਦਾ ਵਧਦੇ ਹਨ। ਇਸ ਦੇ ਬਾਵਜੂਦ ਕੁਝ ਲੋਕ ਆਪਣੇ ਮੋਢੇ ਝਾੜਦੇ ਹੋਏ ਕਹਿੰਦੇ ਹਨ ਕਿ ਭ੍ਰਿਸ਼ਟਾਚਾਰ ਭਾਰਤ ਦੇ ਵਿਕਾਸ ਨੂੰ ਰੋਕ ਰਿਹਾ ਹੈ ਪਰ ਭ੍ਰਿਸ਼ਟਾਚਾਰ ਤੋਂ ਬਿਨਾਂ ਭਾਰਤ ਕਿਸ ਤਰ੍ਹਾਂ ਦਾ ਹੋਵੇਗਾ? ਭ੍ਰਿਸ਼ਟਾਚਾਰ ਹਰ ਵਸਤੂ ਦੀ ਕੀਮਤ ਵਧਾਉਂਦਾ ਹੈ।

ਇਹ ਸੱਚ ਹੈ ਕਿ ਸਰਕਾਰ ਕੁਝ ਸ਼ਕਤੀਸ਼ਾਲੀ ਬੰਦਿਆਂ ਖਿਲਾਫ਼ ਕੁਝ ਕਾਰਵਾਈ ਕਰਨ ਦਾ ਦਾਅਵਾ ਕਰਦੀ ਹੈ। ਇਸ ਤਹਿਤ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਜਾਇਦਾਦ ਘੁਟਾਲੇ ਦੇ ਦੋਸ਼ ਵਿਚ ਅਹੁਦਾ ਛੱਡਣ ਲਈ ਮਜਬੂਰ ਕੀਤਾ ਗਿਆ। ਪੁਲਿਸ ਨੇ ਸਿਆਸਤਦਾਨ ਸੁਰੇਸ਼ ਕਲਮਾਡੀ, ਜਿਸ ਕੋਲ ਰਾਸ਼ਟਰ ਮੰਡਲ ਖੇਡਾਂ ਦੇ ਪ੍ਰਬੰਧਾਂ ਦੀ ਕਮਾਨ ਸੀ, ਕੋਲੋਂ ਪੁੱਛਗਿੱਛ ਕੀਤੀ ਹੈ। ਸਭ ਤੋਂ ਵੱਧ ਸਦਮੇ ਵਾਲੀ ਗੱਲ ਇਹ ਹੈ ਕਿ ਸਾਬਕਾ ਮੰਤਰੀ ਏ. ਰਾਜਾ ਜੋ 2-ਜੀ ਸਪੈਕਟ੍ਰਮ ਮਾਮਲੇ ਦਾ ਦੋਸ਼ੀ ਹੈ, ਜੇਲ੍ਹ ਵਿਚ ਹੈ। ਸਚਮੁੱਚ ਇਹ ਜਨਤਾ ਦੇ ਰੋਹ ਤੇ ਦਬਾਅ ਅਤੇ ਸਾਧਾਰਨ ਤੌਰ 'ਤੇ ਮੀਡੀਆ ਦਾ ਯੋਗਦਾਨ ਹੀ ਹੈ ਜਿਸ ਨੇ ਸਰਗਰਮੀ ਨਾਲ ਭ੍ਰਿਸ਼ਟਾਚਾਰ ਨੂੰ ਨੰਗਾ ਕੀਤਾ ਹੈ ਪਰ ਦੇਖੋ ਕਿਵੇਂ ਭਾਜਪਾ ਦਾ ਪ੍ਰਧਾਨ ਕਰਨਾਟਕ ਦੇ ਕਥਿਤ ਤੌਰ 'ਤੇ ਭ੍ਰਿਸ਼ਟ ਮੁੱਖ ਮੰਤਰੀ ਦਾ ਬਚਾਅ ਕਰ ਰਿਹਾ ਹੈ। ਉਹ ਬੇਤੁਕੀ ਸੁਰ ਉਭਾਰ ਰਿਹਾ ਹੈ ਕਿ ਉਸ ਨੇ ਨੈਤਿਕ ਤੌਰ 'ਤੇ ਹੀ ਕੁਝ ਗ਼ਲਤ ਕੀਤਾ ਹੈ, ਕਾਨੂੰਨੀ ਤੌਰ 'ਤੇ ਨਹੀਂ।

2005 ਵਿਚ ਲਾਗੂ ਹੋਇਆ ਸੂਚਨਾ ਦੇ ਅਧਿਕਾਰ ਦਾ ਕਾਨੂੰਨ ਵੀ ਭ੍ਰਿਸ਼ਟਾਚਾਰੀਆਂ ਨੂੰ ਕਾਬੂ ਕਰਨ ਜਾਂ ਘੱਟੋ-ਘੱਟ ਉਨ੍ਹਾਂ ਨੂੰ ਨੰਗਾ ਕਰਨ 'ਚ ਸਹਾਈ ਹੁੰਦਾ ਹੈ। ਤਕਨਾਲੋਜੀ ਵੀ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ 'ਚ ਸਹਾਈ ਹੋ ਰਹੀ ਹੈ ਕਿਉਂਕਿ ਕੁਝ ਰਾਜਾਂ ਵਿਚ ਸਰਕਾਰੀ ਠੇਕਿਆਂ ਲਈ ਬੋਲੀ ਆਨਲਾਈਨ ਹੋਣ ਲੱਗੀ ਹੈ ਅਤੇ ਭ੍ਰਿਸ਼ਟਾਚਾਰ ਵਿਰੋਧੀ ਸੰਸਥਾਵਾਂ ਨੂੰ ਇਸ ਦੀ ਨਿਗਰਾਨੀ ਰੱਖਣ ਦੀ ਇਜਾਜ਼ਤ ਹੈ। ਕੁਝ ਰਾਜ ਸਰਕਾਰਾਂ ਸੇਵਾਵਾਂ ਦੇ ਅਧਿਕਾਰ ਦਾ ਐਕਟ ਪਾਸ ਕਰਨ ਲਈ ਮਜਬੂਰ ਹੋਈਆਂ ਹਨ। ਅਜਿਹੇ ਕਾਨੂੰਨਾਂ ਅਧੀਨ ਜ਼ਮੀਨ ਰਿਕਾਰਡ ਅਤੇ ਮੌਤ ਆਦਿ ਦੇ ਸਰਟੀਫਿਕੇਟ ਆਨਲਾਈਨ ਮੁਹੱਈਆ ਕਰਨ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਹ ਹੇਠਲੇ ਪੱਧਰ 'ਤੇ ਰਿਸ਼ਵਤ ਦੇ ਅਮਲ ਨੂੰ ਘਟਾਉਂਦਾ ਹੈ। ਇਸ ਨਾਲ ਆਮ ਲੋਕਾਂ ਦੀ ਜ਼ਿੰਦਗੀ ਕੁਝ ਸੁਖਾਲੀ ਵੀ ਹੋ ਸਕਦੀ ਹੈ। ਜਿਥੋਂ ਤੱਕ ਸਰਕਾਰ ਦਾ ਸਬੰਧ ਹੈ, ਆਮ ਲੋਕਾਂ ਦੀ ਕੋਈ ਥਾਂ ਨਹੀਂ ਹੈ ਪਰ ਇੰਨੇ ਕੁ ਹੀ ਸੁਧਾਰ ਕਾਫੀ ਨਹੀਂ ਹਨ।

ਭ੍ਰਿਸ਼ਟਾਚਾਰ ਨੇ ਪ੍ਰਾਪਤੀਆਂ ਨੂੰ ਉਲਟਾ ਦਿੱਤਾ ਹੈ ਅਤੇ ਇਸ ਨੇ ਸਮਾਜਿਕ ਤੇ ਸਿਆਸੀ ਜ਼ਿੰਦਗੀ ਨੂੰ ਵੀ ਤਾਰ-ਤਾਰ ਕਰ ਦਿੱਤਾ ਹੈ। ਨਾਜਾਇਜ਼ ਤਰੀਕਿਆਂ ਨਾਲ ਬਣਾਇਆ ਧਨ ਉਡਾਇਆ ਜਾ ਰਿਹਾ ਹੈ। ਇਹ ਵਰਤਾਰਾ ਸਮਾਜ ਨੂੰ ਨਿਰ-ਉਤਸ਼ਾਹਿਤ ਕਰਨ ਵਾਲਾ ਹੈ। ਆਦਰਸ਼ ਬਦਲ ਰਹੇ ਹਨ। ਵਿਚਾਰਧਾਰਾਵਾਂ ਪਿੱਛੇ ਧੱਕੀਆਂ ਗਈਆਂ ਹਨ ਅਤੇ ਮੌਕਾਪ੍ਰਸਤੀ ਰਾਜ ਕਰ ਰਹੀ ਹੈ। ਸਾਰੇ ਪਾਸੇ ਅਮੀਰ ਬਣਨ ਅਤੇ ਪੂੰਜੀ ਇਕੱਠੀ ਕਰਨ ਦੀ ਲਾਲਸਾ ਹੈ ਅਤੇ ਇਹ ਚੀਜ਼ ਖਪਤਵਾਦ, ਨੰਗੇਜ਼ਵਾਦ ਅਤੇ ਬੇਸ਼ਰਮੀ ਨੂੰ ਥਾਂ ਦੇ ਰਹੀ ਹੈ। ਸਮਾਜਿਕ ਤਣਾਅ ਅਤੇ ਜੁਰਮ ਵਧ ਰਹੇ ਹਨ ਜਿਸ ਨਾਲ ਪੁਲਿਸ ਤੇ ਸੁਰੱਖਿਆ ਬਲਾਂ 'ਤੇ ਖਰਚਾ ਵਧਦਾ ਹੈ। ਇਹ ਵਧਦੀਆਂ ਸਮੱਸਿਆਵਾਂ ਅੱਗੇ ਆਉਣ ਵਾਲੇ ਕਾਲੇ ਦਿਨਾਂ ਦੀ ਸ਼ਾਹਦੀ ਭਰਦੀਆਂ ਹਨ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜਾਂ ਉਨ੍ਹਾਂ ਦੀ ਸਰਕਾਰ ਲਈ ਇਹ ਮਾੜਾ ਸਮਾਂ ਹੈ। ਕਾਂਗਰਸ ਅਤੇ ਪ੍ਰਧਾਨ ਮੰਤਰੀ ਦੋਵਾਂ ਦੀ ਪ੍ਰਤੀਤ ਜਾਂਦੀ ਰਹੀ ਹੈ।

# ਅਰਬ ਦੇਸ਼ਾਂ ਦਾ ਉਬਾਲ ਅਤੇ ਅਮਰੀਕਾ

**ਸੁਰਿੰਦਰ ਮੰਡ**


ਅਮਰੀਕਾ ਨੇ ਪਹਿਲਾਂ ਬਹਾਨੇ ਬਣਾ ਕੇ ਹੋਰ 28 ਦੇਸ਼ਾਂ ਦੀਆਂ ਫ਼ੌਜਾਂ ਨਾਲ ਲੈ ਕੇ ਇਰਾਕ ਨੂੰ ਮਲੀਆਮੇਟ ਕਰਨ ਦੇ ਨਾਲ-ਨਾਲ ਉਥੇ ਮਰਜ਼ੀ ਦੀ ਹਕੂਮਤ ਠੋਸ ਕੇ ਉਸ ਦੇ ਤੇਲ ਭੰਡਾਰਾਂ ਉਤੇ ਕਬਜ਼ਾ ਕੀਤਾ। ਇਸ ਤੋਂ ਇਲਾਵਾ ਪੰਜ ਲੱਖ ਇਰਾਕੀਆਂ ਨੂੰ ਮੌਤ ਦੇ ਘਾਟ ਉਤਾਰਿਆ। ਅਮਰੀਕੀ ਫ਼ੌਜ ਵੱਲੋਂ ਜੇਲ੍ਹਾਂ ਵਿਚ ਬੰਦ ਇਰਾਕੀਆਂ ਨੂੰ ਭੁੱਖੇ ਕੁੱਤਿਆਂ ਕੋਲੋਂ ਖੁਆਉਣ ਦੀਆਂ ਵੀਡੀਓ ਲੀਕ ਹੋਣ ਮਗਰੋਂ ਅਮਰੀਕੀ ਸਰਕਾਰ ਨੂੰ ਮੁਆਫ਼ੀ ਵੀ ਮੰਗਣੀ ਪਈ ਸੀ। ਇਨ੍ਹਾਂ ਹਰਕਤਾਂ ਨੇ ਅਮਰੀਕਾ ਅਤੇ ਪੱਛਮ ਨੂੰ ਮੁਸਲਿਮ ਜਗਤ ਵਿਚੋਂ ਇਕ ਤਰ੍ਹਾਂ ਛੇਕ ਕੇ ਰੱਖ ਦਿੱਤਾ ਸੀ ਅਤੇ ਇਸ ਅਮਰੀਕੀ ਖ਼ਰੂਦ ਦੀ ਹਮਾਇਤ ਕਰਨ ਵਾਲੀਆਂ ਅਰਬ ਹਕੂਮਤਾਂ ਨੂੰ ਬਦਲਣ ਲਈ ਲਹਿਰ ਜ਼ੋਰ ਫੜ ਗਈ ਸੀ। ਟਿਊਨੀਸ਼ੀਆ, ਯਮਨ, ਬਹਿਰੀਨ ਅਤੇ ਮਿਸਰ ਵਿਚ ਅਜਿਹਾ ਲੋਕ ਰੋਹ ਉਠਿਆ ਜਿਸ ਵਿਚ ਟਿਊਨੀਸ਼ੀਆ ਅਤੇ ਮਿਸਰ ਦੇ ਅਮਰੀਕਾ ਪੱਖੀ ਹਾਕਮਾਂ ਨੂੰ ਭੱਜਣਾ ਪਿਆ।

ਅਮਰੀਕਾ ਨੇ ਇਸ ਲਹਿਰ ਦੀ ਧਾਰ ਖੁੰਢੀ ਕਰਕੇ ਦੂਜੇ ਪਾਸੇ ਮੋੜਨ ਲਈ ਦੂਹਰੀ ਚਾਲ ਚੱਲੀ। ਇਕ ਪਾਸੇ ਬਹਿਰੀਨ ਅਤੇ ਯਮਨ ਦੇ ਆਪਣੇ ਚੇਲੇ ਹਾਕਮਾਂ ਦੇ ਵਿਰੋਧੀਆਂ ਨੂੰ ਕੁਚਲਣ ਲਈ ਜੰਗੀ ਬੇੜੇ ਉਨ੍ਹਾਂ ਕੋਲ ਲਿਆ ਖਲ੍ਹਾਰੇ ਅਤੇ ਆਪਣੇ ਪਿੱਠੂ ਦੇਸ਼ ਸਾਊਦੀ ਅਰਬ ਦੀ ਸੈਨਾ ਨੂੰ ਬਹਿਰੀਨ ਹਕੂਮਤ ਦੀ ਮਦਦ ਲਈ ਜਾ ਵਾੜਿਆ। ਦੂਜੇ ਪਾਸੇ ਇਸੇ ਆੜ ਥੱਲੇ ਆਪਣੀਆਂ ਪਿੱਠੂ ਬਣਨ ਤੋਂ ਇਨਕਾਰੀ ਹਕੂਮਤਾਂ ਲੀਬੀਆ, ਸੀਰੀਆ ਅਤੇ ਇਰਾਨ ਵਿਚ ਆਪਣੇ ਸਮਰਥਕਾਂ ਦੇ ਮੁਜ਼ਾਹਰੇ ਜਥੇਬੰਦ ਕੀਤੇ ਜੋ ਪਹਿਲੇ ਦਿਨੋਂ ਅਮਰੀਕੀ ਫ਼ੌਜੀ ਮਦਦ ਲਈ ਦੁਹਾਈਆਂ ਪਾਉਣ ਲੱਗੇ। ਲੀਬੀਆ ਉਤੇ ਅਮਰੀਕਾ, ਇੰਗਲੈਂਡ, ਫਰਾਂਸ, ਇਟਲੀ ਅਤੇ ਕੈਨੇਡਾ ਨੇ ਵੱਡਾ ਹਮਲਾ ਬੋਲ ਦਿੱਤਾ ਹੈ। ਰਾਸ਼ਟਰਪਤੀ ਕਰਨਲ ਗੱਦਾਫ਼ੀ ਦਾ ਘਰ ਢਾਹ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਦਫ਼ਤਰ ਮਲਬੇ ਦਾ ਢੇਰ ਬਣਾਉਣ ਦੇ ਨਾਲ ਗੱਦਾਫ਼ੀ ਦਾ ਇਕ ਪੁੱਤ ਮਾਰ ਦਿੱਤਾ ਹੈ। ਸੈਂਕੜੇ ਲੋਕ ਮਾਰੇ ਗਏ ਹਨ। ਬੰਬਾਰੀ ਜਾਰੀ ਹੈ। ਸੱਤ ਸਮੁੰਦਰੋਂ ਪਾਰ ਆ ਕੇ, ਕਿਸੇ ਦੂਜੇ ਮੁਲਕ ਵਿਚ ਮਿਜ਼ਾਈਲਾਂ ਦਾ ਮੀਂਹ ਵਰ੍ਹਾ ਕੇ ਲੋਕ ਰਾਜ ਦੇ ਹਮਾਇਤੀ ਹੋਣ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਸਾਮਰਾਜੀ ਦੇਸ਼ਾਂ ਦਾ ਕੂੜ ਪ੍ਰਚਾਰ ਹੈ ਕਿ ਸਾਨੂੰ ਲੀਬੀਆ ਦੇ ਲੋਕਾਂ ਦਾ ਬੜਾ ਫ਼ਿਕਰ ਹੈ ਪਰ ਇਸ ਦੇ ਅਸਲ ਕਾਰਨ ਹੋਰ ਹਨ। ਅਸਲ ਵਿਚ ਕਰਨਲ ਗੱਦਾਫ਼ੀ ਅਰਬ ਦੇਸ਼ਾਂ ਉਤੇ ਅਮਰੀਕੀ ਗ਼ਲਬੇ ਵਿਚਕਾਰ ਸਭ ਤੋਂ ਵੱਡਾ ਰੋੜਾ ਹੈ। ਗੱਦਾਫ਼ੀ ਦੀ ਲਿਖੀ 'ਗਰੀਨ ਬੁੱਕ' ਅਰਬ ਦੇਸ਼ਾਂ ਨੂੰ ਆਪਣੇ ਹਿੱਤਾਂ ਲਈ ਤੇ ਸਾਮਰਾਜ ਵਿਰੁੱਧ ਏਕਾ ਕਰਨ, ਤੇਲ ਦਾ ਕੌਮੀਕਰਨ ਕਰਨ, ਵਿਕਾਸ ਦਾ ਪੱਛਮੀ ਮਾਡਲ ਅਪਨਾਉਣ ਦੀ ਬਜਾਏ ਆਪਣਾ ਰਾਹ ਚੁਣਨ, ਔਰਤਾਂ ਨੂੰ ਆਜ਼ਾਦੀ ਅਤੇ ਬਰਾਬਰ ਦੇ ਹੱਕ ਦੇਣ ਦਾ ਸੱਦਾ ਦਿੰਦੀ ਹੈ। ਇਹ ਗੱਲਾਂ ਇੰਗਲੈਂਡ-ਅਮਰੀਕੀ ਢਾਣੀ ਨੂੰ ਚੁੱਭਦੀਆਂ ਹਨ।

ਇਰਾਕ ਤੋਂ ਬਾਅਦ ਹੁਣ ਲੀਬੀਆ ਤਾਂ ਸ਼ੁਰੂਆਤ ਹੈ। ਅਸਲ ਵਿਚ ਇਹ ਅਮਰੀਕਾ ਅਤੇ ਪੱਛਮ ਦਾ ਏਸ਼ੀਆ ਉਤੇ ਮਿਥਿਆ ਅਤੇ ਵਿਨਾਸ਼ਕਾਰੀ ਹਮਲਾ ਹੈ। ਜਦੋਂ ਤੱਕ ਇਨ੍ਹਾਂ ਦਾ ਜ਼ੋਰ ਚੱਲੂ ਤਦ ਤੱਕ ਇਹ ਸਿਲਸਿਲਾ ਇਕ ਜਾਂ ਦੂਜੇ ਰੂਪ ਵਿਚ ਚਲਦਾ ਰਹਿਣਾ ਹੈ। ਇਹ ਹਮਲਾ ਇਸ ਖਾਸ ਜਗ੍ਹਾ ਹੀ ਕਿਉਂ? ਇਸ ਦੇ ਖ਼ਾਸ ਕਾਰਨ ਹਨ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਜਦੋਂ ਤੱਕ ਸਾਮਰਾਜੀ ਮੁਲਕ ਮੌਜੂਦ ਹਨ, ਦੁਨੀਆਂ ਉਤੇ ਅਮਨ ਨਹੀਂ ਹੋ ਸਕਦਾ ਅਤੇ ਨਾ ਹੀ ਹਥਿਆਰਾਂ ਦੀ ਦੌੜ ਰੁਕਣੀ ਹੈ। ਜੰਗੀ ਸਾਮਾਨ ਬਣਾਉਣਾ ਤੇ ਵੇਚਣਾ ਇਨ੍ਹਾਂ ਦਾ ਮੁੱਖ ਧੰਦਾ ਹੈ। ਇਸ ਲਈ ਹਰ ਥਾਂ ਤਣਾਓ ਜ਼ਰੂਰੀ ਹੈ। ਇਹ ਆਪਣੇ ਦੇਸ਼ਾਂ ਵਿਚ ਇਹ ਸੁੱਖ, ਸ਼ਾਂਤੀ ਅਤੇ ਤਰੱਕੀ ਵੇਖਣਾ ਚਾਹੁੰਦੇ ਹਨ। ਲਾਤੀਨੀ ਅਮਰੀਕਾ ਇੱਕਮੁੱਠ ਹੋ ਕੇ ਇਨ੍ਹਾਂ ਦੇ ਚੁੰਗਲ ਵਿਚੋਂ ਨਿਕਲ ਚੁੱਕਿਆ ਹੈ। ਏਸ਼ੀਆ ਹੁਣ ਇਨ੍ਹਾਂ ਲਈ ਸਭ ਤੋਂ ਢੁੱਕਵੀਂ ਥਾਂ ਹੈ। ਇਨ੍ਹਾਂ ਦੀ ਅੱਖ ਤੇਲ ਭੰਡਾਰਾਂ ਵਾਲੇ ਦੇਸ਼ਾਂ ਉਤੇ ਕਬਜ਼ੇ ਕਰਨ ਦੀ ਹੈ। ਇੰਜ ਇਨ੍ਹਾਂ ਨੇ ਏਸ਼ੀਆ ਨੂੰ ਵੱਡੀ ਤਬਾਹੀ ਦੇ ਬੂਹੇ 'ਤੇ ਲਿਆ ਖਲ੍ਹਾਰਿਆ ਹੈ। ਏਸ਼ੀਆਈ ਮੁਲਕਾਂ ਦੇ ਹਾਕਮ ਤੇ ਲੋਕ ਇਸ ਨਾਜ਼ੁਕ ਹਾਲਤ ਨੂੰ ਸਮਝ ਨਹੀਂ ਰਹੇ ਅਤੇ ਆਪਸ ਵਿਚ ਖਹਿਬੜ ਰਹੇ ਹਨ।

ਲੀਬੀਆ ਉਤੇ ਮੌਜੂਦਾ ਬੰਬਾਰੀ ਨੂੰ ਇੱਥੇ ਅਮਰੀਕਾ-ਇੰਗਲੈਂਡ ਵੱਲੋਂ ਲੋਕਤੰਤਰ ਸਥਾਪਤੀ ਦੇ ਯਤਨਾਂ ਨਾਲ ਜੋੜਨਾ ਬਿਲਕੁਲ ਗ਼ਲਤ ਹੈ। ਜੋ ਆਪਣੇ ਅੱਖ ਅਤੇ ਕੰਨ ਖੁੱਲ੍ਹੇ ਰੱਖਦੇ ਹਨ, ਇਸ ਸਭ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਨ੍ਹਾਂ ਨੂੰ ਇਹ ਵੀ ਅਹਿਸਾਸ ਹੈ ਕਿ 1967 ਦੀ ਇਸਰਾਈਲ-ਅਰਬ ਜੰਗ ਇਸਰਾਈਲ ਨੇ ਅਮਰੀਕਾ ਤੇ ਬਰਤਾਨੀਆ ਦੀ ਮਦਦ ਨਾਲ ਜਿੱਤ ਕੇ ਮਿਸਰ, ਜਾਰਡਨ ਅਤੇ



ਸੀਰੀਆ ਦੇ ਵੱਡੇ ਇਲਾਕੇ ਉਤੇ ਕਬਜ਼ਾ ਕਰ ਲਿਆ ਸੀ। ਪਹਿਲਾਂ ਫ਼ਲਸਤੀਨ ਨੂੰ ਉਜਾੜ ਕੇ ਇਸਰਾਈਲ ਵਸਾਇਆ ਸੀ ਤੇ ਫ਼ਲਸਤੀਨੀ ਸ਼ਰਨਾਰਥੀ ਕੈਂਪਾਂ ਵਿਚ ਰੁਲਦੇ ਫਿਰਦੇ ਸਨ। ਫਿਰ ਇਸਰਾਈਲ ਨੂੰ ਪ੍ਰਮਾਣੂ ਬੰਬਾਂ ਨਾਲ ਲੈਸ ਕੀਤਾ ਗਿਆ ਤੇ ਮੁੱਖ ਅਮਰੀਕੀ ਫ਼ੌਜੀ ਅੱਡਾ ਬਣਾਇਆ ਗਿਆ। ਉਥੋਂ ਅਮਰੀਕਾ ਨੇ ਮਿਸਰ ਨੂੰ ਅਰਬ ਦੇਸ਼ਾਂ ਨਾਲੋਂ ਤੋੜ ਕੇ ਇਸਰਾਈਲ ਨਾਲ ਕੈਂਪ ਡੇਵਿਡ ਸਮਝੌਤਾ ਕਰਵਾਇਆ ਅਤੇ ਅਰਬ ਏਕਤਾ ਦਾ ਲੱਕ ਤੋੜ ਦਿੱਤਾ। ਉਸ ਜ਼ਲਾਲਤ ਕਾਰਨ ਗ਼ੈਰਤ ਵਜੋਂ ਕੁਝ ਅਰਬ ਦੇਸ਼ਾਂ ਵਿਚ ਸਾਮਰਾਜ ਵਿਰੋਧੀ ਲਹਿਰ ਦੇ ਨਤੀਜੇ ਲੀਬੀਆ ਦਾ ਕਰਨਲ ਗੱਦਾਫ਼ੀ, ਫ਼ਲਸਤੀਨ ਦਾ ਯਾਸਰ ਅਰਾਫ਼ਾਤ, ਇਰਾਕ ਦਾ ਸੱਦਾਮ ਹੁਸੈਨ ਅਤੇ ਇਰਾਨ ਵਿਚ ਆਇਤੁਲਾ ਖੁਮੈਨੀ ਸਾਹਮਣੇ ਆਏ। ਇਨ੍ਹਾਂ ਵਿਚੋਂ ਖੁਮੈਨੀ ਨੂੰ ਛੱਡ ਬਾਕੀ ਸਭ ਧਰਮ ਨਿਰਪੱਖ ਸਨ। ਅਮਰੀਕਾ ਇਨ੍ਹਾਂ ਸਭਨਾਂ ਦਾ ਮਲੀਆਮੇਟ ਕਰਨ ਦੀ ਤਾਕ ਵਿਚ ਰਿਹਾ ਹੈ।

ਪਹਿਲਾਂ ਅੱਸੀਵਿਆਂ ਵਿਚ ਸਿੱਧੇ ਇਸਰਾਈਲੀ ਹਮਲੇ ਨਾਲ ਇਰਾਕ ਦੇ ਪ੍ਰਮਾਣੂ ਰਿਐਕਟਰ ਕੇਂਦਰ ਤਬਾਹ ਕੀਤੇ ਅਤੇ ਮੁੜ ਝੂਠ ਬੋਲ ਕੇ ਇਰਾਕ 'ਤੇ ਫ਼ੌਜਾਂ ਚੜ੍ਹਾ ਕੇ ਸੱਦਾਮ ਹੁਸੈਨ ਨੂੰ ਉਸ ਦੇ ਦੋਵਾਂ ਪੁੱਤਰਾਂ ਸਣੇ ਮਾਰ ਮੁਕਾਇਆ। ਉਦੋਂ ਵੀ ਇਸਰਾਈਲ ਨੇ ਯਾਸਰ ਅਰਾਫ਼ਾਤ ਅਤੇ ਉਸ ਦੀ ਅਲ-ਫਤਿਹ ਜਥੇਬੰਦੀ ਨੂੰ ਖ਼ਤਮ ਕਰਨ ਲਈ ਲਿਬਨਾਨ ਉਤੇ ਹੱਲਾ ਬੋਲਿਆ। ਅਰਾਫ਼ਾਤ ਨੂੰ ਉਸ ਦੇ ਚਾਰ ਹਜ਼ਾਰ ਸਾਥੀਆਂ ਸਮੇਤ ਲਿਬਨਾਨ ਦੀ ਰਾਜਧਾਨੀ ਬੈਰੂਤ ਵਿਚ ਘੇਰਾ ਪਾਇਆ। ਉਨ੍ਹਾਂ ਹਥਿਆਰ ਸੁੱਟਣ ਨਾਲੋਂ ਲੜ ਕੇ ਸ਼ਹੀਦ ਹੋ ਜਾਣ ਦਾ ਫ਼ੈਸਲਾ ਕੀਤਾ। ਆਖ਼ਰ ਕੌਮਾਂਤਰੀ ਦਬਾਅ ਕਾਰਨ ਉਨ੍ਹਾਂ ਦਾ ਬਚਾਅ ਹੋ ਗਿਆ। ਅੱਸੀਵਿਆਂ ਵਿਚ ਅਮਰੀਕਾ-ਇੰਗਲੈਂਡ ਨੇ ਸੈਂਕੜੇ ਜਹਾਜ਼ਾਂ ਨਾਲ ਗੱਦਾਫ਼ੀ ਨੂੰ ਮਾਰਨ ਲਈ ਅਚਨਚੇਤ ਉਸ ਦੇ ਘਰ ਉਤੇ ਹਮਲਾ ਕਰਕੇ ਉਸ ਦੀ ਧੀ ਸਮੇਤ ਸੈਂਕੜੇ ਲੋਕ ਮਾਰ ਮੁਕਾਏ। ਉਦੋਂ ਹਮਲਾ ਅਸਫ਼ਲ ਰਿਹਾ ਸੀ। ਗੱਦਾਫ਼ੀ ਅਤੇ ਸੀਰੀਆ ਨੂੰ ਖ਼ਤਮ ਕਰਨ ਦਾ ਜੋੜ ਹੁਣ ਬਣਿਆ ਹੈ। ਇਰਾਨ ਉਤੇ ਹਮਲੇ ਦੀ ਤਾਂ ਕਦੋਂ ਦੀ ਯੋਜਨਾ ਹੈ।

ਸੰਸਾਰ ਭਾਈਚਾਰੇ ਲਈ ਸਮਝਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਹਮਲਾਵਰ ਮੁਲਕਾਂ ਨੇ ਸੈਂਕੜੇ ਸਾਲਾਂ ਤੋਂ ਕਦੇ ਸਿਵੇ ਬੁਝਣ ਨਹੀਂ ਦਿੱਤੇ। ਬਰਤਾਨੀਆ ਨੇ ਪਹਿਲਾਂ ਅਮਰੀਕਾ 'ਤੇ ਕਬਜ਼ਾ ਕਰਕੇ ਉਥੋਂ ਦੇ ਮੂਲ ਵਾਸੀ 'ਰੈਡ ਇੰਡੀਅਨਜ਼' ਨੂੰ ਲੱਖਾਂ ਦੀ ਗਿਣਤੀ ਵਿਚ ਵੱਢ ਸੁੱਟਿਆ ਸੀ। ਇਵੇਂ ਹੀ ਕੈਨੇਡਾ ਦੇ ਮੂਲ ਵਾਸੀਆਂ ਨੂੰ ਬੇਰਹਿਮੀ ਨਾਲ ਮਾਰ ਮੁਕਾਇਆ ਸੀ। ਇਹੋ ਹਾਲ ਨਿਊਜ਼ੀਲੈਂਡ ਅਤੇ ਆਸਟਰੇਲੀਆ ਉਤੇ ਕਬਜ਼ਾ ਕਰਕੇ ਉਥੋਂ ਦੇ ਮੂਲ ਬਾਸ਼ਿੰਦਿਆਂ ਦਾ ਕੀਤਾ ਗਿਆ ਸੀ। ਬੇਰਹਿਮੀ ਨਾਲ ਉਨ੍ਹਾਂ ਦੀ ਸਾਰੀ ਨਸਲ ਖ਼ਤਮ ਕਰ ਦਿੱਤੀ ਗਈ। ਸਿਰਫ਼ ਕੁਝ ਲੱਖ ਬਚੇ ਨੇ ਖਿੱਲਰੇ-ਪੁੱਲਰੇ ਜੋ ਗੋਰਿਆਂ ਨੂੰ ਇਨਸਾਨ ਨਹੀਂ, ਸ਼ਿਕਾਰੀ ਜਾਨਵਰ ਸਮਝਦੇ ਹਨ। ਹੁਣ ਇਹ ਖਚਰਾ ਮੂੰਹ ਬਣਾ ਕੇ ਆਪਣੀ ਪਾਰਲੀਮੈਂਟ ਵਿਚ ਉਨ੍ਹਾਂ ਤੋਂ ਮੁਆਫ਼ੀਆਂ ਮੰਗਣ ਦੇ ਮਤੇ ਪਾਸ ਕਰ ਰਹੇ ਹਨ। ਪਿਛਲੇ ਸਾਲ ਕੈਨੇਡਾ ਪਾਰਲੀਮੈਂਟ ਨੇ ਫਿਰ ਇਹੋ ਮਤਾ ਪਾਸ ਕੀਤਾ। ਕੀ ਹੁਣ ਮਤੇ ਪਾਸ ਕੀਤਿਆਂ ਮਰਿਆਂ ਨੇ ਵਾਪਸ ਆ ਜਾਣਾ ਹੈ?

ਦੋਵਾਂ ਸੰਸਾਰ ਜੰਗਾਂ ਦੇ ਕਸੂਰਵਾਰ ਵੀ ਇਹ ਹਨ। ਉਸ ਤੋਂ ਪਹਿਲਾਂ ਭਾਰਤ ਸਮੇਤ ਸਾਰੇ ਸੰਸਾਰ ਨੂੰ ਗ਼ੁਲਾਮ ਬਣਾਉਣ ਲਈ ਵੀ ਇਹ ਕਸੂਰਵਾਰ ਹਨ। ਇਕੱਲੇ ਇੰਗਲੈਂਡ ਦਾ 74 ਦੇਸ਼ਾਂ ਉਤੇ ਕਬਜ਼ਾ ਸੀ। ਇਹ ਕਬਜ਼ਾ ਕਿਹੜੇ ਲੋਕਰਾਜੀ ਢੰਗ ਨਾਲ ਅਤੇ ਲੋਕਤੰਤਰ ਦੇ ਕਿਹੜੇ ਕਾਨੂੰਨ ਤਹਿਤ ਕੀਤਾ ਗਿਆ ਸੀ? ਅਮਰੀਕਾ ਨੂੰ ਕਿਸ ਨੇ ਹੱਕ ਦਿੱਤਾ ਸੀ ਜੋ ਇਹ 30 ਸਾਲ (1945 ਤੋਂ 1975 ਤੱਕ) ਵੀਅਤਨਾਮ ਉਤੇ ਤਿੰਨ ਤਿੰਨ ਸੌ ਜਹਾਜ਼ਾਂ ਨਾਲ

***(ਬਾਕੀ ਸਫਾ 23 'ਤੇ)***

# ਜਾਨ ਹਾਜ਼ਰ ਹੈ

ਗੁਰਨਾਮ ਸਿੰਘ ਤੀਰ

ਜੇ ਮੈਨੂੰ ਤੱਤੜੀ ਨੂੰ ਪਤਾ ਹੁੰਦਾ ਕਿ ਕਵੀਜਨ ਨਾਲ਼ ਵਿਆਹ ਕਰਵਾਉਣ ਦਾ ਕੀ ਫਲ ਮਿਲੇਗਾ ਤਾਂ ਮੈਂ ਨਗਰ ਢੰਡੋਰਾ ਫੇਰਦੀ,

ਕਵੀਜਨਾਂ ਤੋਂ ਬਚਣ ਦਾ
ਕੁੜੀਓ ਕਰੋ ਉਪਾਓ
ਇਹ ਸੋਨੇ ਦੇ ਹੋਣ ਪਏ,
ਤਾਂ ਵੀ ਨੇੜੇ ਨਾ ਜਾਓ।

ਪਰ ਫਸ ਗਈ ਤਾਂ ਫਟਕਣ ਕੇਹਾ? ਉਖਲੀ 'ਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ? ਕਵੀ ਮਹਾਸ਼ੇ ਨੇ ਰਾਤ ਦਿਨ ਗੇੜੇ ਮਾਰਿਆ ਕਰਨੇ ਕਦੀ ਮੇਰੀ ਸੁੰਦਰਤਾ ਦੀ ਤਾਰੀਫ ਤੇ ਕਦੇ ਆਪਣੇ ਇਸ਼ਕ ਦੇ ਰੋਣੇ ਰੋਇਆ ਕਰਨੇ,

ਹੇ ਹੁਸਨ ਜਵਾਨੀ ਦਾ ਮਾਨ ਨਾ ਕਰ
ਮੇਰੇ ਇਸ਼ਕ ਨੂੰ ਪਈ ਲਲਕਾਰ ਨਾ ਤੂੰ।
ਤੇਰੇ ਨੈਣਾਂ ਦਾ ਡੰਗਿਆ ਮਰ ਰਿਹਾ ਹਾਂ
ਮੀਮ ਮਰੇ ਨੂੰ ਗੋਰੀਏ ਮਾਰ ਨਾ ਤੂੰ।
ਜਦੋਂ ਮਿਲਣਾ ਤਾਂ ਕਹਿਣਾ,
ਤੇ ਤੇਰਿਆਂ ਨੈਣਾਂ ਦਾ ਪੁਟਿਆ ਹਾਂ
ਭਾਵੇਂ ਰੱਖ ਲੈ ਤੇ ਭਾਵੇਂ ਮਾਰ ਦੇ ਤੂੰ।
ਲ਼ਾਮ ਲਾਂਬੂ ਕਲੇਜੇ ਦੇ ਵਿਚ ਮੱਚਣ
ਭਾਵੇਂ ਸਾੜ ਦੇ ਤੇ ਭਾਵੇਂ ਠਾਰ ਦੇ ਤੂੰ।

ਇੱਕ ਦਿਨ ਮੈਂ ਸਹਿਜ ਸੁਭਾਅ ਪੁਛਿਆ ਕਵੀਜਨ, ਮੈਨੂੰ ਲੈ ਕੇ ਕੀ ਕਰੇਂਗਾ?

ਕਹਿਣ ਲੱਗਾ, ਮੀਨਾਕਸ਼ੀ ਜੀ ਤੁਸੀਂ ਮੇਰੀ ਜਿੰਦ ਜਾਨ ਹੋ। ਤੁਹਾਨੂੰ ਪ੍ਰਾਪਤ ਕਰ ਕੇ ਮੈਂ ਚੱਕਰਵਰਤੀ ਰਾਜਾ ਹੋ ਜਾਵਾਂਗਾ। ਮੈਂ ਵੱਡੀਆਂ ਵੱਡੀਆਂ ਸਲਤਨਤਾਂ ਦਾ ਰਾਜਾ ਹੋ ਜਾਵਾਂਗਾ। ਮੈਂ ਅਕਾਸ਼ ਦੇ ਤਾਰੇ ਤੋੜ ਲਿਆਵਾਂਗਾ ਤੇ ਤੇਰੇ ਵਾਲਾਂ 'ਚ ਜੜ ਦਿਆਂਗਾ। ਮੈਂ ਪਤਾਲ਼ ਦੇ ਹੀਰੇ ਕੱਢ ਲਿਆਵਾਂਗਾ ਤੇ ਤੇਰੀ ਝੋਲ਼ੀ ਭਰ ਦਿਆਂਗਾ, ਐ ਮੇਰੇ ਸੁਪਨਿਆਂ ਦੀ ਮਲਕਾ ਤੂੰ ਇਹ ਨਾ ਪੁੱਛ ਕਿ ਮੈਂ ਤੇਰੇ ਲਈ ਕੀ ਕਰਾਂਗਾ? ਬਸ ਏਨਾ ਸਮਝ ਲੈ ਕਿ ਤੂੰ ਹਰ ਵੇਲ਼ੇ ਸੱਤਰੰਗੀ ਪੀਂਘ ਝੂਟਿਆ ਕਰੇਂਗੀ। ਮੈਂ ਹਾਂ ਕਰ ਦਿੱਤੀ। ਮੈਂ ਕਵੀ ਪਤਨੀ ਬਣ ਗਈ। ਮੈਂ ਆਪਣੇ ਮਾਹੀ ਵੱਲ ਤੱਕਿਆ, ਉਹ ਅਗੋਂ ਮੁਸਕਰਾ ਕੇ ਕਹਿਣ ਲੱਗਾ, "ਜਾਨ ਹਾਜਰ ਹੈ।"

ਜੀਮ ਜੇ ਆਖੇਂ ਮੈਨੂੰ ਸੋਹਣੀਏ ਤੂੰ
ਮੈਂ ਸੱਤੇ ਅਕਾਸ਼ ਹੀ ਤੋੜ ਸੁੱਟਾਂ।
ਸੂਰਜ ਚੰਨ ਦੇ ਨੇ ਵਖੋ ਵੱਖ ਵੇਲੇ
ਹੁਕਮ ਕਰੇਂ ਤਾਂ ਦੋਹਾਂ ਨੂੰ ਜੋੜ ਸੁੱਟਾਂ।

ਮੈਂ ਮੁਸਕਰਾਉਂਦਿਆਂ ਕਿਹਾ, ਕਵੀਜਨ ਮੈਂ ਆਂਢਣਾਂ-ਗੁਆਂਢਣਾਂ ਦੇ ਸੋਨੇ ਚਾਂਦੀ ਦੇ ਗਹਿਣੇ ਵੇਖੇ ਹਨ। ਕਾ਼ਲੀਆਂ ਕਲੋਟੀਆਂ ਵੀ ਸੋਨੇ ਨਾ਼ਲ ਲੱਦੀਆਂ ਫਿਰਦੀਆਂ ਹਨ, ਕਈਆਂ ਦੇ ਗਲਾਂ ਵਿਚ ਸੁੱਚੇ ਮੋਤੀਆਂ ਦੀਆਂ ਮਾਲਾ ਹਨ, ਕਈ ਇਸਤਰੀਆਂ ਹੀਰੇ ਦੇ ਨਗ ਲਈ ਫਿਰਦੀਆਂ ਹਨ। ਤੁਸੀਂ ਮੈਨੂੰ ਵਿਆਹ ਵੇ਼ਲੇ, ਸਿਰਫ ਇੱਕ ਗੇਂਦੇ ਦੇ ਫੁੱਲਾਂ ਦਾ ਹਾਰ ਪਾਇਆ। ਕਵੀਜਨ ਆਪਣੇ ਰੰਗ 'ਚ ਆ ਕੇ ਕਹਿਣ ਲੱਗੇ, ਮੇਰੇ ਸੁਪਨਿਆਂ ਦੀ ਮਲਿਕਾ ਜਾਨ ਹਾਜ਼ਰ ਹੈ। ਜੇ ਤੂੰ ਚਾਹਵੇਂ ਤਾਂ ਮੈਂ ਕੋਹਿਨੂਰ ਦਾ ਹੀਰਾ ਚੁੱਕ ਲਿਆਵਾਂ, ਮੈਂ ਮਲਕਾ ਵਿਕਟੋਰੀਆ ਦਾ ਤਾਜ ਤੇਰੇ ਸਿਰ 'ਤੇ ਰੱਖ ਦਿਆਂ। ਮੈਂ ਬੰਬਈ ਕਲਕੱਤੇ ਦਾ ਸਰਾਫਾ ਬਜ਼ਾਰ ਖਰੀਦ ਲਿਆਵਾਂ। ਸ਼ਿਅਰ ਅਰਜ਼ ਹੈ,

ਗਾਫ਼ ਗਹਿਣਿਆਂ ਦੀ ਕਾਹਨੂੰ ਗੱਲ ਕਰਨੀ
ਗਹਿਣੇ ਵਿਦਿਆ ਦੇ ਤੇਰੇ ਪਾ ਦੇਈਏ।
ਛਾਪ ਛੱਲਾ ਵੀ ਆਪਣਾ ਲਾਹ ਦੇ ਤੂੰ
ਚੋਰੀ ਚਾਰੀ ਦੇ ਡਰ ਮੁਕਾ ਦੇਈਏ।

ਗਹਿਣਿਆਂ ਦੀ ਗੱਲ ਮੁਕੀ। ਉਹ ਦਿਨ ਜਾਵੇ ਤੇ ਇਹ ਦਿਨ ਆਵੇ ਮੈਂ ਕਦੇ ਗਹਿਣੇ ਨਹੀਂ ਮੰਗੇ। ਮੈਂ ਇੱਕ ਦਿਨ ਸੰਗਦਿਆਂ ਸੰਗਦਿਆਂ ਕਿਹਾ, "ਕਵੀਜਨ ਸਾਡੀ ਗਵਾਂਢਣ ਬਨਾਰਸ ਤੋਂ ਬੜੀਆਂ ਵਧੀਆ ਵਧੀਆ ਸਾੜ੍ਹੀਆਂ ਲਿਆਈ ਹੈ, ਮੈਨੂੰ ਕਿਸੇ ਦਿਨ ਇਕ ਦੋ ਸਾੜ੍ਹੀਆਂ ਹੀ ਲੈ ਦਿਓ। ਕਹਿਣ ਲੱਗੇ, ਮੀਨਾਕਸ਼ੀ, ਸਾੜ੍ਹੀਆਂ ਕੀ ਚੀਜ਼ ਨੇ ਤੇਰੇ ਲਈ ਜਾਨ ਹਾਜ਼ਰ ਹੈ। ਸਾੜ੍ਹੀ ਹੋਣੀ ਚਾਹੀਦੀ ਹੈ ਦਰੋਪਤੀ ਵਰਗੀ, ਦੁਸ਼ਮਣ ਭਾਵੇਂ ਕਿੰਨਾ ਚੀਰ ਹਰਨ ਕਰਨ, ਇਸਤਰੀ ਦੀ ਲਾਜ ਕਾਇਮ ਰਹੇ। ਸਾੜ੍ਹੀ ਬਨਾਰਸ ਦੀ ਹੋਵੇ ਜਾਂ ਕਲਕੱਤੇ ਦੀ, ਅਹਿਮਦਾਬਾਦ ਦੀ ਹੋਵੇ ਜਾਂ ਬੰਬਈ ਦੀ, ਜੈਪੁਰ ਦੀ ਹੋਵੇ ਜਾਂ ਦਿੱਲੀ ਦੀ-ਬੱਸ ਨਿਰਾ ਕੱਪੜਾ ਹੈ। ਇਨ੍ਹਾਂ ਗੱਲਾਂ ਨੂੰ ਛੱਡੋ। ਸ਼ਿਅਰ ਸੁਣੋ,

ਕਾਫ਼ ਕੱਪੜੇ ਕਾਸ ਨੂੰ ਮੰਗਦੀ ਏਂ,
ਤੈਨੂੰ ਮਖਮਲ ਤੇ ਰੇਸ਼ਮ ਦੀ ਲੋੜ ਹੈ ਨੀਂ।
ਲੀਰਾਂ ਵਿਚ ਲਪੇਟਿਆ ਹੁਸਨ ਚੰਗਾ,
ਖੱਦਰ ਹੁੰਦਿਆਂ ਕਾਸੇ ਦੀ ਥੋੜ ਹੈ ਨੀਂ।

ਗਹਿਣੇ ਵੀ ਛੱਡੇ-ਕੱਪੜੇ ਵੀ ਛੱਡੇ, ਜੋ ਮਿਲਿਆ ਪਾ ਲਿਆ, ਜੋ ਪਾਇਆ ਹੰਢਾ ਲਿਆ ਪਰ ਜਦੋਂ ਮੈਂ ਆ਼ਲੇ ਦੁਆ਼ਲੇ ਵਲ ਵੇਖਦੀ ਸਾਂ, ਲੋਕਾਂ ਦੇ ਵੱਡੇ ਵੱਡੇ ਮਕਾਨ ਸਾਨੂੰ ਟਿੱਚਰਾਂ ਕਰਦੇ ਸਨ। ਹੋਰ ਤਾਂ ਹੋਰ ਛੋਟੇ ਛੋਟੇ ਬਾਬੂਆਂ ਨੇ ਦਸ ਦਸ ਮਰਲੇ ਦੇ ਮਕਾਨ ਪਾਏ ਹੋਏ ਸਨ ਤੇ ਅਸੀਂ? ਅਸੀਂ ਰਹਿ ਰਹੇ ਸਾਂ ਕਿਰਾਏ ਦੀ ਬਰਸਾਤੀ ਵਿਚ। ਮੈਂ ਕਿਹਾ, ਕਵੀ ਮਹਾਰਾਜ , ਕਦੀ ਆਪਣਾ ਵੀ ਮਕਾਨ ਪਏਗਾ? ਅੱਗੋਂ ਸਾਵਧਾਨ ਹੋ ਕੇ ਕਹਿਣ ਲੱਗੇ, ਕਿਉਂ ਨਹੀਂ ਪਏਗਾ? ਤੂੰ ਮਕਾਨਾਂ ਦੀ ਗੱਲ ਕਰਦੀ ਏਂ ਜਦੋਂ ਕਹੇਂ ਅਲ੍ਹਦੀਨ ਦੇ ਲੈਂਪ ਵਾਂਗ ਮਹਿਲ ਖੜੇ ਕਰ ਦਿਆਂ, ਮੀਨਾਕਸ਼ੀ ਤੇਰੇ ਲਈ ਜਾਨ ਹਾਜ਼ਰ ਹੈ। ਲੈ ਫੇਰ ਗ਼ੌਰ ਨਾ਼ਲ ਸ਼ਿਅਰ ਸੁਣ ਅਰਜ਼ ਕੀਤਾ ਜੇ:

ਮੀਮ ਮਹਿਲ ਮਕਾਨ ਕੀ ਫੂਕਣਾ ਹੈ
ਰਾਮ ਨਾਮ ਦਾ ਵਾਜਾ ਨਾ ਵੱਜਦਾ ਹੈ।
ਲੱਦ ਗਏ ਸਵਾਤਾਂ ਦੇ ਬੜੇ ਮਾਲਕ,
ਫੱਕਰ ਝੁੱਗੀਆਂ ਦੇ ਅੰਦਰ ਗੱਜਦਾ ਹੈ।

ਮੈਂ ਸ਼ਿਅਰ ਸੁਣਿਆ, ਦਾਦ ਦਿੱਤੀ ਤੇ ਚੁੱਪ ਕਰ ਗਈ। ਫੇਰ ਮੈਂ ਕਿਸੇ ਦੇ ਘਰ ਗਈ, ਛੋਟਾ ਜਿਹਾ ਘਰ ਦੁਲਹਨ ਵਾਂਗ ਸਜਿਆ ਵੇਖਿਆ। ਛੋਟੇ ਛੋਟੇ ਡੈਕੋਰੇਸ਼ਨ ਪੀਸ ਬੜੇ ਪਿਆਰੇ ਲੱਗੇ। ਮੈਂ ਕਿਹਾ, ਇਹ ਤਾਂ ਨਿਗੂਣੀ ਜਿਹੀ ਚੀਜ਼ ਹੈ-ਹੋਰ ਨਹੀਂ ਤਾਂ ਪੰਜ ਸੱਤ ਡੈਕੋਰੇਸ਼ਨ ਪੀਸ ਮੰਗਵਾ ਲਵਾਂ। ਇਹ ਸੋਚਦਿਆਂ ਸੋਚਦਿਆਂ ਮੈ ਕਹਿ ਹੀ ਦਿੱਤਾ, ਕਵੀਜਨ ਪਟਿਆ਼ਲੇ ਜਾਵੋ ਤਾਂ ਦੋ ਚਾਰ ਡੈਕੋਰੇਸ਼ਨ ਪੀਸ ਲੈ ਆਉਣੇ। ਮੈਨੂੰ ਕਹਿਣ ਲੱਗੇ, ਮੀਨਾਕਸ਼ੀ ਜੀ, ਮੰਗਣੀ ਹੋਵੇ ਤਾਂ ਕੋਈ ਚੱਜ ਦੀ ਚੀਜ ਮੰਗਿਆ ਕਰੋ। ਮੇਰੀ ਮਲਿਕਾ ਤੇਰੇ ਲਈ ਜਾਨ ਹਾਜ਼ਰ ਹੈ-ਜ਼ਰਾ ਧਿਆਨ ਦੇਣਾ-ਕਾਬਿਲੇ ਦਾਦ ਸ਼ੇਅਰ ਹੈ:

ਸੀਨ ਸਜ ਸਜਾਵਟਾਂ ਝੂਠੀਆਂ ਨੇ
ਘਰ ਵਿਚ ਜੇ ਭੁੱਜਦੀ ਭੰਗ ਹੋਵੇ।
ਚਿੜੀਆਂ, ਤੋਤਿਆਂ, ਫੁੱਲਾਂ ਨੂੰ ਕੀ ਕਰਨਾ?
ਘਰ ਵਾ਼ਲੀ ਦਾ ਕੇਸਰੀ ਰੰਗ ਹੋਵੇ।

ਮੈਨੂੰ ਪਤਾ ਲੱਗਿਆ ਕਿ ਕਵੀਜਨ 'ਤੇ ਇੱਕ ਮੰਤਰੀ ਸਾਹਿਬ ਬੜੇ ਮਿਹਰਬਾਨ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਤੁਸੀਂ ਚਾਹੋ ਤਾਂ ਕਾਰ ਲੈ ਸਕਦੇ ਹੋ-ਕਾਰਾਂ ਤਾਂ ਕਿਸ਼ਤਾਂ 'ਤੇ ਵੀ ਮਿਲਦੀਆਂ ਸਨ। ਮੈਥੋਂ ਵੀ ਨਾ ਰਿਹਾ ਗਿਆ। ਮੈਂ ਬੇਨਤੀ ਕਰਦਿਆਂ ਕਿਹਾ, ਕਵੀਜਨ ਆਪਾਂ ਕਾਰ ਹੀ ਲੈ ਲਈਏ। ਕਵੀਜਨ ਤਾੜੀ ਮਾਰ ਕੇ ਹੱਸ ਪਏ ਤੇ ਕਹਿਣ ਲੱਗੇ, ਪਗਲੀਏ ਕਾਰ ਕੀ ਚੀਜ਼ ਹੁੰਦੀ ਹੈ? ਤੇਰੇ ਲਈ ਜਾਨ ਹਾਜ਼ਰ ਹੈ-ਕਾਰਾਂ 'ਤੇ ਚੜ੍ਹਦੇ ਨੇ ਉਹ ਜਿਨ੍ਹਾਂ ਤੋਂ ਤੁਰਿਆ ਨਾ ਜਾਏ। ਕਾਰਾਂ 'ਤੇ ਚੜ੍ਹਦੇ ਨੇ ਉਹ ਜਿਨ੍ਹਾਂ ਦੇ ਮਗਰ ਵਕਤ ਡੰਡਾ ਚੁੱਕ ਕੇ ਪਿਆ ਹੋਵੇ, ਕਾਰਾਂ 'ਤੇ ਚੜ੍ਹਦੇ ਨੇ ਉਹ ਜਿਨ੍ਹਾਂ ਨੂੰ ਇੱਕ ਥਾਂ ਤੇ ਟਿਕਣਾ ਨਾ ਮਿਲੇ-ਕਾਰਾਂ 'ਤੇ ਚੜ੍ਹਦੇ ਨੇ ਉਹ ਜਿਹੜੇ ਨਿਰੇ ਮਾਇਆਧਾਰੀ ਹੀ ਹੋਣ। ਅਸੀਂ ਐਸੀਆਂ ਕਾਰਾਂ ਨਾ਼ਲੋਂ ਬੇਕਾਰ ਚੰਗੇ ਹਾਂ। ਇਜਾਜ਼ਤ ਹੋਵੇ ਤਾਂ ਇਕ ਸ਼ਿਅਰ ਅਰਜ਼ ਕਰਾਂ?

ਮੀਮ ਮੋਟਰਾਂ ਗੱਡੀਆਂ ਟਮਟਮਾਂ ਦੇ,
ਫੋਕੇ ਜਿਹੇ ਰਵਾਜ਼ ਨੂੰ ਕੀ ਕਰੀਏ?
ਰੇਲਾਂ ਮੋਟਰਾਂ 'ਤੇ ਕਰਨਾ ਸਫਰ ਕਰ ਲਓ,
ਜਿਹੜੇ ਵੱਜੇ ਨਾ ਸਾਜ਼ ਨੂੰ ਕੀ ਕਰੀਏ?

ਮੈਂ ਸਬਰ ਕਰ ਕੇ ਬੈਠ ਗਈ। ਕੁੱਝ ਦਿਨਾਂ ਪਿਛੋਂ ਇੱਕ ਵਿਆਹ ਦੀ ਗੰਢ ਆਈ। ਮੇਰੇ ਮਾਮੇ ਦੇ ਲੜਕੇ ਦੀ ਸ਼ਾਦੀ ਸੀ। ਤਿੰਨ ਭੈਣਾਂ ਦਾ ਇੱਕੋ ਭਰਾ ਸੀ-ਮੈਂ ਉਸ ਨੂੰ ਛੋਟੇ ਹੁੰਦੇ ਨੂੰ ਹੱਥੀਂ ਖਿਡਾਇਆ ਸੀ। ਮੈਂ ਉਸ ਦੇ ਵਿਆਹ ਵਿਚ ਜਾਣਾ ਚਾਹੁੰਦੀ ਸਾਂ। ਮੈਨੂੰ ਭੈਣ ਦੇ ਨਾਤੇ ਕੁਝ ਦੇਣਾ ਲੈਣਾ ਵੀ ਬਣਦਾ ਸੀ। ਮੈਂ ਬੜੇ ਚਾਅ ਪਰ ਅਧੀਨਗੀ ਨਾ਼ਲ ਕਿਹਾ, ਕਵੀ ਮਹਾਰਾਜ, ਸਾਨੂੰ ਇਸ ਵਿਆਹ 'ਤੇ ਜਾਣਾ ਚਾਹੀਦਾ ਹੈ। ਕਵੀ ਜੀ ਬੜੀ ਮਸਤੀ ਨਾ਼ਲ ਕਹਿਣ ਲੱਗੇ, ਜ਼ਰੂਰ ਜਾਣਾ ਚਾਹੀਦਾ ਹੈ, ਮੇਰੇ ਵਲੋਂ ਹਰ ਰੋਜ਼ ਕਿਸੇ ਨਾ ਕਿਸੇ ਵਿਆਹ 'ਤੇ ਜਾਇਆ ਕਰੋ। ਮੈਂ ਤਾਂ ਚੰਨ ਜੀ ਤੁਹਾਡਾ ਚਕੋਰ ਹਾਂ, ਮੇਰੀ ਤਾਂ ਜਾਨ ਹਾਜ਼ਰ ਹੈ ਅੱਜ ਏਸੇ ਵਿਆਹ ਦੀ ਖੁਸ਼ੀ ਵਿਚ ਇਕ ਸ਼ੇਅਰ ਸੁਣੋ:

ਸ਼ੀਨ ਸ਼ਾਦੀਆਂ ਦਾ ਤੈਨੂੰ ਚਾਅ ਚੜਿਆ,
ਸ਼ਾਦੀ ਆਪਣੀ ਦੇ ਕੌਲ ਭੁੱਲ ਗਈ ਏਂ।
ਸੀਨ ਸੋਹਣੀਏ ਸਾਡੀ ਜਵਾਨੀ ਉਤੇ,
ਤੂੰ ਤਾਂ ਵਾਂਗ ਹਨੇਰੀ ਦੇ ਝੁੱਲ ਗਈ ਏਂ।

ਉਹ ਕਿਹੜਾ ਵਸਦਾ ਰਸਦਾ ਘਰ ਹੈ ਜਿੱਥੇ ਕੋਈ ਮਹਿਮਾਨ ਨਾ ਆਉਂਦਾ ਹੋਵੇ? ਮੇਰੇ ਪੇਕਿਆਂ ਦੀਆਂ ਰਿਸ਼ਤੇਦਾਰੀਆਂ ਦਾ ਤਾਂ ਜਾ਼ਲ ਵਿਛਿਆ ਹੋਇਆ ਹੈ। ਇਕ ਦਿਨ ਮੇਰੀ ਭੂਆ ਦੇ ਮਾਮੇ ਦੇ ਪੁੱਤ ਦੇ ਸਾਲੇ ਦੇ ਚਾਚੇ ਦੇ ਭਣੋਈਏ ਦੇ ਸਾ਼ਲੇ ਦਾ ਮੁੰਡਾ ਤੇ ਮੁੰਡੇ ਦੀ ਮਾਮੀ ਦੇ ਦਦਿਓਰੇ ਦੀ ਧੀ ਦੇ ਜੇਠ ਦੇ ਸਾਲੇ ਦਾ ਲੜਕਾ ਸਾਨੂੰ ਮਿਲਣ ਆ ਗਏ। ਮੈਂ ਕਵੀ ਜੀ ਨੂੰ ਕਿਹਾ, ਸਿਆਣੇ ਕਹਿੰਦੇ ਨੇ ਦਾਣਾ-ਪਾਣੀ ਗੁਰੂ ਦਾ ਤੇ ਟਹਿਲ ਸੇਵਾ ਸਿੱਖਾਂ ਦੀ। ਸਾਨੂੰ ਇਨ੍ਹਾਂ ਮਹਿਮਾਨਾਂ ਦੀ ਸੇਵਾ ਕਰਨੀ ਚਾਹੀਦੀ ਹੈ। ਮੇਰੀ ਦਾਦੀ ਕਿਹਾ ਕਰਦੀ ਸੀ ਕਿ ਅਸਲ ਵਿਚ ਰੋਟੀ ਖਵਾਉਣ ਵਾ਼ਲਾ ਨਹੀਂ ਖਾਣ ਵਾ਼ਲਾ ਭਾਗਾਂ ਵਾ਼ਲਾ ਜੀਅ ਹੁੰਦਾ ਹੈ। ਜੀਹਦੇ ਸਦਕੇ ਸਾਨੂੰ ਮੂੰਹ ਮਿੱਠਾ ਕਰਨ ਦਾ ਮੌਕਾ ਮਿਲਦਾ ਹੈ। ਮੇਰਾ ਜੀ ਕਰੇ, ਇਨ੍ਹਾਂ ਮਹਿਮਾਨਾਂ ਲਈ ਵਿਸ਼ੇਸ਼ ਭੋਜਨ ਤਿਆਰ ਕੀਤਾ ਜਾਵੇ। ਮੈਂ ਹਿਰਦੇ ਦੀ ਆਵਾਜ਼ ਕਵੀ ਮਹਾਰਾਜ ਅੱਗੇ ਰੱਖੀ। ਉਹ ਕਹਿਣ ਲੱਗੇ, ਸਿਆਣੇ ਇਹ ਵੀ ਤਾਂ ਕਹਿੰਦੇ ਨੇ, ਘਰ ਖਾਧਾ ਪ੍ਰਾਹੁਣਿਆਂ-ਚਿੜੀਆਂ ਖਾਧਾ ਖੇਤ, ਦਾਨ ਕਰੇ ਤਾਂ ਕੀ ਕਰੇ? ਹਰ ਕੋਈ ਮੰਗਣ ਹੇਤ। ਮੀਨਾਕਸ਼ੀ ਜੀ ਤੁਹਾਡੇ ਲਈ ਤੇ ਤੁਹਾਡੇ ਇਨ੍ਹਾਂ ਨਜ਼ਦੀਕੀ ਰਿਸ਼ਤੇਦਾਰਾਂ ਲਈ ਜਾਨ ਹਾਜ਼ਰ ਹੈ ਪਰ ਜਰਾ ਇਕ ਸ਼ਿਅਰ ਵੱਲ ਵੀ ਧਿਆਨ ਦੇਣਾ:

ਭੇ ਭੂਤਨੇ ਆਏ ਮਹਿਮਾਨ ਬਣਕੇ,
ਜਿਥੇ ਲਟਕਦੇ ਹਾਂ ਉਥੇ ਲਟਕ ਜਾਵਣ।
ਖੇ ਖਾਣ ਨੂੰ ਜੋ ਵੀ ਮਿਲੇ ਏਥੇ,
ਸਾਡੇ ਨਾ਼ਲ ਬਹਿ ਕੇ ਵੈਸਾ ਝਟਕ ਜਾਵਣ।

ਅਗਲੇ ਦਿਨ ਮੇਰੇ ਮਾਤਾ ਜੀ ਆ ਗਏ। ਇਨ੍ਹਾਂ ਨੂੰ ਪੁੱਛ ਕੇ ਹੀ ਉਨ੍ਹਾਂ ਨੂੰ ਚਿੱਠੀ ਪਾਈ ਸੀ। ਮਾਤਾ ਜੀ ਨੇ ਵੱਡੇ ਹਸਪਤਾ਼ਲ ਆਪਣੀਆਂ ਅੱਖਾਂ ਵਖਾਉਣੀਆਂ ਸਨ। ਮਾਤਾ ਜੀ ਕਵੀ ਮਹਾਰਾਜ ਨੂੰ ਬੜਾ ਪਿਆਰ ਕਰਦੇ ਸਨ ਤੇ ਹਰ ਦਿਨ ਦਿਹਾਰ ਤੇ ਇਨ੍ਹਾਂ ਨੂੰ ਮਾਇਆ ਦੇ ਗੱਫੇ ਬਖ਼ਸ਼ਿਆ ਕਰਦੇ ਸਨ। ਮੈਂ ਬੜੀ ਅਧੀਨਗੀ ਨਾ਼ਲ ਕਿਹਾ, ਕਵੀ ਰਾਜੇ ਆਪਣੇ ਮਾਤਾ ਜੀ ਕੁਝ ਦਿਨ ਏਥੇ ਠਹਿਰਨਗੇ, ਸਾਨੂੰ ਇਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ। ਮੈਨੂੰ ਵਿਚੋਂ ਹੀ ਟੋਕ ਕੇ ਕਹਿਣ ਲੱਗੇ, ਮੀਨਾਕਸ਼ੀ ਜੀ, ਤੁਹਾਡੀ ਮਾਤਾ ਜੀ ਕੀ ਤੇ ਮੇਰੀ ਮਾਤਾ ਜੀ ਕੀ? ਦਾਸ ਦੀ ਤਾਂ ਜਾਨ ਹਾਜ਼ਰ ਹੈ ਪਰ ਇੱਕ ਮਿੰਟ ਲਈ ਤੁਹਾਡਾ ਧਿਆਨ ਖਿੱਚਣਾ ਚਾਹੁੰਦਾ ਹਾਂ। ਇਸ ਪ੍ਰਥਾਏ ਸ਼ਿਅਰ ਅਰਜ ਹੈ:

ਸੀਨ ਸੱਸ ਤੇ ਸੀਨ ਹੀ ਸੱਪ ਰ਼ਲ ਕੇ,
ਜਦੋਂ ਸਾਹਮਣੇ ਕਿਸੇ ਦੇ ਆਂਵਦੇ ਨੇ।
ਸਮਝਦਾਰ ਲੋਕੀਂ ਪਹਿਲਾਂ ਸੱਸ ਵਾ਼ਲਾ,
ਚੇ ਚੰਨੀਏ ਟੈਂਟਾ ਮੁਕਾਵੰਦੇ ਨੇ।

ਮੇਰਾ ਦਿਲ ਬੜਾ ਉਦਾਸ ਸੀ, ਸੋਚਦੀ ਸਾਂ ਜਾਈਏ ਤਾਂ ਜਾਈਏ ਕਿੱਧਰ? ਕਿਸੇ ਨੇ ਇਕ ਫਿਲਮ ਬਾਰੇ ਆ ਕੇ ਦੱਸਿਆ ਕਿ ਬੜੀ ਵਧੀਆ ਫ਼ਿਲਮ ਲੱਗੀ ਹੋਈ ਹੈ। ਮੇਰਾ ਜੀ ਕਰੇ ਫ਼ਿਲਮ ਹੀ ਦੇਖ ਆਈਏ। ਮੈਂ ਝਿਜਕਦਿਆਂ ਝਿਜਕਦਿਆਂ ਬੇਨਤੀ ਕੀਤੀ ਕਿ ਫ਼ਿਲਮ ਦੇਖ ਆਈਏ। ਕਵੀਜਨ ਉਛਲ ਕੇ ਕਹਿਣ ਲੱਗੇ। ਇਹ ਬੜਾ ਵਧੀਆ 'ਆਈਡੀਆ' ਹੈ। ਮੀਨਾਕਸੀ ਤੂੰ ਫ਼ਿਲਮ ਨੂੰ ਰੋਂਦੀ ਏਂ। ਸਾਡੀ ਤਾਂ ਤੇਰੇ ਲਈ ਜਾਨ ਹਾਜ਼ਰ ਹੈ। ਫ਼ਿਲਮ ਦੇਖੋ ਬਾਈਸਕੋਪ ਦੇਖੋ, ਸਰਕਸ ਦੇਖੋ, ਥੀਏਟਰ ਦੇਖੋ, ਪੁਤਲੀਆਂ ਦਾ ਨਾਚ ਦੇਖੋ ਜਾਂ ਬਾਂਦਰਾਂ ਦਾ ਖੇਡਾ ਦੇਖੋ, ਰਿੱਛ ਦੀ ਕਹਾਣੀ ਸੁਣੋਂ ਜਾਂ ਤੋਪ ਚਲਾਉਣ ਵਾਲੇ ਤੋਤੇ ਦੇ ਕਰਤਬ ਵੇਖੋ, ਨਾਂਗੇ ਸੰਤਾਂ ਦਾ ਜਲੂਸ ਦੇਖੋ ਜਾਂ ਮਹਿੰਗਾਈ ਵਿਰੁਧ ਜ਼ਨਾਨੀਆਂ ਦਾ ਸਿਆਪਾ ਦੇਖੋ, ਟੈਲੀਵੀਜ਼ਨ ਦੇਖੋ ਜਾਂ ਰਾਕਟਾਂ ਦੀ ਨੁਮਾਇਸ਼ ਦੇਖੋ-ਸ਼੍ਰੀਮਤੀ ਮੀਨਾ ਕੁਮਾਰੀ ਜੀ ਜੋ ਮਰਜ਼ੀ ਦੇਖੋ ਪਰ ਬਿਹਤਰ ਹੈ ਕੁਝ ਨਾ ਦੇਖੋ ਤੇ ਕੰਮ ਦਾ ਸ਼ਿਅਰ ਸੁਣੋ:

ਸੀਨ ਸਿਨਮਿਆਂ ਵਿਚ ਕੀ ਰੱਖਿਆ ਹੈ,
ਨਿਰੇ ਸੁਪਨਿਆਂ ਦੀ ਉਥੇ ਗੱਲ ਹੁੰਦੀ।
ਜੀਹਨੂੰ ਜਿੰਦਗੀ ਦੀ ਕਥਾ ਆਖਦੇ ਨੇ,
ਨਾ ਉਹ ਅੱਜ ਹੁੰਦੀ ਨਾ ਉਹ ਕੱਲ੍ਹ ਹੁੰਦੀ।

ਸੜ ਗਏ ਲੇਖ ਤੇ ਮਚ ਗਈ ਮੈਂ, ਇਕ ਦਿਨ ਦੁਖੀ ਹੋ ਕੇ ਕਿਹਾ, ਮੇਰੇ ਪ੍ਰਭੂ ਜੇ ਕਿਧਰੇ ਹੋਰ ਨਹੀਂ ਲੈ ਜਾ ਸਕਦੇ ਤਾਂ ਝੀਲ ਤੇ ਹੀ ਲੈ ਚਲੋ। ਬੋਲੇ, ਉਹ ਡਾਰਲਿੰਗ, ਉਹ ਡਾਰਲਿੰਗ, ਤੇਰੇ ਲਈ ਜਾਨ ਹਾਜ਼ਰ ਹੈ-ਝੀਲ ਕਹੇਂ ਝੀਲ, ਦਰਿਆ ਕਹੇਂ ਦਰਿਆ, ਪਹਾੜ ਕਹੇਂ ਪਹਾੜ, ਸਮੁੰਦਰ ਕਹੇਂ ਸਮੁੰਦਰ, ਕਸ਼ਮੀਰ ਕਹੇਂ ਕਸ਼ਮੀਰ, ਸਵਿਟਜ਼ਰਲੈਂਡ ਕਹੇਂ ਸਵਿੱਟਜ਼ਰਲੈਂਡ, ਜਿੱਥੇ ਕਹੇਂ ਮੈਂ ਤੈਨੂੰ ਲੈ ਜਾ ਸਕਦਾ ਹਾਂ-ਸਭ ਤੋਂ ਸਸਤੀ ਸੈਰ ਝੀਲ ਦੀ ਹੈ। ਮਹੀਨੇ ਦੇ ਆਖ਼ਰੀ ਹਫ਼ਤੇ ਵਿਚ ਸਭ ਤੋਂ ਵਧ ਰੌਣਕ ਝੀਲ 'ਤੇ ਹੁੰਦੀ ਹੈ ਕਿਉਂਕਿ ਬਾਬੂਆਂ ਦੇ ਖ਼ੀਸੇ ਖਾਲੀ ਹੁੰਦੇ ਹਨ, ਉਹ ਬਾਲ ਬੱਚੇ ਨੂੰ ਝੀਲ ਹੀ ਵਿਖਾ ਸਕਦੇ ਹਨ ਪਰ ਰਾਣੀਏ ਇਹ ਝੀਲ ਵੀ ਬੜੀ ਅਜੀਬ ਸ਼ੈ ਹੈ। ਇਹਦੇ ਵਿਚ ਬੜੇ ਲੋਕਾਂ ਨੇ ਛਾ਼ਲਾਂ ਮਾਰੀਆਂ। ਮੋਤੀ ਰਾਮ ਦੀ ਲਾਸ਼ ਕੱਢਣ ਜਾਵੋ ਤਾਂ ਅੱਗੋਂ ਗੰਗਾ ਬਿਸ਼ਨ ਦਾ ਪਿੰਜਰ ਹੱਥ ਲੱਗ ਜਾਂਦਾ ਹੈ। ਝੀਲ ਤੇ ਜਾਣ ਦੀ ਥਾਂ ਮੂਡ ਠੀਕ ਹੋਵੇ ਤਾਂ ਇੱਕ ਸ਼ਿਅਰ ਸੁਣੋ। ਅਰਜ਼ ਕੀਤਾ ਜੇ:

ਝੇ ਝੀਲ ਤੇ ਚਲਣਾ ਚਲੇ ਚਲੋ,
ਛੇ ਛਾ਼ਲ ਨਾ ਕਿਧਰੇ ਮਾਰ ਦੇਣੀ।
ਪਿਛੋਂ ਤੜਫਦੇ ਨਾ ਅਸੀਂ ਰਹਿ ਜਾਈਏ,
ਤੇਰੇ ਪੇਕਿਆਂ ਨੂੰ ਪੈ ਜਾਏ ਤਾਰ ਦੇਣੀ।

ਕਰਵਾ ਚੌਥ ਦਾ ਵਰਤ ਆ ਗਿਆ, ਮਹੱਲੇ ਦੀਆਂ ਸਾਰੀਆਂ ਜ਼ਨਾਨੀਆਂ ਨੇ ਵਰਤ ਰੱਖਣਾ ਸੀ। ਮੈਂ ਵੀ ਮਨ ਬਣਾ ਲਿਆ ਕਿ ਰਖ ਲਵਾਂ। ਵਰਤ ਲਈ ਮਮੂਲੀ ਜਿਹਾ ਸਾਮਾਨ ਚਾਹੀਦਾ ਸੀ। ਮੈਂ ਕਵੀ ਦੇਵਤੇ ਨੂੰ ਕਿਹਾ, ਆਗਿਆ ਦੇਵੋ ਤੇ ਕੁਝ ਸਹਾਇਤਾ ਵੀ ਕਰੋ ਤਾਂ ਮੈਂ ਕਰਵਾ ਚੌਥ ਦਾ ਵਰਤ ਰੱਖ ਲਵਾਂ। ਕਵਿਤਾ ਲਿਖਦੇ ਲਿਖਦੇ ਮੇਰੇ ਵੱਲ ਝਾਕ ਕੇ ਕਹਿਣ ਲੱਗੇ, ਤੂੰ ਸਾਡੀਆਂ ਸੁੱਖਾਂ ਲੋਚਦੀ ਏਂ ਮੀਨਾਕਸ਼ੀ, ਸਾਡੀ ਤੇਰੇ ਲਈ ਜਾਨ ਹਾਜ਼ਰ ਹੈ। ਵੇਖ ਅੱਜ ਤੈਨੂੰ ਇਕ ਮੌਕੇ ਦਾ ਸ਼ਿਅਰ ਸੁਣਾਈਏ, ਅਰਜ਼ ਕੀਤਾ ਜੇ:

ਵੇ ਵਰਤ ਦਾ ਬੜਾ ਰਵਾਜ ਪੁੱਠਾ,
ਭਾਵੇਂ ਹਾਜ਼ਮੇ ਨੂੰ ਕਰਦਾ ਠੀਕ ਸੱਜਣੀ।
ਕਰਵਾ ਚੌਥ ਹੋਵੇ, ਕਰਵਾ ਅੱਠ ਹੋਵੇ,
ਭੁੱਖੇ ਰਹਿਣ ਦੀ ਕਾਹਦੀ ਤਰੀਕ ਸੱਜਣੀ।

ਇਕ ਇਕ ਕਰ ਕੇ ਚਾਅ ਕਿਰਦੇ ਗਏ, ਜੋ ਵੀ ਹਸਰਤ ਉਠੀ ਉਸ ਦਾ ਮੈਂ ਆਪ ਗਲਾ ਘੁੱਟ ਸੁਟਿਆ। ਮਨ ਨਾ਼ਲ ਫੈਸਲਾ ਕਰ ਲਿਆ ਕਿ ਜਾਨ ਜਾਂਦੀ ਹੈ ਤਾਂ ਜਾਵੇ ਕਵੀ ਮਹਾਰਾਜ ਤੋਂ ਕੁਝ ਨੀ ਮੰਗਣਾ। ਹੋਰ ਤਾਂ ਹੋਰ ਘਰ ਦੀਆਂ ਸਾਧਾਰਨ ਲੋੜਾਂ ਬਾਰੇ ਵੀ ਵਾਹ ਲਗਦਿਆਂ ਖ਼ਾਮੋਸ਼ੀ ਅਖਤਿਆਰ ਕਰ ਲਈ ਪਰ ਰਸੋਈ ਦਾ ਬੁਰਾ ਹਾਲ ਸੀ, ਨਾ ਲੱਕੜਾਂ-ਨਾ ਕੋਇਲੇ, ਨਾ ਮਿੱਟੀ ਦਾ ਤੇਲ-ਚੁੱਲ੍ਹਾ ਤਪੇ ਤਾਂ ਕਿਵੇਂ ਤਪੇ? ਮੈਂ ਦੁਖੀ ਹੋ ਕੇ ਕਿਹਾ, ਮੇਰੇ ਸਿਰਤਾਜ ਘਰ ਵਿਚ ਕਿਸੇ ਕਿਸਮ ਦਾ ਕੋਈ ਬਾਲਣ ਨਹੀਂ-ਲੱਕੜਾਂ, ਕੋਲੇ ਤੇ ਮਿੱਟੀ ਦਾ ਤੇਲ ਮੁੱਕ ਗਿਆ ਹੈ। ਕਿਰਪਾ ਕਰਕੇ ਚੁੱਲ੍ਹਾ ਤਪਾਉਣ ਲਈ ਕੁਝ ਲਿਆਵੋ। ਕਵੀਜਨ ਫਿਰ ਮੁਸਕਰਾਉਂਦੇ ਹੋਏ ਕਹਿਣ ਲਗੇ, ਵਾਹ! ਸ੍ਰੀਮਤੀ ਵਾਹ! ਫੇਰ ਕੀ ਹੋਇਆ ਜੇ ਘਰ ਵਿਚ ਲੱਕੜਾਂ, ਕੋਲੇ ਤੇ ਮਿੱਟੀ ਦਾ ਤੇਲ ਮੁੱਕ ਗਿਆ ਹੈ, ਤੁਹਾਡੇ ਲਈ ਪਾਤਸ਼ਾਹੋ ਜਾਨ ਹਾਜ਼ਰ ਹੈ। ਲੱਕੜਾਂ ਦਾ ਕੀ ਹੈ ਦੇਸ਼ ਦੇ ਸਾਰੇ ਜੰਗਲ ਸਾਡੇ ਹਨ, ਜਿਸ ਦਿਨ ਚਾਹਵੇਂ ਸ਼ਾਹੀ ਲੱਕੜ ਹਾਰਾ ਬਣ ਵਖਾਵਾਂ, ਚੰਨਣ ਦੀਆਂ ਕਹੇਂ ਚੰਨਣ ਦੀਆਂ ਲੱਕੜਾਂ ਤੋੜ ਲਿਆਵਾਂ-ਕਿੱਕਰ ਦੀਆਂ ਕਹੇਂ ਕਿੱਕਰ ਦੀਆਂ ਲਾਹ ਲਿਆਵਾਂ। ਰਹੀ ਗੱਲ ਕੋਇਲੇ ਦੀ-ਲੱਕੜ ਦਾ ਕੋਇਲਾ ਜਾਂ ਪੱਥਰ ਦਾ ਕੋਇਲਾ? ਜਿਹੜਾ ਕਹੇਂ ਟਰੱਕਾਂ ਦੇ ਟਰੱਕ ਲਿਆ ਦਿਆਂ ਪਰ ਸਿਆਣੇ ਕਹਿੰਦੇ ਆ, ਕੋਇਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ ਹੁੰਦਾ ਹੈ। ਅਸੀਂ ਟਰੱਕ ਲਿਆ ਕੇ ਕੀ ਕਰਨੇ ਆਂ। ਇਹ ਕੰਮ ਡੀਪੂ ਵਾਲਿਆਂ ਦਾ ਹੈ ਪਰ ਫਿਰ ਵੀ ਕੋਇਲੇ ਦੀਆਂ ਕਸਰਾਂ ਕੱਢ ਦਿਆਂਗਾ। ਰਹੀ ਗੱਲ ਮਿੱਟੀ ਦੇ ਤੇਲ ਦੀ, ਅਜੇ ਕੱਲ੍ਹ ਹੀ ਅਖ਼ਬਾਰਾਂ ਵਿਚ ਛਪਿਆ ਹੈ ਕਿ ਗੁਜਰਾਤ ਵਿਚ ਮਿੱਟੀ ਦੇ ਤੇਲ ਦੇ ਖੂਹ ਲੱਭ ਪਏ ਹਨ। ਭਾਰਤਵਰਸ਼ ਵਾ਼ਲੇ ਐਨਾ ਮਿੱਟੀ ਦਾ ਤੇਲ ਕੀ ਕਰਨਗੇ? ਆਖਰਕਾਰ ਸਾਡੇ ਘਰਾਂ ਵਿਚ ਹੀ ਮੱਚਣਾ ਹੈ-ਇਸ਼ਨਾਨ ਚਾਹੇ ਤਾਂ ਮਿੱਟੀ ਦੇ ਤੇਲ ਨਾ਼ਲ ਸਾਰੇ ਟੱਬਰ ਦਾ ਇਸ਼ਨਾਨ ਕਰਵਾ ਦਿਆਂਗੇ ਪਰ ਛੱਡ ਗੱਲਾਂ ਮਿੱਟੀ ਦੇ ਤੇਲ ਦੀਆਂ। ਮੇਰੇ ਵੱਲ ਆਪਣਾ "ਸਵਿਚ ਆਨ" ਕਰੋ ਤੇ ਸ਼ਿਅਰ ਸੁਣੋ। ਲੱਕੜਾਂ 'ਤੇ ਕੇਹਾ ਢੁਕਵਾਂ ਸ਼ਿਅਰ ਹੈ ਮੀਨਾਕਸ਼ੀ ਜੀ:

ਲਾਮ ਲੱਕੜਾਂ ਦੀ ਗੱਲ ਛੇੜ ਕੇ ਤੇ,
ਸਾਡਾ ਮੂਡ ਵਿਗਾੜ ਕੇ ਰੱਖ ਦਿੱਤਾ।
ਮਹਾਂ ਕਾਵਿ ਦੇ ਨੀ ਵੱਡੇ ਸੁਪਨਿਆਂ ਦਾ,
ਸਾਡਾ ਖੁੰਡ ਹੀ ਪਾੜ ਕੇ ਰੱਖ ਦਿੱਤਾ।

ਮੈਂ ਸ਼ਿਅਰ ਸੁਣ ਕੇ ਜ਼ਰਾ ਦੁਖੀ ਹੋਈ। ਉਨ੍ਹਾਂ ਵੱਲ ਗੁੱਸੇ ਭਰੀਆਂ ਨਜ਼ਰਾਂ ਨਾ਼ਲ ਵੇਖਿਆ। ਉਹ ਗੁੱਸੇ ਦਾ ਜਵਾਬ ਗੁੱਸੇ ਵਿਚ ਦੇਣ ਦੀ ਥਾਂ ਮੁਸਕਰਾ ਕੇ ਕਹਿਣ ਲੱਗੇ, ਤੂੰ ਕੱਲ੍ਹ ਨੂੰ ਕਹਿਣਾ ਹੈ:

ਲੱਕੜੀ ਜਲ ਕਰ ਕੋਇਲਾ ਭਈ
ਕੋਇਲਾ ਜਲ ਕਰ ਖ਼ਾਕ।
ਮੈਂ ਪਾਪਣ ਐਸੀ ਜਲੀ
ਕੋਇਲਾ ਭਈ ਨਾ ਖ਼ਾਕ।

ਇੱਕ ਕੋਇਲਾ ਉਹ ਹੁੰਦਾ ਹੈ ਜਿਸ ਦਾ ਹੀਰਾ ਬਣ ਜਾਂਦਾ ਹੈ ਤੇ ਇੱਕ ਕੋਇਲਾ ਉਹ ਹੁੰਦਾ ਹੈ ਜਿਸ ਦੀ ਸੁਆਹ ਵੀ ਕਿਸੇ ਕੰਮ ਨਹੀਂ ਆਉਂਦੀ। ਜੇ ਕੋਇਲੇ ਦੇ ਅੰਦਰਲਾ ਸੇਕ ਬਾਹਰਲੇ ਸੇਕ ਨਾਲੋਂ ਤੇਜ਼ ਹੋਵੇ, ਕੋਇਲਾ ਹੀਰਾ ਤੇ ਬਾਹਰਲਾ ਸੇਕ ਅੰਦਰਲੇ ਨਾਲੋਂ ਤੇਜ਼ ਹੋਵੇ ਤਾਂ ਕੋਇਲਾ ਸੜ ਕੇ ਸੁਆਹ ਹੋ ਜਾਂਦਾ ਹੈ। ਮੀਨਾਕਸ਼ੀ ਘਰ ਵਿਚ ਕੋਇਲਾ ਹੋਵੇ ਜਾਂ ਨਾ ਹੋਵੇ ਪਰ ਆਪਣਾ ਅੰਦਰਲਾ ਸੇਕ ਤੇਜ਼ ਰਖੋ, ਭੀਤਰ ਦੀ ਅੱਗ ਨੂੰ ਮਘਦਿਆਂ ਰਖੋ। ਲਓ ਫੇਰ ਇਕ ਸ਼ੇਅਰ ਅਰਜ਼ ਹੈ:

ਕਾਫ ਕੋਇਲੇ ਦੀ ਘਰ ਵਿਚ ਕਾਨ ਹੋਵੇ,
ਕੰਮ ਫੇਰ ਅੰਗੀਠੀ ਦਾ ਚਲਦਾ ਹੈ।
ਕੋਲੇ ਮੁੱਕ ਗਏ ਆ ਕੋਲੇ ਮੁਕ ਗਏ ਆ
ਰੋਣਾ ਰੋਜ਼ ਰਹਿੰਦਾ, ਏਸੇ ਗੱਲ ਦਾ ਹੈ।

ਲੈ ਹੁਣ ਅਗਲਾ ਸ਼ਿਅਰ ਮਿੱਟੀ ਦੇ ਤੇਲ ਬਾਰੇ ਹੈ। ਕਾਲੀਦਾਸ ਵਰਗੇ ਮਹਾਂ ਕਵੀਆਂ ਨੂੰ ਐਹੋ ਜਿਹਾ ਸ਼ਿਅਰ ਨਹੀਂ ਸੁਝਿਆ ਹੋਵੇਗਾ। ਕਾਬਿਲੇ ਗ਼ੌਰ ਸ਼ਿਅਰ ਹੈ, ਮੇਰੇ ਵੱਲ ਧਿਆਨ ਦੇਣਾ ਬਾਦਸ਼ਾਹੋ:

ਮੀਮ ਮਿੱਟੀ ਦੇ ਤੇਲ ਦਾ ਆਇਆ ਤੋੜਾ,
ਕਿਹੜੇ ਖੂਹ ਵਿਚੋਂ ਪੀਪੇ ਭਰ ਆਵਾਂ।
ਡਾਲ ਡੀਪੂਆਂ 'ਤੇ ਲੱਗੀ ਭੀੜ ਦਿਸੇ,
ਦੋ ਬੋਤਲਾਂ ਕੀ ਲੈ ਕੇ ਘਰ ਆਵਾਂ?

ਸ਼੍ਰੀਮਤੀ ਤੂੰ ਯਕੀਨ ਕਰ ਜਾਨ, ਤੇਰੇ ਲਈ ਸਾਡੀ ਹਰ ਵੇਲੇ ਜਾਨ ਹਾਜ਼ਰ ਹੈ। ਸਿਆ਼ਲ ਆ ਗਿਆ ਘਰ ਬੱਚਿਆਂ ਦੇ ਗ਼ਲ ਕੋਈ ਕੱਪੜਾ ਨਹੀਂ ਸੀ। ਆਪਣਾ ਤਾਂ ਜਿਵੇਂ ਹੋਇਆ ਸਾਰ ਲਿਆ ਪਰ ਬੱਚਿਆਂ ਦਾ ਦੁੱਖ ਝੱਲਿਆ ਨਾ ਜਾਵੇ। ਮੈਂ ਕਸੀਸ ਵੱਟ ਕੇ ਬੱਚਿਆਂ ਦੇ ਕਪੜਿਆਂ ਬਾਰੇ ਬੇਨਤੀ ਕਰ ਹੀ ਦਿੱਤੀ। ਕਵੀ ਮਹਾਰਾਜ ਕਹਿਣ ਲੱਗੇ, ਮੀਨਾਕਸ਼ੀ ਜੀ, ਸਾਡੇ ਬੱਚੇ ਕੀ ਨੇ ਦੋ ਗੁਲਾਬ ਦੇ ਫੁੱਲ ਨੇ, ਇੱਕ ਲੜਕਾ ਤੇ ਇੱਕ ਲੜਕੀ-ਇਹ ਕਿਸੇ ਦਿਨ ਸ਼ਹਿਜ਼ਾਦੀਆਂ ਵਾਂਗ ਸਤਿਕਾਰੇ ਜਾਇਆ ਕਰਨਗੇ। ਇਨ੍ਹਾਂ ਲਈ ਆਪਣੀ ਜਾਨ ਹਾਜ਼ਰ ਹੈ। ਜਦੋਂ ਸਾਡਾ ਦੀਵਾਨ ਛੱਪਿਆ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਦੇ ਛੀ-ਛੀ ਗਰਮ ਤੇ ਬਾਰ੍ਹਾਂ-ਬਾਰ੍ਹਾਂ ਠੰਢੇ ਸੂਟ ਸਵਾ ਦਿਆਂਗੇ ਪਰ ਅਜੇ ਤਾਂ ਇਨ੍ਹਾਂ ਨੂੰ ਸ਼ਿਅਰ ਸੁਣਾਉਣਾ ਚਾਹੀਦਾ ਹੈ:

ਬੇ ਬੱਚਿਆਂ ਦਾ ਮੈਨੂੰ ਫਿਕਰ ਖਾਵੇ,
ਥਾਂ ਬਿਸਕੁਟਾਂ ਦੇ ਝੱਗੇ ਚੱਬਦੇ ਨੇ।
ਭਾਲ ਬਖਸ਼ ਕੇ ਰਾਸ਼ਨ ਲਕੋ ਗਿਆ ਉਹ,
ਕੈਸੇ ਰੰਗ ਇਹ ਸੋਹਣੀਏ ਰੱਬ ਦੇ ਨੇ।

ਵੇਖ ਲਈ ਕਵੀ ਦੀ ਦੁਨੀਆਂ, ਕਰ ਲਿਆ ਉਸ ਨਾ਼ਲ ਨਿਭਾ, ਕਦੀ ਕਦੀ ਬੱਚਿਆਂ ਨੂੰ ਵੇਖ ਕੇ ਤਰਸ ਆਉਣਾ, ਵਰਨਾ ਹਰ ਵੇ਼ਲੇ ਮਰ ਜਾਣ ਬਾਰੇ ਸੋਚਦੇ ਰਹਿਣਾ। ਏਥੇ ਜਿਉਂਦੇ ਰਹਿਣ ਲਈ ਕੁਝ ਦਿਸਦਾ ਹੀ ਨਹੀਂ ਸੀ, ਮੇਰੀਆਂ ਅੱਖਾਂ ਅੱਗੇ ਹਨੇਰਾ ਹੀ ਹਨੇਰਾ ਸੀ। ਮਰ ਜਾਣ ਨੂੰ ਮੈਂ ਬੁਜ਼ਦਿਲੀ ਸਮਝਦੀ ਸਾਂ ਪਰ ਡੁਬਦੀ ਨੂੰ ਤਿਣਕੇ ਦਾ ਸਹਾਰਾ ਵੀ ਨਹੀਂ ਸੀ ਦਿਸਦਾ। ਕਰਾਂ ਤਾਂ ਕੀ ਕਰਾਂ? ਮੇਰੀਆਂ ਅੱਖਾਂ ਅੱਗੇ ਵਾਰ ਵਾਰ ਉਨ੍ਹਾਂ ਦਿਨਾਂ ਦੇ ਝਉ਼ਲੇ ਪਿਆ ਕਰਨੇ ਜਦੋਂ ਮੇਰਾ ਕਵੀ ਮੇਰੇ ਲਈ ਤੜਫਿਆ ਕਰਦਾ ਸੀ ਪਰ ਅੱਜ ਵੀ ਉਸ ਨੇ ਕੋਈ ਬੇਵਫ਼ਾਈ ਨਹੀਂ ਸੀ ਕੀਤੀ। ਅੱਜ ਵੀ ਉਸ ਦੀ ਜਾਨ ਹਾਜ਼ਰ ਸੀ ਪਰ ਮੈਂ ਜ਼ਿੰਦਗੀ ਦੀਆਂ ਹਕੀਕਤਾਂ ਹੱਥੋਂ ਪ੍ਰੇਸ਼ਾਨ ਸਾਂ। ਉਹ ਸੁਪਨਿਆਂ ਦੀ ਲੋਰ ਤੋਂ ਬਾਹਰ ਨਹੀਂ ਸੀ ਆਉਣਾ ਚਾਹੁੰਦਾ। ਜ਼ਿੰਦਗੀ ਮੌਤ ਦੇ ਵਿਚਕਾਰ ਇੱਕ ਯੁੱਧ ਹੋ ਰਿਹਾ ਸੀ। ਆਖ਼ੀਰ ਮੈਂ ਧਰਤੀ ਤੋਂ ਚਲੇ ਜਾਣ ਬਾਰੇ ਫੈਸਲਾ ਕਰ ਲਿਆ। ਮੈਂ ਉਨ੍ਹਾਂ ਨੂੰ ਬੜੇ ਜ਼ੋਰ ਨਾ਼ਲ ਕਿਹਾ, ਮੈਨੂੰ ਸੰਖੀਆ ਲਿਆ ਦਿਓ। ਉਹ ਖਿੜਖਿੜਾ ਕੇ ਹੱਸ ਪਏ ਤੇ ਕਹਿਣ ਲੱਗੇ, ਮੀਨਾਕਸ਼ੀ ਸੰਖੀਆ ਕਿਉਂ? ਤੇਰੀ ਆਈ ਮੈਂ ਮਰ ਜਾਂ ਤੇਰਾ ਵਾ਼ਲ ਵਿੰਗਾ ਨਾ ਹੋਵੇ। ਸੱਜਣੀ ਅੱਖਾਂ ਖੋਲ੍ਹ ਕੇ ਤੱਕ ਤੇਰੇ ਲਈ ਜਾਨ ਹਾਜ਼ਰ ਹੈ, ਜਾਨ ਹਾਜ਼ਰ ਹੈ, ਹਾਜ਼ਰ ਹੈ। ਇਹ ਜਾਨ ਤੇਰੇ ਲਈ ਹਾਜ਼ਰ ਹੈ। ਛੱਡ ਸੰਖੀਏ ਦੀਆਂ ਗੱਲਾਂ ਤੇ ਗ਼ੌਰ ਨਾ਼ਲ ਸ਼ਿਅਰ ਸੁਣ। ਇਹ ਐਸਾ ਸ਼ਿਅਰ ਹੈ ਕਿ ਮੁਕਰਰ ਕਰਦੀ ਫਿਰੇਂਗੀ:

ਸੀਨ ਸੰਖੀਆ ਮਿਲੇ ਨਾ ਸਾਫ਼ ਕਿਧਰੇ,
ਇਹਦੇ ਵਿਚ ਮਿਲਾਵਟਾਂ ਭਾਰੀਆਂ ਨੇ।
ਸਾਨੂੰ ਨਾ਼ਲ ਹੀ ਸੋਹਣੀਏ ਲਈ ਜਾਣਾ,
ਸੁਰਗਾਂ ਵਾਸਤੇ ਜੋ ਤਿਆਰੀਆਂ ਨੇ।

(ਕਿਤਾਬ 'ਮੈਨੂੰ ਮੈਥੋਂ ਬਚਾਓ')

## ਪਾਖੰਡਵਾਦ ਵਿਰੁਧ ਫੇਸਬੁੱਕ 'ਤੇ ਮੁਹਿੰਮ

ਪਾਖੰਡਵਾਦ ਵਿਰੁਧ ਫੇਸਬੁੱਕ 'ਤੇ "ਸੰਤਾਂ ਦੇ ਕੌਤਕ" ਗਰੁੱਪ ਦੀ ਚਰਚਾ ਜ਼ੋਰਾਂ 'ਤੇ। ਧਰਮ ਦੇ ਨਾਂ 'ਤੇ ਆਪੇ ਬਣੇ ਮਹਾਂਪੁਰਸ਼ਾਂ, 108 ਤੋਂ ਲੈ ਕੇ 1000008 ਤੱਕ ਦੀਆਂ ਨੰਬਰ ਪਲੇਟਾਂ ਵਾਲੇ ਬਾਬਿਆਂ ਵੱਲੋਂ ਲੋਕਾਂ ਨੂੰ 'ਸਹੀ ਰਸਤੇ' ਜਾਂ ਸੁਰਗਾਂ ਨੂੰ ਸਿੱਧੀ ਪੌੜੀ ਲਾ ਕੇ ਦੇਣ ਦੇ ਨਾਂ 'ਤੇ ਕੀਤੀ ਜਾ ਰਹੀ ਲੁੱਟ ਖਿਲਾਫ ਕੁਝ ਕੁ ਜਾਗਰੂਕ ਲੋਕਾਂ ਨੇ 'ਸ਼ੋਸਲ ਨੈਟਵਰਕ' ਫੇਸਬੁੱਕ ਜ਼ਰੀਏ "ਸੰਤਾਂ ਦੇ ਕੌਤਕ" ਨਾਂ ਦਾ ਗਰੁੱਪ ਬਣਾ ਕੇ ਆਪਣਾ ਪ੍ਰਚਾਰ ਆਰੰਭਿਆ ਹੋਇਆ ਹੈ। ਇਸ ਗਰੁੱਪ 'ਚ ਸ਼ਾਮਲ ਹੋਏ ਮੈਂਬਰਾਂ ਵੱਲੋਂ ਆਪਣੇ ਆਪ ਨੂੰ 'ਮਹਾਂਪੁਰਸ਼' ਅਖਵਾਉਂਦੇ ਅਤੇ ਵੱਡੀਆਂ ਵੱਡੀਆਂ ਮੱਤਾਂ ਦਿੰਦੇ ਬਾਬਿਆਂ ਦੀ ਨਿੱਜੀ ਜ਼ਿੰਦਗੀ ਨਾਲ ਸੰਬੰਧਤ ਤਸਵੀਰਾਂ ਵੀ ਪਾਈਆਂ ਜਾ ਰਹੀਆਂ ਹਨ। ਜਿਹੜੀਆਂ ਇਹ ਦੱਸਣ ਲਈ ਕਾਫੀ ਹਨ ਕਿ ਲੋਕਾਂ ਨੂੰ ਸੁਰਗਾਂ ਦੀ ਟਿਕਟ ਦੇਣ ਦੇ ਨਾਂ 'ਤੇ ਬਾਬੇ ਕਿਵੇਂ ਰਾਜਿਆਂ ਵਰਗੀ ਸ਼ਾਹੀ ਜ਼ਿੰਦਗੀ ਜਿਉਂਦੇ ਹਨ। ਸਿੱਖੀ ਦੇ ਨਾਂ 'ਤੇ ਕਿਵੇਂ ਸਿੱਖੀ ਨੂੰ ਹੀ ਅਮਰਵੇਲ ਵਾਂਗ ਚਿੰਬੜੇ ਹੋਏ ਹਨ... ਗਰੁੱਪ ਦੇ ਮੈਂਬਰ ਬਣਿਆਂ ਪਤਾ ਚੱਲਦੈ। ਬਹੁਤ ਹੀ ਥੋੜ੍ਹੇ ਜਿਹੇ ਸਮੇਂ ਵਿਚ ਗਰੁੱਪ ਦੇ ਮੈਂਬਰਾਂ ਦੀ ਗਿਣਤੀ ਤਿੰਨ ਹਜਾਰ ਤੋਂ ਵੀ ਟੱਪ ਚੁੱਕੀ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਤਰਕਸ਼ੀਲ ਸੁਸਾਇਟੀਆਂ ਵੀ ਅਜਿਹੇ ਪਾਖੰਡਵਾਦ ਵਿਰੁਧ ਆਵਾਜ ਬੁਲੰਦ ਕਰਦੀਆਂ ਆ ਰਹੀਆਂ ਹਨ। ਚੇਤਨਤਾ ਫੈਲਾਉਣ ਦੇ ਉਸ ਰਾਹ 'ਚ ਵੀ ਸਰਕਾਰ ਨੇ ਅਜਿਹਾ ਬੰਨ੍ਹ ਮਾਰਨ ਦਾ ਯਤਨ ਕੀਤਾ ਕਿ ਕੁੱਝ ਤਰਕਸ਼ੀਲ ਕਿਤਾਬਾਂ ਉਪਰ ਪਾਬੰਦੀ ਲਗਾ ਦਿੱਤੀ ਗਈ ਸੀ। ਨਾਸਤਿਕ ਜਾਂ ਆਸਤਿਕ ਹੋਣਾ ਕਿਸੇ ਦਾ ਵੀ ਨਿੱਜ਼ੀ ਮਸਲਾ ਹੈ ਪਰ ਲੋਕਾਂ ਨੂੰ ਪਾਖੰਡਵਾਦ ਖਿਲਾਫ ਜਾਗਰੂਕ ਕਰਨਾ ਵੀ ਨਿੱਗਰ ਸੋਚ ਦਾ ਹਿੱਸਾ ਹੈ। ਤਰਕਸ਼ੀਲਾਂ ਵੱਲੋਂ ਸਿਰਫ ਪੰਜਾਬ ਹੀ ਨਹੀਂ ਸਗੋਂ ਦੂਜੇ ਸੂਬਿਆਂ ਦੇ ਬਾਬਿਆਂ ਦੇ ਪਾਖੰਡ ਵੀ ਨੰਗੇ ਕੀਤੇ ਗਏ ਸਨ। ਹੁਣ ਆਮ ਲੋਕਾਂ ਵੱਲੋਂ "ਸੰਤਾਂ ਦੇ ਕੌਤਕ" ਗਰੁੱਪ ਰਾਹੀਂ ਲੋਕਾਂ ਨੂੰ ਜਾਗਰੂਕ ਕਰਨਾ ਵੀ ਇੱਕ ਚੰਗਾ ਸ਼ਗਨ ਹੈ। ਚੇਤਨਾ ਫੈਲਾਉਣ ਦੇ ਰਾਹ ਤੁਰੇ ਲੋਕਾਂ ਨੂੰ ਸਲਾਮ।

-ਦਰਸ਼ਨ ਬਸਰਾਓਂ, ਸ਼ਿਕਾਗੋ।

# ਅੰਨ੍ਹੀ ਪੀਸੇ, ਕੁੱਤੇ ਚੱਟਣ-ਮੁਲਕ ਅਜੇ ਵੀ ਚੱਲੀ ਜਾਂਦੈ

**ਸਿਆਸਤ ਦਾ ਪਿੜ**

**ਜਤਿੰਦਰ ਪਨੂੰ**

*ਨੇਕ-ਨੀਅਤੀ ਦੇ ਇਸੇ ਸਰਟੀਫਿਕੇਟ ਦੀ ਵਰਤੋਂ ਅੱਜ ਕੱਲ੍ਹ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਵੀ ਵਾਹਵਾ ਕਰ ਰਹੀ ਹੈ। ਉਸ ਦੀ ਸਰਕਾਰ ਉਤੇ ਪਿਛਲੇ ਸਾਲ ਕਾਮਨਵੈਲਥ ਖੇਡਾਂ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਤਾਂ ਉਹ ਇਸ ਨੂੰ ਰੱਦ ਕਰਦਿਆਂ ਕਹਿੰਦੀ ਸੀ ਕਿ ਦਿੱਲੀ ਦੇ ਲੋਕ ਮੇਰੀ ਨੇਕ-ਨੀਅਤੀ ਬਾਰੇ ਜਾਣਦੇ ਹਨ ਤੇ ਏਸੇ ਲਈ ਉਨ੍ਹਾਂ ਮੈਨੂੰ ਤੀਜੀ ਵਾਰ ਮੌਕਾ ਦਿੱਤਾ ਹੈ। ਹੁਣ ਕਾਮਨਵੈਲਥ ਖੇਡਾਂ ਦੀ ਜਾਂਚ ਲਈ ਪ੍ਰਧਾਨ ਮੰਤਰੀ ਵੱਲੋਂ ਬਣਾਈ ਸ਼ੁੰਗਲੂ ਕਮੇਟੀ ਨੇ ਸਾਫ ਕਰ ਦਿੱਤਾ ਹੈ ਕਿ ਦਿੱਲੀ ਸਰਕਾਰ ਦਾ ਪੱਲਾ ਸਾਫ ਨਹੀਂ ਅਤੇ ਇਸ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਅਤੇ ਲੈਫਟੀਨੈਂਟ ਗਵਰਨਰ ਤੇਜਿੰਦਰ ਖੰਨਾ ਵੱਲ ਸਿੱਧੀ ਉਂਗਲ ਉਠਾ ਦਿੱਤੀ ਹੈ। ਦੋਵੇਂ ਜਣੇ ਪੰਜਾਬ ਤੋਂ ਗਏ ਹਨ। ਸ਼ੀਲਾ ਦੀਕਸ਼ਤ ਕਪੂਰਥਲੇ ਦੇ ਸਕੂਲਾਂ ਵਿਚ ਪੜ੍ਹਦੀ ਰਹੀ ਹੈ ਤੇ ਤੇਜਿੰਦਰ ਖੰਨਾ ਪੰਜਾਬ ਦੇ ਜ਼ਿਲਿਆਂ ਵਿਚ ਡਿਪਟੀ ਕਮਿਸ਼ਨਰ ਲੱਗਣ ਤੋਂ ਲੈ ਕੇ ਇਸ ਰਾਜ ਦਾ ਮੁੱਖ ਸਕੱਤਰ ਰਿਹਾ ਹੈ।*

ਉਹ ਵੇਲੇ ਬਹੁਤ ਪਿੱਛੇ ਰਹਿ ਗਏ, ਜਦੋਂ ਕਿਹਾ ਜਾਣ ਲੱਗਾ ਸੀ ਕਿ ਇੱਟ ਪੁੱਟਿਆਂ ਚੋਰ ਨਿਕਲਦੈ। ਹੁਣ ਇੱਟ ਵੀ ਪੁੱਟਣ ਦੀ ਲੋੜ ਨਹੀਂ ਰਹਿ ਗਈ ਸਗੋਂ ਹਰ ਪਾਸੇ ਚੋਰਾਂ ਦੀਆਂ ਧਾੜਾਂ ਤੁਰੀਆਂ ਫਿਰਦੀਆਂ ਹਨ। ਚੋਰ ਵੀ ਇਹੋ ਜਿਹੇ ਕਿ ਇੱਕ ਦੂਜੇ ਤੋਂ ਚੜ੍ਹਦੇ ਅਤੇ ਇਖਲਾਕ ਪੱਖੋਂ ਇੱਕ ਦੂਜੇ ਨਾਲੋਂ ਵੱਧ ਬੇਸ਼ਰਮ। ਹਰ ਹਫਤਾ ਇਸ ਵਰਤਾਰੇ ਵਿਚ ਵਾਧਾ ਕਰਨ ਵਾਲਾ ਸਾਬਤ ਹੁੰਦਾ ਹੈ। ਕਦੇ ਉਰਦੂ ਦਾ ਇਹ ਸ਼ੇਅਰ ਸੁਣਦੇ ਹੁੰਦੇ ਸਾਂ, 'ਮਰਜ਼ ਬੜਤਾ ਗਯਾ, ਜੂੰ-ਜੂੰ ਦਵਾ ਕੀ' ਪਰ ਹੁਣ ਦਵਾ ਵਾਲੇ ਖਾਨੇ ਵਿਚ ਵੀ ਭ੍ਰਿਸ਼ਟਾਚਾਰ ਦੀ ਭੂੰਡੀ ਆ ਵੜੀ ਹੈ। ਨਤੀਜੇ ਵਜੋਂ ਜੋ ਕੁਝ ਵਾਪਰ ਸਕਦਾ ਹੈ, ਉਸ ਦੇ ਕੁਝ ਹੋਰ ਨਮੂਨੇ ਇਸ ਹਫਤੇ ਨੇ ਫਿਰ ਸਾਡੇ ਸਾਹਮਣੇ ਲਿਆ ਰੱਖੇ ਹਨ।

ਪਾਰਲੀਮੈਂਟ ਵਿਚ ਜਦੋਂ ਵਾਜਪਾਈ ਸਰਕਾਰ ਹੁੰਦੀ ਸੀ, ਓਦੋਂ ਕਾਰਗਿਲ ਦੀ ਜੰਗ ਵੇਲੇ ਖਰੀਦੇ 'ਕਫਨ', ਸ਼ਹੀਦਾਂ ਦੀਆਂ ਲਾਸ਼ਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੱਕ ਪੁਚਾਉਣ ਵਾਲੇ ਬਕਸੇ ਖਰੀਦਣ ਦਾ ਕਿੱਸਾ ਸਾਹਮਣੇ ਆਇਆ ਸੀ। ਰੌਲਾ-ਰੱਪਾ ਪੈਂਦਾ ਰਿਹਾ, ਹੋਇਆ ਕੁਝ ਨਹੀਂ ਸੀ। ਸਰਕਾਰ ਟੁੱਟ ਕੇ ਅਗਲੀ ਚੋਣ ਵਿਚ ਫਿਰ ਓਹੋ ਜਿੱਤ ਗਈ ਸੀ। ਵੋਟਾਂ ਇਸ ਮੁੱਦੇ 'ਤੇ ਨਹੀਂ ਕਿ ਭ੍ਰਿਸ਼ਟਾਚਾਰ ਕੀਤਾ ਜਾਂ ਨਹੀਂ, ਸਗੋਂ ਇਸ ਕਰ ਕੇ ਮਿਲ ਗਈਆਂ ਸਨ ਕਿ ਕਾਰਗਿਲ ਦੀ ਜੰਗ ਦਾ ਸੱਚ ਕਾਂਗਰਸ ਅਤੇ ਖੱਬੇ ਪੱਖੀ ਠੀਕ ਤਰ੍ਹਾਂ ਪੇਸ਼ ਨਹੀਂ ਸਨ ਕਰ ਸਕੇ। ਪਿੱਛੋਂ ਜਦੋਂ ਉਸ ਜੰਗ ਨਾਲ ਜੁੜਦੇ 'ਕਫਨ' ਸਕੈਂਡਲ ਦਾ ਰੌਲਾ ਵਧਿਆ ਤਾਂ ਭਾਰਤੀ ਜਨਤਾ ਪਾਰਟੀ ਦੇ ਲੀਡਰ ਆਖਦੇ ਸਨ ਕਿ ਦੇਸ਼ ਦੇ ਲੋਕਾਂ ਨੇ ਸਾਨੂੰ ਦੋਬਾਰਾ ਚੁਣ ਕੇ ਦੱਸ ਦਿੱਤੈ ਕਿ ਇਨ੍ਹਾਂ ਤੋਂ ਦੇਸ਼ ਨੂੰ ਕਿਸੇ ਨੁਕਸਾਨ ਦਾ ਡਰ ਨਹੀਂ ਹੈ। ਉਹ ਤਹਿਲਕਾ ਕਾਂਡ ਵਿਚ ਸਾਹਮਣੇ ਆਏ ਫੌਜੀ ਸੌਦਿਆਂ ਦੇ ਸੱਚ ਉਤੇ ਪਰਦਾ ਪਾਉਣ ਵੇਲੇ ਵੀ ਇਹੋ ਦਲੀਲ ਵਰਤਦੇ ਰਹੇ ਸਨ। ਹੁਣ ਜਦੋਂ ਡਾ. ਮਨਮੋਹਨ ਸਿੰਘ ਦੀ ਸਰਕਾਰ ਨੂੰ ਕਟਹਿਰੇ ਵਿਚ ਖੜਾ ਕੀਤਾ ਜਾ ਰਿਹਾ ਹੈ ਤਾਂ ਦੋਵਾਂ ਧਿਰਾਂ ਨੇ ਆਪੋ ਆਪਣੀ ਦਲੀਲ ਬਦਲ ਲਈ ਹੈ। ਅੱਜ ਕਾਂਗਰਸੀ ਕਹਿੰਦੇ ਹਨ ਕਿ ਸਾਡੀ ਸਰਕਾਰ ਨੂੰ ਦੂਸਰੀ ਵਾਰੀ ਮੌਕਾ ਦੇ ਕੇ ਦੇਸ਼ ਦੇ ਲੋਕਾਂ ਨੇ ਸਾਡੀ ਨੇਕ-ਨੀਅਤੀ ਉਤੇ ਮੋਹਰ ਲਾਈ ਹੈ ਤੇ ਭਾਜਪਾ ਦੀ ਸੁਸ਼ਮਾ ਬੀਬੀ ਪਾਰਲੀਮੈਂਟ ਵਿਚ ਇਹ ਕਹਿੰਦੀ ਸੁਣੀ ਗਈ ਹੈ ਕਿ ਚੋਣ ਜਿੱਤ ਜਾਣਾ ਕੋਈ ਨੇਕ-ਨੀਅਤੀ ਦਾ ਸਰਟੀਫਿਕੇਟ ਨਹੀਂ ਹੁੰਦਾ।

ਨੇਕ-ਨੀਅਤੀ ਦੇ ਇਸੇ ਸਰਟੀਫਿਕੇਟ ਦੀ ਵਰਤੋਂ ਅੱਜ ਕੱਲ੍ਹ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਵੀ ਵਾਹਵਾ ਕਰ ਰਹੀ ਹੈ। ਉਸ ਦੀ ਸਰਕਾਰ ਉਤੇ ਪਿਛਲੇ ਸਾਲ ਕਾਮਨਵੈਲਥ ਖੇਡਾਂ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਤਾਂ ਉਹ ਇਸ ਨੂੰ ਰੱਦ ਕਰਦਿਆਂ ਕਹਿੰਦੀ ਸੀ ਕਿ ਦਿੱਲੀ ਦੇ ਲੋਕ ਮੇਰੀ ਨੇਕ-ਨੀਅਤੀ ਬਾਰੇ ਜਾਣਦੇ ਹਨ ਤੇ ਏਸੇ ਲਈ ਉਨ੍ਹਾਂ ਮੈਨੂੰ ਤੀਜੀ ਵਾਰ ਮੌਕਾ ਦਿੱਤਾ ਹੈ। ਹੁਣ ਕਾਮਨਵੈਲਥ ਖੇਡਾਂ ਦੀ ਜਾਂਚ ਲਈ ਪ੍ਰਧਾਨ ਮੰਤਰੀ ਵੱਲੋਂ ਬਣਾਈ ਸ਼ੁੰਗਲੂ ਕਮੇਟੀ ਨੇ ਸਾਫ ਕਰ ਦਿੱਤਾ ਹੈ ਕਿ ਦਿੱਲੀ ਸਰਕਾਰ ਦਾ ਪੱਲਾ ਸਾਫ ਨਹੀਂ ਅਤੇ ਇਸ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਅਤੇ ਲੈਫਟੀਨੈਂਟ ਗਵਰਨਰ ਤੇਜਿੰਦਰ ਖੰਨਾ ਵੱਲ ਸਿੱਧੀ ਉਂਗਲ ਉਠਾ ਦਿੱਤੀ ਹੈ। ਦੋਵੇਂ ਜਣੇ ਪੰਜਾਬ ਤੋਂ ਗਏ ਹਨ। ਸ਼ੀਲਾ ਦੀਕਸ਼ਤ ਕਪੂਰਥਲੇ ਦੇ ਸਕੂਲਾਂ ਵਿਚ ਪੜ੍ਹਦੀ ਰਹੀ ਹੈ ਤੇ ਤੇਜਿੰਦਰ ਖੰਨਾ ਪੰਜਾਬ ਦੇ ਜ਼ਿਲਿਆਂ ਵਿਚ ਡਿਪਟੀ ਕਮਿਸ਼ਨਰ ਲੱਗਣ ਤੋਂ ਲੈ ਕੇ ਇਸ ਰਾਜ ਦਾ ਮੁੱਖ ਸਕੱਤਰ ਰਿਹਾ ਹੈ। ਜਦੋਂ ਦੋਵੇਂ ਜਣੇ ਇਨ੍ਹਾਂ ਮਾਣ ਵਾਲੀਆਂ ਪਦਵੀਆਂ ਉਤੇ ਪੁੱਜੇ ਸਨ, ਕਈ ਲੋਕਾਂ ਨੇ ਪੰਜਾਬ ਵਿਚ ਖੁਸ਼ੀਆਂ ਮਨਾਈਆਂ ਸਨ, ਹੁਣ ਉਨ੍ਹਾਂ ਦੇ ਨੇੜੂ ਗੱਲ ਵੀ ਕਰਨ ਨੂੰ ਤਿਆਰ ਨਹੀਂ। ਉਂਜ ਬੀਬੀ ਸ਼ੀਲਾ ਦੀਕਸ਼ਤ ਦਾ ਇੱਕ ਮੰਤਰੀ ਵੀ ਬੀਤੇ ਕੁਝ ਹਫਤਿਆਂ ਤੋਂ ਮਾਰ ਹੇਠ ਹੈ। ਉਸ ਨੇ ਟੈਕਸ ਮਹਿਕਮੇ ਨੂੰ ਇੱਕ ਵੱਡੇ ਮੈਰਿਜ ਰਿਜ਼ਾਰਟ ਦੇ ਟੈਕਸ ਚੋਰ ਮਾਲਕਾਂ ਦਾ ਲਿਹਾਜ ਕਰਨ ਲਈ ਕਿਹਾ ਸੀ। ਇਸ ਗੱਲ ਦੀ ਸ਼ਿਕਾਇਤ ਰਾਸ਼ਟਰਪਤੀ ਤੱਕ ਪਹੁੰਚ ਗਈ। ਲੱਗਦਾ ਸੀ ਕਿ ਸ਼ੀਲਾ ਦੀਕਸ਼ਤ ਨੂੰ ਉਸ ਦੀ ਛੁੱਟੀ ਕਰਨੀ ਪਵੇਗੀ ਪਰ ਜੇ ਉਸ ਦੀ ਛੁੱਟੀ ਕੀਤੀ ਜਾਵੇ ਤਾਂ ਫਿਰ ਇਹੋ ਜਿਹੇ ਹੀ ਹੋਰ ਲੱਭਣਗੇ, ਸਰਕਾਰ ਚੱਲਦੀ ਰੱਖਣ ਲਈ ਚੱਜ ਦੇ ਬੰਦੇ ਕਿੱਥੋਂ ਆਉਣਗੇ ਤੇ ਸ਼ੀਲਾ ਆਪ ਵੀ ਕੁਰਸੀ ਉਤੇ ਕਿਵੇਂ ਬੈਠੀ ਰਹਿ ਸਕੇਗੀ? ਇਸ ਲਈ ਚੰਗੀ ਗੱਲ ਇਹ ਹੈ ਕਿ ਉਹ ਚੋਰਾਂ ਨੂੰ ਬਚਾਈ ਜਾਵੇ ਤੇ ਚੋਰ ਉਸ ਦੀ ਕੁਰਸੀ ਨੂੰ ਬਚਾਈ ਜਾਣਗੇ।

ਇਸੇ ਹਫਤੇ ਇੱਕ ਖਬਰ ਫਿਰ ਕਰਨਾਟਕਾ ਤੋਂ ਆ ਗਈ ਹੈ। ਓਥੇ ਭਾਜਪਾ ਮੁੱਖ ਮੰਤਰੀ ਯੇਦੂਰੱਪਾ ਮੁੜ ਕੇ ਮੁਸ਼ਕਲ ਵਿਚ ਫਸ ਗਿਆ ਹੈ ਤੇ ਜਾਪ ਰਿਹਾ ਹੈ ਕਿ ਭਾਜਪਾ ਹਾਈ ਕਮਾਨ ਵੀ ਉਸ ਦੀ ਕੁਰਸੀ ਹੁਣ ਸ਼ਾਇਦ ਨਹੀਂ ਬਚਾ ਸਕੇਗੀ। ਜਿਹੜੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਬਾਵਜੂਦ ਪਾਰਟੀ ਉਸ ਨੂੰ ਇਸ ਗੱਦੀ ਤੋਂ ਲਾਹ ਨਹੀਂ ਸੀ ਸਕੀ ਤੇ



*ਸ਼ੀਲਾ ਦੀਕਸ਼ਤ*

ਉਹ ਪੂਰੀ ਪਾਰਟੀ ਨੂੰ ਟਿੱਚ ਜਾਣ ਕੇ ਮੁੱਖ ਮੰਤਰੀ ਬਣਿਆ ਰਿਹਾ ਸੀ, ਉਸੇ ਭ੍ਰਿਸ਼ਟਾਚਾਰ ਦਾ ਭੂਤ ਹੁਣ ਅਦਾਲਤ ਦੇ ਅਹਾਤੇ ਦਾ ਗੇੜਾ ਕੱਢ ਕੇ ਉਸ ਦੇ ਮਗਰ ਪੈ ਗਿਆ ਹੈ। ਅਦਾਲਤੀ ਹੁਕਮ ਉਤੇ ਉਸ ਦੇ ਖਿਲਾਫ ਕੇਸ ਦਰਜ ਹੋਣ ਲੱਗਾ ਤਾਂ ਪਾਰਟੀ ਦੇ ਵਿਧਾਇਕ ਵੀ ਜਾਣ ਗਏ ਕਿ ਉਸ ਦਾ ਖਹਿੜਾ ਹੁਣ ਛੁੱਟ ਨਹੀਂ ਸਕਣਾ। ਇਸ ਹਾਲ ਵਿਚ ਓਥੋਂ ਦੇ ਭਾਜਪਾ ਵਿਧਾਇਕਾਂ ਦੀ ਵੱਡੀ ਗਿਣਤੀ ਉਸ ਦੀ ਮੀਟਿੰਗ ਵਿਚ ਜਾਣ ਦੀ ਥਾਂ ਦਿੱਲੀ ਨੂੰ ਪਾਰਟੀ ਦੇ ਕੇਂਦਰੀ ਲੀਡਰਾਂ ਨੂੰ ਇਹ ਕਹਿਣ ਤੁਰ ਗਈ ਕਿ ਬੇੜੀ ਡੁੱਬਦੀ ਬਚਾਉਣੀ ਹੈ ਤਾਂ ਇਹ ਪੱਥਰ ਕੱਢ ਕੇ ਕੰਢੇ ਉਤੇ ਰੱਖ ਦਿਓ।

ਉਧਰ ਮਹਾਰਾਸ਼ਟਰ ਤੋਂ ਵੀ ਏਸੇ ਹਫਤੇ ਦੋ ਹੋਰ ਖਬਰਾਂ ਫਿਰ ਭ੍ਰਿਸ਼ਟਾਚਾਰ ਨਾਲ ਜੁੜੀਆਂ ਆ ਗਈਆਂ ਹਨ। ਇੱਕ ਖਬਰ ਤਾਂ ਹਸਨ ਅਲੀ ਬਾਰੇ ਹੈ, ਜਿਹੜਾ ਭਾਰਤ ਦਾ ਸਭ ਤੋਂ ਵੱਡਾ ਟੈਕਸ ਚੋਰ ਹੈ। ਉਸ ਨਾਲ ਕਾਫੀ ਸਮਾਂ ਜੁੜਿਆ ਰਿਹਾ ਇੱਕ ਕਾਰੋਬਾਰੀ ਕਾਸ਼ੀ ਨਾਥ ਤਾਪੁੜੀਆ ਗ੍ਰਿਫਤਾਰ ਕੀਤਾ ਗਿਆ ਹੈ। ਤਾਪੁੜੀਆ ਆਖੀ ਜਾਂਦਾ ਹੈ ਕਿ ਮੇਰਾ ਹਸਨ ਅਲੀ ਨਾਲ ਕੋਈ ਜੋੜ ਹੀ ਕਦੇ ਨਹੀਂ ਰਿਹਾ। ਹਸਨ ਅਲੀ ਕਹਿੰਦਾ ਹੈ ਕਿ ਉਸ ਨੂੰ ਕਾਸ਼ੀ ਨਾਥ ਤਾਪੁੜੀਆ ਅਤੇ ਆਰ ਪੀ ਗੋਇਨਕਾ ਤੋਂ ਜਾਨ ਦਾ ਖਤਰਾ ਹੈ। ਕਾਸ਼ੀ ਨਾਥ ਤਾਪੁੜੀਆ ਆਪਣੇ ਆਪ ਨੂੰ ਇੱਕ ਆਮ ਜਿਹਾ ਕਾਰੋਬਾਰੀ ਬੰਦਾ ਆਖਦਾ ਹੈ। ਅਸਲ ਵਿਚ ਉਹ 'ਆਮ ਕਾਰੋਬਾਰੀ' ਬੰਦਾ ਨਹੀਂ, ਜਿਵੇਂ ਆਪਣੇ ਆਪ ਨੂੰ ਬਣਾ ਕੇ ਪੇਸ਼ ਕਰ ਰਿਹਾ ਹੈ।

ਕੁਝ ਸਾਲ ਪਹਿਲਾਂ ਭਾਰਤ ਦੇ ਇੱਕ ਵੱਡੇ ਸਨਅਤੀ ਘਰਾਣੇ ਬਿਰਲਾ ਪਰਿਵਾਰ ਵਿਚ ਇੱਕ ਬੀਬੀ ਪ੍ਰਿਆਂਵਦਾ ਬਿਰਲਾ ਦੀ ਮੌਤ ਹੋਈ ਤਾਂ ਉਸ ਦੀ ਵਸੀਅਤ ਦਾ ਵੱਡਾ ਬਖੇੜਾ ਪੈ ਗਿਆ ਸੀ। ਬੀਬੀ ਮਰਨ ਤੋਂ ਪਹਿਲਾਂ ਆਪਣੀ ਜਾਇਦਾਦ ਵਿਚੋਂ ਪੰਜ ਹਜ਼ਾਰ ਕਰੋੜ ਰੁਪਏ ਆਪਣੇ ਅਕਾਊਂਟੈਂਟ ਦੇ ਨਾਂ ਕਰ ਗਈ ਸੀ। ਜਿਸ ਬੀਬੀ ਨੇ ਪੰਜ ਹਜ਼ਾਰ ਕਰੋੜ ਰੁਪਏ ਆਪਣੇ ਅਕਾਊਂਟੈਂਟ ਦੇ ਨਾਂ ਹੀ ਕਰ ਛੱਡੇ, ਉਹ ਹਸਨ ਅਲੀ ਨਾਲ ਫਸ ਗਏ ਇਸੇ ਕਾਸ਼ੀ ਨਾਥ ਤਾਪੁੜੀਆ ਦੀ ਵੱਡੀ ਭੈਣ ਸੀ। ਕਹਿਣ ਤੋਂ ਭਾਵ ਕਿ ਇੱਕ ਵੱਡੇ ਸਨਅਤਕਾਰ ਬਿਰਲੇ ਸੇਠ ਦਾ ਸਾਲਾ ਕਾਸ਼ੀ ਨਾਥ ਤਾਪੁੜੀਆ ਇੱਕ ਛਟੇ-ਫੂਕੇ ਗੈਂਗਸਟਰ ਦਾ ਕਈ ਸਾਲ ਸਾਥੀ ਬਣਿਆ ਰਹਿ ਕੇ ਆਪਣੇ ਆਪ ਨੂੰ 'ਇੱਕ ਆਮ ਜਿਹਾ ਕਾਰੋਬਾਰੀ' ਬਣਾ ਕੇ ਪੇਸ਼ ਕਰ ਰਿਹਾ ਹੈ। ਇਸ ਵੱਡੇ ਕਾਰੋਬਾਰੀ ਤਾਪੁੜੀਆ ਦੇ ਨਾਲ ਦੂਜੇ ਬੰਦੇ ਆਰ ਪੀ ਗੋਇਨਕਾ ਦਾ ਨਾਂ ਆ ਰਿਹਾ ਹੈ। ਗੋਇਨਕਾ ਪਰਿਵਾਰ ਵੀ ਸਾਧਾਰਨ ਪਰਿਵਾਰ ਨਹੀਂ। ਇਸ ਦੇ ਵਡੇਰਿਆਂ ਨੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਕਈ ਸਾਲ ਪੇਚਾ ਪਾਈ ਰੱਖਿਆ ਸੀ। ਹੁਣ ਪਰਦਾ ਚੁੱਕਿਆ ਜਾ ਰਿਹਾ ਹੈ ਕਿ ਇਨ੍ਹਾਂ ਲੋਕਾਂ ਦੇ ਪਾਕਿਸਤਾਨ ਬੈਠੇ ਬਦਨਾਮ ਗੈਂਗਸਟਰ ਦਾਊਦ ਇਬਰਾਹੀਮ ਨਾਲ ਸੰਬੰਧ ਏਨੇ ਗੂੜ੍ਹੇ ਸਨ ਕਿ ਇਹ ਉਸ ਪਰਿਵਾਰ ਵੱਲੋਂ ਕਰਾਚੀ ਵਿਚ ਓਹਲਾ ਰੱਖ ਕੇ ਕੀਤੇ ਵਿਆਹਾਂ ਵਿਚ ਦੁਬਈ ਦਾ ਚੱਕਰ ਲਾ ਕੇ ਪਹੁੰਚਦੇ ਰਹੇ ਸਨ ਪਰ ਹੁਣ ਪੈਰਾਂ 'ਤੇ ਪਾਣੀ ਨਹੀਂ ਪੈਣ ਦੇਂਦੇ। ਚਰਚਾ ਹੈ ਕਿ ਜੇ ਇਹ ਜਾਂਚ ਅੱਗੇ ਵਧ ਗਈ ਤਾਂ ਕਈ ਹੋਰ 'ਵੱਡੇ' ਘਰਾਣੇ ਵੀ ਇਸ ਦੀ ਮਾਰ ਹੇਠ ਆ ਸਕਦੇ ਹਨ।

ਮਹਾਰਾਸ਼ਟਰ ਤੋਂ ਦੂਜੀ ਖਬਰ ਆਈ ਹੈ-ਕਾਰਗਿਲ ਦੇ ਸ਼ਹੀਦਾਂ ਦੇ ਪਰਿਵਾਰਾਂ ਦੇ ਵਸੇਬੇ ਲਈ ਬਣਾਈ ਗਈ ਆਦਰਸ਼ ਸੋਸਾਈਟੀ ਦੇ ਸੰਬੰਧ ਵਿਚ ਫੌਜ ਦੀ ਕੋਰਟ ਆਫ ਇਨਕੁਆਰੀ ਦੀ ਰਿਪੋਰਟ ਦੇ ਰੂਪ ਵਿਚ। ਹਾਲੇ ਕੁਝ ਮਹੀਨੇ ਪਹਿਲਾਂ ਉਸ ਘੋਟਾਲੇ ਨੇ ਮਹਾਰਾਸ਼ਟਰ ਦੇ ਓਦੋਂ ਦੇ ਮੁੱਖ ਮੰਤਰੀ ਅਸ਼ੋਕ ਚਵਾਨ ਦੀ ਕੁਰਸੀ ਛੁਡਵਾਈ ਸੀ। ਓਦੋਂ ਕੁਝ ਵੱਡੇ ਫੌਜੀ ਅਫਸਰਾਂ ਦੇ ਨਾਂ ਵੀ ਉਸ ਘੋਟਾਲੇ ਵਿਚ ਦੋਸ਼ੀਆਂ ਵਜੋਂ ਸਾਹਮਣੇ ਆਏ ਸਨ। ਫੌਜ ਦੇ ਕੋਰਟ ਆਫ ਇਨਕੁਆਰੀ ਨੇ ਸਾਫ ਕਰ ਦਿੱਤਾ ਹੈ ਕਿ ਭਾਰਤੀ ਫੌਜ ਦੇ ਹੁਣ ਵਾਲੇ ਤੋਂ ਪਿਛਲੇ ਦੋਵੇਂ ਮੁਖੀ ਜਰਨੈਲਾਂ ਐਨ ਸੀ ਵਿਜ ਅਤੇ ਦੀਪਕ ਕਪੂਰ ਨੇ ਭ੍ਰਿਸ਼ਟਾਚਾਰ ਦੀ "ਵਗਦੀ ਗੰਗਾ 'ਚੋਂ ਹੱਥ ਧੋਤੇ" ਸਨ ਅਤੇ ਉਨ੍ਹਾਂ ਦੇ ਨਾਲ ਛੇ ਹੋਰ ਦੂਜੇ ਦਰਜੇ ਦੇ ਲੈਫਟੀਨੈਂਟ ਜਨਰਲ ਤੇ ਦੋ ਮੇਜਰ ਜਨਰਲ ਵੀ ਇਸ ਵਿਚ ਸ਼ਾਮਲ ਸਨ। ਉਨ੍ਹਾਂ ਦੇ ਕੇਸ ਕੋਰਟ ਮਾਰਸ਼ਲ ਦੀ ਥਾਂ ਹੁਣ ਸ਼ਾਇਦ ਸਿਵਲ ਅਦਾਲਤਾਂ ਵਿਚ ਚੱਲਣਗੇ ਤੇ ਬਦਨਾਮੀ ਫੌਜ ਦੀ ਹੋਵੇਗੀ।

ਇਸ ਹਫਤੇ ਨੂੰ ਫੌਜ ਲਈ ਵਾਹਵਾ ਮਾੜਾ ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ ਕਿਉਂਕਿ ਇਸੇ ਹਫਤੇ ਇੱਕ ਹੋਰ ਰਿਪੋਰਟ ਕੈਗ (ਕੰਪਟਰੋਲਰ ਐਂਡ ਆਡੀਟਰ ਜਨਰਲ) ਦੀ ਵੀ ਫੌਜ ਦੇ ਅੰਦਰ ਦੀ ਸੜ੍ਹਿਆਂਦ ਨੂੰ ਬਾਹਰ ਲੈ ਆਈ ਹੈ। ਜਿਹੜਾ ਹਨੇਰ-ਖਾਤਾ ਫੌਜ ਵਿਚ ਪਿਆ ਹੋਇਆ ਹੈ, ਉਸ ਨੂੰ ਸੁਣ ਕੇ ਬੰਦਾ ਸੁੰਨ ਹੋ ਜਾਂਦਾ ਹੈ। ਹਾਲ ਇਹ ਹੈ ਕਿ ਸਿਰਫ ਪੱਛਮੀ ਕਮਾਂਡ ਅੰਦਰ ਨੌਂ ਸੌ ਨੜਿਨਵੇਂ ਏਕੜ ਜ਼ਮੀਨ ਫੌਜ ਦੀ ਇਹੋ ਜਿਹੀ ਹੈ, ਜਿਸ ਦਾ ਪਤਾ ਹੀ ਨਹੀਂ ਲੱਗ ਰਿਹਾ ਕਿ ਉਹ ਕਿਸ ਦੇ ਕਬਜ਼ੇ ਵਿਚ ਹੈ ਤੇ ਨਕਸ਼ੇ ਵਿਚ ਵੀ ਇਹ ਕਿੱਥੇ ਪੈਂਦੀ ਹੈ? ਜੇ ਉਹ ਸਹਿਜ ਭਾਅ ਦਸ ਲੱਖ ਰੁਪਏ ਏਕੜ ਵੀ ਲਾਈ ਜਾਵੇ ਤਾਂ ਸੌ ਕਰੋੜ ਦਾ ਘਾਲਾ-ਮਾਲਾ ਇਹੋ ਬਣ ਜਾਂਦਾ ਹੈ। ਸਤਾਨਵੇਂ ਥਾਂਵਾਂ ਉਤੇ ਗੌਲਫ ਖੇਡਣ ਦੇ ਮੈਦਾਨ ਅਣ-ਅਧਿਕਾਰਤ ਕਲੱਬਾਂ ਨੂੰ ਦਿੱਤੇ ਹੋਏ ਹਨ, ਜਿਨ੍ਹਾਂ ਵਿਚੋਂ ਕਈਆਂ ਵਿਚ ਹਿਸਟਰੀ ਸ਼ੀਟਰ ਵੀ ਜਾ ਕੇ ਖੇਡਦੇ ਹਨ। ਹਿਸਟਰੀ ਸ਼ੀਟਰਾਂ ਵਾਲੀ ਗੱਲ ਕੈਗ ਦੀ ਰਿਪੋਰਟ ਵਿਚ ਨਹੀਂ, ਸਾਨੂੰ ਨਿੱਜੀ ਤੌਰ 'ਤੇ ਪਤਾ ਹੈ ਅਤੇ ਕਈ ਵਾਰੀ ਫੌਜ ਦੇ ਅਫਸਰ ਸੈਮੀਨਾਰਾਂ ਆਦਿ ਜਾਂ ਹੋਰ ਫੌਜੀ ਮਿਲਣੀਆਂ ਮੌਕੇ ਮੰਨ ਵੀ ਜਾਂਦੇ ਹਨ। ਕੈਗ ਦੀ ਰਿਪੋਰਟ ਆਖਦੀ ਹੈ ਕਿ ਆਗਰੇ ਵਿਚ ਤਾਜ ਮਹਿਲ ਤੋਂ ਡੇਢ ਕਿਲੋਮੀਟਰ ਦੇ ਅੰਦਰ ਬਣੇ ਇੱਕ ਪੰਜ ਤਾਰਾ ਹੋਟਲ ਲਈ ਫੌਜ ਦੀ ਸਾਢੇ ਪੰਜ ਏਕੜ ਤੋਂ ਵੱਧ ਜ਼ਮੀਨ ਨਾਜਾਇਜ਼ ਤੌਰ 'ਤੇ ਦੇ ਦਿੱਤੀ ਗਈ ਹੋਈ ਹੈ ਤੇ ਕਿਰਾਇਆ ਇੱਕ ਹਜ਼ਾਰ ਰੁਪਏ ਮਹੀਨਾ ਵੀ ਨਹੀਂ, ਸਿਰਫ ਨੌਂ ਸੌ ਚੁਰਾਨਵੇਂ ਰੁਪਏ ਹੈ। ਜਿਹੜਾ ਪੰਜ-ਤਾਰਾ ਹੋਟਲ ਇੱਕ ਕਮਰੇ ਦਾ ਇੱਕ ਰਾਤ ਦਾ ਕਿਰਾਇਆ ਸਹਿਜ ਭਾਅ ਨਾਲ ਚਾਲੀ-ਪੰਜਾਹ ਹਜ਼ਾਰ ਰੁਪਏ ਵਸੂਲ ਲੈਂਦਾ ਹੈ, ਉਸ ਨੇ ਦੋ ਸੌ ਸੈਂਤੀ ਕਮਰਿਆਂ ਦਾ ਹੋਟਲ ਉਸ ਜ਼ਮੀਨ ਉਤੇ ਬਣਾਇਆ ਹੈ, ਜਿਸ ਦਾ ਮਹੀਨੇ ਦਾ ਕਿਰਾਇਆ ਉਸ ਨੂੰ ਇੱਕ ਹਜ਼ਾਰ ਰੁਪਏ ਤੋਂ ਵੀ ਛੇ ਰੁਪਏ ਘੱਟ ਦੇਣਾ ਪੈਂਦਾ ਹੈ। ਬਾਕੀ ਦਾ ਲੈਣ-ਦੇਣ ਪਰਦੇ ਪਿੱਛੇ ਹੋ ਗਿਆ ਹੋਵੇਗਾ। ਇਸੇ ਫੌਜ ਨੇ ਕਸੌਲੀ ਅਤੇ ਡਗਸ਼ਈ ਵਿਚ ਵੀ ਪੰਜ ਫੌਜੀ ਬੰਗਲੇ ਹੋਟਲਾਂ ਨੂੰ ਏਦਾਂ ਹੀ ਮਾਮੂਲੀ ਕਿਰਾਏ ਉਤੇ ਦੇ ਰੱਖੇ ਹਨ। ਹੋਰ ਤਾਂ ਹੋਰ, ਜਲੰਧਰ ਵਿਚ ਫੌਜ ਦੇ ਇੱਕੀ ਬੰਗਲੇ ਵੇਚ ਦਿੱਤੇ ਜਾਣ ਦੀ ਗੱਲ ਵੀ ਪਤਾ ਲੱਗ ਗਈ ਹੈ। ਏਥੇ ਆ ਕੇ ਅਸੀਂ ਫਿਰ ਇੱਕ ਗੱਲ ਕੈਗ ਦੀ ਰਿਪੋਰਟ ਤੋਂ ਬਾਹਰ ਦੀ ਦੱਸ ਦੇਈਏ। ਜਲੰਧਰ ਦੀ ਪੁਲਿਸ ਦੇ ਡੀ ਆਈ ਜੀ ਦਾ ਦਫਤਰ ਵੀ ਫੌਜੀ ਛਾਉਣੀ ਦੇ ਇੱਕ ਬੰਗਲੇ ਵਿਚ ਚੱਲਦਾ ਹੈ। ਕਈ ਸਾਲ ਪਹਿਲਾਂ ਇੱਕ ਡੀ ਆਈ ਜੀ ਨੇ ਚੁੱਪ ਚੁਪੀਤੇ ਇਹ ਬੰਗਲਾ ਆਪਣੇ ਨਾਂ ਕਰਾਉਣ ਦਾ ਕੰਮ ਲਗਭਗ ਕਰ ਹੀ ਲਿਆ ਸੀ, ਜਦੋਂ ਉਸ ਦੇ ਸ਼ਰੀਕਾਂ ਨੂੰ ਪਤਾ ਲੱਗ ਗਿਆ ਤੇ ਉਨ੍ਹਾਂ ਨੇ ਸ਼ਿਕਾਇਤ ਕਰ ਕੇ ਰੁਕਵਾ ਦਿੱਤਾ। ਏਦਾਂ ਹੀ ਬਾਕੀ ਬੰਗਲੇ ਚੁੱਪ ਚੁਪੀਤੇ ਵੇਚੇ ਗਏ ਹੋਣਗੇ।



ਇਸ ਬਾਰੇ ਕਹਾਣੀ ਜਿੰਨੀ ਵੀ ਲੰਮੀ ਕਰਨੀ ਚਾਹੀਏ, ਨਾ ਮੁੱਦੇ ਮੁੱਕਦੇ ਹਨ ਤੇ ਨਾ ਸਬੂਤ ਸਮੇਟੇ ਜਾਣੇ ਸੌਖੇ ਹਨ ਪਰ ਅਸੀਂ ਇਸ ਦੀ ਥਾਂ ਗੱਲ ਓਥੇ ਲਿਜਾਣੀ ਚਾਹੁੰਦੇ ਹਾਂ, ਜਿੱਥੋਂ ਸ਼ੁਰੂ ਕੀਤੀ ਸੀ। ਸ਼ੁਰੂ ਅਸੀਂ ਕੀਤੀ ਸੀ ਕਾਰਗਿਲ ਦੀ ਜੰਗ ਦੇ ਸ਼ਹੀਦਾਂ ਦੇ 'ਕਫਨ' ਖਰੀਦਣ ਵਿਚ ਖਾਧੇ ਗਏ ਕਮਿਸ਼ਨ ਤੋਂ, ਪਰ ਮੁਕਾਉਣ ਨੂੰ ਸਾਡੇ ਕੋਲ ਹੈ ਭਾਰਤ ਦੇ ਮਹਾਨ ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਸ਼ਤਾਬਦੀ ਦੇ ਨਾਂ ਉਤੇ ਹੋਈ ਕਾਲੀ ਕਰਤੂਤ ਦਾ ਉਹ ਕਿੱਸਾ, ਜਿਸ ਦਾ ਜ਼ਿਕਰ ਕਰਦਿਆਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।

ਸ਼ਹੀਦ ਭਗਤ ਸਿੰਘ ਦੇ ਜਨਮ ਦੀ ਸ਼ਤਾਬਦੀ ਸਾਲ 2007-08 ਵਿਚ ਮਨਾਈ ਗਈ ਸੀ। ਪਹਿਲਾਂ ਇਹ ਕੰਮ ਸਿਰਫ ਖੱਬੇ ਪੱਖੀਆਂ ਅਤੇ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਾਲਿਆਂ ਨੇ ਸ਼ੁਰੂ ਕੀਤਾ ਸੀ ਤੇ ਸਰਕਾਰ ਜਾਂ ਸਰਕਾਰੀ ਮਸ਼ੀਨਰੀ ਕਿਤੇ ਨਜ਼ਰ ਨਹੀਂ ਸੀ ਆ ਰਹੀ ਪਰ ਸਮਾਂ ਪਾ ਕੇ ਉਹ ਇੰਜ ਧਮਕੜੇ ਪਈ ਕਿ ਬਾਕੀ ਸਾਰੇ ਭੁੱਲ ਕੇ ਮੀਡੀਆ ਓਸੇ ਨੂੰ ਚੁੱਕ ਤੁਰਿਆ। ਜਦੋਂ 2008 ਵਾਲਾ ਸ਼ਤਾਬਦੀ ਸਮਾਗਮ ਹੋ ਗਿਆ, ਓਦੋਂ ਇਹ ਰੌਲਾ ਪੈਣ ਲੱਗ ਪਿਆ ਕਿ ਇਸ ਵਿਚ ਭ੍ਰਿਸ਼ਟਾਚਾਰ ਦੀਆਂ ਡੰਝਾਂ ਲਹਿ ਗਈਆਂ ਹਨ। ਮਾਮਲਾ ਪੰਜਾਬ ਸਰਕਾਰ ਨੇ ਵਿਜੀਲੈਂਸ ਨੂੰ ਸੌਂਪ ਦਿੱਤਾ। ਵਿਜੀਲੈਂਸ ਦੀ ਰਿਪੋਰਟ ਆਈ ਤਾਂ ਦਬਾਅ ਦਿੱਤੀ ਗਈ ਪਰ ਭਗਤ ਸਿੰਘ ਦੇ ਸ਼ਹੀਦੀ ਦਿਨ ਮੌਕੇ ਅਖਬਾਰਾਂ ਵਿਚ ਛਪ ਗਈ।

ਹੁਣ ਪਤਾ ਲੱਗਾ ਹੈ ਕਿ ਇੱਕ ਕੰਪਨੀ ਨੂੰ ਨੱਬੇ ਲੱਖ ਰੁਪਏ ਦਾ ਠੇਕਾ ਸਮਾਗਮ ਦੇ ਪ੍ਰਬੰਧ ਲਈ ਦਿੱਤਾ ਗਿਆ ਸੀ, ਪਰ ਜੇ ਏਦਾਂ ਹੀ ਦੇ ਦੇਂਦੇ ਤਾਂ ਰੌਲਾ ਪੈਣਾ ਸੀ, ਇਸ ਕਰ ਕੇ ਦੋ ਹੋਰ ਕੰਪਨੀਆਂ ਨਾਲ ਮੁਕਾਬਲੇ ਦਾ ਢੌਂਗ ਰਚ ਲਿਆ ਗਿਆ। ਉਨ੍ਹਾਂ ਕੰਪਨੀਆਂ ਦੇ ਮੁਕਾਬਲੇ ਵਿਚ ਇਸ ਕੰਪਨੀ ਦਾ ਰੇਟ 'ਘੱਟ' ਦੱਸਿਆ ਗਿਆ ਪਰ ਵਿਜੀਲੈਂਸ ਜਦੋਂ ਜਾਂਚ ਕਰਨ ਪਹੁੰਚੀ ਤਾਂ ਉਨ੍ਹਾਂ ਦੋਵਾਂ ਕੰਪਨੀਆਂ ਦਾ ਨਾ ਕੋਈ ਦਫਤਰ ਲੱਭਾ ਤੇ ਨਾ ਕੋਈ ਬੰਦਾ। ਸਾਫ ਹੈ ਕਿ ਕੰਪਨੀਆਂ ਕੋਈ ਹੈ ਹੀ ਨਹੀਂ ਸਨ। ਫੇਰ ਗੱਲ ਆਈ ਕਲਾਕਾਰਾਂ ਨੂੰ ਦਿੱਤੇ ਗਏ ਪੈਸੇ ਦੀ। ਸੰਗੀਤਕਾਰ ਉਤਮ ਸਿੰਘ ਨੂੰ ਵੀਹ ਲੱਖ ਰੁਪਏ ਦਿੱਤੇ ਲਿਖੇ ਪਏ ਸਨ, ਪਰ ਉਸ ਨੇ ਵਿਜੀਲੈਂਸ ਨੂੰ ਇਹ ਬਿਆਨ ਦੇ ਦਿੱਤਾ ਕਿ ਉਸ ਨੂੰ ਸਿਰਫ ਇੱਕ ਲੱਖ ਰੁਪਏ ਮਿਲੇ ਸਨ। ਉਦਿਤ ਨਰਾਇਣ ਨੂੰ ਬਾਰਾਂ ਲੱਖ, ਸਾਧਨਾ ਸਰਗਮ ਨੂੰ ਦਸ ਲੱਖ ਅਤੇ ਦਲੇਰ ਮਹਿੰਦੀ ਨੂੰ ਪੰਜ ਲੱਖ ਰੁਪਏ ਦਿੱਤੇ ਦੱਸੇ ਗਏ ਸਨ, ਪਰ ਇਨ੍ਹਾਂ ਤਿੰਨਾਂ ਨੇ ਸਿਰਫ ਇੱਕ-ਇੱਕ ਲੱਖ ਰੁਪਏ ਲੈਣ ਦੀ ਗੱਲ ਕਹੀ। ਸ਼ੇਖਰ ਸੁਮਨ ਨੂੰ ਢਾਈ ਲੱਖ ਦੇ ਕੇ ਨੌਂ ਲੱਖ ਰੁਪਏ ਲਿਖੇ ਗਏ ਤੇ ਅਰਚਨਾ ਪੂਰਨ ਸਿੰਘ ਨੂੰ ਡੇਢ ਲੱਖ ਦੇ ਕੇ ਛੇ ਲੱਖ ਰੁਪਏ ਲਿਖ ਦਿੱਤੇ ਗਏ ਸਨ। ਇਨ੍ਹਾਂ ਸਭਨਾਂ ਤੋਂ ਅਨੋਖਾ ਕਿੱਸਾ ਤਾਂ ਫਿਲਮ ਸਟਾਰ ਅਜੈ ਦੇਵਗਨ ਦਾ ਹੈ, ਜਿਸ ਨੂੰ ਛੇ ਲੱਖ ਰੁਪਏ ਦਿੱਤੇ ਦੱਸੇ ਗਏ ਪਰ ਜਦੋਂ ਉਸ ਨੂੰ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਨਾ ਉਸ ਨੂੰ ਕਿਸੇ ਨੇ ਸੱਦਿਆ, ਨਾ ਉਹ ਓਥੇ ਗਿਆ ਅਤੇ ਨਾ ਉਸ ਨੂੰ ਕੁਝ ਮਿਲਿਆ ਹੈ।

ਕੀ ਇਸ ਤੋਂ ਬਾਅਦ ਕੁਝ ਕਹਿਣ ਲਈ ਰਹਿ ਜਾਂਦਾ ਹੈ? ਸਾਰਾ ਕੁਝ ਤਾਂ ਸ਼ਰਮਨਾਕ ਹੈ। ਜੇ ਫਿਰ ਵੀ ਕੁਝ ਕਹਿਣਾ ਹੋਵੇ ਤਾਂ ਅਸੀਂ 'ਅੱਜ-ਨਾਮਾ' ਵਜੋਂ ਕਈ ਸਾਲ ਪਹਿਲਾਂ ਲਿਖਿਆ ਸੀ:

ਕੌਣ ਪੁੱਛਦਾ ਰੂਲ ਅਸੂਲ ਏਥੇ,
ਅੰਨ੍ਹਾ ਬੋਲ਼ੀ ਨੂੰ ਬੁੱਧੂ ਬਣਾਈ ਜਾਂਦੈ।
ਅੰਨ੍ਹੀ ਪੀਸਦੀ ਤੇ ਕੁੱਤੇ ਜਾਣ ਚੱਟੀ,
ਮੁਲਕ ਅਜੇ ਵੀ ਚੱਲੀ ਚਲਾਈ ਜਾਂਦੈ।

**ਜਾਇਦਾਦ ਦੀ ਖਰੀਦ-ਵੇਚ**

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**


# ਵੱਖਰਾ ਰਾਹ: ਮਨਪ੍ਰੀਤ ਵੱਲੋਂ ਵਿਧਾਨ ਸਭਾ ਤੋਂ ਅਸਤੀਫ਼ਾ

**ਚੰਡੀਗੜ੍ਹ:** ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪਾਰਟੀ ਦਾ ਐਲਾਨ ਕਰਨ ਤੋਂ ਇਕ ਦਿਨ ਪਹਿਲਾਂ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ। ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦਾ 26 ਮਾਰਚ ਨੂੰ ਆਖਰੀ ਦਿਨ ਸੀ ਤੇ ਸਾਬਕਾ ਵਿੱਤ ਮੰਤਰੀ ਦੁਪਹਿਰ ਵੇਲੇ ਵਿਧਾਨ ਸਭਾ ਪਹੁੰਚੇ ਜਿਨ੍ਹਾਂ ਚਾਰ ਸਫ਼ਿਆਂ ਦਾ ਅਸਤੀਫ਼ਾ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਸੌਂਪ ਦਿੱਤਾ। ਮਨਪ੍ਰੀਤ ਮੁਕਤਸਰ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਗਿੱਦੜਬਾਹਾ ਦੀ 1995 ਤੋਂ ਲਗਾਤਾਰ ਨੁਮਾਇੰਦਗੀ ਕਰਦੇ ਆ ਰਹੇ ਹਨ। ਉਨ੍ਹਾਂ ਨੇ ਆਪਣੇ ਹਮਾਇਤੀ ਦੋ ਹੋਰ ਵਿਧਾਇਕਾਂ ਜਗਬੀਰ ਸਿੰਘ ਬਰਾੜ ਤੇ ਮਨਜਿੰਦਰ ਸਿੰਘ ਵੱਲੋਂ ਵੀ ਆਉਂਦੇ ਦਿਨਾਂ ਦੌਰਾਨ ਅਸਤੀਫ਼ਾ ਦੇਣ ਦੀ ਗੱਲ ਵੀ ਕਹੀ ਹੈ। ਸਾਬਕਾ ਵਿੱਤ ਮੰਤਰੀ ਨੇ ਇਹ ਵੀ ਕਿਹਾ ਕਿ ਜੇਕਰ ਵਿਧਾਨ ਸਭਾ ਦੀਆਂ ਆਮ ਚੋਣਾਂ ਤੋਂ ਪਹਿਲਾਂ ਗਿੱਦੜਬਾਹਾ ਹਲਕੇ ਦੀ ਉਪ ਚੋਣ ਹੁੰਦੀ ਹੈ ਤਾਂ ਉਥੋਂ ਉਹ ਖ਼ੁਦ ਉਮੀਦਵਾਰ ਹੋਣਗੇ।

ਉਂਝ ਪਹਿਲਾਂ ਮਨਪ੍ਰੀਤ ਨੇ ਕਿਹਾ ਸੀ ਕਿ ਨਵੀਂ ਪਾਰਟੀ ਦੇ ਗਠਨ ਤੋਂ ਬਾਅਦ ਕਾਨੂੰਨੀ ਤੌਰ 'ਤੇ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇਣ ਦੀ ਜ਼ਰੂਰਤ ਨਹੀਂ ਹੈ। ਸਾਬਕਾ ਵਿੱਤ ਮੰਤਰੀ ਨੇ ਆਪਣੇ ਅਸਤੀਫ਼ੇ ਵਿਚ ਜਜ਼ਬਾਤੀ ਗੱਲਾਂ ਦਾ ਸਹਾਰਾ ਲਿਆ ਤੇ ਆਪਣੇ ਤਾਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪ੍ਰਤੀ ਪਹਿਲੀ ਵਾਰੀ ਤਿੱਖੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਮੰਤਰੀ ਮੰਡਲ ਵਿਚੋਂ ਕੱਢੇ ਜਾਣ ਦੀ ਕਾਰਵਾਈ 'ਤੇ ਟਿੱਪਣੀ ਕਰਦਿਆਂ ਮਨਪ੍ਰੀਤ ਨੇ ਕਿਹਾ ਕਿ ਕਰਜ਼ਾ ਮੁਆਫੀ ਦੇ ਮੁੱਦੇ 'ਤੇ ਸਰਕਾਰ ਨੇ ਜੋ ਰੁਖ਼ ਅਪਣਾਇਆ ਸੀ, ਉਸ ਤੋਂ ਮੁੱਖ ਮੰਤਰੀ ਦੀ ਇਸ ਸਿਆਣਪ 'ਤੇ ਬਹੁਤ ਦੁੱਖ ਹੋਇਆ। ਉਨ੍ਹਾਂ ਕਿਹਾ, "ਮੈਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਿਆਣਪ ਤੇ ਸੂਝ-ਬੂਝ 'ਤੇ ਤਰਸ ਆਉਂਦਾ ਹੈ। ਇਹ ਫੈਸਲਾ ਇਤਿਹਾਸ ਲਈ ਛੱਡ ਦਿੱਤਾ ਹੈ ਕਿ ਕੀ ਪੰਜਾਬ ਦੇ ਹਿੱਤਾਂ ਲਈ ਕੁਰਬਾਨੀ ਕਰਨ ਦਾ ਫੈਸਲਾ ਉਨ੍ਹਾਂ ਦੇ ਆਪਣੇ ਪੁੱਤਰ ਪ੍ਰਤੀ ਪਿਆਰ ਤੋਂ ਜ਼ਿਆਦਾ ਅਹਿਮ ਹੈ?"

ਉਨ੍ਹਾਂ ਕਿਹਾ ਕਿ ਵਿਧਾਇਕ ਵਜੋਂ ਉਹ ਪੰਜਾਬ ਦੇ ਲੋਕਾਂ ਪ੍ਰਤੀ ਜਵਾਬਦੇਹ ਹੈ ਤੇ ਜਦੋਂ ਉਹ ਪਾਰਟੀ ਜਿਸ ਨਾਲ ਉਹ ਸੰਬਧਤ ਸੀ, ਨੇ ਪਾਰਟੀ 'ਚੋਂ ਕੱਢ ਦਿੱਤਾ ਤਾਂ ਹਲਕੇ ਦੇ ਲੋਕਾਂ ਨੇ ਵਿਧਾਨ ਸਭਾ ਦੀ ਮੈਂਬਰੀ ਛੱਡਣ ਦੀ ਇਜਾਜ਼ਤ ਨਹੀਂ ਦਿੱਤੀ। ਭਾਵੇਂ ਤਕਨੀਕੀ ਤੇ ਕਾਨੂੰਨੀ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦਾ ਵਿਧਾਇਕ ਬਣਿਆ ਰਹਿ ਸਕਦਾ ਹਾਂ ਪਰ ਨਵੀਂ ਪਾਰਟੀ ਦੇ ਐਲਾਨ ਲਈ ਇਹ ਗੱਲ ਢੁੱਕਵੀਂ ਨਹੀਂ ਹੋਵੇਗੀ।

ਉਧਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਮਨਪ੍ਰੀਤ ਦੇ ਅਸਤੀਫ਼ੇ ਬਾਰੇ ਹਾਲੇ ਕੋਈ ਫੈਸਲਾ ਨਹੀਂ ਲਿਆ। ਉਨ੍ਹਾਂ ਕਿਹਾ ਕਿ ਸਾਬਕਾ ਵਿੱਤ ਮੰਤਰੀ ਦੇ ਅਸਤੀਫ਼ੇ ਦੀ ਕਾਪੀ ਮਿਲ ਗਈ ਹੈ ਪਰ ਇਸ ਬਾਰੇ ਕੋਈ ਫੈਸਲਾ ਨਹੀਂ ਲਿਆ।



*ਮਨਪ੍ਰੀਤ ਦੀ ਆਪਣੇ ਤਾਏ ਪ੍ਰਕਾਸ਼ ਸਿੰਘ ਬਾਦਲ ਨਾਲ ਪੁਰਾਣੀ ਤਸਵੀਰ*

## ਸੁਖਬੀਰ ਨੂੰ ਦਿੱਤੀ ਮੁੜ ਮਾਤ

'ਜਾਗੋ ਪੰਜਾਬ ਯਾਤਰਾ' ਨਾਲ ਪੰਜਾਬ ਦੇ ਵੱਡੇ ਵਰਗ ਨੂੰ ਤੋਰਨ 'ਚ ਸਫਲ ਰਹੇ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਬੜੇ ਯੋਜਨਾਬੱਧ ਤਰੀਕੇ ਨਾਲ ਅਸਤੀਫ਼ਾ ਦੇ ਕੇ ਆਪਣੇ ਭਰਾ ਤੇ ਸਿਆਸੀ ਸ਼ਰੀਕ ਸੁਖਬੀਰ ਸਿੰਘ ਬਾਦਲ ਨੂੰ ਇਕ ਹੋਰ ਮਾਤ ਦਿੱਤੀ ਹੈ। ਇਸ ਵੇਲੇ ਅਸਤੀਫ਼ਾ ਸਰਕਾਰ ਲਈ ਸੱਪ ਦੇ 'ਮੂੰਹ 'ਚ ਕੋਹੜ ਕਿਰਲੀ ਵਾਲੀ' ਗੱਲ ਬਣਿਆ ਹੋਇਆ ਹੈ। ਇਸੇ ਲਈ ਅਸਤੀਫ਼ੇ ਸਵੀਕਾਰ ਕਰਨ ਬਾਰੇ ਵੀ ਕਾਫੀ ਸੋਚ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਮਨਪ੍ਰੀਤ ਸਿੰਘ ਬਾਦਲ ਵੱਲੋਂ ਵਿਧਾਨ ਸਭਾ ਦੀ ਮੈਂਬਰੀ ਤੋਂ ਦਿੱਤੇ ਅਸਤੀਫ਼ੇ ਬਾਰੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਹੈ।

ਮਨਪ੍ਰੀਤ ਬਾਦਲ ਨੇ ਸਨਿੱਚਰਵਾਰ ਨੂੰ ਆਪਣਾ ਅਸਤੀਫ਼ਾ ਸਪੀਕਰ ਨੂੰ ਸੌਂਪ ਦਿੱਤਾ ਸੀ। ਸੰਵਿਧਾਨਕ ਤੌਰ 'ਤੇ ਕਿਸੇ ਵੀ ਸਦਨ ਦੇ ਮੈਂਬਰ ਵੱਲੋਂ ਅਸਤੀਫ਼ਾ ਦਿੱਤੇ ਜਾਣ ਦੇ 6 ਮਹੀਨਿਆਂ ਦੇ ਸਮੇਂ ਅੰਦਰ ਚੋਣ ਕਰਾਉਣੀ ਜ਼ਰੂਰੀ ਹੁੰਦੀ ਹੈ ਪਰ ਜਿੱਥੇ ਕਿਸੇ ਸੂਬੇ ਵਿਚ ਆਮ ਚੋਣਾਂ ਦਾ ਸਮਾਂ ਸਾਲ ਤੋਂ ਘੱਟ ਹੋਵੇ, ਉਥੇ ਜ਼ਿਮਨੀ ਚੋਣ ਟਾਲੀ ਵੀ ਜਾ ਸਕਦੀ ਹੈ। ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਵਿਚ ਕਿਉਂਕਿ ਸਾਲ ਤੋਂ ਘੱਟ ਸਮਾਂ ਰਹਿ ਗਿਆ ਹੈ, ਇਸ ਲਈ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੀ ਉਪ ਚੋਣ ਹੋਣ ਦੀ ਸੰਭਾਵਨਾ ਨਹੀਂ ਹੈ। ਸੂਤਰਾਂ ਦਾ ਦੱਸਣਾ ਹੈ ਕਿ ਸਾਬਕਾ ਵਿੱਤ ਮੰਤਰੀ ਵੱਲੋਂ ਦਿੱਤੇ ਜਾ ਰਹੇ ਅਸਤੀਫ਼ੇ ਬਾਰੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ। ਅਕਾਲੀ ਦਲ ਨੂੰ ਇਸ ਤਰ੍ਹਾਂ ਦੀ ਘਟਨਾ ਦੀ ਕੋਈ ਉਮੀਦ ਨਹੀਂ ਸੀ। ਵਿਧਾਨ ਸਭਾ ਵਿਚ ਮਨਪ੍ਰੀਤ ਸਿੰਘ ਬਾਦਲ ਅਜੇ ਤੱਕ ਹਾਕਮ ਅਕਾਲੀ ਦਲ ਨਾਲ ਹੀ ਜੁੜੇ ਹੋਏ ਹਨ। ਜ਼ਿਕਰਯੋਗ ਹੈ ਕਿ ਮਨਪ੍ਰੀਤ ਦੇ ਦੋ ਹੋਰਾਂ ਸਾਥੀ ਵਿਧਾਇਕਾਂ ਵੱਲੋਂ ਵੀ ਆਉਂਦੇ ਦਿਨਾਂ ਦੌਰਾਨ ਅਸਤੀਫ਼ੇ ਦਿੱਤੇ ਜਾਣ ਦੀ ਸੰਭਾਵਨਾ ਹੈ। ਉਧਰ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਕੁਮਾਰੀ ਕੁਸੁਮਜੀਤ ਸਿੱਧੂ ਦਾ ਕਹਿਣਾ ਹੈ ਕਿ ਸਾਬਕਾ ਵਿੱਤ ਮੰਤਰੀ ਵੱਲੋਂ ਦਿੱਤਾ ਅਸਤੀਫ਼ਾ ਮਨਜ਼ੂਰ ਹੋਣ ਦੀ ਸੂਰਤ ਵਿਚ ਵਿਧਾਨਕ ਤੌਰ 'ਤੇ 6 ਮਹੀਨਿਆਂ ਵਿਚ ਚੋਣ ਕਰਾਉਣੀ ਜ਼ਰੂਰੀ ਨਹੀਂ ਕਿਉਂਕਿ ਆਮ ਚੋਣਾਂ ਫਰਵਰੀ 2012 ਵਿਚ ਹੋਣ ਵਾਲੀਆਂ ਹਨ।

## ਕਿਸੇ ਚਮਤਕਾਰ ਦੀ ਆਸ ਨਹੀਂ: ਬਾਦਲ

**ਨਵਾਂਸ਼ਹਿਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਨਪ੍ਰੀਤ ਸਿੰਘ ਬਾਦਲ ਵੱਲੋਂ ਕੀਤੀ ਰੈਲੀ ਬਾਰੇ ਕਿਹਾ ਕਿ ਅਜਿਹੇ ਉਭਾਰ ਕੁਝ ਸਮੇਂ ਲਈ ਹੁੰਦੇ ਹਨ ਤੇ ਨਵੀਂ ਪਾਰਟੀ ਕੋਈ ਚਮਤਕਾਰ ਨਹੀਂ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਮਨਪ੍ਰੀਤ ਦੀ ਪੀਪਲਜ਼ ਪਾਰਟੀ ਆਫ਼ ਪੰਜਾਬ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਕਰ ਸਕਦੀ। ਮਨਪ੍ਰੀਤ ਦੇ ਵਿਸ਼ਾਲ ਇਕੱਠ ਤੋਂ ਬਾਅਦ ਇਥੇ ਰੱਖੇ ਸੰਗਤ ਦਰਸ਼ਨ ਪ੍ਰੋਗਰਾਮ ਮੌਕੇ ਉਨ੍ਹਾਂ ਕਿਹਾ ਕਿ ਸਾਬਕਾ ਰਾਜ ਸਭਾ ਮੈਂਬਰ ਵਰਿੰਦਰ ਸਿੰਘ ਬਾਜਵਾ ਨੂੰ ਪਾਰਟੀ ਜੇਕਰ ਦੂਜੀ ਵਾਰ ਰਾਜ ਸਭਾ ਦਾ ਮੈਂਬਰ ਨਹੀਂ ਬਣਾ ਸਕੀ ਤਾਂ ਉਹ ਨਾਰਾਜ਼ ਹੋ ਕੇ ਮਨਪ੍ਰੀਤ ਨਾਲ ਜਾ ਤੁਰਿਆ ਹੈ। ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਨੇ ਮਨਪ੍ਰੀਤ ਬਾਦਲ ਨੂੰ ਆਪਣਾ ਸਿਆਸੀ ਜਾਨਸ਼ੀਨ ਕਦੇ ਨਹੀਂ ਐਲਾਨਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜਮਹੂਰੀ ਪਾਰਟੀ ਹੈ ਤੇ ਇਸ ਲਈ ਨੇਤਾਵਾਂ ਦੀ ਚੋਣ ਪਾਰਟੀ ਕਰਦੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਦੌਰਾਨ ਜੋ ਉਨ੍ਹਾਂ ਤੇ ਪਾਰਟੀ ਆਗੂਆਂ 'ਤੇ ਜ਼ੁਲਮ ਕੀਤੇ ਸਨ, ਦਾ ਜਵਾਬ ਦੇਣ ਲਈ ਜਿਸ ਜੁਰਅਤ ਤੇ ਤਾਕਤ ਨਾਲ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕੀਤੀ ਉਸ ਨੂੰ ਦੇਖਦਿਆਂ ਪਾਰਟੀ ਨੇ ਉਸ ਨੂੰ ਆਪਣਾ ਪ੍ਰਧਾਨ ਬਣਾਇਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਅੰਦਰ ਫੈਸਲੇ ਕੋਈ ਇਕ ਵਿਅਕਤੀ ਨਹੀਂ ਸਗੋਂ ਪਾਰਟੀ ਲੈਂਦੀ ਹੈ। ਇਸ ਲਈ ਪੁੱਤਰ ਮੋਹ ਵਾਲੀ ਕੋਈ ਗੱਲ ਨਹੀਂ ਹੈ।

## ਸ਼੍ਰੋਮਣੀ ਅਕਾਲੀ ਦਲ 'ਤੇ ਕੋਈ ਅਸਰ ਨਹੀਂ:ਸੁਖਬੀਰ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਨਵੀਂ ਪਾਰਟੀ ਬਣਾਉਣ ਦਾ ਸ਼੍ਰੋਮਣੀ ਅਕਾਲੀ ਦਲ 'ਤੇ ਕੋਈ ਅਸਰ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਲੋਕਤੰਤਰੀ ਵਿਵਸਥਾ ਵਿਚ ਨਵੀਂ ਪਾਰਟੀ ਬਣਾਉਣਾ ਹਰ ਕਿਸੇ ਦਾ ਹੱਕ ਹੈ। ਉਨ੍ਹਾਂ ਮਨਪ੍ਰੀਤ ਦੀ ਰੈਲੀ ਵਿਚ ਲੋਕਾਂ ਦੇ ਪੁੱਜਣ 'ਤੇ ਸਰਕਾਰ ਵੱਲੋਂ ਰੋਕਾਂ ਲਾਏ ਜਾਣ ਬਾਰੇ ਮਨਪ੍ਰੀਤ ਸਿੰਘ ਬਾਦਲ ਵੱਲੋਂ ਲਗਾਏ ਦੋਸ਼ਾਂ ਨੂੰ ਰੱਦ ਕਰਦਿਆਂ ਆਖਿਆ ਕਿ ਮਨਪ੍ਰੀਤ ਇਹ ਸਭ ਸਸਤੀ ਸ਼ੁਹਰਤ ਹਾਸਲ ਕਰਨ ਲਈ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਰੋਕਾਂ ਲਗਾਈਆਂ ਹੁੰਦੀਆਂ ਤਾਂ ਰਾਜਸਥਾਨ ਦੀਆਂ ਬੱਸਾਂ ਬਿਨਾਂ ਪਰਮਿਟ ਤੋਂ ਪੰਜਾਬ ਅੰਦਰ ਦਾਖਲ ਹੋ ਕੇ ਮਨਪ੍ਰੀਤ ਦੀ ਰੈਲੀ ਲਈ ਸਵਾਰੀਆਂ ਨਾ ਢੋਅ ਸਕਦੀਆਂ। ਮਨਪ੍ਰੀਤ ਦੀ ਰੈਲੀ ਵਿਚ ਮਾਲਵੇ ਦੇ ਲੋਕਾਂ ਦੀ ਵਧੇਰੇ ਸ਼ਮੂਲੀਅਤ ਬਾਰੇ ਸ. ਬਾਦਲ ਨੇ ਕਿਹਾ ਕਿ ਵਿਧਾਨ ਸਭਾ ਵਿਚ 117 ਵਿਚੋਂ 65 ਵਿਧਾਇਕ ਮਾਲਵੇ ਦੇ ਹਨ ਤਾਂ ਉਥੋਂ ਵੱਧ ਲੋਕਾਂ ਦਾ ਆਉਣਾ ਸੁਭਾਵਿਕ ਹੈ।

## ਬਰਧਨ ਵੱਲੋਂ ਮਨਪ੍ਰੀਤ ਦੀ ਹਮਾਇਤ!

**ਚੰਡੀਗੜ੍ਹ:** ਪੰਜਾਬ 'ਚ ਸਿਆਸੀ ਮਾਹੌਲ ਬਦਲਣ ਦੇ ਹਾਲਾਤ ਉਦੋਂ ਬਣ ਗਏ ਜਦੋਂ ਸੀ.ਪੀ.ਆਈ. ਨੇ ਮਨਪ੍ਰੀਤ ਬਾਦਲ ਦੀ ਹਮਾਇਤ ਦੇ ਸੰਕੇਤ ਦਿੰਦਿਆਂ ਕਿਹਾ ਕਿ ਅਸੀਂ ਸਾਰੀਆਂ ਸੰਭਾਵਨਾਵਾਂ 'ਤੇ ਵਿਚਾਰ ਕਰਾਂਗੇ। ਸੀ.ਪੀ.ਆਈ ਦੇ ਜਨਰਲ ਸਕੱਤਰ ਏ ਬੀ ਬਰਧਨ ਨੇ ਕਿਹਾ ਕਿ ਮਨਪ੍ਰੀਤ ਲੋਕ ਮੁੱਦਿਆਂ ਨੂੰ ਉਠਾ ਰਹੇ ਹਨ ਤੇ ਸਾਰੇ ਪੱਖਾਂ 'ਤੇ ਵਿਚਾਰ ਕਰਨ ਤੋਂ ਬਾਅਦ ਹੀ ਕੋਈ ਫ਼ੈਸਲਾ ਲਿਆ ਜਾਵੇਗਾ। ਬਰਧਨ ਦੇ ਇਸ ਸੰਕੇਤ ਤੋਂ ਸਪਸ਼ਟ ਹੋ ਗਿਆ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਮਨਪ੍ਰੀਤ ਹੋਰ ਸਿਆਸੀ ਪਾਰਟੀਆਂ ਨਾਲ ਮਿਲ ਕੇ ਵੱਡੀ ਚੁਣੌਤੀ ਬਣ ਸਕਦੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਖੱਬੇਪੱਖੀ ਪਾਰਟੀਆਂ ਤੋਂ ਇਲਾਵਾ ਹੋਰ ਛੋਟੇ ਦਲਾਂ ਵੱਲੋਂ ਵੀ ਮਨਪ੍ਰੀਤ ਬਾਦਲ ਨੂੰ ਹਮਾਇਤ ਦਿੱਤੀ ਜਾ ਸਕਦੀ ਹੈ। ਅਗਲੇ ਕੁਝ ਮਹੀਨਿਆਂ 'ਚ ਹੋਣ ਜਾ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ 'ਚ ਵੀ ਮਨਪ੍ਰੀਤ ਹੋਰ ਦਲਾਂ ਨਾਲ ਮਿਲ ਕੇ ਆਪਣੇ ਤਾਏ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਚੁਣੌਤੀ ਦੇ ਸਕਦਾ ਹੈ।



## ਬੀਰਦਵਿੰਦਰ ਨੇ ਮਨਪ੍ਰੀਤ ਦੀ ਰੈਲੀ ਤੋਂ ਪਾਸਾ ਵੱਟਿਆ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਖਟਕੜ ਕਲਾਂ ਰੈਲੀ 'ਚ ਸ਼ਾਮਲ ਨਾ ਹੋਏ। ਰੈਲੀ ਤੋਂ ਇਕ ਦਿਨ ਪਹਿਲਾਂ ਬੀਰਦਵਿੰਦਰ ਸਿੰਘ ਨੇ ਐਲਾਨ ਕੀਤਾ ਕਿ ਉਹ ਮਨਪ੍ਰੀਤ ਬਾਦਲ ਨਾਲ ਛੇ ਵੱਖ-ਵੱਖ ਸਮਾਜਿਕ ਮੁੱਦਿਆਂ ਨੂੰ ਲੈ ਕੇ ਪੰਜਾਬ ਜਗਾਉਣ ਦੀ ਮੁਹਿੰਮ ਵਿਚ ਸ਼ਾਮਲ ਹੋਏ ਸਨ ਪਰ ਹੁਣ ਮਨਪ੍ਰੀਤ ਵੱਲੋਂ ਵੱਖਰੀ ਰਾਜਸੀ ਪਾਰਟੀ ਬਣਾਉਣ 'ਤੇ ਉਹ ਸਹਿਮਤ ਨਹੀਂ ਹਨ।

ਉਂਝ ਉਨ੍ਹਾਂ ਕਿਹਾ ਕਿ ਉਹ ਮਨਪ੍ਰੀਤ ਬਾਦਲ ਵੱਲੋਂ ਬਣਾਈ ਜਾਣ ਵਾਲੀ ਰਾਜਸੀ ਪਾਰਟੀ 'ਤੇ ਵਿਸ਼ਲੇਸ਼ਣ ਕਰਨਗੇ ਤੇ ਇਸ ਮਗਰੋਂ ਹੀ ਅਗਲਾ ਫੈਸਲਾ ਲੈਣਗੇ। ਬੀਰਦਵਿੰਦਰ ਨੇ ਕਿਹਾ ਕਿ ਉਹ ਮਨਪ੍ਰੀਤ ਵੱਲੋਂ ਪਹਿਲਾਂ ਉਠਾਏ ਗਏ ਛੇ ਮੁੱਦਿਆਂ ਨੂੰ ਲੈ ਕੇ 'ਜਾਗੋ ਪੰਜਾਬ' ਯਾਤਰਾ ਦਾ ਹਿੱਸਾ ਬਣੇ ਸਨ ਤੇ ਉਹ ਅੱਜ ਵੀ ਉਨ੍ਹਾਂ ਮੁੱਦਿਆਂ 'ਤੇ ਮਨਪ੍ਰੀਤ ਨਾਲ ਸਹਿਮਤ ਹਨ ਪਰ ਹੁਣ ਉਸ ਵੱਲੋਂ ਨਵਾਂ ਰਾਜਸੀ ਦਲ ਬਣਾਉਣ ਦੀ ਪ੍ਰਕਿਰਿਆ ਨਾਲ ਉਹ ਸਹਿਮਤ ਨਹੀਂ ਹਨ।

ਉਨ੍ਹਾਂ ਕਿਹਾ ਕਿ ਜਦੋਂ ਉਹ ਮਨਪ੍ਰੀਤ ਨਾਲ ਤੁਰੇ ਸਨ ਉਦੋਂ ਨਵਾਂ ਰਾਜਸੀ ਦਲ ਬਣਾਉਣ ਦਾ ਕੋਈ ਪ੍ਰੋਗਰਾਮ ਨਹੀਂ ਵਿਉਂਤਿਆ ਗਿਆ ਸੀ।



ਜ਼ਿਕਰਯੋਗ ਹੈ ਕਿ ਬੀਰਦਵਿੰਦਰ ਸਿੰਘ ਦੇ ਮਨਪ੍ਰੀਤ ਨਾਲ ਕੁਝ ਦਿਨਾਂ ਤੋਂ ਮਤਭੇਦ ਚੱਲ ਰਹੇ ਸਨ। ਪਿਛਲੇ ਕੁਝ ਦਿਨਾਂ ਤੋਂ ਸਾਬਕਾ ਡਿਪਟੀ ਸਪੀਕਰ ਵੱਲੋਂ ਮਨਪ੍ਰੀਤ ਦੇ ਪ੍ਰੋਗਰਾਮਾਂ ਤੋਂ ਕਰੀਬ ਕਿਨਾਰਾ ਹੀ ਕੀਤਾ ਹੋਇਆ ਹੈ।

ਉਧਰ ਮਨਪ੍ਰੀਤ ਨੇ ਕਿਹਾ ਹੈ ਕਿ ਬੀਰਦਵਿੰਦਰ ਵੱਲੋਂ ਸਿਰਫ਼ 'ਜਾਗੋ ਪੰਜਾਬ' ਯਾਤਰਾ ਮੁਹਿੰਮ ਦੀ ਹਮਾਇਤ ਕੀਤੀ ਗਈ ਸੀ ਤੇ ਹੁਣ ਅਸੀਂ ਨਵੀਂ ਪਾਰਟੀ ਬਣਾ ਰਹੇ ਹਾਂ ਤੇ ਉਸ ਵਿਚ ਬੀਰਦਵਿੰਦਰ ਦਾ ਜਾਣਾ ਜ਼ਰੂਰੀ ਨਹੀਂ।

# ਗੁਬਾਰ: ਮਨਪ੍ਰੀਤ ਬਾਦਲ ਦਾ ਸਪੀਕਰ ਦੇ ਨਾਂ ਖੁੱਲ੍ਹਾ ਖ਼ਤ

**ਮਾਨਯੋਗ ਸਪੀਕਰ ਸਾਹਿਬ,**
**ਜੈ ਹਿੰਦ।**

1995 ਤੋਂ ਬਾਅਦ ਲਗਾਤਾਰ ਹੁਣ ਤੱਕ ਗਿੱਦੜਬਾਹਾ ਹਲਕੇ ਦੇ ਲੋਕਾਂ ਨੇ ਮੈਨੂੰ ਆਪਣਾ ਵਿਧਾਇਕ ਚੁਣਿਆ ਹੈ। ਇਕ ਵਿਧਾਨਕਾਰ ਹੋਣ ਦੇ ਨਾਤੇ ਮੈਂ ਆਪਣਾ ਛੋਟਾ ਜਿਹਾ ਯੋਗਦਾਨ ਆਪ ਜੀ ਦੇ ਧਿਆਨ ਹਿੱਤ ਲਿਆਉਣਾ ਚਾਹੁੰਦਾ ਹਾਂ। ਮੇਰੀ ਜੋ ਵੀ ਤਨਖਾਹ, ਹੋਰ ਲਾਭ ਭੱਤੇ ਜੋ ਵਿਧਾਇਕ ਵਜੋਂ ਸਰਕਾਰ ਵੱਲ ਮੇਰੇ ਬਕਾਇਆ ਹਨ ਉਹ ਸਾਰੇ ਮੁੱਖ ਮੰਤਰੀ ਰਿਲੀਫ ਫੰਡ 'ਚ ਭੇਜ ਦਿੱਤੇ ਜਾਣ ਤੇ ਇਹ ਰਾਸ਼ੀ ਕੇਵਲ ਕੈਂਸਰ ਤੋਂ ਪੀੜਤ ਲੋਕਾਂ ਲਈ ਵਰਤੀ ਜਾਵੇ। ਮੌਜੂਦਾ ਵਿਧਾਨ ਸਭਾ 'ਚ ਇਹ ਮੇਰਾ ਆਖਰੀ ਤੁੱਛ ਜਿਹਾ ਯੋਗਦਾਨ ਕਬੂਲ ਕੀਤਾ ਜਾਵੇ।

ਇਕ ਵਿਧਾਇਕ ਵਜੋਂ ਮੈਂ ਪੰਜਾਬ ਦੇ ਲੋਕਾਂ ਪ੍ਰਤੀ ਜਵਾਬਦੇਹ ਹਾਂ ਤੇ ਜਦੋਂ ਉਹ ਪਾਰਟੀ ਜਿਸ ਨਾਲ ਮੈਂ ਸੰਬਧਿਤ ਸੀ, ਨੇ ਮੈਨੂੰ ਪਾਰਟੀ 'ਚੋਂ ਕੱਢ ਦਿੱਤਾ ਤਾਂ ਉਸ ਤੋਂ ਬਾਅਦ ਆਪਣਾ ਮੁੱਢਲਾ ਫਰਜ਼ ਸਮਝਿਆ ਕਿ ਮੈਂ ਆਪਣਾ ਪੱਖ ਆਪਣੇ ਚੋਣ ਖੇਤਰ ਦੇ ਲੋਕਾਂ ਅੱਗੇ ਰੱਖਾਂ। ਮੈਂ ਗਿੱਦੜਬਾਹਾ ਹਲਕੇ ਦੇ ਲੋਕਾਂ ਕੋਲ ਗਿਆ ਜਿਨ੍ਹਾਂ ਨੇ ਲਗਾਤਾਰ ਚਾਰ ਵਾਰ ਮੈਨੂੰ ਆਪਣਾ ਨੁਮਾਇੰਦਾ ਚੁਣਿਆ ਹੈ ਤੇ ਹਮੇਸ਼ਾ ਇਕ ਪਰਿਵਾਰਿਕ ਮੈਂਬਰ ਵਾਂਗ ਮੈਨੂੰ ਪਿਆਰ ਤੇ ਸਤਿਕਾਰ ਦਿੱਤਾ। ਮੈਂ ਇਕ ਵਿਧਾਇਕ ਵਜੋਂ ਰਹਾਂ ਜਾਂ ਅਸਤੀਫ਼ਾ ਦੇ ਦੇਵਾਂ ਇਸ ਦਾ ਫੈਸਲਾ ਮੈਂ ਆਪਣੇ ਹਲਕੇ ਦੇ ਲੋਕਾਂ 'ਤੇ ਛੱਡ ਦਿੱਤਾ। ਮੈਂ ਉਨ੍ਹਾਂ ਨੂੰ ਦੱਸਿਆ ਕਿ ਇਕ ਵਿਧਾਇਕ ਵਜੋਂ ਚੁਣਨ ਦਾ ਅਧਿਕਾਰ ਕੇਵਲ ਉਨ੍ਹਾਂ ਕੋਲ ਹੀ ਹੈ ਜਦੋਂਕਿ ਮੰਤਰੀ ਬਣਾਉਣ ਦਾ ਅਧਿਕਾਰ ਮੁੱਖ ਮੰਤਰੀ ਕੋਲ ਸੀ।

ਸਾਲ 2007 ਵਿਚ ਪੰਜਾਬ ਦੇ ਮੁੱਖ ਮੰਤਰੀ ਨੇ ਮੈਨੂੰ ਵਿੱਤ ਮੰਤਰੀ ਨਿਯੁਕਤ ਕੀਤਾ, ਉਹ ਮੇਰੀ ਇਸ ਗੱਲ ਤੋਂ ਨਾਸਮਝ ਹੋ ਗਏ ਕਿ ਪੰਜਾਬ ਕਰਜ਼ਈ ਹੈ ਤੇ ਜੇਕਰ ਰਾਜ ਸਰਕਾਰ ਕਰਜ਼ਾ ਮੁਆਫ਼ੀ ਲਈ ਕੇਂਦਰ ਸਰਕਾਰ ਨਾਲ ਤਾਲ-ਮੇਲ ਕਰੇ ਤਾਂ ਸੂਬੇ ਨੂੰ ਵੱਡੀ ਰਾਹਤ ਮਿਲ ਸਕਦੀ ਹੈ। ਇਸੇ ਗੱਲ ਨੇ ਮੇਰੇ ਤੋਂ ਵਿੱਤ ਮੰਤਰੀ ਦਾ ਅਹੁਦਾ ਵਾਪਸ ਲੈ ਲਿਆ। ਮੈਨੂੰ ਮੁੱਖ ਮੰਤਰੀ ਦੀ ਇਸ ਸਿਆਣਪ 'ਤੇ ਬਹੁਤ ਦੁੱਖ ਹੋਇਆ। ਮੈਨੂੰ ਮੁੱਖ ਮੰਤਰੀ ਦੀ ਸਿਆਣਪ ਤੇ ਸੂਝ-ਬੂਝ 'ਤੇ ਤਰਸ ਆਉਂਦਾ ਹੈ, ਭਾਵੇਂ ਇਹ ਉਨ੍ਹਾਂ ਦਾ ਵਿਸ਼ੇਸ਼ ਅਧਿਕਾਰ ਹੈ। ਮੈਂ ਇਹ ਫੈਸਲਾ ਉਨ੍ਹਾਂ ਉਪਰ ਤੇ ਇਤਿਹਾਸ ਲਈ ਛੱਡ ਦਿੱਤਾ ਹੈ ਕਿ ਕੀ ਪੰਜਾਬ ਦੇ ਹਿੱਤਾਂ ਲਈ ਕੁਰਬਾਨੀ ਕਰਨ ਦਾ ਫੈਸਲਾ ਉਨ੍ਹਾਂ ਦੇ ਆਪਣੇ ਪੁੱਤਰ ਪ੍ਰਤੀ ਪਿਆਰ ਤੋਂ ਜ਼ਿਆਦਾ ਅਹਿਮ ਹੈ। ਮੈਨੂੰ ਇਹ ਵੀ ਪੁੱਛਿਆ ਗਿਆ ਕਿ 'ਜਾਗੋ ਪੰਜਾਬ ਯਾਤਰਾ' ਦੀ ਕੀ ਲੋੜ ਸੀ। ਪਰ ਮੈਂ ਇਸ ਗੱਲ ਨਾਲ ਸਹਿਮਤ ਨਹੀਂ 'ਜਾਗ ਅਵਸਥਾ ਸੀਮਾ ਦੀ ਮੁਹਤਾਜ ਨਹੀਂ' ਹੁੰਦੀ ਪਰ ਮੌਜੂਦਾ ਸਿਆਸਤਦਾਨ ਜੋ ਧਰਮ ਦੇ ਨਾਂ 'ਤੇ ਰਾਜਨੀਤੀ ਕਰਦੇ ਹਨ, ਲੋਕਾਂ ਨੂੰ ਜਾਤ-ਪਾਤ 'ਚ ਵੰਡ ਕੇ ਸੱਤਾ ਹਥਿਆਉਂਦੇ ਹਨ ਤੇ ਸੱਤਾ ਲਈ ਸੂਬੇ ਦੇ ਹਿਤ ਵੀ ਦਾਅ 'ਤੇ ਲਾਉਣ ਤੋਂ ਪਿੱਛੇ ਨਹੀਂ ਹਟਦੇ। ਅਜਿਹੇ ਆਗੂਆਂ ਨੂੰ ਇਸ ਗੱਲ ਦਾ ਜ਼ਰੂਰ ਡਰ ਹੈ ਕਿ ਲੋਕ ਜਾਗ ਨਾ ਪੈਣ, ਉਹ ਚਾਹੁੰਦੇ ਹਨ ਕਿ ਲੋਕ ਅਗਿਆਨਤਾ ਦੀ ਗੂੜ੍ਹੀ ਨੀਂਦ ਸੁੱਤੇ ਰਹਿਣ, ਨਸ਼ਿਆਂ ਦੇ ਆਦੀ ਬਣੇ ਰਹਿਣ। ਉਹ ਚਾਹੁੰਦੇ ਹਨ ਕਿ ਲੋਕ ਅਨਪੜ੍ਹ ਰਹਿਣ ਤਾਂ ਜੋ ਉਨ੍ਹਾਂ ਦੇ ਕੰਮ ਤੇ ਮਨਮਰਜ਼ੀਆਂ ਨੂੰ ਪ੍ਰਸ਼ਨ ਨਾ ਘੇਰਨ। ਪਰ ਅੱਜ ਦੀ ਇਹ ਲੋਕ ਲਹਿਰ ਦਰਸਾਉਂਦੀ ਹੈ ਕਿ ਹੁਣ ਸੂਬੇ ਦੇ ਲੋਕ ਬਦਲਾਅ ਚਾਹੁੰਦੇ ਹਨ ਜੋ ਪੁਰਾਣੇ ਨਿਜ਼ਾਮ ਦੀਆਂ ਰਗਾਂ ਘੁੱਟ ਕੇ ਨਵੀਂ ਰੂਹ ਫੂਕਣ ਲਈ ਤਤਪਰ ਹਨ।

ਜਦੋਂ ਲੋਕ ਜਾਗਦੇ ਹਨ ਤਾਂ ਉਹ ਹਮੇਸ਼ਾ ਬਦਲਾਅ ਦੀ ਮੰਗ ਕਰਦੇ ਹਨ। ਜਦੋਂ ਲੋਕ ਜਾਗਦੇ ਹਨ ਤਾਂ ਪੁਰਾਣੀਆਂ ਕੰਧਾ ਢਹਿ ਜਾਂਦੀਆਂ ਹਨ ਤੇ ਪੁਰਾਣੇ ਤੰਤਰ ਨੂੰ ਪਿੱਛੇ ਹਟ ਕੇ ਨਵੇਂ ਨੂੰ ਮੌਕਾ ਦੇਣਾ ਪੈਂਦਾ ਹੈ। ਪੰਜਾਬ ਦੇ ਲੋਕ ਵੀ ਹੁਣ ਮੌਜੂਦਾ ਪੁਰਾਣੀ ਪ੍ਰਣਾਲੀ ਨੂੰ ਬਦਲਣਾ ਚਾਹੁੰਦੇ ਹਨ। ਪੰਜਾਬੀ ਹੁਣ ਦੁਸ਼ਮਣੀਆਂ ਵਾਲੀ ਰਾਜਨੀਤੀ, ਨਿੱਜੀ ਲਾਭ ਲੈਣ ਵਾਲੀ ਰਾਜਨੀਤੀ, ਧਰਮ ਤੇ ਜਾਤ ਅਧਾਰਿਤ ਰਾਜਨੀਤੀ ਕਰਨ ਵਾਲਿਆਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਹਨ।

ਮੇਰੇ ਪੱਖ ਤੋਂ ਹੁਣ ਇਹ ਠੀਕ ਨਹੀਂ ਹੋਵੇਗਾ, ਜੇਕਰ ਮੈਂ ਪੰਜਾਬ ਦੇ ਲੋਕਾਂ ਦੀ ਆਵਾਜ਼ ਸੁਣਨ ਤੋਂ ਅਸਮਰਥ ਹੁੰਦਾ ਹਾਂ ਜੋ ਲੋਕ ਪੁਰਾਣਾ ਨਕਾਰਨ ਤੇ ਨਵਾਂ ਲਿਆਉਣ ਦਾ ਮਨ ਬਣਾ ਚੁੱਕੇ ਹਨ। ਲੋਕਾਂ ਦੀ ਬਦਲਾਅ ਲਈ ਉੱਠੀ ਆਵਾਜ਼ ਉੱਚੀ ਤੇ ਸਾਫ਼ ਹੈ, ਉਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਦੀ ਆਵਾਜ਼ ਸੁਣੀ ਜਾਵੇ ਜੋ ਕਿ ਜਾਇਜ਼ ਹੈ ਤੇ ਜੇਕਰ ਹੁਣ ਮੈਂ ਉਨ੍ਹਾਂ ਦੀ ਆਵਾਜ਼ ਨਹੀਂ ਸੁਣਦਾ ਤਾਂ ਪ੍ਰਾਂਤ ਦੀ ਰਾਜਨੀਤੀ ਉਸੇ ਪੁਰਾਣੇ ਤੰਤਰ ਅਧੀਨ ਹੀ ਚੱਲੀ ਜਾਵੇਗੀ ਜੋ ਪੰਜਾਬ ਲਈ, ਪੰਜਾਬ ਦੇ ਲੋਕਾਂ ਲਈ ਤੇ ਖ਼ਾਸ ਕਰਕੇ ਨੌਜਵਾਨਾਂ ਲਈ ਤਬਾਹਕੁੰਨ ਹੋਵੇਗੀ।

ਲੋਕਾਂ ਦੀ ਇਕ ਸੁਰ ਉੱਠੀ, ਨਵਾਂ ਰਾਜਨੀਤਿਕ ਢਾਂਚਾ ਉਸਾਰਨ ਦੀ ਪੁਕਾਰ ਨੂੰ ਹੁੰਗਾਰਾ ਦਿੰਦੇ ਹੋਏ ਮੈਂ ਨਵੇਂ ਪੰਜਾਬ ਦੀ ਸਿਰਜਣਾ ਦਾ ਆਰੰਭ ਕਰਦਾ ਹਾਂ। ਭਾਵੇਂ ਮੈਂ ਤਕਨੀਕੀ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦਾ ਵਿਧਾਇਕ ਬਣਿਆ ਰਹਿ ਸਕਦਾ ਹਾਂ ਪਰ ਨਵੀਂ ਪਾਰਟੀ ਦੇ ਐਲਾਨ ਲਈ ਇਹ ਗੱਲ ਢੁਕਵੀਂ ਨਹੀਂ ਹੋਵੇਗੀ। ਭੂਤਕਾਲ ਨਾਲੋਂ ਪੂਰੀ ਤਰ੍ਹਾਂ ਟੁੱਟਣਾ, ਮੰਗ ਕਰਦਾ ਹੈ ਕਿ ਕਿਸੇ ਅਜਿਹੇ ਭਵਿੱਖ ਨਾਲ ਜੁੜਿਆ ਜਾਵੇ ਜਿਥੇ ਦਿਲ 'ਚ ਕੋਈ ਡਰ ਨਾ ਹੋਵੇ ਤੇ ਸਿਰ ਸਨਮਾਨ ਨਾਲ ਉੱਚਾ ਰਹੇ। ਇਸ ਰੋਸ਼ਨੀ ਵਿਚ ਮੈਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਿਧਾਇਕ ਪਦ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਤਿਆਗ ਪੱਤਰ ਦਿੰਦਾ ਹਾਂ। ਹੁਣ ਮੈਂ ਖਟਕੜ ਕਲਾਂ ਦਾ ਰੁਖ ਕਰਦਾ ਹਾਂ, ਉਸ ਆਤਮਾ ਤੋਂ ਆਸ਼ੀਰਵਾਦ ਲੈਣ ਲਈ ਜਿਸ ਨੇ ਪੰਜਾਬ ਜਾਂ ਭਾਰਤ ਹੀ ਨਹੀਂ ਸਗੋਂ ਸਾਰੇ ਸੰਸਾਰ ਤੋਂ ਸਨਮਾਨ ਪ੍ਰਾਪਤ ਕੀਤਾ ਹੈ। ਉਸ ਦੇ ਆਸ਼ੀਰਵਾਦ ਨਾਲ ਮੈਂ ਨਵੇਂ ਸਫ਼ਰ 'ਤੇ ਤੁਰਦਾ ਹਾਂ। ਇਹ ਯਾਤਰਾ ਕੇਵਲ ਜਾਗਿਆਂ ਲਈ ਹੈ।

# ਬੇਕਰਜ਼ਫੀਲਡ ਵਿਚ ਸਿੱਖ ਸਿੰਪੋਜ਼ੀਅਮ

**ਬੇਕਰਜ਼ਫੀਲਡ (ਮਾਨ ਮਨਦੀਪ):** ਇਥੇ ਗੁਰਦੁਆਰਾ ਅੰਗਦ ਦਰਬਾਰ ਵਿਖੇ ਸਿੱਖ ਬੱਚਿਆਂ ਨੂੰ ਸਿੱਖੀ ਪ੍ਰਤੀ ਪ੍ਰੇਰਿਤ ਕਰਨ ਲਈ ਸਿੱਖ ਸਿੰਪੋਜ਼ੀਅਮ ਕਰਵਾਇਆ ਗਿਆ। ਡੇਰਾਵਾਦ ਦੇ ਵਧਦੇ ਪਸਾਰ ਬਾਰੇ ਇਕ ਭਾਸ਼ਣ ਮੁਕਾਬਲਾ ਕਰਵਾਇਆ ਗਿਆ ਜਿਸ ਵਿਚ ਬੱਚਿਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਬੱਚਿਆਂ ਨੇ ਗੁਰੂ ਸਾਹਿਬਾਨ, ਗੁਰੂ ਇਤਿਹਾਸ ਅਤੇ ਗੁਰਬਾਣੀ ਸਿਧਾਂਤਾਂ ਦੀ ਰੋਸ਼ਨੀ ਵਿਚ ਸਿੱਖੀ ਵਿਚ ਆ ਰਹੀਆਂ ਕਮਜ਼ੋਰੀਆਂ ਖਾਸ ਕਰ ਕੇ ਡੇਰਾਵਾਦ ਦੇ ਪਸਾਰ ਬਾਰੇ ਆਪੋ ਆਪਣੇ ਵਿਚਾਰ ਪੇਸ਼ ਕੀਤੇ।







ਗੁਰਦੁਆਰਾ ਗੁਰੂ ਅੰਗਦ ਦਰਬਾਰ ਵਿਖੇ 55 ਬੱਚੇ ਆਪਣੇ ਮਾਪਿਆਂ ਸਮੇਤ ਪਹੁੰਚੇ। 7 ਸਾਲਾ ਗੁਰਜੋਤ ਸਿੰਘ ਨੇ ਅਰਦਾਸ ਕਰਕੇ ਪ੍ਰੋਗਰਾਮ ਅਰੰਭ ਕੀਤਾ। 6 ਤੋਂ 8 ਸਾਲ ਦੇ ਬੱਚਿਆਂ ਨੇ ਸਿੱਖੀ ਬਾਰੇ ਬੁਨਿਆਦੀ ਜਾਣਕਾਰੀ ਬਾਰੇ ਗੱਲ ਕੀਤੀ। ਹਰਮਨ ਕੌਰ ਨਾਂ ਦੀ ਇਕ ਲੜਕੀ ਨੇ ਇਹ ਪ੍ਰੋਗਰਾਮ ਚਲਾਇਆ। 11 ਤੋਂ 13 ਸਾਲ ਦੇ ਉਮਰ ਵਰਗ ਦੇ ਬੱਚਿਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਭਾਸ਼ਣ ਦਿੱਤੇ। 14 ਤੋਂ 16 ਸਾਲ ਦੇ ਬੱਚਿਆਂ ਨੇ ਗੁਰਬਾਣੀ ਦੇ ਸੁਨੇਹੇ ਬਾਰੇ ਗੱਲ ਕੀਤੀ।

ਸ਼ਬਦ ਗੁਰੂ ਅਤੇ ਝੂਠੀ ਗੁਰੂ ਡੰਮ ਤੇ ਡੇਰਾਵਾਦ ਬਾਰੇ ਵਿਚਾਰ ਚਰਚਾ 18 ਤੋਂ 22 ਸਾਲ ਦੇ ਨੌਜਵਾਨਾਂ ਦੀ ਸੀ ਜਿਸ ਨੂੰ ਸ. ਦਵਿੰਦਰ ਸਿੰਘ ਹੋਰਾਂ ਨੇ ਮਾਡਰੇਟ ਕੀਤਾ। ਜੱਜਾਂ ਦੀ ਸੇਵਾ ਸ. ਗੁਰਮੀਤ ਸਿੰਘ, ਦਵਿੰਦਰ ਸਿੰਘ, ਗਿਰਜੇਸ਼ ਸਿੰਘ, ਬਲਮੀਤ ਸਿੰਘ ਅਤੇ ਤਰਨ ਕੌਰ ਨੇ ਨਿਭਾਈ। ਜੱਜ ਕੋਆਰਡੀਨੇਟਰ ਦੀ ਸੇਵਾ ਰਮਿੰਦਰ ਸਿੰਘ ਹੋਰਾਂ ਨੇ ਨਿਭਾਈ ਜਦੋਂਕਿ ਸਮੇਂ ਦਾ ਖਿਆਲ ਭੁਪਿੰਦਰ ਸਿੰਘ ਹੋਰਾਂ ਨੇ ਰੱਖਿਆ। ਹਰ ਗਰੁਪ ਵਿਚੋਂ ਚੁਣੇ ਗਏ ਤਿੰਨ ਬੱਚੇ ਆਉਂਦੀ ਜੂਨ ਵਿਚ ਹੋਣ ਵਾਲੇ ਖੇਤਰੀ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲੈਣ ਲਈ ਜਾਣਗੇ।

ਨਤੀਜੇ ਇਸ ਤਰ੍ਹਾਂ ਰਹੇ: ਗਰੁਪ-1:ਗੁਰਜੋਤ ਸਿੰਘ, ਅਸਨੇਹ ਸਿੰਘ ਅਤੇ ਅਨਮੋਲ ਕੌਰ; ਗਰੁਪ-2:ਮੁਨੀਕ ਕੌਰ, ਰਮਨਜੀਤ ਕੌਰ ਅਤੇ ਅਮਨ ਕੌਰ; ਗਰੁਪ-3:ਰੌਬਿਨ ਕੌਰ, ਹਰਨੂਰ ਕੌਰ ਅਤੇ ਮਨਜੋਤ ਕੌਰ; ਗਰੁਪ-4:ਜਸਮੇਲ ਸਿੰਘ, ਕੀਰਤ ਕੌਰ ਅਤੇ ਮੋਹਨਵੀਰ ਸਿੰਘ; ਗਰੁਪ-5:ਇੰਦਰਵੀਰ ਸਿੰਘ, ਅਨਿਤ ਕੌਰ, ਸਿਮਰਨ ਸਿੰਘ, ਬਬੀਤਾ ਕੌਰ, ਰੌਬੀ ਸਿੰਘ, ਗੁਰਵਿਜੇ ਸਿੰਘ, ਸਿਮਰਨ ਕੌਰ ਅਤੇ ਅਮਨੀਤ ਕੌਰ। ਹਿੱਸਾ ਲੈਣ ਵਾਲੇ ਹਰ ਬੱਚੇ ਨੂੰ ਸਰਟੀਫਿਕੇਟ ਅਤੇ ਨਕਦ ਇਨਾਮ ਚੇਅਰਮੈਨ ਤੇ ਜੱਜ ਭਾਈ ਸਵਰਨ ਸਿੰਘ ਅਤੇ ਗੁਰੂ ਘਰ ਦੇ ਪ੍ਰਧਾਨ ਭਾਈ ਸੁਖਬੀਰ ਸਿੰਘ ਵਲੋਂ ਦਿੱਤੇ ਗਏ।



*ਇਕ ਬੱਚੀ ਜੇਤੂ ਟਰਾਫੀ ਨਾਲ*

ਪ੍ਰੋਗਰਾਮ ਦੇ ਕਨਵੀਨਰ ਡਾ. ਮਨਬੀਰ ਸਿੰਘ ਸਨ ਜਿਨ੍ਹਾਂ ਨੇ ਇਸ ਸਿੰਪਜ਼ੀਅਮ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਇਆ। ਸ. ਦਵਿੰਦਰ ਸਿੰਘ ਬੈਂਸ, ਸੁਖਬੀਰ ਸਿੰਘ ਪ੍ਰਧਾਨ, ਬੀਬੀ ਅਮਨੀਤ ਕੌਰ, ਗੁਰਵਿਜੇ ਸਿੰਘ, ਅਜੀਤ ਸਿੰਘ ਬਸਰਾ, ਅਮਰੀਕ ਸਿੰਘ ਗੋਰਾਇਆ, ਬੀਬੀ ਸਿਮਰਨ ਕੌਰ ਅਤੇ ਗਿਆਨੀ ਸਵਰਨ ਸਿੰਘ ਨੇ ਇਸ ਸਿੰਪੋਜ਼ੀਅਮ ਲਈ ਭਰਵਾ ਸਹਿਯੋਗ ਦਿੱਤਾ।



***'ਪੰਜਾਬ ਟਾਈਮਜ਼' ਦੇ ਕਾਲਮਨਵੀਸ ਅਤੇ ਲੇਖਕ ਐਸ. ਅਸ਼ੋਕ ਭੌਰਾ ਦੀ ਭਾਣਜੀ ਰਜਨੀਸ਼ ਕੈਰੇ ਪੁੱਤਰੀ ਸ੍ਰੀ ਤਰਸੇਮ ਕੈਰੇ ਤੇ ਸ੍ਰੀਮਤੀ ਪਰਮਿੰਦਰ ਕੈਰੇ, ਦਾ ਸ਼ੁੱਭ ਆਨੰਦ ਕਾਰਜ ਮਿਸ਼ੀਗਨ ਦੇ ਸਾਫ਼ਟ ਇੰਜੀਨੀਅਰ ਚੰਦਰ ਦੜੋਦਾ ਪੁੱਤਰ ਸ੍ਰੀ ਹੰਸ ਰਾਜ ਨਾਲ ਦਿੱਲੀ ਸਥਿਤ ਅਸ਼ੋਕਾ ਹੋਟਲ ਵਿਚ ਹੋਇਆ। ਇਸ ਮੌਕੇ ਪੰਜਾਬ ਤੋਂ ਕਈ ਰਾਜਸੀ ਤੇ ਧਾਰਮਿਕ ਆਗੂਆਂ ਤੋਂ ਬਿਨਾ ਕਈ ਆਈ.ਏ.ਐਸ. ਅਫ਼ਸਰ ਸੁਭਾਗ ਜੋੜੀ ਨੂੰ ਅਸ਼ੀਰਵਾਦ ਦੇਣ ਲਈ ਪਹੁੰਚੇ।***



**ਕੈਲੀਫੋਰਨੀਆ ਵਸਦੇ ਪਰਵਾਸੀ ਪੱਤਰਕਾਰ ਸ੍ਰੀ ਓਮ ਪ੍ਰਕਾਸ਼ ਕਮਲ ਦੀ ਸਪੁਤਰੀ ਨਿਸ਼ਾ ਕਮਲ ਦਾ ਅਨੰਦ ਕਾਰਜ ਪਿਛਲੇ ਦਿਨੀਂ ਸੰਦੀਪ ਸਿੰਘ ਸਪੁੱਤਰ ਅਜੈਬ ਸਿੰਘ ਮੁਛਾਲ, ਨਿਵਾਸੀ ਮੁੱਲਾਂਪੁਰ ਲੁਧਿਆਣਾ ਨਾਲ ਫਗਵਾੜਾ ਵਿਚ ਹੋਇਆ। ਜੋੜੀ ਨੂੰ ਅਸ਼ੀਰਵਾਦ ਦੇਣ ਲਈ ਪੰਜਾਬ ਦੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਅਮਲੋਹ ਤੋਂ ਐਮ ਐਲ ਏ ਸਾਧੂ ਸਿੰਘ ਧਰਮਸੋਤ, ਗੁਰਜੀਤ ਸਿੰਘ ਵਾਲੀਆ (ਪ੍ਰਧਾਨ ਬਲਾਕ ਕਾਂਗਰਸ ਕਮੇਟੀ, ਸ਼ਹਿਰੀ), ਅਕਾਲੀ ਦਲ ਬਾਦਲ ਦੇ ਬਲਾਕ ਫਗਵਾੜਾ ਆਗੂ ਸੁਰਿੰਦਰ ਸਿੰਘ, ਸੰਗੀਤ ਦਰਪਣ ਰਿਸਾਲੇ ਦੇ ਸੰਪਾਦਕ ਹਰਮਨਪ੍ਰੀਤ ਸਿੰਘ ਪ੍ਰੀਤ, ਐਮ ਸੀ ਮਲਕੀਤ ਸਿੰਘ ਰਗਬੋਤਰਾ, ਬੀਰਾ ਰਾਮ ਵਲਜੋਤ ਅਤੇ ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਪਹੁੰਚੀਆਂ ਹੋਈਆਂ ਸਨ।**


G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ

- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ

- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com

ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

Ph:(209) 474-2771, (888) 474-2771

7746 Lorraine Aenue #214, Stockton, CA 95210




ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗ੍ਹਾ ਤੇ

Since 1990 Non Profit

# Punjabi Cultural Society Sacramento (U.S.A.)

ਵਲੋਂ ਪੇਸ਼ ਹੈ 21ਵਾਂ

# ਵਿਸਾਖੀ ਮੇਲਾ

# Visakhi Mela

Host by : Jaswant S Shad

**Celebration On Saturday,**

## 16th APRIL 2011

## At 4.00 P. M.

**AT**

## S.E.S. Hall

**10427 E. STOCKTON BLVD.**
**ELK GROVE, CA 95624**



**Featuring : Songs, Gidha & Bhangra, Dances, Skits and Much More**

ਕੈਲੇਫੋਰਨੀਆ ਦੇ ਉੱਘੇ ਕਲਾਕਾਰ ਇਸ ਵਿੱਚ ਭਾਗ ਲੈ ਰਹੇ ਹਨ ।
ਸਮੂਹ ਪੰਜਾਬੀ ਭਾਈਚਾਰੇ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਹੁੰਮ ਹੁਮਾ ਕੇ ਪਹੁੰਚੋ ।

*For More Information Please Contact :*
Rashpal Pharwala (916) 682-7321 Tirath Sahota (916) 271-8382
Amrik Singh (916) 502-0064 Jaswant S. Shad (209) 992-7185

Spcl. Appearance
**Bhangra & Gidda**
TEAMS FROM : UNIVERSITY

### SPONSORS

Indo American Desh Bhagat Foundation, Indus Valley American Chamber of Commerce, Punjab Arts & Culture Promotions, Indo American Cultural Organisation, Harjit Singh (Mountain Mike's Pizza Elkgrove), Inderjit Singh (Mountain Mike's Pizza Elkgrove Florin), Bagga Palace, India House of Grocery, Desi Bazar, India spices& music in Elkgrove, Rajinder Singh, Gurnek Singh, Jaswinder Sandhu, Avtar Atwal, Charan Badwal, Baljinder Johal, Jasvir Thandi (iSELL Real Estate), Sonny Singh (Rocklin) PiaraSingh Parhar, Malkit Boparai, Jassi (Power Mart), Aklesh Singh, A V Sweets, SukhchainSingh, Joga Ghuman, Hardeep Singh, Manjeet Dhillon (Modesto), Raghvir Gill, S.P.Singh, Amarjit Singh, Manpreet Singh, Inderjit Singh, Parminderjit Singh, Jaswant Singh, Gurchetan Singh, Manjit Singh, Kulwinder Bobby, Varinder Sekhon & Manjit Singh (Punjab Insurance & Immigration Tax Service) & Paramjit Dhaliwal (Fresno), Naranjan Singh (Mountain Mike's Pizza W.Capital), Bakhshish Gill, Amarjit Dulai, Gurmukh Gosal (Sheration) & Alex Singh (Quality Vending).

### ORGANIZING COMMITTEE

Rajinder Pal Singh, Amrik Singh, Harjinder Basra, Tirath Sahota, Paramjit Dhillon, Surinder Bindra, Ajaib Kahlon, Rashpal Pharwala, Jarnail Sarpanch, Harinder Singh, Debi Gill, Sukhraj Singh, Jaswant Lakha, Sukhchain Singh, Bhupinder Rehal, Kuldeep Bains, Jaswinder Pooni, Jaswant Shad, Arjinder Kukki, M.S.Chahal, Pavittar Nahal, Satwinder Rangi, Varinder Sanghera, Kamal Banga, Paminder Virk, Jascharan Gill, Balwinder Banka, Balbir Johal, Avtar Dodd & Kamal Singh.

**ADMISSION FREE** Please No Alcohol, No Food or Drinks Inside the Hall
No Cameras Will Be Allowed Inside The Hall, Security Will Be Tightly Enforced

Website : www.punjabiculturalsocietysacramento.com Printer : Barapind Printing Press (E-mail: barapindpress@gmail.com)


LONGMAN Photo Studio
HD Videography & Digital Photography
We use "FULL HD 1080" to deliver Blu-Ray or Standard DVD
Magazine style Album & CD of Pictures
All Occasions
Nikon
Call
916-712-8485
916-256-8888
510-200-3976
Email: info@longmanstudios.com


Omni Video Productions
Professional Videography & Photography
For Booking & Information Contact :
Tel: 661-835-8230
Cell: 661-703-6664
email : omnivideo@hotmail.com
www.omnivideousa.com
Avid Editing Studio
Graphic Designing & Animations
3D Effects & Special Effects
Output to DVD, HD, Beta SP, VHS, S-VHS or any format
DVD Mastering & Duplication
Weddings & Receptions
Anniversaries & Birthday Parties
Stage Show & TV Ads
Interviews & Documentaries
NEW SERVICE
Live worldwide streaming of your events
CRANE SETUP
Photography
Studio Portraits
Family Photos
Business Photography
Digital Photo Mixing
Designed Wedding Albums
Quality & Creativity


Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776


ਘਰ ਖਰੀਦਣਾ ਹੈ ਜਾਂ ਵੇਚਣਾ !
ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ
ਜਰਨੈਲ ਸਿੰਘ ਲਾਲੜੀਆ
ਫੋਨ:209-856-2131
Century 21
M&M AND ASSOCIATES
Each office is independently owned and operated.
MLS
Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com
Jarnail Singh Lallria
Broker Associate
DRE#01440382
1472 'B' Street, Ste. D, Livingston, CA 95334


Are Worries Keeping You Awake?
Watch Your Business AnyTime Any Place.
ALL-IN-ONE
Attention Business Owners!!
Are You Worried About Your Business When You`re Not There?
Watch your business from anywhere on iPhone with our new technology
QuikStop
Shell
7 ELEVEN
76
Holiday Inn
Denny's
Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566
www.dvrunlimited.com

# ਫਰਿਜ਼ਨੋ 'ਚ ਗਦਰੀ ਬਾਬਿਆਂ ਦੀ ਯਾਦ ਵਿਚ ਭਰਵਾਂ ਮੇਲਾ


**ਫਰਿਜ਼ਨੋ (ਪੰਜਾਬ ਟਾਈਮਜ਼ ਬਿਊਰੋ):** ਇੰਡੋ-ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਕਰਵਾਇਆ ਗਿਆ ਸਾਲਾਨਾ '11ਵਾਂ ਮੇਲਾ ਗਦਰੀ ਬਾਬਿਆਂ ਦਾ' ਅਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਪ੍ਰਣਾਮ ਕਰਦਿਆਂ ਇਹ ਸੁਨੇਹਾ ਦੇ ਗਿਆ ਕਿ ਗਦਰੀ ਬਾਬਿਆਂ ਦੇ ਸੁਪਨਿਆਂ ਦਾ ਦੇਸ਼ ਸਿਰਜਣ ਲਈ ਅਜੇ ਬਹੁਤ ਕੁਝ ਕਰਨਾ ਬਾਕੀ ਹੈ।

"ਭਾਰਤ ਨੂੰ ਅਜ਼ਾਦ ਕਰਵਾਉਣ ਦੀ ਲੜਾਈ ਅਮਰੀਕਾ ਦੀ ਧਰਤੀ ਤੋਂ ਸ਼ੁਰੂ ਕਰਨ ਵਾਲੇ ਗਦਰੀ ਬਾਬਿਆਂ ਦੀ ਕੁਰਬਾਨੀ ਅਤੇ ਸ਼ਹਾਦਤ ਸਿਰਫ ਅਜ਼ਾਦੀ ਤੱਕ ਹੀ ਸੀਮਤ ਨਹੀਂ ਸੀ ਸਗੋਂ ਉਨ੍ਹਾਂ ਅਜ਼ਾਦੀ ਤੋਂ ਬਾਅਦ ਦੇ ਸਭ ਨੂੰ ਬਰਾਬਰੀ ਅਤੇ ਅਜ਼ਾਦੀ ਦੇਣ ਵਾਲੇ ਖੁਸ਼ਹਾਲ ਭਾਰਤ ਦੇ ਸੁਪਨੇ ਸੰਜੋਏ ਸਨ। ਸਮਾਜਿਕ ਬਰਾਬਰੀ ਅਤੇ ਜਾਤ ਪਾਤ ਦੇ ਪਾੜੇ ਦਾ ਖਾਤਮਾ ਉਨ੍ਹਾਂ ਦਾ ਮੁੱਖ ਮਕਸਦ ਸੀ।" ਇਹ ਸ਼ਬਦ ਸਨ, ਮੇਲੇ ਦੇ ਮੁੱਖ ਮਹਿਮਾਨ ਡਾ. ਸਾਧੂ ਸਿੰਘ ਕੈਨੇਡਾ ਦੇ ਜਿਨ੍ਹਾਂ ਨੇ ਕਿਹਾ ਕਿ ਗਦਰੀ ਬਾਬਿਆਂ ਨੂੰ ਵੀ ਆਪਣੀਆਂ ਜ਼ਿੰਦਗੀਆਂ, ਪਰਿਵਾਰ ਤੇ ਕਾਰੋਬਾਰ ਬਹੁਤ ਪਿਆਰੇ ਸਨ ਪਰ ਗੁਲਾਮੀ ਦੀਆਂ ਜੰਜ਼ੀਰਾਂ ਦੀ ਤੜਪ ਤੇ ਆਉਣ ਵਾਲੀ ਪੀੜ੍ਹੀ ਨੂੰ ਅਜ਼ਾਦ ਫਿਜ਼ਾਵਾਂ ਦੀ ਮਹਿਕ ਵਿਰਾਸਤ ਵਿਚ ਦੇ ਕੇ ਜਾਣ ਦੀ ਹਸਰਤ ਪੂਰੀ ਕਰਨ ਲਈ ਉਨ੍ਹਾਂ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ।











ਮੇਲੇ ਦੇ ਦੂਸਰੇ ਬੁਲਾਰੇ ਸ਼੍ਰੀ ਐਸ ਐਲ ਵਿਰਦੀ ਐਡਵੋਕੇਟ ਨੇ ਕਿਹਾ ਕਿ ਗਦਰੀ ਬਾਬਿਆਂ ਦੀ ਸਮਾਜਿਕ ਬਰਾਬਰੀ ਅਤੇ ਜਾਤ ਪਾਤ ਦੇ ਖਾਤਮੇ ਦੀ ਸੋਚ ਉਤੇ ਪਹਿਰਾ ਦੇਣ ਵਿਚ ਅਜ਼ਾਦੀ ਤੋਂ ਬਾਅਦ ਦੀਆਂ ਸਰਕਾਰਾਂ ਬੁਰੀ ਤਰ੍ਹਾਂ ਅਸਫਲ ਸਾਬਤ ਹੋਈਆਂ ਹਨ। ਕਿਸੇ ਵੀ ਸਰਕਾਰ ਨੇ ਹਮੇਸ਼ਾ ਸਰਮਾਏਦਾਰੀ ਦੇ ਹੱਕ ਵਿਚ ਹੀ ਫੈਸਲੇ ਕੀਤੇ ਜਦਕਿ ਗਰੀਬ ਦੀ ਦਸ਼ਾ ਬਹੁਤ ਹੀ ਤਰਸਯੋਗ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਗਦਰੀ ਬਾਬਿਆਂ ਦੀ ਸੋਚ ਨੂੰ ਅਸੀਂ ਘਰ ਘਰ ਪਹੁੰਚਾਈਏ ਤਾਂ ਜੋ ਚੌਥੀ ਪੀੜ੍ਹੀ ਉਨ੍ਹਾਂ ਦੀ ਸੋਚ ਤੋਂ ਸੇਧ ਲੈ ਕੇ ਦੇਸ਼ ਵਿਚ ਅਜ਼ਾਦ ਸੋਚ ਦਾ ਪਸਾਰਾ ਕਰ ਸਕੇ।

ਮੇਲੇ ਦੇ ਵਿਸ਼ੇਸ਼ ਮਹਿਮਾਨ ਅਤੇ ਜੀ ਪੰਜਾਬ ਟੀ.ਵੀ. ਦੇ (ਸੀ ਈ ਓ) ਜਸਪਾਲ ਸਿੰਘ ਸ਼ੇਤਰਾ ਨੇ ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ਼ਹੀਦਾਂ ਦੀ ਯਾਦ ਵਿਚ ਮੇਲੇ ਕਰਵਾਉਣੇ ਇਕ ਬਹੁਤ ਵੱਡਾ ਉਦਮ ਹੈ। ਇਨ੍ਹਾਂ ਮੇਲਿਆਂ ਦੀ ਬਦੌਲਤ ਹੀ ਸ਼ਹੀਦਾਂ ਦਾ ਨਾਮ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਵਿਥਿਆ ਤੋਂ ਅਗਲੀ ਪੀੜ੍ਹੀ ਜਾਣੂ ਹੁੰਦੀ ਹੈ। ਲਾਸ ਏਂਜਲਸ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਨਾਮਧਾਰੀ ਗੁਰਦੇਵ ਸਿੰਘ ਅਤੇ ਪ੍ਰੀਤਮ ਸਿੰਘ ਨੇ ਮੇਲਾ ਕਰਵਾਉਣ ਲਈ ਫੋਰਮ ਨੂੰ ਵਧਾਈ ਦਿੱਤੀ। ਉਨ੍ਹਾਂ ਗਦਰੀ ਬਾਬਿਆਂ ਦੀ ਸ਼ਹਾਦਤ ਤੇ ਕੁਰਬਾਨੀ ਨੂੰ ਯਾਦ ਕਰਦਿਆਂ ਸਤਿਗੁਰੂ ਰਾਮ ਸਿੰਘ ਦੀ ਦੇਸ਼ ਲਈ ਕੁਰਬਾਨੀ ਬਾਰੇ ਵੀ ਸਮੂਹ ਨੂੰ ਜਾਣੂੰ ਕਰਵਾਇਆ।

ਇਹ ਮੇਲਾ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਘੋਲੀਆ, ਕਨਵੀਨਰ ਇਸਤਰੀ ਵਿੰਗ ਕੁਲਵੀਰ ਕੌਰ ਸੇਖੋਂ ਅਤੇ ਗੁਰਦੇਵ ਸਿੰਘ ਨਾਮਧਾਰੀ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਇਆ। ਸ਼ੁਰੂ ਵਿਚ ਗੁਰਦੀਪ ਸਿੰਘ ਅਣਖੀ ਨੇ ਪ੍ਰਧਾਨਗੀ ਮੰਡਲ ਅਤੇ ਸਭ ਨੂੰ ਜੀ ਆਇਆਂ ਆਖਿਆ।





ਮੇਲੇ ਦੇ ਸ਼ੁਰੂ ਵਿਚ ਜਪਾਨ ਅਤੇ ਹੈਤੀ ਵਿਚ ਆਈਆਂ ਕੁਦਰਤੀ ਆਫਤਾਂ ਵਿਚ ਮਾਰੇ ਗਏ ਲੋਕਾਂ ਨੂੰ ਸਮਰਪਿਤ ਸ਼ੋਕ ਮਤਾ ਪਾਸ ਕੀਤਾ ਗਿਆ। ਪਿਛਲੇ ਕੁਝ ਸਮੇਂ 'ਚ ਵਿਛੜੀਆਂ ਪੰਜਾਬੀ ਸਾਹਿਤਕ ਸ਼ਖਸੀਅਤਾਂ-ਡਾ. ਸੁਤਿੰਦਰ ਸਿੰਘ ਨੂਰ, ਰਾਮ ਸਰੂਪ ਅਣਖੀ, ਡਾ. ਆਤਮਜੀਤ ਸਿੰਘ, ਡਾ. ਜਗਤਾਰ ਅਤੇ ਉਘੇ ਅਜ਼ਾਦੀ ਘੁਲਾਟੀਏ ਕਪੂਰ ਸਿੰਘ (ਆਈ ਐਨ ਏ) ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸਾਲਾਨਾ ਸੋਵੀਨਾਰ ਵੀ ਜਾਰੀ ਕੀਤਾ ਗਿਆ। ਮਹਿੰਦਰ ਸਿੰਘ ਗਰੇਵਾਲ ਅਤੇ ਰੀਟਾ ਦਿਲਕੇਸਟਾ ਲਾਇਬਰੇਰੀਅਨ ਕਰਮਨ ਬਰਾਂਚ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਮੇਲੇ ਦੇ ਸਭਿਆਚਾਰਕ ਹਿੱਸੇ ਵਿਚ ਗਾਇਕ ਰਾਜ ਬਰਾੜ ਨੇ ਪੰਜਾਬੀ ਗਾਇਕੀ ਦਾ ਰੰਗ ਭਰਿਆ। ਗੁਰਦੀਪ ਸਿੰਘ ਗੱਗੜਾ ਨੇ ਇਕ ਕਵਿਤਾ ਪੇਸ਼ ਕੀਤੀ। ਬੇਏਰੀਆ ਤੋਂ ਕੁਮਾਰ ਖਟਕੜ ਨੇ ਦੋ ਖੂਬਸੂਰਤ ਗੀਤਾਂ ਨਾਲ ਹਾਜ਼ਰੀ ਲਵਾਈ। ਇਕਬਾਲ ਗਿੱਲ ਤੇ ਅਮਰਜੀਤ ਗਿੱਲ ਨੇ ਇਕ ਗੀਤ ਤੇ ਇਕ ਕਵਿਤਾ ਬੋਲੀ।



'ਗੁਰੂ ਹਰਿਗੋਬਿੰਦ ਜੀ ਡਾਂਸ ਅਤੇ ਸੰਗੀਤ ਅਕੈਡਮੀ' ਦੇ ਪ੍ਰਮਜੀਤ ਧਾਲੀਵਾਲ ਵਲੋਂ ਤਿਆਰ ਦੋ ਟੀਮਾਂ ਦੇ ਬੱਚਿਆਂ ਨੇ ਖੂਬਸੂਰਤ ਭੰਗੜਾ ਪੇਸ਼ ਕੀਤਾ ਜੋ ਸ਼ਹੀਦ ਭਗਤ ਸਿੰਘ ਵਾਂਗ ਲੜ ਛੱਡਵੀਆਂ ਬਸੰਤੀ ਰੰਗ ਦੀਆਂ ਪੱਗਾਂ ਬੰਨ੍ਹ ਕੇ ਤੇ ਕੁੜਤੇ ਪਾ ਕੇ ਆਏ ਹੋਏ ਸਨ। ਤੀਸਰੀ ਟੀਮ ਵਲੋਂ ਹਿੰਦੀ ਗੀਤ 'ਆਈ ਲਵ ਮਾਈ ਇੰਡੀਆ' ਉਤੇ ਕੋਰੀਓਗਰਾਫੀ ਪੇਸ਼ ਕੀਤੀ ਗਈ। ਹਰਿੰਦਰ ਕੌਰ ਮੰਢਾਲੀ ਨੇ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ 'ਮੇਰੇ ਪਿੰਡ ਦੇ ਕਿਸੇ ਰੁੱਖ ਨੂੰ ਮੈਂ ਸੁਣਿਆ ਕਿ ਜੇਲ੍ਹ ਹੋ ਗਈ ਹੈ' ਪੇਸ਼ ਕੀਤੀ। ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਇਸਤਰੀ ਵਿੰਗ ਦੀ ਸਕੱਤਰ ਅਤੇ ਫੋਰਮ ਦੇ ਮੋਢੀ ਬਾਨੀ ਗੁਰਬਖਸ਼ ਧਾਲੀਵਾਲ ਦੀ ਪੋਤਰੀ ਸ਼ਰਨਜੀਤ ਕੌਰ ਧਾਲੀਵਾਲ ਨੇ ਇਕ ਕਵਿਤਾ 'ਭਗਤ ਸਿੰਘ ਇਕ ਦੌਰ ਹੈ' ਪੜ੍ਹੀ। 'ਕੂਲ ਪੰਜਾਬੀ ਵਿਰਸਾ' ਅਕੈਡਮੀ ਦੇ ਪਰਮਜੀਤ ਸਿੰਘ ਅਤੇ ਰੇਨੂੰ ਸਿੰਘ ਨੇ ਇਕ ਖੂਬਸੂਰਤ ਨਾਟਕ 'ਬੇਗਮੋ ਦੀ ਧੀ' ਦਾ ਸਫਲ ਮੰਚਨ ਕੀਤਾ ਜਿਸ ਦੇ ਕਲਾਕਾਰਾਂ ਨੂੰ ਦਰਸ਼ਕਾਂ ਨੇ ਬੇਸ਼ੁਮਾਰ ਤਾੜੀਆਂ ਦਾ ਇਨਾਮ ਦਿੱਤਾ।

ਗਾਇਕ ਮਿੱਕੀ ਸਰਾਂ ਨੇ 'ਜੱਗ ਯਾਦ ਕਰੂ ਭਗਤ ਸਿਆਂ ਤੇਰੀ ਕੁਰਬਾਨੀ ਨੂੰ' ਗਾ ਕੇ ਆਪਣੀ ਗਾਇਕੀ ਦੀ ਵਿਲੱਖਣ ਵੰਨ੍ਹਗੀ ਪੇਸ਼ ਕੀਤੀ। ਪੰਜਾਬੀ ਕਲਚਰਲ ਐਸੋਸੀਏਸ਼ਨ ਫਰਿਜ਼ਨੋ ਅਤੇ ਸੁਖਬੀਰ ਭੰਡਾਲ ਦੇ ਸਹਿਯੋਗ ਨਾਲ ਤਿਆਰ ਕੀਤੀ ਪੰਜਾਬੀ ਪ੍ਰੈਸ ਕਲੱਬ ਫਰਿਜ਼ਨੋ ਦੀ ਮੁੰਡੇ-ਕੁੜੀਆਂ ਦੀ ਭੰਗੜਾ ਟੀਮ 'ਵਾਰਿਸ ਸ਼ਹੀਦਾਂ ਦੇ' ਨੇ ਚਰਖਾ, ਚੱਕੀ, ਮਧਾਣੀ, ਫੁਲਕਾਰੀ ਅਤੇ ਕਿੱਕਲੀ ਰਾਹੀਂ ਪੁਰਾਣੇ ਪੇਂਡੂ ਸਭਿਆਚਾਰ ਦਾ ਰੰਗ ਬੰਨ੍ਹ ਕੇ ਰੱਖ ਦਿੱਤਾ। ਇਕ ਗੀਤ ਦਿਲਬਾਗ ਬੰਗੜ ਨੇ ਪੇਸ਼ ਕੀਤਾ।

ਅਖੀਰ ਵਿਚ ਪ੍ਰਸਿੱਧ ਗਾਇਕ ਸੁਖਵਿੰਦਰ ਪੰਛੀ ਨੇ ਗਦਰੀ ਬਾਬਿਆਂ ਅਤੇ ਦੇਸ਼ ਦੇ ਸ਼ਹੀਦਾਂ ਨੂੰ ਸਮਰਪਿਤ ਆਪਣੀ ਨਵੀਂ ਆਉਣ ਵਾਲੀ ਐਲਬਮ 'ਕਰ ਦਿਓ ਹਮਲਾ ਗੱਦਾਰ 'ਤੇ' ਵਿਚੋਂ ਉਘੇ ਸੰਗੀਤਕਾਰ ਪੱਪੀ ਭਦੌੜ ਦੇ ਸੰਗੀਤ ਹੇਠ ਗੀਤ ਪੇਸ਼ ਕੀਤੇ ਅਤੇ ਕੁਲਵੀਰ ਹੇਅਰ ਦੇ 'ਆਪ ਸ਼ਹੀਦੀਆਂ ਪਾ ਕੇ ਦੇਸ਼ ਅਜ਼ਾਦ ਕਰਾ ਗਏ ਨੇ' ਤੇ ਨੀਟਾ ਮਾਛੀਕੇ ਦੇ ਲਿਖੇ ਗੀਤ 'ਮੁੰਡਾ ਅਣਦਾੜ੍ਹੀਆ ਸਰਾਭਾ ਜਿਸ ਦਾ ਨਾਮ ਸੀ' ਆਦਿ ਪੇਸ਼ ਕਰਕੇ ਮਾਹੌਲ ਨੂੰ ਸ਼ਹੀਦਾਂ ਦੀ ਸੋਚ ਦੇ ਰੰਗ ਵਿਚ ਰੰਗ ਦਿੱਤਾ। ਸਟੇਜਾਂ ਦੀ ਰਾਣੀ ਕਰਕੇ ਜਾਣੀ ਜਾਂਦੀ ਮੰਚ ਸੰਚਾਲਿਕਾ ਬੀਬੀ ਆਸ਼ਾ ਸ਼ਰਮਾ ਨੇ ਖੂਬਸੂਰਤ ਸ਼ੇਅਰਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਮੇਲੇ ਦੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਨੇ ਬਾਖੂਬੀ ਨਿਭਾਈ।

ਹੁਸ਼ਿਆਰ ਬੱਚਿਆਂ ਨੂੰ ਉਤਸ਼ਾਹਿਤ ਕਰਨ ਦੇ ਮਨੋਰਥ ਨਾਲ 4.0 ਜੀ ਪੀ ਏ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਦੇਣ ਲਈ ਸਥਾਨਕ ਆਗੂ ਹੈਨਰੀ ਪਰੇਰਾ ਦੀ ਤਰਫੋਂ ਰਾਜ ਰੱਕੜ ਅਤੇ ਫਰਿਜ਼ਨੋ ਸਿਟੀ ਦੇ ਮੇਅਰ ਦੀ ਤਰਫੋਂ ਐਡੀ ਅਬਰੀ ਅਤੇ ਸਾਲ ਸੇਨਟਰੋ ਹਾਜ਼ਰ ਸਨ। ਆਪਣਾ ਅਰਜੈਂਟ ਕੇਅਰ ਵਾਲੇ ਡਾ. ਗੁਰਦਾਵਰ ਧਾਲੀਵਾਲ ਨੇ ਲੋੜਵੰਦਾਂ ਲਈ ਮੁਫਤ ਮੈਡੀਕਲ ਕੈਂਪ ਲਾਇਆ।

ਇਸ ਮੌਕੇ ਫੋਰਮ ਵਲੋਂ ਸ਼ਹੀਦਾਂ ਅਤੇ ਗਦਰੀ ਬਾਬਿਆਂ ਦੀਆਂ ਫੋਟੋ ਪ੍ਰਦਰਸ਼ਨੀ ਵੀ ਲਾਈ ਗਈ ਸ਼ਹੀਦਾਂ ਅਤੇ ਗਦਰੀ ਬਾਬਿਆਂ ਦੇ ਜੀਵਨ ਨਾਲ ਸਬੰਧਤ ਮੁਫਤ ਸਾਹਿਤ ਵੀ ਵੰਡਿਆ ਗਿਆ ਇਸ ਦੀ ਸੇਵਾ ਮਹਿੰਦਰ ਸਿੰਘ ਢਾਹ ਨੇ ਬਾਖੂਬੀ ਨਿਵਾਈ। ਜਸਵੰਤ ਸਿੰਘ ਮਾਨ ਨੇ ਫੋਰਮ ਵਲੋਂ ਮੇਲੇ ਵਿਚ ਸ਼ਿਰਕਤ ਕਰਨ ਵਾਲੇ ਮਹਿਮਾਨਾਂ, ਸਹਿਯੋਗੀਆਂ, ਗੀਤਕਾਰਾਂ, ਕਵੀਆਂ, ਲੇਖਕਾਂ, ਪੱਤਰਕਾਰਾਂ ਅਤੇ ਦਰਸ਼ਕਾਂ ਦਾਂ ਧੰਨਵਾਦ ਕੀਤਾ। ਪ੍ਰਬੰਧਕਾਂ ਵਲੋਂ ਪਹੁੰਚੇ ਸਮੂਹ ਮਹਿਮਾਨਾਂ, ਕਲਾਕਾਰਾਂ, ਲੇਖਕਾਂ, ਕਵੀਆਂ ਅਤੇ ਪੱਤਰਕਾਰਾਂ ਦਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਸ ਮੇਲੇ ਵਿਚ ਇਲਾਕੇ ਦੀਆਂ ਸਮੂਹ ਸੰਸਥਾਵਾਂ ਅਤੇ ਨਾਮਵਰ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ।



*ਸੁਖਵਿੰਦਰ ਪੰਛੀ ਗੀਤ ਪੇਸ਼ ਕਰਦਾ ਹੋਇਆ*

ਚਾਹ ਪਕੌੜਿਆਂ ਅਤੇ ਲੰਗਰ ਦਾ ਪ੍ਰਵਾਹ ਸਾਰਾ ਦਿਨ ਚਲਦਾ ਰਿਹਾ। ਲੰਗਰ ਇਸਤਰੀ ਵਿੰਗ ਦੇ ਮੈਂਬਰਾਂ ਵਲੋਂ ਨਵਦੀਪ ਧਾਲੀਵਾਲ, ਬਲਦੇਵ ਧਾਲੀਵਾਲ, ਬਿਟੂ ਧਾਲੀਵਾਲ, ਸ਼ੋਕਤ ਅਲੀ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ। ਮੇਲੇ ਦੀ ਸਫਲਤਾ ਲਈ ਸ਼ਰਨਜੀਤ ਧਾਲੀਵਾਲ, ਰੂਬੀ ਸੰਘਾ, ਜਸਦੀਪ ਸੰਘਾ, ਕੁਲਵੀਰ ਹੇਅਰ, ਜੋਗਾ ਸਿੰਘ ਮੰਢਾਲੀ, ਗੁਰਪ੍ਰੀਤ ਖਾਨ ਖਾਨਾ ਅਤੇ ਸੁਰਿੰਦਰ ਸਿੰਘ ਥਿੰਦ ਨੇ ਸਖਤ ਮਿਹਨਤ ਕੀਤੀ। ਫੋਟੋਆਂ ਅਤੇ ਮੂਵੀ ਦੀ ਸੇਵਾ ਮੋਗਾ ਵੀਡੀਓ ਵਾਲਿਆਂ ਨੇ ਨਿਭਾਈ।







## ਕਬੱਡੀ ਖਿਡਾਰੀ ਸਰਬਜੀਤ ਮਾਹਲ ਬਣਿਆ ਗੀਤਕਾਰ

**ਫਰਿਜ਼ਨੋ (ਅਸ਼ੋਕ ਭੌਰਾ):** ਨਾਮਵਰ ਕਬੱਡੀ ਖਿਡਾਰੀ ਅਤੇ ਮਾਹਲ ਸਪੋਰਟਸ ਕਲੱਬ, ਕੈਲੀਫੋਰਨੀਆ ਦਾ ਸਰਗਰਮ ਕਾਰਕੁਨ ਸਰਬਜੀਤ ਮਾਹਲ ਗੀਤਕਾਰੀ ਵਿਚ ਵੀ ਸਫਲਤਾ ਨਾਲ ਅੱਗੇ ਹੋ ਗਿਆ ਹੈ। ਜਲਦ ਹੀ ਗਾਇਕ ਸੁਖਵਿੰਦਰ ਪੰਛੀ ਦੀ ਗਦਰੀ ਬਾਬਿਆਂ ਅਤੇ ਗਦਰ ਲਹਿਰ ਬਾਰੇ ਰਿਲੀਜ਼ ਹੋ ਰਹੀ ਐਲਬਮ "ਕਰ ਦਿਓ ਹਮਲਾ ਗੱਦਾਰ 'ਤੇ" ਵਿਚ ਸਭ ਤੋਂ ਵੱਧ ਸਲਾਹਿਆ ਜਾ ਰਿਹਾ ਗੀਤ "ਗੂੰਜ ਗਦਰ ਦੀ ਪਾ ਕੇ ਹਟਾਂਗੇ, ਜਬਰ ਜੁਲਮ ਦੀ ਧੁਰ ਤੋਂ ਜੜ੍ਹ ਹਿਲਾ ਕੇ ਹਟਾਂਗੇ" ਮਾਹਲ ਦਾ ਹੀ ਲਿਖਿਆ ਹੋਇਆ ਹੈ।

ਇਹ ਵੀ ਜ਼ਿਕਰਯੋਗ ਹੈ ਕਿ ਸਰਬਜੀਤ ਕੁਲਦੀਪ ਮਾਣਕ ਦਾ ਸਭ ਤੋਂ ਵੱਡਾ ਉਪਾਸ਼ਿਕ ਅਤੇ ਪ੍ਰਸ਼ੰਸਕ ਹੈ ਅਤੇ ਉਸ ਕੋਲ ਮਾਣਕ ਦੇ ਰਿਕਾਰਡ ਪਹਿਲੇ ਗੀਤ ਤੋਂ ਲੈ ਕੇ ਹੁਣ ਤੱਕ ਦੇ ਸਾਰੇ ਗੀਤਾਂ ਦੀ ਲਾਇਬਰੇਰੀ ਕੈਸਿਟਾਂ, ਸੀਡੀਆਂ ਅਤੇ ਡੀ ਵੀ ਡੀ ਦੇ ਰੂਪ ਵਿਚ ਉਪਲਬਧ ਹੈ। ਸਰਬਜੀਤ ਮਾਹਲ ਨਾਲ ਸੰਪਰਕ ਫੋਨ 209-607-6070 ਉਤੇ ਕੀਤਾ ਜਾ ਸਕਦਾ ਹੈ।

## ਐਂਡਰਸਨ ਨੂੰ ਭਾਰਤ ਲਿਆਉਣ ਲਈ ਹਰੀ ਝੰਡੀ

**ਨਵੀਂ ਦਿੱਲੀ:** ਇਥੋਂ ਦੀ ਅਦਾਲਤ ਨੇ 1984 ਦੀ ਭੂਪਾਲ ਗੈਸ ਤ੍ਰਾਸਦੀ ਦੇ ਮੁਲਜ਼ਮ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ ਦੇ ਚੇਅਰਮੈਨ ਵਾਰੇਨ ਐਂਡਰਸਨ ਨੂੰ ਅਮਰੀਕਾ ਤੋਂ ਭਾਰਤ ਲਿਆਉਣ ਲਈ ਸੀ.ਬੀ.ਆਈ. ਨੂੰ ਹਰੀ ਝੰਡੀ ਦੇ ਦਿੱਤੀ ਹੈ।

ਚੀਫ ਮੈਟਰੋਪੋਲਿਟਨ ਮੈਜਿਸਟਰੇਟ ਵਿਨੋਦ ਯਾਦਵ ਨੇ ਸੀ.ਬੀ.ਆਈ. ਨੂੰ ਇਜਾਜ਼ਤ ਦਿੰਦਿਆਂ ਕਿਹਾ ਹੈ ਕਿ ਸਾਰੇ ਤੱਥਾਂ ਦੀ ਘੋਖ ਕਰਨ ਮਗਰੋਂ ਤੇ ਤ੍ਰਾਸਦੀ ਤੋਂ ਪੀੜਤ ਲੋਕਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਫੈਸਲਾ ਕੀਤਾ ਹੈ ਕਿ ਐਂਡਰਸਨ ਨੂੰ ਭਾਰਤ ਲਿਆਉਣਾ ਹੀ ਇਨਸਾਫ ਦੇ ਹਿੱਤ ਵਿਚ ਹੋਵੇਗਾ। ਸੀ.ਬੀ.ਆਈ. ਦੀ ਅਰਜ਼ੀ 'ਤੇ ਜੱਜ ਨੇ ਕਿਹਾ ਕਿ ਐਂਡਰਸਨ ਨੂੰ ਅਮਰੀਕਾ ਤੋਂ ਇਥੇ ਲਿਆਉਣ ਦੇ ਰਾਹ ਵਿਚ ਕੋਈ ਕਾਨੂੰਨੀ ਅੜਿੱਕਾ ਨਹੀਂ ਇਸ ਲਈ ਸੀ.ਬੀ.ਆਈ. ਉਸ ਨੂੰ ਭਾਰਤ ਲਿਆ ਸਕਦੀ ਹੈ। ਐਂਡਰਸਨ ਦੁਨੀਆ ਦੇ ਸਭ ਤੋਂ ਭਿਆਨਕ ਸਨਅਤੀ ਹਾਦਸੇ ਲਈ 26 ਸਾਲਾਂ ਤੱਕ ਚੱਲੇ ਮੁਕੱਦਮੇ ਦੌਰਾਨ ਕਦੇ ਵੀ ਅਦਾਲਤ ਵਿਚ ਪੇਸ਼ ਨਹੀਂ ਹੋਇਆ। 1992 ਵਿਚ ਉਸ ਨੂੰ ਭੁਪਾਲ ਦੀ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਸੀ। ਸੀ.ਬੀ.ਆਈ. ਨੇ ਐਂਡਰਸਨ ਨੂੰ ਭਾਰਤ ਲਿਆਉਣ ਬਾਰੇ ਅਦਾਲਤ ਦਾ ਦਰ ਖੜਕਾਇਆ ਸੀ। ਉਸ ਨੇ ਕਿਹਾ ਸੀ ਕਿ ਜੇਕਰ ਭੁਪਾਲ ਕਾਂਡ ਦੇ ਮੁਲਜ਼ਮ ਨੂੰ ਕਟਹਿਰੇ ਵਿਚ ਨਾ ਖੜ੍ਹਾ ਕੀਤਾ ਗਿਆ ਤਾਂ ਇਹ ਨਿਆਂ ਲਈ ਧੱਕਾ ਹੋਵੇਗਾ।

# ਸਿਟਰਸ ਕੌਂਸਲ ਦੇ ਅਧਿਕਾਰੀ ਦੋਸ਼ੀ ਕਰਾਰ

## ਅਧਿਕਾਰੀਆਂ ਤੋਂ ਰਕਮ ਵਸੂਲਣ ਦੀ ਸਿਫਾਰਸ਼

**ਚੰਡੀਗੜ੍ਹ:** ਪੰਜਾਬ ਸਿਟਰਸ ਕੌਂਸਲ ਦੇ ਅਧਿਕਾਰੀਆਂ ਵੱਲੋਂ ਸਰਕਾਰੀ ਫੰਡਾਂ ਵਿਚ ਕਰੋੜਾਂ ਰੁਪਏ ਦਾ ਹੇਰਫੇਰ ਕਰਨ ਤੇ ਆਪਹੁਦਰੀਆਂ ਰਾਹੀਂ ਇਨ੍ਹਾਂ ਅਦਾਰਿਆਂ ਨੂੰ ਕਰੋੜਾਂ ਰੁਪਏ ਦਾ ਘਾਟਾ ਪਾਉਣ ਦੇ ਤੱਥਾਂ 'ਤੇ ਪੰਜਾਬ ਵਿਧਾਨ ਸਭਾ ਦੀ ਸਰਕਾਰੀ ਕਾਰੋਬਾਰ ਕਮੇਟੀ ਨੇ ਵੀ ਮੋਹਰ ਲਾ ਦਿੱਤੀ ਹੈ। ਵਿਧਾਨ ਸਭਾ ਦੀ ਕਮੇਟੀ ਵੱਲੋਂ ਕੌਂਸਲਾਂ ਦੇ ਕੰਮਕਾਰ ਦੀ ਸਮੀਖਿਆ ਕਰਦਿਆਂ ਹੇਠਲੇ ਪੱਧਰ ਦੇ ਅਧਿਕਾਰੀਆਂ ਨੂੰ ਹੀ ਦੋਸ਼ੀ ਕਰਾਰ ਨਹੀਂ ਦਿੱਤਾ ਸਗੋਂ ਆਈ.ਏ.ਐਸ. ਅਧਿਕਾਰੀਆਂ ਦੇ ਚਿਹਰੇ ਵੀ ਬੇਪਰਦ ਕਰ ਦਿੱਤੇ ਹਨ। ਕਮੇਟੀ ਨੇ ਕਈ ਤਰ੍ਹਾਂ ਦੀਆਂ ਜਾਅਲਸਾਜ਼ੀਆਂ ਵੀ ਸਾਹਮਣੇ ਲਿਆਂਦੀਆਂ ਹਨ। ਵਿਧਾਇਕ ਵਿਰਸਾ ਸਿੰਘ ਵਲਟੋਹਾ ਦੀ ਅਗਵਾਈ ਵਾਲੀ ਕਮੇਟੀ ਦੀ ਰਿਪੋਰਟ ਸਦਨ ਵਿਚ ਪੇਸ਼ ਕੀਤੀ ਗਈ। ਕਮੇਟੀ ਨੇ ਸਿਫਾਰਸ਼ਾਂ ਕੀਤੀਆਂ ਹਨ ਕਿ ਕਰੋੜਾਂ ਰੁਪਏ ਦਾ ਨੁਕਸਾਨ ਕਰਨ ਵਾਲੇ ਅਧਿਕਾਰੀਆਂ ਤੋਂ ਇਸ ਰਕਮ ਦੀ ਵਸੂਲੀ ਕੀਤੀ ਜਾਣੀ ਚਾਹੀਦੀ ਹੈ, ਦੋਸ਼ੀ ਅਧਿਕਾਰੀਆਂ ਵਿਰੁਧ ਮਾਮਲੇ ਦਰਜ ਕਰਾਏ ਜਾਣੇ ਚਾਹੀਦੇ ਹਨ ਤੇ ਵਿਭਾਗੀ ਕਾਰਵਾਈ ਕਰਕੇ ਕਮੇਟੀ ਨੂੰ ਸੂਚਿਤ ਕਰਨਾ ਚਾਹੀਦਾ ਹੈ।

ਵਿਧਾਨ ਸਭਾ ਦੀ ਇਸ ਕਮੇਟੀ ਨੇ ਆਪਣੀ ਰਿਪੋਰਟ ਵਿਚ ਜਿਨ੍ਹਾਂ ਅਧਿਕਾਰੀਆਂ ਦਾ ਇਕ ਤੋਂ ਵੱਧ ਵਾਰ ਜ਼ਿਕਰ ਕਰਦਿਆਂ ਕਥਿਤ ਦੋਸ਼ੀ ਠਹਿਰਾਇਆ ਹੈ, ਉਨ੍ਹਾਂ ਵਿਚ ਵੀ.ਐਸ. ਚਿਮਨੀ, ਗੁਰਪ੍ਰੀਤ ਸਿੰਘ ਨੈਨ, ਏਕਮ ਸਿੰਘ ਢਿੱਲੋਂ, ਨਿਰਮਲਜੀਤ ਕੌਰ, ਹਰਵਿੰਦਰ ਸਿੰਘ ਆਦਿ ਸ਼ਾਮਲ ਹਨ। ਇਨ੍ਹਾਂ 'ਤੇ ਅਣਗਹਿਲੀ ਵਰਤਣ, ਸਰਕਾਰੀ ਪੈਸੇ ਦੀ ਦੁਰਵਰਤੋਂ ਕਰਨ ਤੇ ਅਜਾਈਂ ਗਵਾਉਣ ਦੇ ਦੋਸ਼ ਲਾਏ ਹਨ। ਪੰਜਾਬ ਦੇ ਇਕ ਆਈ.ਏ.ਐਸ. ਅਧਿਕਾਰੀ ਹਿੰਮਤ ਸਿੰਘ ਜੋ ਸਾਬਕਾ ਕਾਂਗਰਸ ਹਕੂਮਤ ਦੇ ਸਮੇਂ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੇ ਐਮ.ਡੀ. ਸਨ, ਦਾ ਨਾਂ ਕਿਸੇ ਵੀ ਜਾਂਚ ਪੜਤਾਲ ਵਿਚ ਸਾਹਮਣੇ ਨਹੀਂ ਸੀ ਆਇਆ। ਵਿਧਾਨ ਸਭਾ ਦੀ ਕਮੇਟੀ ਨੇ ਹਿੰਮਤ ਸਿੰਘ ਦੀ ਕਾਰਗੁਜ਼ਾਰੀ 'ਤੇ ਹੀ ਸ਼ੱਕ ਦੀ ਉਂਗਲ ਨਹੀਂ ਧਰੀ ਸਗੋਂ ਤਤਕਾਲੀ ਵਿੱਤ ਕਮਿਸ਼ਨਰ ਵਿਕਾਸ ਦੀ ਭੂਮਿਕਾ 'ਤੇ ਵੀ ਸਵਾਲ ਉਠਾਏ ਹਨ। ਕਮੇਟੀ ਨੇ ਗਲਤ ਯੋਜਨਾਬੰਦੀ ਕਾਰਨ 42 ਲੱਖ 76 ਹਜ਼ਾਰ ਰੁਪਏ ਦਾ ਨੁਕਸਾਨ, ਪਸ਼ੂਆਂ ਦੀ ਦੇਖ ਰੇਖ ਨਾ ਕਰਨ ਕਰਕੇ 50 ਲੱਖ ਦਾ ਨੁਕਸਾਨ ਕਰਨ, ਸਟਰਾਬੇਰੀ ਪ੍ਰਾਜੈਕਟਾਂ ਵਿਚ ਅਣਗਹਿਲੀ ਕਰਕੇ 1 ਕਰੋੜ 34 ਲੱਖ ਡੋਬ ਦੇਣ, ਜੈਵਿਕ ਖਾਦ ਦੇ ਮਾਮਲੇ 'ਤੇ 2 ਕਰੋੜ 44 ਲੱਖ ਦਾ ਨੁਕਸਾਨ ਕਰਨ, 8 ਲੱਖ 6 ਹਜ਼ਾਰ ਰੁਪਏ ਟੈਕਸੀਆਂ 'ਤੇ ਅਜਾਈਂ ਖਰਚਣ, ਕਰਾਰ ਅਧੀਨ ਖੇਤੀ ਵਿਚ ਯੋਜਨਾ ਦੀ ਘਾਟ ਕਾਰਨ 78 ਲੱਖ 9 ਹਜ਼ਾਰ ਰੁਪਏ ਅਜਾਈਂ ਗਵਾਉਣ ਦੇ ਤੱਥ ਸਾਹਮਣੇ ਲਿਆਂਦੇ ਹਨ। ਜ਼ਿਕਰਯੋਗ ਹੈ ਕਿ ਸਿਟਰਸ ਕੌਂਸਲ ਦਾ ਮਾਮਲਾ ਪਿਛਲੇ ਕਈ ਸਾਲਾਂ ਤੋਂ ਭਖਦਾ ਮੁੱਦਾ ਹੈ ਤੇ ਪੰਜਾਬ ਪੁਲਿਸ ਨੇ ਹਾਲ ਹੀ 'ਚ ਚਾਰ ਅਧਿਕਾਰੀਆਂ ਵਿਰੁੱਧ ਗਬਨ ਦਾ ਮਾਮਲਾ ਵੀ ਦਰਜ ਕੀਤਾ ਹੈ।

## ਆਸਟਰੇਲੀਆ 'ਚ ਤਿੰਨ ਭਾਰਤੀ ਟੈਕਸੀ ਚਾਲਕਾਂ 'ਤੇ ਹਮਲਾ

**ਐਡੀਲੇਡ:** ਸ਼ਹਿਰ ਦੇ ਨੇੜਲੇ ਇਲਾਕੇ ਵਿਚ 24 ਮਾਰਚ ਨੂੰ ਸਵੇਰੇ ਤਿੰਨ ਭਾਰਤੀ ਟੈਕਸੀ ਚਾਲਕਾਂ 'ਤੇ 10-12 ਨੌਜਵਾਨਾਂ ਨੇ ਹਮਲਾ ਕਰ ਦਿੱਤਾ ਤੇ ਉਨ੍ਹਾਂ ਦੀਆਂ ਟੈਕਸੀਆਂ ਦੀ ਭੰਨ੍ਹ-ਤੋੜ ਕੀਤੀ।

ਇਨ੍ਹਾਂ ਜ਼ਖਮੀ ਚਾਲਕਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਿਨ੍ਹਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਜਿਵੇਂ ਹੀ ਇਸ ਘਟਨਾ ਦੀ ਖ਼ਬਰ ਹੋਰ ਟੈਕਸੀ ਚਾਲਕਾਂ ਨੂੰ ਮਿਲੀ ਤਾਂ ਉਨ੍ਹਾਂ ਤੁਰੰਤ ਆਪਣੇ ਕੰਮ ਬੰਦ ਕਰ ਦਿੱਤੇ ਤੇ 500 ਦੇ ਕਰੀਬ ਏਸ਼ਿਆਈ ਡਰਾਈਵਰਾਂ ਨੇ ਕੁਰਾਲਟਾ ਸ਼ਾਪਿੰਗ ਸੈਂਟਰ ਨੇੜੇ ਧਰਨਾ ਦੇ ਦਿੱਤਾ। ਟੈਕਸੀ ਚਾਲਕਾਂ ਦੀ ਅਗਵਾਈ ਕਰ ਰਹੇ ਚਰਨਬੀਰ ਸਿੰਘ ਜੋ ਖੁਦ ਵੀ ਹਮਲੇ ਵਿਚ ਜ਼ਖ਼ਮੀ ਹੋਇਆ ਹੈ ਤੇ ਦੀਪਕ ਭਾਰਦਵਾਜ ਨੇ ਕਿਹਾ ਕਿ 70 ਫੀਸਦੀ ਟੈਕਸੀ ਚਾਲਕ ਭਾਰਤੀ ਹਨ ਤੇ ਇਹ ਹਮਲਾ ਨਸਲੀ ਹੈ। ਇਸ ਬਾਰੇ ਸੂਬੇ ਦੇ ਸਹਾਇਕ ਪੁਲਿਸ ਕਮਿਸ਼ਨਰ ਬਰਨਾਇਨ ਕਿਲਮਾਇਰ ਨੂੰ ਮਿਲ ਕੇ ਡਰਾਈਵਰਾਂ ਦੀ ਸੁਰੱਖਿਆ ਬਾਰੇ ਮੰਗਾਂ ਤੋਂ ਜਾਣੂ ਕਰਵਾਇਆ ਗਿਆ।

ਸਹਾਇਕ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਇਸ ਹਮਲੇ ਲਈ ਦੋਸ਼ੀ ਸਮਝੇ ਜਾਂਦੇ ਕੁਝ ਨੌਜਵਾਨਾਂ ਦੀ ਗ੍ਰਿਫ਼ਤਾਰੀ ਹੋਈ ਹੈ ਜਿਨ੍ਹਾਂ 'ਚੋਂ ਇਕ ਫਿਲਹਾਲ ਫਰਾਰ ਹੈ। ਉਨ੍ਹਾਂ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ ਹੈ।

# ਭਾਜਪਾ ਦੀ ਅੰਦਰੂਨੀ ਜੰਗ ਹੋਰ ਭਖ਼ੀ

**ਚੰਡੀਗੜ੍ਹ:** ਭਾਜਪਾ ਦੀ ਅੰਦਰੂਨੀ ਜੰਗ ਜਾਰੀ ਹੈ। ਵਿਧਾਨ ਸਭਾ ਵਿਚ 26 ਮਾਰਚ ਨੂੰ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਤੇ ਭਾਜਪਾ ਦੇ ਵਿਧਾਇਕ ਜਗਦੀਸ਼ ਰਾਜ ਸਾਹਨੀ ਮੁੜ ਆਪਸ ਵਿਚ ਭਿੜ ਗਏ।

ਦੋਵਾਂ ਆਗੂਆਂ ਵਿਚ ਗਰਮਾ ਗਰਮੀ ਵਧਣ ਤੋਂ ਬਾਅਦ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਵਿਧਾਇਕ ਸਾਹਨੀ ਵੱਲੋਂ ਲਗਾਏ ਦੋਸ਼ਾਂ ਦੀ ਜਾਂਚ ਲਈ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਮਾਮਲਾ ਪੰਜਾਬ ਆਯੁਰਵੈਦਿਕ ਬੋਰਡ ਦੇ ਡਾਇਰੈਕਟਰ ਦੀ ਨਿਯੁਕਤੀ ਦਾ ਹੈ। ਵਿਧਾਇਕ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿਚ ਸਿਹਤ ਮੰਤਰੀ





ਨੇ ਕਿਹਾ ਕਿ ਇਹ ਨਿਯੁਕਤੀ ਨਿਯਮਾਂ ਮੁਤਾਬਕ ਹੋਈ ਹੈ ਜਦੋਂਕਿ ਵਿਧਾਇਕ ਨੇ ਮੰਤਰੀ ਦੀ ਇਸ ਗੱਲ ਨੂੰ ਚੁਣੌਤੀ ਦਿੱਤੀ।

ਭਾਜਪਾ ਵਿਧਾਇਕ ਨੇ ਕਿਹਾ ਕਿ ਉਹ ਲਗਾਏ ਦੋਸ਼ਾਂ 'ਤੇ ਕਾਇਮ ਹਨ ਭਾਵੇਂ ਜਾਂਚ ਕਰਵਾ ਲਈ ਜਾਵੇ। ਜੇਕਰ ਕੋਈ ਵੀ ਦੋਸ਼ ਝੂਠਾ ਨਿਕਲਿਆ ਤਾਂ ਅਸਤੀਫਾ ਦੇ ਦੇਣਗੇ। ਸਿਹਤ ਮੰਤਰੀ ਨੇ ਕਿਹਾ ਕਿ ਰੋਜ਼ ਦੀ ਲੜਾਈ ਖਤਮ ਕਰਨ ਲਈ ਡਾਇਰੈਕਟਰ ਦੀ ਨਿਯੁਕਤੀ ਬਾਰੇ ਦੋਸ਼ਾਂ ਦੀ ਜਾਂਚ ਲਈ ਕਮੇਟੀ ਬਣਾ ਦਿੱਤੀ ਜਾਵੇ। ਇਸ 'ਤੇ ਸਪੀਕਰ ਨੇ ਜਾਂਚ ਕਮੇਟੀ ਦੇ ਗਠਨ ਦਾ ਐਲਾਨ ਕਰ ਦਿੱਤਾ।

ਇਸ ਮੌਕੇ ਜਗਦੀਸ਼ ਸਾਹਨੀ ਨੇ ਕਿਹਾ ਕਿ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਰੋਕਣ ਬਾਰੇ ਸਦਨ ਵਿਚ ਕਈ ਵਾਰੀ ਮਾਮਲਾ ਆਇਆ ਹੈ ਤੇ ਮਤਾ ਵੀ ਪਾਸ ਕੀਤਾ ਹੈ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ।

## ਅਰਬ ਦੇਸ਼ਾਂ ਦਾ ਉਬਾਲ ਅਤੇ ਅਮਰੀਕਾ

*(ਸਫਾ 15 ਦੀ ਬਾਕੀ)*

ਹਮਲੇ ਕਰਦਾ ਰਿਹਾ? ਅਮਰੀਕਾ-ਇੰਗਲੈਂਡ ਨੇ ਮਸਾਂ ਈ ਪਿੱਛੇ ਜਿਹੇ ਸਾਊਥ ਅਫ਼ਰੀਕਾ ਉਤੇ ਕਬਜ਼ਾ ਛੱਡਿਆ। 28 ਸਾਲ ਉਨ੍ਹਾਂ ਦੇ ਨੇਤਾ ਨੈਲਸਨ ਮੰਡੇਲਾ ਨੂੰ ਜੇਲ੍ਹ 'ਚ ਡੱਕੀ ਰੱਖਿਆ। ਇਖ਼ਲਾਕੀ ਤੌਰ 'ਤੇ ਇਨ੍ਹਾਂ ਨੂੰ ਕੋਈ ਹੱਕ ਨਹੀਂ ਬਣਦਾ ਕਿ ਇਹ ਸੱਦਾਮ ਹੁਸੈਨ ਜਾਂ ਗੱਦਾਫ਼ੀ ਦੇ ਰਾਜ ਕਰਨ ਦੇ ਢੰਗ ਬਾਰੇ ਗੱਲ ਕਰਨ। ਇਨ੍ਹਾਂ ਨੂੰ ਤਾਂ ਆਪਣੀਆਂ ਪਿਛਲੀਆਂ ਕਰਤੂਤਾਂ ਯਾਦ ਕਰਕੇ ਚੱਪਣੀ 'ਚ ਨੱਕ ਡੋਬ ਲੈਣਾ ਚਾਹੀਦਾ ਹੈ ਤੇ ਵਿਸ਼ਵ ਭਾਈਚਾਰੇ ਤੋਂ ਨੱਕ ਨਾਲ ਲਕੀਰਾਂ ਕੱਢ ਕੇ ਮਾਫ਼ੀ ਮੰਗਣੀ ਚਾਹੀਦੀ ਹੈ।

ਯੂ.ਐਨ.ਓ. ਦੀ ਸੁਰੱਖਿਆ ਪ੍ਰੀਸ਼ਦ ਦੇ ਮਤੇ ਦੀ ਆੜ 'ਚ ਇਹ ਤਿੰਨ ਦਿਨਾਂ ਵਿਚ ਹੀ ਬੰਬ ਵਰ੍ਹਾਉਣ ਲੱਗ ਪਏ ਜਿਵੇਂ ਕਿਤੇ ਆਪ ਬੜਾ ਯੂ.ਐਨ.ਓ. ਮਤਿਆਂ ਨੂੰ ਮੰਨਦੇ ਰਹੇ ਹੋਣ। ਇਨ੍ਹਾਂ ਨੇ ਸਾਊਥ ਅਫ਼ਰੀਕਾ ਨੂੰ ਆਜ਼ਾਦ ਕਰਨ ਬਾਰੇ, ਫ਼ਲਸਤੀਨ ਨੂੰ ਮਾਨਤਾ ਦੇਣ ਬਾਰੇ ਪਾਸ ਕੀਤੇ ਸੈਂਕੜੇ ਯੂ.ਐਨ.ਓ. ਮਤਿਆਂ 'ਤੇ ਤਾਂ ਕਦੇ ਅਮਲ ਨਹੀਂ ਕੀਤਾ।

ਇਹ ਲੋਕਤੰਤਰ ਦੇ ਦੁਸ਼ਮਣ ਮਾਲਕ ਹਨ। ਇਹ ਪਰਵੇਜ਼ ਮੁਸ਼ੱਰਫ਼ ਅਤੇ ਜ਼ਿਆ-ਉਲ-ਹੱਕ ਦੀਆਂ ਫ਼ੌਜੀ ਹਕੂਮਤਾਂ ਦੇ ਹਮਾਇਤੀ ਸਨ ਜਿਨ੍ਹਾਂ ਚੁਣੇ ਹੋਏ ਨੇਤਾਵਾਂ ਦੀਆਂ ਸਰਕਾਰਾਂ ਉਲਟਾ ਕੇ ਹਕੂਮਤ ਹਥਿਆਈ ਸੀ। ਇਹ ਬਰਮਾ ਦੀ ਫ਼ੌਜੀ ਸਰਕਾਰ ਦੇ ਰਖਵਾਲੇ ਹਨ ਜਿਨ੍ਹਾਂ ਨੇ ਚੁਣੀ ਰਾਸ਼ਟਰਪਤੀ ਆਂਗ ਸਾਨ ਸੂ ਕੀ ਨੂੰ 15 ਸਾਲ ਜੇਲ੍ਹ ਵਿਚ ਡੱਕਿਆ। ਇਹ ਸਾਰੇ ਅੱਯਾਸ਼ ਅਰਬ ਸ਼ੇਖ਼ਾਂ ਦੇ ਰਖਵਾਲੇ ਹਨ। ਉਹੀ ਸ਼ੇਖ ਜਿਹੜੇ ਹੁਣ ਲੋਕਾਂ ਦੀ ਲਹਿਰ ਤੋਂ ਡਰੇ ਅਮਰੀਕਾ ਦੀ ਗੋਦੀ ਵਿਚ ਬੈਠੇ ਹਨ ਤੇ ਉਲਟਾ ਦਹਾਕਿਆਂ ਤੋਂ ਅਮਰੀਕੀ ਪਾਬੰਦੀਆਂ ਦੀ ਮਾਰ ਝੱਲ ਰਹੇ ਲੀਬੀਆ ਨੂੰ ਮਲੀਆਮੇਟ ਕਰਨ ਲਈ ਅਮਰੀਕਾ ਨਾਲ ਰਲੇ ਹੋਏ ਹਨ।

ਇਹ ਸਾਰਾ ਕੁਝ ਕਰਕੇ ਅਮਰੀਕਾ ਅਤੇ ਪੱਛਮ, ਅਰਬ ਦੇਸ਼ਾਂ ਦੀ ਜਾਗ੍ਰਿਤੀ ਲਹਿਰ ਨੂੰ ਠੱਲ੍ਹ ਨਹੀਂ ਸਕੇਗਾ। ਲੀਬੀਆ ਨੂੰ ਤਬਾਹ ਕਰਨਾ ਇਸ ਦੇ ਹਮਾਇਤੀ ਅਰਬ ਸ਼ੇਖ਼ਾਂ ਦੀਆਂ ਹਕੂਮਤਾਂ ਨੂੰ ਠੁੰਮ੍ਹਣਾ ਨਹੀਂ ਦੇ ਸਕੇਗਾ। ਹਮਲਾਵਰ ਢਾਣੀ ਨੇ ਬੜਾ ਹੋਛਾ ਜੂਆ ਖੇਡਿਆ ਹੈ।

ਇਸ ਦਾ ਮਤਲਬ ਇਹ ਨਹੀਂ ਹੈ ਕਿ ਕਰਨਲ ਗੱਦਾਫ਼ੀ ਦੀ ਹਕੂਮਤ ਵਿਚ ਕੋਈ ਕਮੀ ਨਹੀਂ, ਬਹੁਤ ਹੋਣਗੀਆਂ ਪਰ ਉਸ ਨੂੰ ਬਦਲਣ ਦਾ ਹੱਕ ਲੀਬੀਆਈ ਲੋਕਾਂ ਨੂੰ ਹੈ; ਅਮਰੀਕਾ, ਇੰਗਲੈਂਡ ਅਤੇ ਫਰਾਂਸ ਨੂੰ ਨਹੀਂ।


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ
ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance

High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

# ਇਟਲੀ 'ਚ ਪੱਗ ਲਹਾਉਣ ਦੇ ਮਾਮਲਿਆਂ 'ਤੇ ਭਾਰਤ ਖਫ਼ਾ

## 'ਸਿੱਖਾਂ ਦਾ ਅਪਮਾਨ, ਦੇਸ਼ ਦਾ ਅਪਮਾਨ'

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ) :** ਇਟਲੀ ਵੱਲੋਂ ਇਕ ਵਾਰ ਅਫਸੋਸ ਪ੍ਰਗਟਾਉਣ ਤੋਂ ਬਾਅਦ ਮਿਲਾਨ ਹਵਾਈ ਅੱਡੇ 'ਤੇ ਮੁੜ ਪੱਗ ਲਹਾਉਣ ਦੇ ਮਾਮਲੇ ਨੂੰ ਲੈ ਕੇ ਭਾਰਤ ਸਰਕਾਰ ਕਾਫ਼ੀ ਖਫ਼ਾ ਹੈ ਤੇ ਸਿੱਖਾਂ ਦੇ ਅਪਮਾਨ ਨੂੰ ਦੇਸ਼ ਦਾ ਅਪਮਾਨ ਦੱਸਿਆ ਹੈ।

ਭਾਰਤ ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਸਿੱਖਾਂ ਦਾ ਅਪਮਾਨ ਦੇਸ਼ ਦਾ ਅਪਮਾਨ ਹੈ ਤੇ ਮਿਲਾਨ 'ਚ ਗੋਲਫਰ ਜੀਵ ਮਿਲਖਾ ਸਿੰਘ ਦੇ ਕੋਚ ਅਮਰਿਤਿੰਦਰ ਸਿੰਘ ਦੀ ਪੱਗ ਜ਼ਬਰਦਸਤੀ ਲਾਹੇ ਜਾਣ ਦਾ ਮੁੱਦਾ ਇਟਲੀ ਕੋਲ ਉਠਾਇਆ ਹੈ। ਰਾਜ ਸਭਾ ਵਿਚ 23 ਮਾਰਚ ਨੂੰ ਇਸ ਮੁੱਦੇ 'ਤੇ ਕਾਫੀ ਰੌਲਾ-ਰੱਪਾ ਪਿਆ। ਸਿਫ਼ਰ ਕਾਲ ਸਮੇਂ ਜਦੋਂ ਭਾਜਪਾ ਦੇ ਐਸ.ਐਸ. ਆਹਲੂਵਾਲੀਆ ਨੇ ਕਿਹਾ ਕਿ ਭਾਰਤ ਸਰਕਾਰ ਹਾਲੇ ਤੱਕ ਇਟਲੀ ਸਰਕਾਰ ਨੂੰ ਇਹ ਸਮਝਾਉਣ ਵਿਚ ਨਾਕਾਮ ਰਹੀ ਹੈ ਕਿ ਪੱਗ ਕਿਸੇ ਸਿੱਖ ਦਾ ਧਾਰਮਿਕ ਚਿੰਨ੍ਹ ਹੈ। ਇਸ ਸਮੇਂ ਸਦਨ ਵਿਚ ਮੌਜੂਦ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਕਿ ਉਨ੍ਹਾਂ ਇਸ ਮੁੱਦੇ ਨੂੰ ਬੜੀ ਗੰਭੀਰਤਾ ਨਾਲ ਲਿਆ ਹੈ ਤੇ ਭਰੋਸਾ ਦਿੰਦੇ ਹਾਂ ਕਿ ਸਰਕਾਰ ਇਹ ਮਾਮਲਾ ਇਟਲੀ ਸਰਕਾਰ ਕੋਲ ਉਠਾਏਗੀ। ਉਨ੍ਹਾਂ ਕਿਹਾ ਕਿ ਸਿੱਖਾਂ



ਦਾ ਅਪਮਾਨ ਪੂਰੇ ਦੇਸ਼ ਦਾ ਅਪਮਾਨ ਹੈ।

ਸ. ਆਹਲੂਵਾਲੀਆ ਨੇ ਕਿਹਾ ਕਿ ਪੱਗ ਸਿੱਖ ਲਈ ਗੁਰੂ ਸਾਹਿਬ ਦਾ ਆਸ਼ੀਰਵਾਦ ਹੈ ਤੇ ਇਸ ਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਦੇਸ਼ ਦਾ ਪ੍ਰਧਾਨ ਮੰਤਰੀ ਵੀ ਸਿੱਖ ਹੈ। ਉਨ੍ਹਾਂ ਕਿਹਾ ਕਿ ਜਦੋਂ ਪਹਿਲੀ ਵਾਰ ਮਿਲਾਨ ਹਵਾਈ ਅੱਡੇ 'ਤੇ ਜੀਵ ਦੇ ਕੋਚ ਦੀ ਪੱਗ ਲੁਹਾਈ ਗਈ ਸੀ ਤਾਂ ਇਟਲੀ ਦੇ ਭਾਰਤ ਵਿਚਲੇ ਰਾਜਦੂਤ ਨੇ ਉਸ ਘਟਨਾ 'ਤੇ ਅਫਸੋਸ ਪ੍ਰਗਟਾਇਆ ਸੀ ਪਰ ਹੁਣ ਫੇਰ ਦੂਜੀ ਵਾਰੀ ਇਹ ਘਟਨਾ ਹੋਈ ਜਿਸ ਕਰਕੇ ਰਾਜਦੂਤ ਵੱਲੋਂ ਅਫਸੋਸ ਪ੍ਰਗਟਾਉਣ ਦੀ ਕੀ ਤੁੱਕ ਰਹਿ ਗਈ। ਇਸਦੇ ਜਵਾਬ 'ਚ ਸ੍ਰੀ ਕ੍ਰਿਸ਼ਨਾ ਨੇ ਕਿਹਾ ਕਿ ਪੱਗ ਦੇਸ਼ ਦੇ ਸਨਮਾਨ ਦਾ ਪ੍ਰਤੀਕ ਹੈ ਤੇ ਸਰਕਾਰ ਇਸ ਨੂੰ ਬਰਕਰਾਰ ਰੱਖਣ ਲਈ ਦ੍ਰਿੜ ਹੈ।

ਇਸੇ ਦੌਰਾਨ ਰੋਮ ਹਵਾਈ ਅੱਡੇ 'ਤੇ ਜੰਮੂ ਦੇ ਇਕ ਸਿੱਖ ਨੌਜਵਾਨ ਦੀ ਜਬਰਨ ਪਗੜੀ ਉਤਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਕਾਰਨ ਸਿੱਖ ਭਾਈਚਾਰੇ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜੰਮੂ ਦੇ ਤਲਾਬ ਤਿਲੋ ਵਾਸੀ ਗੁਰਬਚਨ ਸਿੰਘ ਨੇ ਦੱਸਿਆ ਕਿ ਉਹ ਪਹਿਲੀ ਮਾਰਚ ਨੂੰ ਰੋਮ ਤੋਂ ਹਵਾਈ ਜਹਾਜ਼ ਰਾਹੀਂ ਭਾਰਤ ਪਰਤ ਰਿਹਾ ਸੀ ਕਿ ਉਸ ਨੂੰ ਪੱਗ ਕਾਰਨ ਰੋਮ ਦੇ ਹਵਾਈ ਅੱਡੇ 'ਤੇ ਰੋਕ ਲਿਆ ਗਿਆ। ਸਕੈਨ ਮਸ਼ੀਨ ਤੋਂ ਆਪਣੀ ਜਾਂਚ ਕਰਵਾ ਕੇ ਜਦੋਂ ਉਹ ਅੱਗੇ ਵਧਣ ਲੱਗਾ ਤਾਂ ਉਸ ਨੂੰ ਮੁੜ ਜਾਂਚ ਲਈ ਕਿਹਾ ਗਿਆ ਤੇ ਤਿੰਨ ਵਾਰ ਸਕੈਨ ਮਸ਼ੀਨ ਤੋਂ ਜਾਂਚ ਕਰਵਾਉਣ ਤੋਂ ਬਾਅਦ ਵੀ ਉਸ ਨੂੰ ਪੱਗ ਖੋਲ੍ਹਣ ਲਈ ਮਜਬੂਰ ਕੀਤਾ ਗਿਆ।

### ਭਾਰਤ ਵੱਲੋ ਇਟਲੀ ਦਾ ਰਾਜਦੂਤ ਤਲਬ

ਉਧਰ ਇਸ ਮਾਮਲੇ ਵਿਚ ਵਿਦੇਸ਼ ਮੰਤਰਾਲੇ ਨੇ ਭਾਰਤ ਵਿਚਲੇ ਇਟਲੀ ਦੇ ਰਾਜਦੂਤ ਨੂੰ ਤਲਬ ਕੀਤਾ ਤੇ ਪੱਗ ਦੇ ਮਾਮਲੇ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ। ਇਟਲੀ ਦੇ ਰਾਜਦੂਤ ਵਿਦੇਸ਼ ਮੰਤਰਾਲੇ ਵਿਚ ਸਕੱਤਰ (ਪੱਛਮੀ) ਵਿਵੇਕ ਕਾਟਜੂ ਨੂੰ ਮਿਲੇ। ਉਨ੍ਹਾਂ ਨੂੰ ਕਿਹਾ ਗਿਆ ਕਿ ਪੱਗ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ ਤੇ ਇਸ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਸ੍ਰੀ ਕਾਟਜੂ ਨਾਲ ਮੀਟਿੰਗ ਤੋਂ ਬਾਅਦ ਇਟਲੀ ਦੇ ਰਾਜਦੂਤ ਨੇ ਕਿਹਾ ਕਿ ਇਹ ਮਾਮਲਾ ਬੜਾ ਗੰਭੀਰ ਹੈ ਤੇ ਇਸ ਨੂੰ ਰੋਮ ਤੇ ਮਿਲਾਨ 'ਚ ਉੱਚ ਪੱਧਰ 'ਤੇ ਉਠਾਇਆ ਹੈ।

ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰਾਂ ਨੇ ਵੀ ਭਾਰਤ ਵਿਚਲੇ ਇਤਾਲਵੀ ਰਾਜਦੂਤ ਨੂੰ ਮਿਲ ਕੇ ਗੋਲਫਰ ਜੀਵ ਮਿਲਖਾ ਸਿੰਘ ਦੇ ਕੋਚ ਦੀ ਪੱਗ ਲਹਾਉਣ ਵਾਲੇ ਅਧਿਕਾਰੀਆਂ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕੀਤੀ। ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਵਫਦ ਨੇ ਰਾਜਦੂਤ ਗਿਆਕੋ ਸਨਫੇਲਿਸ ਡੀ ਮੌਂਟੇ ਮਨਫੋਰਟ ਨਾਲ ਮੁਲਾਕਾਤ ਕਰਕੇ ਸੁਰੱਖਿਆ ਅਧਿਕਾਰੀਆਂ ਤੇ ਸਰਕਾਰੀ ਅਧਿਕਾਰੀਆਂ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਪ੍ਰਤੀ ਸੁਚੇਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਵਫਦ 'ਚ ਰਤਨ ਸਿੰਘ ਅਜਨਾਲਾ, ਹਰਸਿਮਰਤ ਕੌਰ ਬਾਦਲ, ਪਰਮਜੀਤ ਕੌਰ ਗੁਲਸ਼ਨ, ਬਲਵਿੰਦਰ ਸਿੰਘ ਭੂੰਦੜ, ਨਰੇਸ਼ ਗੁਜਰਾਲ ਤੇ ਸੇਰ ਸਿੰਘ ਘੁਬਾਇਆ ਸ਼ਾਮਲ ਸਨ।

### ਦਸਤਾਰ ਦੇ ਮਾਮਲੇ 'ਤੇ ਕੇਂਦਰ ਸਰਕਾਰ ਫੇਲ੍ਹ: ਜਥੇਦਾਰ ਮੱਕੜ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਵਿਦੇਸਾਂ ਵਿਚ ਸਿੱਖਾਂ ਦੀਆਂ ਦਸਤਾਰਾਂ ਦੀ ਤਲਾਸ਼ੀਆਂ ਲੈਣ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਕੌਮੀ ਮਸਲੇ ਨੂੰ ਹੱਲ ਕਰਵਾਉਣ ਲਈ ਕੇਂਦਰ ਸਰਕਾਰ ਫੇਲ੍ਹ ਸਾਬਤ ਹੋਈ ਹੈ, ਜਦੋਂਕਿ ਸਮੇਂ-ਸਮੇਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਇਹ ਮੁੱਦਾ ਪ੍ਰਧਾਨ ਮੰਤਰੀ ਦੇ ਧਿਆਨ ਵਿਚ ਲਿਆਂਦਾ ਜਾਂਦਾ ਰਿਹਾ ਹੈ।

# ਬੋਲਣ ਦਾ ਸਮਾਂ ਨਾ ਮਿਲਣ ਕਾਰਨ ਝੀਂਡਾ ਵੱਲੋਂ ਅਸਤੀਫ਼ਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਉਸ ਵੇਲੇ ਕੁਝ ਸਮੇਂ ਲਈ ਰੌਲਾ ਰੱਪਾ ਪਿਆ ਜਦੋਂ ਹਰਿਆਣਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਜਗਦੀਸ਼ ਸਿੰਘ ਝੀਂਡਾ ਬੋਲਣ ਦਾ ਸਮਾਂ ਨਾ ਮਿਲਣ ਕਾਰਨ ਆਪਣਾ ਅਸਤੀਫਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਸੌਂਪਦਿਆਂ ਇਜਲਾਸ ਵਿਚਾਲੇ ਛੱਡ ਕੇ ਚਲੇ ਗਏ। ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਇਸ ਅਸਤੀਫੇ ਨੂੰ ਅਪ੍ਰਵਾਨ ਕਰਦਿਆਂ ਇਸ ਕਾਰਵਾਈ ਨੂੰ ਸ਼ੌਹਰਤ ਪ੍ਰਾਪਤ ਕਰਨ ਦਾ ਤਰੀਕਾ ਕਰਾਰ ਦਿੱਤਾ।



ਸ. ਝੀਂਡਾ ਨੇ ਕਿਹਾ ਕਿ ਉਨ੍ਹਾਂ ਬਜਟ ਇਜਲਾਸ ਦੌਰਾਨ ਆਪਣੇ ਕੁਝ ਮਤੇ ਪਾਸ ਕਰਾਉਣ ਲਈ ਬੋਲਣ ਦਾ ਸਮਾਂ ਮੰਗਿਆ ਸੀ ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ ਜਿਸ ਦੇ ਰੋਸ ਵਜੋਂ ਉਨ੍ਹਾਂ ਆਪਣਾ ਅਸਤੀਫਾ ਪ੍ਰਧਾਨ ਨੂੰ ਸੌਂਪ ਦਿੱਤਾ ਹੈ। ਅਸਤੀਫਾ ਦੇਣ ਦੇ ਇਕ ਹੋਰ ਕਾਰਨ ਬਾਰੇ ਉਨ੍ਹਾਂ ਦੱਸਿਆ ਕਿ ਹਰਿਆਣਾ ਦੇ ਪਿੰਡ ਹੋਂਦ ਤੇ ਕਸਬਾ ਪਟੌਦੀ 'ਚ ਨਵੰਬਰ 1984 ਵਿਚ ਪੰਜਾਹ ਤੋਂ ਵਧੇਰੇ ਸਿੱਖ ਮਾਰੇ ਗਏ ਸਨ ਪਰ ਇਨ੍ਹਾਂ ਪੀੜਤ ਸਿੱਖਾਂ ਬਾਰੇ ਹੁਣ ਤਕ ਕੁਝ ਨਹੀਂ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਅਸਫਲ ਰਹੀ ਹੈ ਕਿਉਂਕਿ ਉਹ ਵੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਨ। ਇਸ ਅਸਫਲਤਾ ਲਈ ਆਪਣੀ ਨੈਤਿਕ ਜ਼ਿੰਮੇਵਾਰੀ ਕਬੂਲ ਕਰਦਿਆਂ ਉਨ੍ਹਾਂ ਸ਼੍ਰੋਮਣੀ ਕਮੇਟੀ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਹੋਰ ਮੈਂਬਰਾਂ ਨੂੰ ਅਸਤੀਫੇ ਦੇਣ ਦੀ ਅਪੀਲ ਕੀਤੀ।

ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਤੇ ਬਜਟ ਇਜਲਾਸ ਦੌਰਾਨ ਦੂਜੇ ਮੈਂਬਰਾਂ ਨੂੰ ਕਦੇ ਵੀ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਨਹੀਂ ਦਿੱਤਾ ਗਿਆ। ਇਹ ਸੰਸਥਾ ਭਾਵੇਂ ਜਮਹੂਰੀ ਹੈ ਪਰ ਇਸ ਵੇਲੇ ਇਥੇ ਤਾਨਾਸ਼ਾਹੀ ਢੰਗ ਨਾਲ ਕਾਰਵਾਈ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਉਹ ਪਿੰਡ ਹੋਂਦ ਚਿੱਲੜ ਦੇ ਪੀੜਤਾਂ ਦੀ ਸਹਾਇਤਾ ਲਈ ਪੰਜਾਹ ਕਰੋੜ ਰੁਪਏ ਦੇ ਵਿਸ਼ੇਸ਼ ਫੰਡ ਰੱਖਣ, ਯਾਦਗਾਰ ਬਣਾਉਣ, ਕੇਂਦਰ ਸਰਕਾਰ ਕੋਲੋਂ ਪੀੜਤਾਂ ਨੂੰ ਨਿਆਂ ਦਿਵਾਉਣ ਵਾਸਤੇ ਯਤਨ ਕਰਨ, ਹਰਿਆਣਾ ਵਿਚ ਵੱਖਰੀ ਕਮੇਟੀ ਲਈ ਮਤਾ ਰੱਖਣ, ਕੁਲ ਹਿੰਦ ਗੁਰਦੁਆਰਾ ਐਕਟ ਦਾ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਣ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸਿੱਧੀ ਕਰਵਾਉਣ ਆਦਿ ਮੰਗਾਂ ਨੂੰ ਲੈ ਕੇ ਆਏ ਸਨ ਪਰ ਉਨ੍ਹਾਂ ਦੀ ਕੋਈ ਮੰਗ ਨਹੀਂ ਸੁਣੀ ਗਈ।

ਇਸ ਬਾਰੇ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਮਤਾ ਪਾਸ ਕਰਕੇ ਸ. ਝੀਂਡਾ ਵੱਲੋਂ ਦਿੱਤੇ ਗਏ ਅਸਤੀਫੇ ਨੂੰ ਅਪ੍ਰਵਾਨ ਕਰ ਦਿੱਤਾ। ਉਨ੍ਹਾਂ ਸ. ਝੀਂਡਾ ਦੀ ਇਸ ਕਾਰਵਾਈ ਨੂੰ ਸਿਰਫ ਸ਼ੌਹਰਤ ਪ੍ਰਾਪਤ ਕਰਨ ਦਾ ਤਰੀਕਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸ. ਝੀਂਡਾ ਇਹ ਚਾਹੁੰਦੇ ਸਨ ਕਿ ਬਜਟ ਬਾਅਦ ਵਿਚ ਪੇਸ਼ ਕੀਤਾ ਜਾਵੇ ਪਰ ਉਨ੍ਹਾਂ ਨੂੰ ਬੋਲਣ ਦੀ ਆਗਿਆ ਸਭ ਤੋਂ ਪਹਿਲਾਂ ਦਿੱਤੀ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਸ. ਝੀਂਡਾ ਜਨਰਲ ਇਜਲਾਸ ਦੌਰਾਨ ਹਮੇਸ਼ਾ ਸਿਰਫ਼ ਹਾਜ਼ਰੀ ਲਵਾਉਣ ਲਈ ਆਉਂਦੇ ਹਨ ਤੇ ਪ੍ਰੈਸ ਸਾਹਮਣੇ ਅਜਿਹੇ ਤਰੀਕੇ ਨਾਲ ਕਾਰਵਾਈ ਕਰਕੇ ਸ਼ੌਹਰਤ ਪ੍ਰਾਪਤ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇ ਸ. ਝੀਂਡਾ ਨੇ ਅਹੁਦੇ ਤੋਂ ਅਸਤੀਫਾ ਦੇਣਾ ਹੁੰਦਾ ਤਾਂ ਪਹਿਲਾਂ ਦੇ ਦੇਣਾ ਚਾਹੀਦਾ ਸੀ।

# ਲਾਹੌਰ 'ਚ ਗੁਰਦੁਆਰੇ ਦੀ ਜ਼ਮੀਨ 'ਤੇ ਕਬਜ਼ੇ ਦੀ ਕੋਸ਼ਿਸ਼

## ਸਿੱਖਾਂ ਦੇ ਵਿਰੋਧ ਕਾਰਨ ਪਲਾਜ਼ਾ ਦੀ ਉਸਾਰੀ ਰੁਕੀ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਲਾਹੌਰ 'ਚ ਸ੍ਰੀ ਗੁਰੂ ਅਰਜਨ ਦੇਵ ਨਾਲ ਸਬੰਧਿਤ ਧਾਰਮਿਕ ਅਸਥਾਨ ਗੁਰਦੁਆਰਾ ਦੀਵਾਨ ਖਾਨਾ ਦੀ ਜ਼ਮੀਨ 'ਤੇ ਪਲਾਜ਼ਾ ਬਣਾਉਣ ਦਾ ਮਾਮਲਾ ਕਾਫੀ ਭਖ ਗਿਆ ਹੈ ਤੇ ਸਿੱਖ ਭਾਈਚਾਰੇ ਨੇ ਇਸ ਖ਼ਿਲਾਫ਼ ਸੰਘਰਸ਼ ਵਿੱਢ ਦਿੱਤਾ ਹੈ। ਉਂਝ ਪਲਾਜ਼ਾ ਬਣਾਉਣ ਬਾਰੇ ਦਿੱਤੀ ਗਈ ਆਗਿਆ ਨੂੰ ਓਕਾਫ਼ ਬੋਰਡ ਵੱਲੋਂ ਰੱਦ ਕੀਤੇ ਜਾਣ ਤੇ ਇਹ ਜ਼ਮੀਨ ਸਿੱਖ ਭਾਈਚਾਰੇ ਨੂੰ ਵਾਪਸ ਦਿੱਤੇ ਜਾਣ ਦੇ ਭਰੋਸੇ ਤੋਂ ਬਾਅਦ ਸਿੱਖ ਭਾਈਚਾਰੇ ਨੇ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ 10 ਦਿਨਾਂ ਲਈ ਮੁਲਤਵੀ ਕਰ ਦਿੱਤਾ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਕਿਹਾ ਕਿ ਸਿੱਖ ਭਾਈਚਾਰੇ ਦੇ ਆਗੂਆਂ ਦੀ ਇਸ ਮਾਮਲੇ ਵਿਚ ਓਕਾਫ਼ ਬੋਰਡ ਦੇ ਚੇਅਰਮੈਨ ਜਨਾਬ ਆਸਿਫ ਹਾਸ਼ਮੀ ਤੇ ਹੋਰਾਂ ਨਾਲ ਮੀਟਿੰਗ ਹੋਈ ਹੈ। ਇਸ ਮੀਟਿੰਗ ਦੌਰਾਨ ਸਿੱਖਾਂ ਨੇ ਇਹ ਜ਼ਮੀਨ ਵਾਪਸ ਦੇਣ ਤੇ ਇਥੇ ਚੱਲ ਰਹੇ ਉਸਾਰੀ ਦੇ ਕੰਮ ਨੂੰ ਰੁਕਵਾਉਣ ਦੀ ਮੰਗ ਕੀਤੀ ਹੈ।



*ਪਲਾਜ਼ੇ ਦੀ ਉਸਾਰੀ ਲਈ ਢਾਹੀ ਗਈ ਇਮਾਰਤ ਦਾ ਦ੍ਰਿਸ਼।*

ਚੇਅਰਮੈਨ ਨੇ ਕਿਹਾ ਕਿ ਧਾਰਮਿਕ ਸਥਾਨ 'ਤੇ ਕਾਬਜ਼ ਕਿਰਾਏਦਾਰਾਂ ਨਾਲ ਕੀਤੇ ਗਏ ਸਮਝੌਤੇ ਨੂੰ ਰੱਦ ਕਰ ਦਿੱਤਾ ਗਿਆ ਹੈ ਜਿਸ ਅਨੁਸਾਰ ਹੁਣ ਪਲਾਜ਼ਾ ਦੀ ਇਮਾਰਤ ਦੀ ਹੋ ਰਹੀ ਉਸਾਰੀ ਰੋਕ ਦਿੱਤੀ ਗਈ ਹੈ। ਬੋਰਡ ਵੱਲੋਂ ਇਹ ਜ਼ਮੀਨ ਸਿੱਖ ਭਾਈਚਾਰੇ ਨੂੰ ਵਾਪਸ ਦੇਣ ਦਾ ਵੀ ਭਰੋਸਾ ਦਿੱਤਾ ਗਿਆ ਹੈ। ਇਸ ਭਰੋਸੇ ਤੋਂ ਬਾਅਦ 25 ਮਾਰਚ ਨੂੰ ਕੀਤਾ ਜਾਣ ਵਾਲਾ ਰੋਸ ਪ੍ਰਦਰਸ਼ਨ ਮੁਲਤਵੀ ਕਰ ਦਿੱਤਾ ਗਿਆ ਹੈ। ਸ. ਬਿਸ਼ਨ ਸਿੰਘ ਨੇ ਕਿਹਾ ਕਿ ਜੇਕਰ 10 ਦਿਨਾਂ ਵਿਚ ਦਿੱਤੇ ਗਏ ਭਰੋਸੇ 'ਤੇ ਅਮਲ ਨਾ ਹੋਇਆ ਤਾਂ ਸਿੱਖ ਭਾਈਚਾਰੇ ਵੱਲੋਂ ਇਸ ਖ਼ਿਲਾਫ਼ ਮੁੜ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਸ. ਬਿਸ਼ਨ ਸਿੰਘ ਨੇ ਰਿਹਾ ਕਿ ਇਹ ਗੁਰਦੁਆਰਾ ਦੀਵਾਨ ਖਾਨਾ 400 ਸਾਲ ਪੁਰਾਣਾ ਹੈ ਤੇ ਕੋਈ ਵੀ ਸਿੱਖ ਇਸ ਦੀ ਬੇਹੁਰਮਤੀ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਓਕਾਫ਼ ਬੋਰਡ ਵੱਲੋਂ ਪਲਾਜ਼ਾ ਦੀ ਉਸਾਰੀ ਰੋਕਣ ਲਈ ਕੁਝ ਨਾ ਕਰਨ ਖ਼ਿਲਾਫ਼ ਪੰਜਾਬ ਅਸੈਂਬਲੀ ਸਾਹਮਣੇ ਧਰਨਾ ਵੀ ਦਿੱਤਾ ਜਾਵੇਗਾ। ਪਾਕਿਸਤਾਨ ਵਿਚ ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਦੀ ਦੇਖ-ਰੇਖ ਤੇ ਪ੍ਰਬੰਧ ਓਕਾਫ਼ ਬੋਰਡ ਦੇ ਹੱਥਾਂ ਵਿਚ ਹੈ।

ਸ. ਬਿਸ਼ਨ ਸਿੰਘ ਨੇ ਦੋਸ਼ ਲਾਇਆ ਕਿ ਗੁਰਦੁਆਰਾ ਦੀਵਾਨ ਖਾਨਾ ਨੂੰ ਢਾਹੁਣ ਲਈ ਓਕਾਫ਼ ਬੋਰਡ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹਿਲਕਾਰ ਅੰਦਰਖਾਤੇ ਰਲੇ ਹੋਏ ਹਨ। ਉਨ੍ਹਾਂ ਕਿਹਾ ਕਿ ਸੈਸ਼ਨ ਕੋਰਟ ਵੱਲੋਂ ਗੁਰਦੁਆਰਾ ਢਾਹੁਣ ਤੇ ਪਲਾਜ਼ਾ ਦੀ ਉਸਾਰੀ 'ਤੇ 21 ਮਾਰਚ ਤੱਕ ਰੋਕ ਲਾਈ ਹੋਈ ਸੀ ਪਰ ਕਾਬਜ਼ਕਾਰਾਂ ਨੇ ਇਸ ਹੁਕਮ ਦੀ ਵੀ ਉਲੰਘਣਾ ਕੀਤੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਪਿਛਲੇ ਸਾਲ ਭਾਰਤੀ ਸਿੱਖਾਂ ਦੇ ਇਕ ਵਫ਼ਦ ਨਾਲ ਮੁਲਾਕਾਤ ਵਿਚ ਓਕਾਫ਼ ਬੋਰਡ ਨੂੰ ਗੁਰਦੁਆਰਾ ਢਾਹੁਣ ਦੀ ਕਾਰਵਾਈ ਬੰਦ ਕਰਾਉਣ ਲਈ ਕਿਹਾ ਸੀ। ਓਕਾਫ਼ ਬੋਰਡ ਨੇ ਕੁਝ ਦੇਰ ਤਾਂ ਪ੍ਰਧਾਨ ਮੰਤਰੀ ਦੇ ਹੁਕਮਾਂ 'ਤੇ ਅਮਲ ਕੀਤਾ ਪਰ ਬਾਅਦ ਵਿਚ ਪਲਾਜ਼ਾ ਦੀ ਉਸਾਰੀ ਮੁੜ ਸ਼ੁਰੂ ਕਰਵਾ ਦਿੱਤੀ। ਗੁਰਦੁਆਰਾ ਦੀਵਾਨ ਖਾਨਾ ਦੇ ਨੇੜੇ ਨੌਂ ਕਿਰਾਏਦਾਰ ਕਈ ਸਾਲਾਂ ਤੋਂ ਦੁਕਾਨਾਂ ਚਲਾ ਰਹੇ ਹਨ। 2007 ਵਿਚ ਔਕਾਫ਼ ਬੋਰਡ ਨੇ ਗੁਰਦੁਆਰੇ ਦੀ ਜ਼ਮੀਨ 'ਤੇ ਇਕ ਪਲਾਜ਼ਾ ਬਣਾਉਣ ਲਈ ਇਨ੍ਹਾਂ ਕਿਰਾਏਦਾਰਾਂ ਨਾਲ ਸਮਝੌਤਾ ਕੀਤਾ ਸੀ। ਸ. ਬਿਸ਼ਨ ਸਿੰਘ ਨੇ ਕਿਹਾ ਕਿ ਜਦੋਂ ਉਨ੍ਹਾਂ ਔਕਾਫ਼ ਬੋਰਡ ਦੇ ਅਧਿਕਾਰੀਆਂ ਨੂੰ ਦੱਸਿਆ ਕਿ ਇਹ ਜ਼ਮੀਨ ਵੇਚੀ ਨਹੀਂ ਜਾ ਸਕਦੀ ਤਾਂ ਸਮਝੌਤਾ ਰੋਕ ਦਿੱਤਾ ਗਿਆ ਤੇ ਕਿਰਾਏਦਾਰਾਂ ਨੂੰ ਉਨ੍ਹਾਂ ਦੀਆਂ ਦੁਕਾਨਾਂ 'ਚ ਹੀ ਕਾਰੋਬਾਰ ਜਾਰੀ ਰੱਖਣ ਲਈ ਕਹਿ ਦਿੱਤਾ ਗਿਆ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਗੁਰਦੁਆਰੇ ਦੀ ਜ਼ਮੀਨ ਉਤੇ ਕੀਤੀ ਜਾ ਰਹੀ ਉਸਾਰੀ ਨੂੰ ਤੁਰੰਤ ਰੋਕਿਆ ਜਾਵੇ ਤੇ ਇਸ ਉਸਾਰੀ ਨੂੰ ਢਾਹ ਕੇ ਇਹ ਜ਼ਮੀਨ ਸਿੱਖ ਸੰਗਤਾਂ ਦੇ ਹਵਾਲੇ ਕੀਤੀ ਜਾਵੇ। ਇਸ ਦੌਰਾਨ ਅਮਰੀਕਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਡਾ. ਪ੍ਰਿਤਪਾਲ ਸਿੰਘ ਨੇ ਪਾਕਿਸਤਾਨ ਓਕਾਫ ਬੋਰਡ ਵੱਲੋਂ ਧਾਰਮਿਕ ਅਸਥਾਨ 'ਤੇ ਕੀਤੀ ਜਾ ਰਹੀ ਉਸਾਰੀ ਨੂੰ ਰੁਕਵਾਉਣ ਤੇ ਇਹ ਜ਼ਮੀਨ ਸਿੱਖ ਸੰਗਤਾਂ ਨੂੰ ਵਾਪਸ ਦਿੱਤੇ ਜਾਣ ਦੇ ਭਰੋਸੇ ਦਾ ਸਵਾਗਤ ਕੀਤਾ ਹੈ।

# ਸਿੱਖ ਕਤਲੇਆਮ ਕੇਸ: ਕਾਂਗਰਸ ਨੇ ਅਮਰੀਕੀ ਅਦਾਲਤ ਤੋਂ ਮੋਹਲਤ ਮੰਗੀ

**ਚੰਡੀਗੜ੍ਹ:** ਨਵੰਬਰ 1984 ਦੇ ਸਿੱਖ ਨਸਲਕੁਸ਼ੀ ਕੇਸ ਵਿਚ ਜਾਰੀ ਸੰਮਨ ਦਾ ਜਵਾਬ ਦੇਣ ਲਈ ਕਾਂਗਰਸ ਨੇ ਅਮਰੀਕਾ ਦੀ ਨਿਊਯਾਰਕ ਜ਼ਿਲ੍ਹਾ ਅਦਾਲਤ ਤੋਂ 24 ਜੂਨ ਤੱਕ ਦਾ ਸਮਾਂ ਮੰਗਿਆ ਹੈ।

ਕਾਂਗਰਸ ਵੱਲੋਂ ਸਮਾਂ ਮੰਗੇ ਜਾਣ 'ਤੇ ਆਪਣਾ ਪ੍ਰਤੀਕਰਮ ਜ਼ਾਹਿਰ ਕਰਦਿਆਂ 'ਸਿਖਸ ਫਾਰ ਜਸਟਿਸ' ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਇਹ ਇਸ ਕੇਸ ਨੂੰ ਲਮਕਾਉਣ, ਵਿਘਨ ਪਾਉਣ ਤੇ ਗਵਾਹਾਂ ਤੇ ਪੀੜਤਾਂ ਨੂੰ ਧਮਕਾਉਣ ਦੀ ਉਸ ਦੀ ਪੁਰਾਣੀ ਯੋਜਨਾ ਦਾ ਹੀ ਹਿੱਸਾ ਹੈ ਜਿਹੜੀ ਯੋਜਨਾ ਤਹਿਤ ਕਾਂਗਰਸ ਪਿਛਲੇ 26 ਸਾਲਾਂ ਤੋਂ ਆਪਣਾ ਬਚਾਅ ਕਰਦੀ ਆਈ ਹੈ। ਜ਼ਿਕਰਯੋਗ ਹੈ ਕਿ ਸਿੱਖਾਂ ਦੇ ਕਤਲੇਆਮ ਦੇ ਮਾਮਲੇ ਵਿਚ ਅਮਰੀਕੀ ਅਦਾਲਤ ਨੇ ਕਾਂਗਰਸ ਪਾਰਟੀ ਨੂੰ ਸੰਮਨ ਜਾਰੀ ਕਰਕੇ ਪਹਿਲੀ ਅਪਰੈਲ ਤੱਕ ਜਵਾਬ ਦੇਣ ਲਈ ਆਖਿਆ ਸੀ। 'ਸਿੱਖ ਫਾਰ ਜਸਟਿਸ' ਵੱਲੋਂ ਪਾਈ ਪਟੀਸ਼ਨ ਦੇ ਆਧਾਰ 'ਤੇ ਨਿਊਯਾਰਕ ਦੀ ਦੱਖਣੀ ਜ਼ਿਲ੍ਹਾ ਅਦਾਲਤ ਨੇ ਇਹ ਸੰਮਨ ਜਾਰੀ ਕੀਤੇ ਸਨ। ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਦੱਸਿਆ ਕਿ ਜੇਕਰ ਕਾਂਗਰਸ ਪਾਰਟੀ ਪਹਿਲੀ ਅਪਰੈਲ ਤੱਕ ਅਮਰੀਕੀ ਸੰਘੀ ਅਦਾਲਤ ਦੇ ਹੁਕਮਾਂ 'ਤੇ ਤਾਮੀਲ ਨਹੀਂ ਕਰਦੀ ਤਾਂ ਉਹ ਕਾਂਗਰਸ ਖ਼ਿਲਾਫ਼ ਇਕ ਹੋਰ ਅਰਜ਼ੀ ਦਾਇਰ ਕਰਨਗੇ ਜਿਸ ਨਾਲ 1984 ਦੰਗਿਆਂ ਦੇ ਪੀੜਤਾਂ ਨੂੰ ਮੁਆਵਜ਼ਾ ਮੰਗਣ ਦਾ ਮੌਕਾ ਮਿਲ ਜਾਵੇਗਾ। ਇਸ ਨਾਲ ਕਾਂਗਰਸ ਲੀਡਰਸ਼ਿਪ ਖ਼ਿਲਾਫ਼ ਫ਼ੌਜਦਾਰੀ ਸ਼ਿਕਾਇਤਾਂ ਪਾਉਣ ਦਾ ਰਾਹ ਵੀ ਪੱਧਰਾ ਹੋਵੇਗਾ। ਅਟਾਰਨੀ ਪੰਨੂ ਨੇ ਕਿਹਾ ਕਿ ਸਿਖਸ ਫਾਰ ਜਸਟਿਸ ਕਾਂਗਰਸ ਵੱਲੋਂ ਵਾਧੂ ਸਮਾਂ ਮੰਗਣ ਲਈ ਕੀਤੇ ਜਾ ਰਹੇ ਯਤਨਾਂ ਦਾ ਵਿਰੋਧ ਕਰੇਗੀ। ਕਾਂਗਰਸ ਖਿਲਾਫ਼ ਕੇਸ ਵਿਚ ਇਕ ਮੁਦਾਲਾ ਦਵਿੰਦਰ ਸਿੰਘ ਭਾਟੀਆ ਨੇ ਕਿਹਾ ਕਿ ਅੱਗੇ ਹੀ 26 ਸਾਲ ਤੋਂ ਵੱਧ ਸਮੇਂ ਦੀ ਦੇਰੀ ਹੋ ਚੁੱਕੀ ਹੈ ਤੇ ਕਈ ਪੀੜਤ, ਗਵਾਹ ਤੇ ਦੋਸ਼ੀ ਇਨਸਾਫ਼ ਦੀ ਉਡੀਕ ਵਿਚ ਮਰ ਗਏ ਹਨ।

ਇਥੇ ਦੱਸਣਯੋਗ ਹੈ ਕਿ ਏਲੀਅਨ ਟੋਰਟਸ ਕਲੇਮਸ ਐਕਟ (ਏ.ਟੀ.ਸੀ.ਏ.) ਤੇ ਟਾਰਚਰ ਵਿਕਟਿਮ ਪ੍ਰੋਟੈਕਸ਼ਨ ਐਕਟ (ਟੀ.ਵੀ.ਪੀ.ਏ.) ਤਹਿਤ ਦਾਇਰ ਮੁਕੱਦਮੇ ਵਿਚ ਨਵੰਬਰ 1984 ਵਿਚ ਭਾਰਤ ਦੀ ਸਿੱਖ ਅਬਾਦੀ 'ਤੇ ਯੋਜਨਾਬੱਧ ਤਰੀਕੇ ਨਾਲ ਹਮਲੇ ਕਰਵਾਉਣ, ਸਾਜ਼ਿਸ਼ ਰਚਣ ਤੇ ਹਮਲਾਵਰਾਂ ਨੂੰ ਸ਼ਹਿ ਦੇਣ ਤੇ ਪਨਾਹ ਦੇਣ ਦੇ ਦੋਸ਼ਾਂ ਤਹਿਤ ਅਮਰੀਕਾ ਦੇ ਦੱਖਣੀ ਜ਼ਿਲ੍ਹਾ ਨਿਊਯਾਰਕ ਦੀ ਜ਼ਿਲ੍ਹਾ ਅਦਾਲਤ ਨੇ 1 ਮਾਰਚ 2011 ਨੂੰ ਕਾਂਗਰਸ ਪਾਰਟੀ ਨੂੰ ਸੰਮਨ ਜਾਰੀ ਕੀਤੇ ਹਨ।

ਇਸਤਗਾਸਾ ਧਿਰ ਨੇ ਪਹਿਲਾਂ ਹੀ ਐਲਾਨ ਕੀਤਾ ਹੈ ਕਿ ਜੇਕਰ ਕਾਂਗਰਸ ਨੇ 1 ਅਪਰੈਲ 2011 ਤੱਕ ਜਵਾਬ ਦਾਇਰ ਨਾ ਕੀਤਾ ਉਹ ਉਸ ਨੂੰ ਡਿਫਾਲਟ ਕਰਾਰ ਦੇਣ ਲਈ ਅਰਜ਼ੀ ਦਾਇਰ ਕਰੇਗੀ। ਕਾਂਗਰਸ ਨੇ ਨਿਊਯਾਰਕ ਸਥਿਤ ਉਸੇ ਸੱਭਰਵਾਲ, ਨੋਰਡਿਨ ਤੇ ਫਿੰਕਲ ਲਾਅ ਫਰਮ ਨੂੰ ਕੇਸ ਦੀ ਪੈਰਵਾਈ ਸੰਭਾਲੀ ਹੈ ਜਿਹੜੀ ਕਿ ਇਸੇ ਕੇਸ ਵਿਚ ਕਮਲ ਨਾਥ ਲਈ ਸਹਿ ਵਕੀਲ ਹਨ।

### ਕੇਂਦਰ ਵੱਲੋਂ ਮੁੜ ਵਸੇਬਾ ਪੈਕੇਜ ਲਈ ਦੋ ਮਹੀਨੇ ਦਾ ਸਮਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਭਾਰਤ ਸਰਕਾਰ ਨੇ 1984 ਦੇ ਦੰਗਿਆਂ ਨਾਲ ਪ੍ਰਭਾਵਤ ਵਿਅਕਤੀਆਂ ਨੂੰ ਰਾਹਤ ਮੁਹੱਈਆ ਕਰਵਾਉਣ ਲਈ ਮੁੜ ਵਸੇਬਾ ਪੈਕੇਜ ਲਾਗੂ ਕਰਨ ਲਈ 14 ਮਾਰਚ ਤੋਂ ਦੋ ਮਹੀਨੇ ਦਾ ਵਾਧਾ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਵੱਲੋਂ ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿਚ ਸਲਾਹ ਦਿੱਤੀ ਹੈ ਕਿ ਉਹ ਅਫਸਰਾਂ ਨੂੰ ਇਹ ਕਾਰਵਾਈ ਦੋ ਮਹੀਨੇ ਵਿਚ ਮੁਕੰਮਲ ਕਰਨ ਦੇ ਨਿਰਦੇਸ਼ ਦੇਣ।

# ਫੌਜੀ ਭੁਗਤਦੇ ਨੇ ਸਿਆਸਤਦਾਨਾਂ ਦੀਆਂ ਜੰਗਾਂ ਦਾ ਖਾਮਿਆਜ਼ਾ

**ਹਰਜਿੰਦਰ ਦੁਸਾਂਝ**

ਸਿਆਸਤਦਾਨਾਂ ਵੱਲੋਂ ਕੀਤੀ ਜਾਂਦੀ ਜੰਗ ਅਕਸਰ ਹਜ਼ਾਰਾਂ ਫੌਜੀਆਂ ਦਾ ਖ਼ੂਨ ਦੇ ਕੇ ਅਤੇ ਸਾਧਾਰਨ ਪਰਜਾ ਦਾ ਘਾਣ ਕਰਵਾ ਕੇ ਖ਼ਤਮ ਹੁੰਦੀ ਹੈ। ਗੱਲ ਫੌਜ ਦੀ ਅਫ਼ਸਰਸ਼ਾਹੀ ਦੀ ਨਹੀਂ ਸਗੋਂ ਸਿੱਧੇ ਐਕਸ਼ਨ ਵਿਚ ਹਿੱਸਾ ਲੈਣ ਵਾਲੇ ਸਾਧਾਰਨ ਫੌਜੀਆਂ ਦੀ ਹੈ। ਸਮਾਜ ਦਾ ਇਕ ਵਰਗ ਤਾਂ ਇਹ ਕਹਿੰਦਾ ਹੈ ਕਿ ਜੋ ਫੌਜੀ ਤਨਖ਼ਾਹ ਉਤੇ ਕੰਮ ਕਰਦਾ ਹੈ, ਜੇ ਨੌਕਰੀ ਦੌਰਾਨ ਉਸ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਮੌਤ ਸ਼ਹੀਦ ਦੀ ਪਰਿਭਾਸ਼ਾ ਮੁਤਾਬਕ ਸ਼ਹਾਦਤ ਨਹੀਂ ਕਿਉਂਕਿ ਉਹ ਪੈਸੇ ਲੈ ਕੇ ਜੰਗ ਲੜ ਰਿਹਾ ਹੁੰਦਾ ਹੈ। ਜਦੋਂ ਉਹ ਫੌਜ ਵਿਚ ਭਰਤੀ ਹੁੰਦਾ ਹੈ ਤਾਂ ਉਸ ਨੂੰ ਪਤਾ ਹੁੰਦੈ ਕਿ ਇਕ ਦਿਨ ਉਹ ਲੜਦਾ ਹੋਇਆ ਮਰ ਵੀ ਸਕਦਾ ਹੈ। ਸੋਚਣ ਵਾਲੀ ਗੱਲ ਹੈ, ਉਹ ਕੌਣ ਲੋਕ ਹਨ ਜੋ ਇਸ ਗੱਲ ਦਾ ਪਤਾ ਹੁੰਦਿਆਂ ਵੀ ਫੌਜ ਵਿਚ ਭਰਤੀ ਹੁੰਦੇ ਹਨ? ਜਾਨ ਤਲੀ ਉਤੇ ਰੱਖ ਕੇ ਫੌਜ ਵਿਚ ਭਰਤੀ ਹੋਣ ਵਾਲੇ ਗਭਰੇਟ ਅਸਲੋਂ ਸਾਧਾਰਨ ਘਰਾਂ ਦੇ ਬੱਚੇ ਹੁੰਦੇ ਹਨ, ਉਹ ਭਾਵੇਂ ਭਾਰਤ, ਅਮਰੀਕਾ, ਇਰਾਕ ਜਾਂ ਕੋਈ ਹੋਰ ਵਿਲਾਇਤ ਹੋਵੇ। ਇਸ ਲਈ ਨੇਤਾਵਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਜੰਗ ਤੋਂ ਮੁੜ ਕੇ ਆ ਕੇ ਕਿੰਨੇ ਲੋਕ ਆਪਣਾ ਮਾਨਿਸਕ ਸੰਤੁਲਨ ਗੁਆ ਬੈਠਦੇ ਹਨ, ਕਿੰਨੇ ਖ਼ੁਦਕੁਸ਼ੀਆਂ ਕਰਦੇ ਹਨ, ਕਿੰਨੇ ਘਰ ਟੁੱਟਦੇ ਹਨ! ਰੋਜ਼-ਰੋਜ਼ ਦੇ ਅੰਕੜੇ ਪਾਠਕਾਂ ਨਾਲ ਸਾਂਝੇ ਕਰਨੇ ਕਿ ਕਿੰਨੇ ਫੌਜੀ ਮਾਨਿਸਕ ਰੋਗੀ ਹਨ ਤੇ ਕਿਸ ਗਿਣਤੀ ਵਿਚ ਖ਼ੁਦਕੁਸ਼ੀਆਂ ਕਰ ਰਹੇ ਹਨ, ਕੋਈ ਮਾਅਨੇ ਨਹੀਂ ਰੱਖਦਾ ਕਿਉਂਕਿ ਇਹ ਗਰਾਫ਼ ਤਾਂ ਰੋਜ਼ ਉਪਰ ਜਾ ਰਿਹਾ ਹੈ।

ਅਮਰੀਕੀ ਫੌਜ ਦੁਨੀਆਂ ਦੀ ਸਭ ਤੋਂ ਤਾਕਤਵਰ ਫੌਜ ਹੈ ਜਿਸ ਉਤੇ ਹਰ ਅਮਰੀਕਨ ਨੂੰ ਨਾਜ਼ ਹੈ ਪਰ ਇਸ ਦਾ ਇਕ ਦੁਖਦਾਈ ਪਹਿਲੂ ਵੀ ਹੈ। ਸਾਬਕਾ ਫੌਜੀਆਂ ਦੇ ਮਾਨਸਿਕ ਰੋਗੀ ਬਣਨ, ਨਸ਼ਿਆਂ ਦੀ ਮਾਰ ਲੱਗਣ ਅਤੇ ਖ਼ੁਦਕੁਸ਼ੀਆਂ ਦੀ ਗਿਣਤੀ ਵੀ ਸਭ ਤੋਂ ਵੱਧ ਅਮਰੀਕਨ ਫੌਜ ਵਿਚ ਹੀ ਹੈ। ਇਥੋਂ ਤਕ ਕਿ ਜੰਗ ਵਿਚ ਫੱਟੜ ਹੋਣ ਵਾਲੇ ਫੌਜੀਆਂ ਦੇ ਇਲਾਜ ਲਈ ਬਣੇ ਹਸਪਤਾਲਾਂ ਦਾ ਹਾਲ ਸਾਧਾਰਨ ਦੇਸ਼ਾਂ ਦੇ ਸਾਧਾਰਨ ਹਸਪਤਾਲਾਂ ਨਾਲੋਂ ਵੀ ਕਈ ਗੁਣਾ ਮਾੜਾ ਹੈ। ਇਸ ਬਾਰੇ ਕਈ ਸਕੈਂਡਲ ਵੀ ਨਿਕਲ ਚੁੱਕੇ ਹਨ ਕਿ ਕਿਵੇਂ ਅਫ਼ਸਰਸ਼ਾਹੀ ਕੁਰੱਪਸ਼ਨ ਕਰ ਰਹੀ ਹੈ ਤੇ ਫੌਜੀਆਂ ਨੂੰ ਸਹੀ ਡਾਕਟਰੀ ਸਹੂਲਤਾਂ ਵੀ ਨਹੀਂ ਮਿਲਦੀਆਂ। ਹੁਣ ਭਾਵੇਂ ਫੌਜ ਵਿਚ ਜਾਣ ਦਾ ਰੁਝਾਨ ਘਟਿਆ ਹੈ ਪਰ ਫਿਰ ਵੀ, ਆਮ ਪਰਿਵਾਰਾਂ ਦੇ ਬੱਚੇ ਸਭ ਕੁਝ ਜਾਣਦੇ ਹੋਏ ਵੀ ਫੌਜ ਵਿਚ ਜਾ ਰਹੇ ਹਨ।

ਪਿਛਲੇ ਦਿਨੀਂ ਸਰਕਾਰ ਨੇ ਬੇਘਰਿਆਂ ਬਾਰੇ ਇਕ ਸਰਵੇਖਣ ਕੀਤਾ ਜਿਸ ਮੁਤਾਬਕ 16% ਬੇਘਰੇ ਸਾਬਕਾ ਅਮਰੀਕਨ ਫੌਜੀ ਹਨ। ਡੇਢ ਲੱਖ ਦੇ ਕਰੀਬ ਸਾਬਕਾ ਫੌਜੀ ਬੇਘਰਿਆਂ ਲਈ ਠੰਢ ਤੋਂ ਬਚਣ ਲਈ ਬਣੇ ਪਨਾਹ ਕੇਂਦਰਾਂ ਵਿਚ ਰਹਿ ਰਹੇ ਹਨ। ਸੜਕਾਂ 'ਤੇ ਠੰਢੀਆਂ ਰਾਤਾਂ ਕੱਟਣ ਵਾਲੇ ਸਾਬਕਾ ਫੌਜੀ ਇਨ੍ਹਾਂ ਤੋਂ ਵੱਖਰੇ ਹਨ। ਬੇਘਰੇ ਸਾਬਕਾ ਫੌਜੀਆਂ ਬਾਰੇ ਤਾਜ਼ੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ 2009 ਵਿਚ 18 ਤੋਂ 30 ਸਾਲ ਦੀ ਉਮਰ ਦੇ ਕਰੀਬ 12 ਹਜ਼ਾਰ ਉਹ ਫੌਜੀ ਸਨ ਜਿਹੜੇ ਅਫ਼ਗਾਨ ਅਤੇ ਇਰਾਕ ਦੀ ਲੜਾਈ ਲੜ ਕੇ ਆਏ ਸਨ। ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਡਿਪਾਰਟਮੈਂਟ ਦੇ ਸਹਿ ਸੱਕਤਰ ਮਾਰਕ ਜੌਨਸਟਨ ਖ਼ੁਦ ਕਹਿ ਰਿਹਾ ਹੈ ਕਿ ਇਹ ਦੇਸ਼ ਲਈ ਸਭ ਤੋਂ ਵੱਡੀ ਸ਼ਰਮ ਵਾਲੀ ਗੱਲ ਹੈ।

ਰਾਸ਼ਟਰਪਤੀ ਬਰਾਕ ਓਬਾਮਾ ਨੇ 2015 ਤਕ ਬੇਘਰੇ ਸਾਬਕਾ ਫੌਜੀਆਂ ਅਤੇ ਆਮ ਬੇਘਰਿਆਂ ਦੀ ਮੁਸ਼ਕਲ ਹੱਲ ਕਰਨ ਦਾ ਟੀਚਾ ਮਿਥਿਆ ਹੈ। ਠੀਕ ਹੈ, ਇਹ ਸਭ ਕੁਝ ਹੋ ਜਾਵੇਗਾ ਪਰ ਜੰਗ ਦੌਰਾਨ ਜਿਹੜੇ ਸਾਬਕਾ ਅਫ਼ਸਰ ਸਲਾਹਕਾਰ ਬਣ ਕੇ ਘੰਟੇ ਦਾ ਦੋ-ਦੋ ਸੌ ਡਾਲਰ ਕਮਾ ਰਹੇ ਹਨ, ਇਰਾਕ ਤੇ ਅਫ਼ਗਾਨਿਸਤਾਨ ਵਿਚ ਜੰਗ ਦੌਰਾਨ ਹੋਈ ਤਬਾਹੀ ਦੀ ਮੁੜ ਉਸਾਰੀ ਲਈ ਠੇਕੇ ਲੈ ਕੇ ਕਰੋੜਾਂ ਕਮਾਉਂਦੇ ਹਨ ਜਾਂ ਫੌਜੀ ਹਸਪਤਾਲਾਂ ਵਿਚ ਭ੍ਰਿਸ਼ਟਾਚਾਰ ਫੈਲਾਉਣ ਵਾਲਿਆਂ ਅਤੇ ਮੁਹਾਜ਼ ਉਤੇ ਸਪਲਾਈ ਪਹੁੰਚਾਉਣ ਵਾਲੇ ਠੇਕੇਦਾਰ ਜਿਹੜੇ ਪਬਲਿਕ ਪੈਸੇ ਨੂੰ ਚੂਨਾ ਲਾ ਰਹੇ ਹਨ, ਕੀ ਉਨ੍ਹਾਂ ਦੀ ਕੋਈ ਪੁੱਛਗਿੱਛ ਹੋਵੇਗੀ? ਇਹ ਸਵਾਲ ਅੱਜ ਹਰ ਜਾਗਰੂਕ ਅਮਰੀਕਨ ਪੁੱਛ ਰਿਹਾ ਹੈ।

ਭਾਰਤੀ ਲੋਕ ਅਜੇ ਫੌਜ ਵਿਚ ਭਰਤੀ ਹੋਣ 'ਚ ਪਿੱਛੇ ਹਨ ਪਰ ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਫੌਜ ਵਿਚ ਭਾਰਤੀ ਦੀ ਗਿਣਤੀ ਘੱਟ ਹੋਣ ਕਰਕੇ ਸ਼ਾਇਦ ਫੌਜੀਆਂ ਦੇ ਦਰਦ ਨੂੰ ਘੱਟ ਕਰ ਕੇ ਦੇਖਦੇ ਹਨ। ਹੈਰਾਨੀ ਦੀ ਗੱਲ ਹੈ ਕਿ ਅਮਰੀਕਾ ਵਿਚ ਵਧ-ਫੁੱਲ ਰਿਹਾ ਭਾਰਤੀ ਮੀਡੀਆ ਭਾਰਤ ਦੇ ਸਾਬਕਾ ਫੌਜੀਆਂ ਦੀਆਂ ਮੁਸ਼ਕਲਾਂ ਦੀਆਂ ਬਾਤਾਂ ਤਾਂ ਬਹੁਤ ਉਭਾਰ ਕੇ ਪਾਉਂਦਾ ਹੈ ਪਰ ਜਿਹੜੇ ਅਮਰੀਕੀ ਫੌਜ ਦੇ ਸਾਬਕਾ ਫੌਜੀ ਖ਼ਸਤਾ ਜੀਵਨ ਜੀਅ ਰਹੇ ਹਨ, ਉਸ ਬਾਰੇ ਖ਼ਾਮੋਸ਼ ਹੈ। ਭਾਰਤੀ ਫੌਜ ਦੇ ਬੋਫ਼ੋਰਜ਼ ਸੌਦਿਆਂ ਬਾਰੇ ਤਾਂ ਬਹੁਤ ਕੁਝ ਛਪਦਾ ਹੈ ਪਰ ਜੇ ਕਿਧਰੇ ਅਮਰੀਕਨ ਫੌਜ ਨੂੰ ਘੱਟ-ਮਿਆਰੀ ਗੱਡੀਆਂ ਮਿਲਦੀਆਂ ਜਾਂ ਹੋਰ ਸਾਮਾਨ ਦੀ ਘਾਟ ਹੈ ਤਾਂ ਭਾਰਤੀ ਮੀਡੀਆ ਖ਼ਾਮੋਸ਼ ਰਹਿੰਦਾ ਹੈ। ਇਹ ਗੱਲ ਭਾਰਤੀ-ਅਮਰੀਕਨ ਅੰਗਰੇਜ਼ੀ ਮੀਡੀਆ ਸਮੇਤ ਹਰ ਭਾਸ਼ਾ ਵਿਚ ਛਪਦੇ ਮੀਡੀਆ ਉਤੇ ਲਾਗੂ ਹੁੰਦੀ ਹੈ।



ਖ਼ੈਰ, ਹਾਊਸਿੰਗ ਐਂਡ ਅਰਬਨ ਡਿਵੈਪਲਮੈਂਟ (ਹੁਡ) ਦੇ ਸਕੱਤਰ ਸ਼ਾਨ ਡੋਨੋਵਨ ਨੇ ਕਿਹਾ ਹੈ ਕਿ ਸਮੱਸਿਆ ਕਾਫ਼ੀ ਗੰਭੀਰ ਹੈ ਪਰ ਉਹ ਬਰਾਕ ਓਬਾਮਾ ਦੇ ਟੀਚੇ ਨੂੰ ਪੂਰਾ ਕਰਨ ਵਿਚ ਕੋਈ ਕਸਰ ਨਹੀਂ ਛੱਡਣਗੇ। ਹੁਡ ਅਤੇ ਵੈਟਰਨ ਅਫੇਅਰਜ਼ ਐਂਡ ਲੇਬਰ ਡਿਪਾਰਟਮੈਂਟ ਨੇ ਤਜਰਬੇ ਦੇ ਤੌਰ 'ਤੇ ਪੰਜ ਫੌਜੀ ਅੱਡਿਆਂ ਨੇੜੇ 15 ਮਿਲੀਅਨ ਡਾਲਰ ਦੇ ਪ੍ਰਾਜੈਕਟ ਸ਼ੁਰੂ ਕੀਤੇ ਹਨ। ਇਸ ਤਹਿਤ ਕੇਸ ਮੈਨੇਜਮੈਂਟ ਤੇ ਲੇਬਰ ਡਿਪਾਰਟਮੈਂਟ ਸਾਬਕਾ ਫੌਜੀਆਂ ਨੂੰ ਕੰਮ ਦੀ ਟਰੇਨਿੰਗ ਵੀ ਦੇਵੇਗਾ ਤੇ ਉਨ੍ਹਾਂ ਦੇ ਮਾਨਸਿਕ ਸੰਤੁਲਨ ਲਈ ਹਰ ਤਰ੍ਹਾਂ ਦੀ ਡਾਕਟਰੀ ਤੇ ਕਾਊਂਸਲਿੰਗ ਸਰਵਿਸ ਵੀ ਦੇਵੇਗਾ, ਪਰ ਦੇਖਣਾ ਪਵੇਗਾ ਕਿ ਇਸ ਵਾਰ ਦੇ ਦਾਅਵੇ ਤੇ ਵਾਅਦੇ ਪਹਿਲਾਂ ਦੇ ਮੁਕਾਬਲੇ ਕਿੰਨੇ ਸਾਜ਼ਗਾਰ ਹੁੰਦੇ ਹਨ।

ਵੈਟਰਨ ਅਫ਼ੇਅਰਜ਼ ਅਤੇ ਹੁਡ ਮੁਤਾਬਕ ਬੇਘਰੇ ਫੌਜੀਆਂ ਵਿਚ 93 ਫ਼ੀਸਦ ਪੁਰਸ਼ ਹਨ ਜਿਨ੍ਹਾਂ ਵਿਚੋਂ 52 ਫ਼ੀਸਦ ਅੰਗਹੀਣ ਹਨ। 49 ਫ਼ੀਸਦ ਗ਼ੈਰ-ਗੋਰੇ ਤੇ ਗ਼ੈਰ-ਸਪੈਨਿਸ਼ ਹਨ। ਇਨ੍ਹਾਂ ਦੀ ਉਮਰ 31 ਤੋਂ 50 ਸਾਲ ਦਰਮਿਆਨ ਹੈ। ਬੇਘਰਿਆਂ ਬਾਰੇ 2009 ਦੀ ਰਿਪੋਰਟ ਮੁਤਾਬਕ 43 ਫ਼ੀਸਦ ਸਾਬਕਾ ਫੌਜੀ ਕਿਸੇ ਛੱਤ ਤੋਂ ਬਿਨਾਂ ਸਰਦ ਰਾਤਾਂ ਸੜਕਾਂ ਉਤੇ ਕੱਟ ਰਹੇ ਹਨ। 57 ਫ਼ੀਸਦ ਐਮਰਜੈਂਸੀ ਪਨਾਹ ਕੇਂਦਰਾਂ ਵਿਚ ਰਾਤਾਂ ਕੱਟ ਰਹੇ ਸਨ। ਦਿਲਚਸਪ ਗੱਲ ਹੈ ਕਿ ਬੇਘਰਿਆਂ ਲਈ ਬਣੇ ਪਨਾਹ ਕੇਂਦਰਾਂ ਵਿਚ ਰਹਿੰਦੇ ਸਾਬਕਾ ਫੌਜੀਆਂ ਵਿਚ ਬਹੁਗਿਣਤੀ ਘੱਟ-ਗਿਣਤੀ ਦੇ ਭਾਈਚਾਰੇ ਨਾਲ ਸਬੰਧਤ ਲੋਕਾਂ ਦੀ ਹੈ। ਬੇਘਰੇ ਸਾਬਕਾ ਫੌਜੀਆਂ ਵਿਚ 30 ਫ਼ੀਸਦੀ ਪਰਿਵਾਰਾਂ ਵਾਲੇ ਹਨ। ਇਨ੍ਹਾਂ ਸਾਬਕਾ ਫੌਜੀਆਂ ਦੇ ਬੱਚਿਆਂ ਦਾ ਭਵਿੱਖ ਵੀ ਦਾਅ 'ਤੇ ਲੱਗਾ ਹੋਇਆ ਹੈ। ਅੰਕੜਿਆਂ ਮੁਤਾਬਕ ਹਰ ਦਸਵਾਂ ਸਾਬਕਾ ਫੌਜੀ ਗ਼ਰੀਬੀ ਰੇਖਾ ਤੋਂ ਥੱਲੇ ਰਹਿ ਰਿਹਾ ਹੈ।

ਆਰਥਿਕ ਪੱਖੋਂ ਪਛੜ ਗਏ ਸਾਬਕਾ ਫੌਜੀਆਂ ਦਾ ਸ਼ਾਇਦ ਥੋੜ੍ਹਾ-ਬਹੁਤ ਖ਼ੁਦ ਦਾ ਵੀ ਕਸੂਰ ਹੋਵੇਗਾ ਪਰ ਉਨ੍ਹਾਂ ਨੂੰ ਮੁੜ ਲੀਹੇ ਪਾਉਣਾ ਕਿਸੇ ਵੀ ਸਭਿਅਕ ਸਮਾਜ ਦਾ ਫ਼ਰਜ਼ ਬਣਦਾ ਹੈ। ਭਾਰਤੀ ਭਾਈਚਾਰੇ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਨ੍ਹਾਂ ਸਾਬਕਾ ਫੌਜੀਆਂ ਲਈ ਹਾਅ ਦਾ ਨਾਅਰਾ ਮਾਰਨ, ਆਪਣੇ ਇਲਾਕੇ ਦੇ ਚੁਣੇ ਨੁਮਾਇੰਦਿਆਂ ਦਾ ਧਿਆਨ ਇਸ ਪਾਸੇ ਦਿਵਾਉਣ ਅਤੇ ਇਸ ਗੱਲ ਦਾ ਦਬਾਅ ਬਣਾਉਣ ਕਿ ਬੇਲੋੜੀਆਂ ਜੰਗਾਂ ਮਸਲਿਆਂ ਦਾ ਹੱਲ ਨਹੀਂ ਹਨ। "ਨਾ ਜੰਗ ਖ਼ੁਸ਼ਗਵਾਰੀ, ਨਾ ਅਮਨ ਗੁਆਰੀ" ਦਾ ਨਾਅਰਾ ਬੁਲੰਦ ਕੀਤਾ ਜਾਏ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ


ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



Quik Signs

Signs * Graphics * Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# 'ਆਪਣਿਆਂ' ਦੀ ਪਿੱਠ 'ਤੇ ਐਤਕੀਂ ਵੀ ਸੋਹਣਾ ਹੱਥ ਫੇਰਿਆ ਚੈਨਲ ਵਾਲਿਆਂ

## ਪੀ.ਟੀ.ਸੀ ਪੰਜਾਬੀ ਐਵਾਰਡ ਸਮਾਰੋਹ

**ਸਵਰਨ ਸਿੰਘ ਟਹਿਣਾ**

ਪੰਜਾਬ ਦੇ ਕਲਾਕਾਰਾਂ ਦੀ ਪਿੱਠ ਥਾਪੜਨ ਵਾਸਤੇ ਕੋਈ ਹੋਰ ਵੱਡਾ ਉਪਰਾਲਾ ਨਾ ਹੋਣ ਕਰਕੇ 'ਪੀ.ਟੀ.ਸੀ. ਪੰਜਾਬੀ' ਵੱਲੋਂ ਹਰ ਸਾਲ ਕਰਾਇਆ ਜਾਂਦਾ 'ਸਲਾਨਾ ਐਵਾਰਡ ਸਮਾਰੋਹ' ਉਚੇਚ ਨਾਲ ਉਡੀਕਿਆ ਜਾਂਦੈ। ਜਗ੍ਹਾ ਵੀ ਲਗਭਗ ਇੱਕੋ ਹੁੰਦੀ ਏ, ਜਲੰਧਰ ਦਾ ਪੀ.ਏ.ਪੀ. ਗਰਾਊਂਡ ਤੇ ਸਮਾਰੋਹ ਦਾ ਹਾਲ ਵੀ ਲਗਭਗ ਇੱਕੋ ਜਿਹਾ ਹੁੰਦੈ। ਜਿਹੜੇ ਕਲਾਕਾਰਾਂ ਨੂੰ ਸਨਮਾਨ ਮਿਲ ਜਾਂਦੈ, ਉਹ ਆਖਦੇ ਨੇ, 'ਚੈਨਲ ਦਾ ਉਦਮ ਬਹੁਤ ਵੱਡੈ', ਪਰ ਜਿਨ੍ਹਾਂ ਨੂੰ ਖਾਲੀ ਹੱਥ ਮੁੜਨਾ ਪੈਂਦੈ, ਉਹ ਕਹਿੰਦੇ ਨੇ, 'ਕੁੱਤੀ ਚੋਰਾਂ ਨਾਲ ਰਲੀ ਹੋਈ ਏ...ਦੋ-ਚਾਰ ਕੰਪਨੀਆਂ ਤੋਂ ਛੁੱਟ ਚੈਨਲਾਂ ਨੂੰ ਹੋਰ ਕਿਸੇ ਦੀ ਯਾਦ ਹੀ ਨਹੀਂ ਆਉਂਦੀ।'

'ਆਸਕਰ' ਐਵਾਰਡ ਵਿਚ ਜਿਹੜੀ ਫ਼ਿਲਮ 'ਨਾਮੀਨੇਸ਼ਨ' ਵਿਚ ਆ ਜਾਵੇ, ਉਸ ਦੇ ਭਾਗ ਖੁੱਲ੍ਹ ਜਾਂਦੇ ਨੇ। 'ਫ਼ਿਲਮ ਫੇਅਰ' ਤੇ 'ਆਈਫ਼ਾ' ਐਵਾਰਡਾਂ ਵਿਚ ਜਿਹੜਾ ਹੀਰੋ-ਹੀਰੋਇਨ, ਡਾਇਰੈਕਟਰ, ਕੋਰੀਓਗ੍ਰਾਫ਼ਰ ਬਾਜ਼ੀ ਮਾਰ ਜਾਂਦੈ, ਉਸ ਨੂੰ ਕੰਮ ਦੇ ਢੇਰ ਲੱਗ ਜਾਂਦੇ ਨੇ। ਪਰ 'ਪੀ.ਟੀ.ਸੀ' ਵੱਲੋਂ ਜਿਹੜੇ ਕਲਾਕਾਰ ਦੀ ਕੈਸਿਟ ਨੂੰ ਤਿੰਨ-ਤਿੰਨ ਐਵਾਰਡ ਮਿਲ ਜਾਂਦੇ ਨੇ, ਉਹਨੂੰ ਅਗਲੇ ਸਾਲ ਨਵੀਂ ਕੈਸਿਟ ਵੇਲੇ ਮੁੜ ਗੋਡੇ ਰਗੜਨੇ ਪੈਂਦੇ ਨੇ, ਉਹੀ ਤਰਲੇ...ਉਹੀ ਸ਼ੋਸ਼ਣ।'

'ਪੀ.ਟੀ.ਸੀ. ਪੰਜਾਬੀ' ਐਵਾਰਡ ਦੀ ਇੱਕ ਖਾਸੀਅਤ ਇਹ ਵੀ ਏ ਕਿ ਇੱਥੇ ਪਹੁੰਚਣ ਵਾਲੇ ਅੱਧੇ ਕੁ ਕਲਾਵਾਨ ਸ਼ਰਾਬੀ ਹੁੰਦੇ ਨੇ। ਕਈ ਲੋਕ ਨੇਫ਼ੇ 'ਚ ਤੁੰਨ ਕੇ ਬੋਤਲ ਲਿਆਉਂਦੇ ਨੇ ਤੇ ਮੇਜ਼ 'ਤੇ ਪਏ ਕੋਕ ਵਿਚ ਪਾ-ਪਾ ਡਕਾਰੀ ਜਾਂਦੇ ਨੇ। ਏਸ ਵਾਰ ਅਜਿਹਾ ਕੁੱਝ ਦੇਖਣ ਨੂੰ ਘੱਟ ਮਿਲਿਆ।

ਇਸ ਵਾਰ ਜਿਹੜੇ-ਜਿਹੜੇ ਕਲਾਕਾਰਾਂ ਨੂੰ ਸਨਮਾਨ ਮਿਲੇ, ਉਨ੍ਹਾਂ 'ਚੋਂ ਜ਼ਿਆਦਾਤਰ ਇਨ੍ਹਾਂ ਦੇ ਹੱਕਦਾਰ ਵੀ ਸਨ। ਸਤਿੰਦਰ ਸਰਤਾਜ, ਗਿੱਪੀ ਗਰੇਵਾਲ ਤੇ ਸ਼ੈਰੀ ਮਾਨ 'ਤੇ ਐਵਾਰਡਾਂ ਦੀ ਝੜੀ ਲੱਗੀ ਰਹੀ ਤੇ ਬਿਨਾਂ ਸ਼ੱਕ ਸਭ ਵੱਲੋਂ ਇਸ ਨੂੰ ਸਲਾਹਿਆ ਵੀ ਗਿਆ। ਬਾਕੀ ਸਨਮਾਨਾਂ ਵਿਚ ਕਰਨ ਜਸਵੀਰ, ਹਨੀ ਸਿੰਘ ਤੇ ਨਿਸ਼ਾਨ ਭੁੱਲਰ ਦੀ ਚੜ੍ਹਤ ਵੀ ਰਹੀ। ਗੁਰਪ੍ਰੀਤ ਘੁੱਗੀ ਤੇ ਉਪਾਸਨਾ ਸਿੰਘ ਨੇ ਸਮਾਗਮ ਪੇਸ਼ ਕੀਤਾ। ਮਨਮੋਹਨ ਵਾਰਿਸ, ਕਮਲ ਹੀਰ, ਜੈਜ਼ੀ ਬੀ, ਹਾਰਡ ਕੌਰ, ਸਤਿੰਦਰ ਸੱਤੀ, ਮਿਸ ਪੂਜਾ, ਈਸ਼ਾ ਕੋਪੀਕਰ ਤੇ ਕਈ ਹੋਰਾਂ ਦੀ ਪੇਸ਼ਕਾਰੀ ਸਲਾਹੀ ਗਈ।

ਗੁਰਪ੍ਰੀਤ ਘੁੱਗੀ ਦੀ ਹਾਜ਼ਰ ਜਵਾਬੀ ਨੇ ਸਭ ਦਾ ਮਨ ਮੋਹ ਲਿਆ। ਹੰਢਿਆ-ਵਰਤਿਆ ਹੋਣ ਕਰਕੇ ਉਸ ਨੇ ਉਪਾਸਨਾ ਸਿੰਘ ਕੋਲ ਬੋਲਣ ਲਈ ਕੱਖ ਨਹੀਂ ਛੱਡਿਆ ਤੇ ਉਹ ਵਿਚਾਰੀ ਸਿਰਫ਼ ਏਨਾ ਕਹਿਣ ਜੋਗੀ ਰਹਿ ਗਈ, 'ਸੋ ਹੁਣ ਲੈਨੇ ਆਂ ਇੱਕ ਛੋਟਾ ਜਿਹਾ ਬ੍ਰੇਕ...।'

ਘੁੱਗੀ ਨੇ ਕਈ ਵਾਰ ਤਾਂ ਚੁਟਕਲਿਆਂ ਦਾ ਸਿਰਾ ਹੀ ਲਾ ਛੱਡਿਆ। ਜਦੋਂ ਪੂਜਾ ਤੇ ਇੰਦਰਜੀਤ ਨਿੱਕੂ ਇੱਕ ਕੈਟਾਗਿਰੀ ਨੂੰ ਐਵਾਰਡ ਦੇਣ ਆਏ ਤਾਂ ਘੁੱਗੀ ਨੇ ਆਖਿਆ, 'ਇਹ ਪੰਜਾਬੀ ਦੀ ਇੱਕੋ-ਇੱਕ ਕਲਾਕਾਰ ਏ, ਜੀਹਨੂੰ ਲੋਕ ਵਿਆਹ ਤੋਂ ਬਾਅਦ ਵੀ ਕਿਹਾ ਕਰਨਗੇ, ਮਿਸਜ਼ ਮਿਸ ਪੂਜਾ ਆ ਗਈ ਏ।' ਨਾਲ ਹੀ ਉਹਨੇ ਕਹਿ ਛੱਡਿਆ ਕਿ ਜਿੱਧਰ ਇਹਨੇ ਜਾਣਾ ਹੁੰਦੈ, ਓਧਰ ਤੀਹ-ਚਾਲੀ ਲੈਂਦੀ ਏ, ਐਂਕਰਿੰਗ ਵੀ ਕਰ ਲੈਂਦੀ ਏ ਤੇ ਨੱਚ ਵੀ ਲੈਂਦੀ ਏ...ਅਸੀਂ ਤਾਂ ਕਹਿੰਦੇ ਹਾਂ ਕਿ ਜਦੋਂ ਉਹ ਏਨਾ ਕੁੱਝ ਕਰ ਲੈਂਦੀ ਏ ਤਾਂ ਗੱਤਕਾ ਵੀ ਸਿੱਖ ਲਵੇ, ਇਹ ਕੰਮ ਵੀ ਵਧੀਆ ਏ।' ਉਹਦੀ ਏਸ ਗੱਲ ਵਿਚਲੀ ਤਨਜ਼ ਕਿਸੇ ਨੂੰ ਸਮਝ ਆਈ ਹੋਵੇ ਜਾਂ ਨਾ, ਪਰ ਸਿਰ ਖੁਰਕ ਸੋਚਣ ਵਾਲਿਆਂ ਨੂੰ ਸਮਝ ਪੈ ਗਈ। ਹਾਰਡ ਕੌਰ ਜਿਹੜੀ ਘੁੱਗੀ ਨੂੰ ਵਾਰ- ਵਾਰ 'ਲਵ ਯੂ ਡਾਰਲਿੰਗ' ਆਖ ਰਹੀ ਸੀ, ਦੀ ਵੀ ਚੰਗੀ ਖਿਚਾਈ ਹੋ ਗਈ।



*ਡੌਲੀ ਗੁਲੇਰੀਆ ਸਨਮਾਨ ਹਾਸਲ ਕਰਦੀ ਹੋਈ*

ਕਲਾਕਾਰ ਤਾਂ ਜ਼ਰੂਰ ਜਾਣਗੇ।' ਜਦੋਂ ਪੂਜਾ ਨੇ ਆਖਿਆ ਕਿ ਤੁਹਾਨੂੰ ਤਾਂ ਜਵਾਬ ਦੇਣ ਦਾ ਕੋਈ ਫ਼ਾਇਦਾ ਨਹੀਂ ਤਾਂ ਉਹ ਬੋਲਿਆ, 'ਮੈਂ ਤੈਨੂੰ ਕੋਰਾ ਜਵਾਬ ਦੇਣ ਨੂੰ ਫਿਰਦਾਂ ਬੀਬੀ, ਤੇ ਤੂੰ ਨਿੱਕੇ ਮੋਟੇ ਜਵਾਬਾਂ ਦੀ ਗੱਲ ਕਰਦੀ ਏਂ।' ਹਾਲੇ ਉਹ ਐਵਾਰਡ ਦੇ ਕੇ ਹੇਠਾਂ ਉਤਰੀ ਹੀ ਸੀ ਕਿ ਅਗਲੀ 'ਨੌਮੀਨੇਸ਼ਨ' ਸ਼ੁਰੂ ਹੋ ਗਈ ਤੇ ਪਹਿਲਾ ਗੀਤ ਚੱਲਿਆ, 'ਸਾਰੇ ਤੈਨੂੰ ਆਖਦੇ ਟਰਾਲੀ ਅੱਜ ਕੱਲ੍ਹ ਜਿਹੜਾ ਮਰਜ਼ੀ ਲੈ ਜੇ ਪਾ ਕੇ...।'

ਸਤਿੰਦਰ ਸੱਤੀ ਨੂੰ ਪੇਸ਼ਕਾਰੀ ਲਈ ਬੁਲਾਉਣ ਮੌਕੇ ਘੁੱਗੀ ਬੋਲਿਆ, 'ਹੁਣ ਉਹ ਕੁੜੀ ਤੁਹਾਡੇ ਸਾਹਮਣੇ ਆ ਰਹੀ ਏ, ਜਿਹੜੀ ਗਾ ਵੀ

ਇਸ ਵਾਰ ਕਲਾਕਾਰਾਂ ਦਾ ਜਮਘਟਾ ਪਹਿਲਾਂ ਨਾਲੋਂ ਕਾਫੀ ਘੱਟ ਸੀ। ਮੀਕੇ ਹੁਰਾਂ ਨੂੰ ਸੱਦਿਆ ਨਹੀਂ ਗਿਆ ਕਿਉਂਕਿ ਉਹਨੇ ਪਤਾ ਨਹੀਂ ਕੀ-ਕੀ ਬੋਲਣਾ ਹੁੰਦੈ।

ਖੁਸ਼ੀ ਦੀ ਗੱਲ ਹੈ ਕਿ ਚੈਨਲ ਵੱਲੋਂ ਇਸ ਵਾਰ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਧੀ ਡੌਲੀ ਗੁਲੇਰੀਆ ਨੂੰ ਚੰਗਾ ਗਾਉਣ ਬਦਲੇ ਉਮਰ ਭਰ ਦੀਆਂ ਪ੍ਰਾਪਤੀਆਂ ਦਾ ਐਵਾਰਡ ਦਿੱਤਾ ਗਿਆ। ਹਨੀ ਸਿੰਘ ਨੂੰ ਵੀ ਐਵਾਰਡ ਦਿੱਤਾ ਗਿਆ। ਹਨੀ ਸਿੰਘ ਪੰਜਾਬੀ ਮਾਂ ਬੋਲੀ ਦਾ ਕਿਹੋ ਜਿਹਾ ਸਪੂਤ ਹੈ, ਇਹ ਗੱਲ ਹੋ ਸਕਦੈ ਕਈ ਲੋਕ ਭੁੱਲ ਗਏ ਹੋਣ। ਥੋੜ੍ਹੇ ਸਾਲ ਪਹਿਲਾਂ ਉਹਨੇ 'ਤੇਰੀ ਪੱਚੀਆਂ ਪਿੰਡਾਂ ਨੇ...ਸਾਡੇ...ਨੇ ਵੀ ਖਿੱਚ ਲਈ ਤਿਆਰੀ' ਵਰਗਾ ਘਟੀਆ ਗੀਤ ਗਾ ਕੇ ਪੰਜਾਬੀਅਤ ਦੇ ਮੂੰਹ 'ਤੇ ਕਾਲਖ ਮਲੀ ਸੀ ਤੇ ਬੇਗੈਰਤ ਪੰਜਾਬੀਆਂ ਨੇ ਉਹਨੂੰ ਸੋਧਣ ਦੀ ਥਾਂ ਹੌਸਲਾ ਅਫ਼ਜ਼ਾਈ ਕਰ ਛੱਡੀ। ਏਸ ਅਸ਼ਲੀਲ ਗੀਤ ਨਾਲ ਉਹਦੀ ਤੂਤੀ ਬੋਲਣ ਲੱਗ ਗਈ ਤੇ ਅੱਠ-ਅੱਠ ਲੱਖ ਦੇ ਕੇ ਕਈਆਂ ਨੇ ਉਸ ਤੋਂ ਆਪਣੀਆਂ ਕੈਸਿਟਾਂ ਦਾ ਸੰਗੀਤ ਤਿਆਰ ਕਰਾਇਆ, ਜਿਨ੍ਹਾਂ ਵਿਚੋਂ ਇੱਕ 'ਲੱਕ ਟਵੰਟੀ ਏਟ ਕੁੜੀ ਦਾ ਫੋਰਟੀ ਸੈਵਨ ਵੇਟ ਕੁੜੀ ਦਾ' ਹੁਣ ਵੀ ਪੰਜਾਬੀਆਂ ਦੀ ਗ਼ੈਰਤ ਨੂੰ ਵੰਗਾਰ ਰਿਹਾ ਹੈ।

ਹਨੀ ਸਿੰਘ ਆਪਣੇ ਨਾਲ ਦਿੱਲੀਓਂ ਤਕੜੇ ਸਰੀਰਾਂ ਵਾਲੇ ਸਕਿਉਰਿਟੀ ਗਾਰਡ ਲੈ ਕੇ ਇੰਜ ਆਇਆ, ਜਿਵੇਂ ਉਹਦੀ ਪ੍ਰਸਿੱਧੀ 'ਤੇ ਕਿਸੇ ਵੇਲੇ ਵੀ ਹਮਲਾ ਹੋ ਸਕਦਾ ਹੋਵੇ। ਹੋ ਸਕਦੈ ਉਹਨੂੰ ਡਰ ਹੋਵੇ ਕਿ ਜਿਹੋ ਜਿਹਾ ਮੈਂ ਗਾਇਐ, ਜਿਊਂਦੀ ਗ਼ੈਰਤ ਵਾਲਾ ਕੋਈ ਮੈਨੂੰ ਸੋਧਣ ਵਾਸਤੇ ਅੱਗੇ ਨਾ ਆ ਜਾਵੇ।'

ਸਭ ਤੋਂ ਕਮਾਲ ਦੀ ਗੱਲ ਇਹ ਰਹੀ ਕਿ ਜਦੋਂ ਸਟੇਜ ਤੋਂ ਕਿਸੇ ਨੂੰ ਐਵਾਰਡ ਲਈ ਸੱਦਿਆ ਜਾਂਦਾ ਸੀ ਤਾਂ ਉਸ ਦੇ ਸੰਗੀ-ਸਾਥੀ ਉਹਨੂੰ ਜੱਫੀਆਂ ਪਾ-ਪਾ ਇੰਜ ਤੋਰਦੇ ਸਨ, ਜਿਵੇਂ ਉਹਨੂੰ ਜੰਗ ਦੇ ਮੈਦਾਨ ਵਿਚ ਭੇਜਿਆ ਜਾ ਰਿਹਾ ਹੋਵੇ। ਇੱਕ ਕਲਾਕਾਰ ਨੂੰ ਪੁੱਛਿਆ, 'ਦੋ ਕੁ ਸਾਲ ਪਹਿਲਾਂ ਤੁਹਾਨੂੰ ਦੋ ਐਵਾਰਡ ਮਿਲੇ ਸਨ, ਉਦੋਂ ਤੁਹਾਨੂੰ ਬੜੀ ਖੁਸ਼ੀ ਹੋਈ ਸੀ। ਤੁਹਾਨੂੰ ਮਿਲਣ ਵਾਲੇ ਪ੍ਰੋਗਰਾਮਾਂ 'ਚ ਕੋਈ ਫ਼ਰਕ ਪਿਆ ਜਾਂ ਤੁਹਾਡੀ ਕੈਸਿਟ ਨੂੰ ਰਿਲੀਜ਼ ਹੋਣ 'ਚ ਕੋਈ ਸੌਖ ਹੋਈ?'

ਉਹ ਫੁੱਟ ਪਿਆ, 'ਇਹ ਤਾਂ ਚੈਨਲ ਦਾ ਢਕਵੰਜ ਏ, ਕਲਾਕਾਰਾਂ ਨੂੰ ਨਹੀਂ ਇਨ੍ਹਾਂ ਵੱਲੋਂ ਕੰਪਨੀਆਂ ਨੂੰ ਮੁੱਖ ਰੱਖਿਆ ਜਾਂਦੈ, ਜਿਹੜੀ ਕੰਪਨੀ ਐਡ ਦਿੰਦੀ ਏ, ਉਹਦੇ ਕਲਾਕਾਰਾਂ ਨੂੰ ਸਨਮਾਨ ਮਿਲਦੇ ਨੇ ਤੇ ਜਿਹੜੀ ਨਹੀਂ ਦਿੰਦੀ, ਉਹਦੇ ਕਲਾਕਾਰ ਭਾਵੇਂ ਕਿੰਨਾ ਵੀ ਉਚਾ ਰੁਤਬਾ ਹਾਸਲ ਕਰ ਲੈਣ, ਉਨ੍ਹਾਂ ਨੂੰ ਬੇਰਾਂ ਵੱਟੇ ਨਹੀਂ ਪੁੱਛਦੇ। ਮੇਰੀ ਕੈਸਿਟ ਤਿਆਰ ਹੋਈ ਨੂੰ ਸਾਲ ਤੋਂ ਵੱਧ ਦਾ ਸਮਾਂ ਹੋ ਗਿਐ, ਪਰ ਕਿਸੇ ਕੰਪਨੀ ਨੇ ਮੈਨੂੰ ਹੱਥ ਨਹੀਂ ਪਾਇਆ।'

ਮਨਮੋਹਨ ਵਾਰਿਸ ਤੇ ਕਮਲ ਹੀਰ ਨੂੰ ਭਾਵੇਂ ਸਮਾਗਮ ਦੇ ਅਖੀਰ 'ਤੇ ਲਾਇਆ ਗਿਆ, ਪਰ ਉਨ੍ਹਾਂ ਆਪਣੀ ਗਾਇਕੀ ਦਾ ਅਜਿਹਾ ਜਲਵਾ ਦਿਖਾਇਆ ਕਿ ਸਾਹਮਣੇ ਬੈਠਾ ਹਰ ਕਲਾਕਾਰ ਵੀ 'ਇੱਕ ਹੋਰ..ਇੱਕ ਹੋਰ' ਕਹਿੰਦਾ ਨਜ਼ਰੀਂ ਪਿਆ।

ਜਿਹੜੇ ਸ਼ੈਰੀ ਮਾਨ ਨੂੰ ਇਸ ਵਾਰ ਐਵਾਰਡਾਂ ਨਾਲ ਨਿਵਾਜ਼ਿਆ ਗਿਐ, ਉਹਦੇ ਕੀਤੇ-ਕਰਾਏ ਵੱਲ ਝਾਤ ਮਾਰਨੀ ਵੀ ਜ਼ਰੂਰੀ ਏ। ਕਈ ਸਾਲ ਪਹਿਲਾਂ ਉਹਦਾ ਗੀਤ, 'ਯਾਰੋ ਆਉਂਦੀਆਂ ਰਹਿੰਦੀਆਂ ਕੁੜੀਆਂ ਤੇ ਬੱਸਾਂ' ਚੋਰੀ ਕਰਕੇ ਹੈਰੀ ਮਿਰਜ਼ਾ ਨਾਂ ਦੇ ਕਲਾਕਾਰ ਨੇ ਗਾ ਛੱਡਿਆ ਸੀ। ਪਰ ਹੁਣ ਜਦੋਂ ਉਹ 'ਬੜੇ ਚੇਤੇ ਆਉਂਦੇ ਨੇ ਯਾਰ ਅਣਮੁੱਲੇ, ਹਵਾ ਦੇ ਬੁੱਲੇ' ਗੀਤ ਨਾਲ ਪ੍ਰਸਿੱਧ ਹੋ ਚੁੱਕਾ ਹੈ ਤਾਂ ਵੀ ਆਪਣੀ ਨਵੀਂ ਐਲਬਮ ਵਿਚ ਉਹਨੇ 'ਕੁੜੀਆਂ ਤੇ ਬੱਸਾਂ' ਵਾਲਾ ਗੀਤ ਇਸ ਕਰਕੇ ਦਰਜ ਕੀਤੈ ਕਿਉਂਕਿ ਉਹਦੇ ਮੁਤਾਬਕ ਪਹਿਲੇ ਕਲਾਕਾਰ ਤੋਂ ਇਸ ਗੀਤ ਨਾਲ ਚੰਗੀ ਤਰ੍ਹਾਂ ਨਿਭਾਅ ਨਹੀਂ ਸੀ ਹੋ ਸਕਿਆ।' ਹੁਣ ਰੱਬ ਜਾਣੇ ਇਹੋ ਜਿਹੇ ਗੀਤਾਂ ਨਾਲ ਕਿਹੋ ਜਿਹਾ ਨਿਭਾਅ ਹੋਣਾ ਚਾਹੀਦੈ ਪਰ ਸੂਝਵਾਨ ਬੰਦੇ ਸੋਚਣ ਲਈ ਮਜਬੂਰ ਨੇ ਜਦੋਂ ਏਨੀ ਪ੍ਰਸਿੱਧੀ ਮਿਲ ਗਈ ਹੋਵੇ, ਉਦੋਂ ਇਹੋ ਜਿਹੇ ਜਲੂਸ ਕਢਾਉਣ ਵਾਲੇ ਗਾਣੇ ਗਾਉਣੇ ਕਿੰਨੇ ਕੁ ਜਾਇਜ਼ ਨੇ?

ਖ਼ੈਰ 'ਪੀ.ਟੀ.ਸੀ. ਪੰਜਾਬੀ' ਦਾ ਇਹ ਸਮਾਗਮ ਪਹਿਲਿਆਂ ਨਾਲੋਂ ਵਾਹਵਾ ਚੰਗਾ ਹੋਇਆ। ਜਦੋਂ ਤੱਕ ਇਹ ਸਮਾਗਮ ਖ਼ਤਮ ਹੁੰਦੈ, ਉਦੋਂ ਤੱਕ ਜਲੰਧਰ ਦੇ ਸਾਰੇ ਢਾਬੇ ਤੇ ਹੋਟਲ ਬੰਦ ਹੋ ਜਾਂਦੇ ਨੇ, ਸੋ ਕਲਾਕਾਰਾਂ ਨੂੰ ਫਗਵਾੜਾ ਰੋਡ 'ਤੇ 'ਹਵੇਲੀ' ਤੋਂ ਬਿਨਾਂ ਕੋਈ ਹੋਰ ਬਦਲ ਨਹੀਂ ਦਿਸਦਾ ਤੇ ਇਹ ਵੀ ਕਮਾਲ ਹੈ ਕਿ ਉਥੇ ਪਹੁੰਚਣ ਸਾਰ ਟੱਲੀ ਹੋਏ ਕਈ ਕਲਾਕਾਰ ਇੱਕ-ਦੂਜੇ ਨੂੰ ਗਾਲ੍ਹ ਦੁੱਪੜ ਸ਼ੁਰੂ ਕਰ ਦਿੰਦੇ ਨੇ। ਪਰ ਇਸ ਵਾਰ ਇਸ ਪੱਖ ਤੋਂ ਬਚਾਅ ਰਿਹਾ। ਕਲਾਕਾਰ 'ਹਵੇਲੀ' ਗਏ ਜ਼ਰੂਰ, ਪਰ ਜੀਹਦੀ ਜੀਹਦੇ ਨਾਲ ਨਹੀਂ ਸੀ ਬਣਦੀ, ਉਹਦੇ ਤੋਂ ਵਾਹਵਾ ਦੂਰ ਬੈਠ ਲਿਆ ਗਿਆ ਤਾਂ ਜੁ ਮਾਮਲੇ ਦਾ ਖਿਲਾਰਾ ਨਾ ਪਵੇ।

ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਲਈ 'ਪੀ.ਟੀ.ਸੀ' ਵੱਲੋਂ ਕੀਤਾ ਜਾਂਦਾ ਇਹ ਉਦਮ ਸ਼ਲਾਘਾਯੋਗ ਹੈ ਤੇ ਜਦੋਂ 'ਪੀ.ਟੀ.ਸੀ' ਨਹੀਂ ਸੀ ਬਣਿਆ, ਉਦੋਂ ਇਹਦੇ ਵਾਲੀ ਟੀਮ 'ਈ.ਟੀ.ਸੀ' ਵੱਲੋਂ ਇਹ ਸਭ ਕੁੱਝ ਕਰਦੀ ਸੀ। ਪਰ ਕਈ ਲੋਕ ਹੁਣੇ ਤੋਂ ਸੋਚਣ ਲੱਗੇ ਨੇ ਕਿ ਜੇ ਅਗਲੀ ਸਰਕਾਰ ਕਾਂਗਰਸ ਦੀ ਹੋਈ ਤਾਂ ਹੋ ਸਕਦੈ 'ਪੀ.ਟੀ.ਸੀ' ਦਾ ਇਹ ਐਵਾਰਡ ਅਗਲੇ ਸਾਲ ਤੋਂ ਕੋਈ ਹੋਰ ਹੀ ਕਰਾਇਆ ਕਰੇ।

## ਕਾਵਿ-ਮੰਚ

### *ਨਵੀਂ ਸੰਸਥਾ*

ਤਾਜ਼ ਵਿਚ ਹੁੰਦੀਆਂ ਸਲਾਹਾਂ ਖਾਣ ਰੋਟੀ
ਪੰਜ-ਸੱਤ 'ਕੱਠੇ ਹੋ ਜਾਣ ਯਾਰ ਜੋਟੀ
ਲਾ ਕੇ ਸਿਪ ਸਿਪ ਭਰਦੇ ਆ ਰੰਗ ਬਹਿਣ ਲਈ
ਇਕ ਪ੍ਰਧਾਨ ਇਕ ਮੀਤ ਪ੍ਰਧਾਨ
ਨਵੀਂ ਸੰਸਥਾ ਬਣੌਣ ਬਹਿ ਕੇ ਫੰਡ ਲੈਣ ਲਈ।

ਇਕ ਆਖੇ ਆਪਣੇ 'ਤੇ ਬੜੇ ਸੜਦੇ
ਏਨੇ ਨੂੰ ਸਰੂਰ ਥੋੜ੍ਹਾ ਥੋੜ੍ਹਾ ਚੜ੍ਹ ਜੇ
ਇਕ ਫਿਰ ਆਪਣੀ ਆਈ 'ਤੇ ਅੜ ਜੇ
ਬੋਲਦਾ ਏ ਗੁਰੂ ਘਰ ਵੰਡ ਲੈਣ ਲਈ।
ਇਕ ਨੂੰ ਖ਼ਜ਼ਾਨਚੀ ਤੇ ਇਕ ਨੂੰ ਸਹਾਇਕ
ਨਵੀਂ ਸੰਸਥਾ ਬਣੌਣ ਬਹਿ ਕੇ ਫੰਡ ਲੈਣ ਲਈ।

ਇਕ ਜਾਵੇ ਮੁਰਗੇ ਨੂੰ ਫੜ ਕੇ ਮਰੋੜੀ
ਦੂਜਾ ਆਖੇ ਪੀਣੀ ਹੁਣ ਕਰ ਦਿਓ ਥੋੜ੍ਹੀ
ਤੀਜਾ ਆਖੇ ਤੇਰਾ ਤਾਂ ਫਲਾਣਾ ਬੜਾ ਜੋੜੀ
ਉਹਦੇ ਕੋਲੋਂ ਜਾ ਕੇ ਪਹਿਲਾਂ ਮੰਗ ਕਹਿਣ ਬਈ।
ਚੌਥਾ ਆਖੇ ਚਾਹੀਦੇ ਸਲਾਹਕਾਰ ਵੀ
ਨਵੀਂ ਸੰਸਥਾ ਬਣੌਣ ਬਹਿ ਕੇ ਫੰਡ ਲੈਣ ਲਈ।

ਇਕ ਆਖੇ ਜਾਣਦੇ ਮੈਂ ਹੈਗਾ ਰਾਗੀ ਜੱਥਾ
ਪਾਠੀ ਵਾਲਾ ਕੰਮ ਵੀ ਉਹ ਕਰੂ ਵਿਚੇ 'ਕੱਠਾ
ਦੂਜਾ ਆਖੇ ਬੰਦਾ ਇਕ ਚਾਹੀਦਾ ਹੈ ਪੱਕਾ
ਭਾਈਆਂ ਨੂੰ ਸਿਖਾਵੇ ਸਾਰੇ ਢੰਗ ਰਹਿਣ ਲਈ।
ਇਕ ਨੂੰ ਸਕੱਤਰ ਤੇ ਇਕ ਨੂੰ ਸਹਾਇਕ
ਨਵੀਂ ਸੰਸਥਾ ਬਣੌਣ ਬਹਿ ਕੇ ਫੰਡ ਲੈਣ ਲਈ।

ਇਕ ਆਖੇ ਮੇਰਾ ਤਾਂ ਹੈ ਹੋਰ ਵੀ ਖਿਆਲ
ਕੋਈ ਲੋਕਲ ਲੀਡਰ ਲੈ ਲਈਏ ਨਾਲ
ਦੂਜਾ ਆਖੇ ਕਰੋ ਹੁਣੇ ਮੇਅਰ ਨੂੰ ਕਾਲ
ਐਵੇਂ ਨਾ ਕੋਈ ਆਪਾਂ ਨੂੰ ਮਲੰਗ ਕਹਿਣ ਬਈ।
ਤੀਜਾ ਆਖੇ ਕਰ ਲਓ ਵਕੀਲ ਨਾਲ ਹੀ
ਨਵੀਂ ਸੰਸਥਾ ਬਣੌਣ ਬਹਿ ਕੇ ਫੰਡ ਲੈਣ ਲਈ।

ਇਕ ਆਖੇ ਪਹਿਲਾਂ ਤਾਂ ਅਖ਼ਬਾਰ 'ਚ ਕਢਾਉ
ਇਕ ਦੇ ਗਲੇ ਹੀ ਹੁਣ ਹਾਰ-ਹੂਰ ਪਾਉ
ਦੂਜਾ ਕਹੇ ਸਭ ਨੂੰ ਪਿਆਰ ਨਾ' ਬਲਾਉ
ਕੋਈ ਮਿਲਪੇ ਸਟੋਰ ਆਇਆ ਖੰਡ ਲੈਣ ਲਈ।
ਇਕ ਆਖੇ ਹੁਣ ਨਾ ਬਈ ਪਿੱਛੇ ਹਟਿਉ
ਨਵੀਂ ਸੰਸਥਾ ਬਣੌਣ ਬਹਿ ਕੇ ਫੰਡ ਲੈਣ ਲਈ

''ਚੀਮਨੇ'' ਵਾਲਾ ਹੈ ਜਦ ਕੈਮਰਾ ਚਲਾਉਂਦਾ
ਕੱਟਦਾ ਨਹੀਂ ਰਾਜ ਪੂਰੀ ਫਿਲਮ ਬਣੌਂਦਾ
ਕੋਈ ਮੋੜ ਦਵੇ ਖਾਲੀ ਨਾ ਚਾਹ ਈ ਪਿਆਉਂਦਾ
ਆਉਂਦੇ ਹੋਏ ਇਹ ਤਾਂ ਸ਼ਾਲਾ ਨੰਗ ਕਹਿਣ ਬਈ।
ਇਕ ਪ੍ਰਧਾਨ ਇਕ ਮੀਤ ਪ੍ਰਧਾਨ
ਨਵੀਂ ਸੰਸਥਾ ਬਣੌਣ ਬਹਿ ਕੇ ਫੰਡ ਲੈਣ ਲਈ।

***-ਰਾਜ ਧਾਲੀਵਾਲ***
***ਟੈਫਟ, ਕੈਲੀਫੋਰਨੀਆ।***

### *ਸਾਡੀ ਇਹੋ ਜਿਹੀ ਸਰਕਾਰ ਹੋਵੇ*

ਅਮਨ ਏਕਤਾ ਤੇ ਭਾਈਚਾਰਾ,
ਮਨੁੱਖਤਾ ਦਾ ਪ੍ਰਚਾਰ ਹੋਵੇ।
ਹਰ ਕੋਈ ਆਪਣਾ ਫਰਜ਼ ਨਿਭਾਵੇ,
ਕੋਈ ਨਾ ਬੇਰੁਜ਼ਗਾਰ ਹੋਵੇ।
ਸਰਕਾਰ ਹੋਵੇ ਜੰਤਾ ਦੇ ਲਈ,
ਜੰਤਾ ਦੇ ਲਈ ਸਰਕਾਰ ਹੋਵੇ।
ਵਿਧਾਨ ਨੂੰ ਕੋਈ ਤੋੜੇ ਨਾ,
ਸਰਕਾਰ ਲਈ ਵਫ਼ਾਦਾਰ ਹੋਵੇ।
ਹਰ ਕੋਈ ਜਿਸ ਵਿਚ ਖੁਸ਼ ਰਹੇ,
ਸਾਡੀ ਇਹੋ ਜਿਹੀ ਸਰਕਾਰ ਹੋਵੇ।

ਤੁਸੀਂ ਨੇਤਾ ਬਣਾਓ ਉਹਨੂੰ,
ਜਿਹਨੂੰ ਜੰਤਾ ਨਾਲ ਪਿਆਰ ਹੋਵੇ।
ਕੇਵਲ ਭਾਸ਼ਣ ਉਹ ਦੇਵੇ ਨਾ,
ਉਚਾ ਆਚਾਰਣ ਤੇ ਕਿਰਦਾਰ ਹੋਵੇ।
ਮੁਸਲਿਮ ਜਾਂ ਇਸਾਈ ਹੋਵੇ,
ਕੋਈ ਹਿੰਦੂ ਜਾਂ ਸਿਰਦਾਰ ਹੋਵੇ।
ਜੋ ਜੰਤਾ ਲਈ ਕੁਝ ਕਰ ਸਕੇ,
ਉਹੀ ਨੇਤਾ ਦਾ ਹੱਕਦਾਰ ਹੋਵੇ।
ਹਰ ਦੇਸ ਨਾਲ ਹੋਵੇ ਮਿੱਤਰਤਾ,
ਨਾ ਕਿਸੇ ਨਾਲ ਤਕਰਾਰ ਹੋਵੇ।
ਸਭ ਦੇਸ਼ ਵਾਹ-ਵਾਹ ਕਰ ਉਠਣ,
ਸਾਡੀ ਇਹੋ ਜਿਹੀ ਸਰਕਾਰ ਹੋਵੇ।।

ਸਭ ਨੂੰ ਰੋਟੀ ਕੱਪੜਾ ਮਕਾਨ ਦੇਣਾ,
ਇਹ ਸਰਕਾਰ ਦੀ ਜ਼ਿੰਮੇਵਾਰੀ ਹੋਵੇ।
ਹਰ ਬਿਮਾਰ ਦਾ ਇਲਾਜ ਕਰਾਣਾ,
ਭਾਵੇਂ ਕਿਸੇ ਨੂੰ ਕੋਈ ਬਿਮਾਰੀ ਹੋਵੇ।
ਸਭ ਬੱਚਿਆਂ ਦੀ ਪੜ੍ਹਾਈ ਲਈ,
ਫਰੀ ਸਕੂਲ ਕਾਲਜ ਸਰਕਾਰੀ ਹੋਵੇ।
ਸੱਠ ਸਾਲ ਦੀ ਉਮਰ ਹੋਣ ਤੋਂ,
ਹਰ ਇਕ ਦੀ ਪੈਨਸ਼ਨ ਜਾਰੀ ਹੋਵੇ।
ਸਰਕਾਰ ਤੇ ਕੋਈ ਬੋਝ ਨਾ ਬਣੇ,
ਹਰ ਕੋਈ ਸਰਕਾਰ ਦਾ ਵਫ਼ਾਦਾਰ ਹੋਵੇ।
ਮਿੰਟ-ਮਿੰਟ 'ਤੇ ਗੌਰਮਿੰਟ ਗੌਰ ਕਰੇ,
ਸਾਡੀ ਇਹੋ ਜਿਹੀ ਸਰਕਾਰ ਹੋਵੇ।।

ਦੇਸ਼ ਵਾਸੀ ਦੇਸ਼ ਭਗਤ ਬਣਨ,
ਕੋਈ ਵੀ ਨਾ ਗ਼ੱਦਾਰ ਹੋਵੇ।
ਸਰਕਾਰ ਨੂੰ ਆਪਣਾ ਪਰਿਵਾਰ ਮੰਨਣ,
ਦੇਸ਼ ਧਰਮ ਨਾਲ ਪਿਆਰ ਹੋਵੇ।
ਹਰ ਪਰਿਵਾਰ ਦਾ ਹਰ ਇਕ ਮੈਂਬਰ,
ਪਹਿਲੇ ਦੇਸ਼ ਦਾ ਪਹਿਰੇਦਾਰ ਹੋਵੇ।
ਸਰਕਾਰ ਨੂੰ ਸਾਰੇ ਦੇਣ ਟੈਕਸ,
ਕਿਸੇ ਦੀ ਨੌਕਰੀ ਜਾਂ ਵਪਾਰ ਹੋਵੇ।
ਗੁਰਮਤਿ ਪਾਲਿਸੀ ਜੇਕਰ ਚਲਾਣ,
ਨਾ ਸਰਕਾਰ ਨਾ ਜੰਤਾ ਲਾਚਾਰ ਹੋਵੇ।
'ਬੀਰੇ' ਘਰ ਬਾਹਰ ਦੇਸ਼ ਖੁਸ਼ਹਾਲ ਹੋਵੇ,
ਸਾਡੀ ਇਹੀ ਜਿਹੀ ਸਰਕਾਰ ਹੋਵੇ।

***-ਧਰਮਬੀਰ ਸਿੰਘ 'ਬੀਰ' ਸ਼ਿਕਾਗੋ***

## ਹਰਿ ਸਿਮਰਤ ਤੇਰੀ ਜਾਇ ਬਲਾਇ

ੴ ਸਤਿਗੁਰ ਪ੍ਰਸਾਦਿ॥
ਗਉੜੀ ਮਹਲਾ 5
ਹਰਿ ਸਿਮਰਤ ਤੇਰੀ ਜਾਇ ਬਲਾਇ
ਸਰਬ ਕਲਿਆਣ ਵਸੈ ਮਨ ਆਇ॥
ਭਜੁ ਮਨ ਮੇਰੇ ਏਕੋ ਨਾਮੁ
ਜੀਅ ਤੇਰੇ ਕੈ ਆਵਹਿ ਕਾਮੁ॥ ਰਹਾਉ॥
ਰੈਣਿ ਦਿਨਸੁ ਗੁਣ ਗਾਉ ਅਨੰਤਾ
ਗੁਰ ਪੂਰੇ ਕਾ ਨਿਰਮਲ ਮੰਤਾ॥
ਛੋਡਿ ਉਪਾਵ ਏਕ ਟੇਕ ਰਾਖੁ
ਮਹਾ ਪਦਾਰਥ ਅੰਮ੍ਰਿਤ ਰਸੁ ਚਾਖੁ॥
ਬਿਖਮ ਸਾਗਰੁ ਤੇਈ ਜਨ ਤਰੇ
ਨਾਨਕ ਜਾ ਕਉ ਨਦਰਿ ਕਰੇ॥

ਗੁਰਦੇਵ ਪਿਤਾ ਇਸ ਸ਼ਬਦ ਰਾਹੀਂ ਆਪਣੇ ਮਨ ਨੂੰ ਮੁਖਾਤਿਬ ਹੋ ਰਹੇ ਹਨ ਅਤੇ ਸਾਨੂੰ ਭਟਕੇ ਹੋਏ ਜੀਵਾਂ ਨੂੰ ਉਪਦੇਸ਼ ਭੀ ਕਰ ਰਹੇ ਹਨ ਕਿ ਉਸ ਹਰੀ ਪ੍ਰਭੂ ਦਾ ਸਿਮਰਨ ਹੀ ਉਤਮ ਹੈ।

ਹਰਿ ਸਿਮਰਤ ਤੇਰੀ ਜਾਇ ਬਲਾਇ
ਸਰਬ ਕਲਿਆਣ ਵਸੈ ਮਨ ਆਇ॥
ਭਜੁ ਮਨ ਮੇਰੇ ਏਕੋ ਨਾਮੁ
ਜੀਅ ਤੇਰੇ ਕੈ ਆਵਹਿ ਕਾਮੁ॥ ਰਹਾਉ॥

ਹੇ ਮੇਰੇ ਮਨ ਤੈਨੂੰ ਸਦਾ ਹੀ ਉਸ ਹਰੀ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਪ੍ਰਭੂ ਸਿਮਰਨ ਹੀ ਤੇਰੇ ਜੀਅ ਦੇ ਸਦਾ ਕੰਮ ਆਉਣ ਵਾਲਾ ਹੈ, ਹੋਰ ਕੁਝ ਨਹੀਂ ਅਤੇ ਨਾਮ ਸਿਮਰਨ ਕਰਕੇ ਹੀ ਇਹ ਬਲਾ ਭਾਵ ਮਾਇਆ, ਜੋ ਸਾਰੇ ਜਗਤ ਦੀ ਵੈਰਨ ਹੈ, ਤੈਥੋਂ ਸਦਾ ਲਈ ਦੂਰ ਦੌੜ ਜਾਏਗੀ ਅਤੇ ਸਾਰੇ ਸੁੱਖਾਂ ਦਾ ਦਾਤਾ ਉਹ ਪ੍ਰਭੂ ਤੇਰੇ ਅੰਦਰ ਨਿਵਾਸ ਕਰ ਲਏਗਾ।

ਰੈਣਿ ਦਿਨਸੁ ਗੁਣ ਗਾਉ ਅਨੰਤਾ
ਗੁਰ ਪੂਰੇ ਕਾ ਨਿਰਮਲ ਮੰਤਾ॥
ਛੋਡਿ ਉਪਾਵ ਏਕ ਟੇਕ ਰਾਖੁ
ਮਹਾ ਪਦਾਰਥ ਅੰਮ੍ਰਿਤ ਰਸੁ ਚਾਖੁ॥

ਹੇ ਮੇਰੇ ਮਨ! ਇਸ ਲਈ ਤੈਨੂੰ ਪੂਰੇ ਸਤਿਗੁਰੂ ਦੀ ਸ਼ਰਨ ਵਿਚ ਜਾ ਕੇ ਉਪਦੇਸ਼ ਲੈਣਾ

### ਗੁਰਬਾਣੀ ਗਿਆਨ

ਚਾਹੀਦਾ ਹੈ ਅਤੇ ਰਾਤ-ਦਿਨ ਉਠਦੇ-ਬੈਠਦੇ ਹਰ ਸਮੇਂ ਉਸ ਅਨੰਤ ਪ੍ਰਭੂ ਦੇ ਗੁਣ ਗਾਇਨ ਕਰਨਾ ਚਾਹੀਦਾ ਹੈ। ਹੇ ਭਾਈ! ਇਸ ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ ਬੱਸ ਇਕ ਉਸ ਪਰਮਾਤਮਾ ਦਾ ਹੀ ਆਸਰਾ ਲੈ ਅਤੇ ਇਸ ਸੰਸਾਰ ਦੇ ਸਾਰੇ ਪਦਾਰਥਾਂ ਤੋਂ ਉਤਮ ਪਦਾਰਥ ਜੋ ਪ੍ਰਭੂ ਦਾ ਨਾਮ ਹੈ, ਉਸ ਨੂੰ ਆਪਣਾ ਆਧਾਰ ਬਣਾ ਲੈ।

ਬਿਖਮ ਸਾਗਰੁ ਤੇਈ ਜਨ ਤਰੇ
ਨਾਨਕ ਜਾ ਕਉ ਨਦਰਿ ਕਰੇ॥

ਸ਼ਬਦ ਦੀ ਅਖ਼ੀਰਲੀ ਪੰਕਤੀ ਵਿਚ ਸਤਿਗੁਰ ਬਖ਼ਸ਼ਿਸ਼ ਕਰਦੇ ਹਨ ਕਿ ਹੇ ਨਾਨਕ! ਇਸ ਔਖੇ ਅਤੇ ਬਿਖੜੇ ਸੰਸਾਰ ਸਮੁੰਦਰ ਵਿਚੋਂ ਉਹ ਹੀ ਜੀਵ ਪਾਰ ਉਤਰ ਸਕਦੇ ਹਨ ਜਿਨ੍ਹਾਂ 'ਤੇ ਉਹ ਮਿਹਰਬਾਨ ਪਿਤਾ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਭਾਵ ਆਪਣੀ ਮਿਹਰ ਕਰ ਦੇਂਦਾ ਹੈ। ਪੂਰੇ ਗੁਰੂ ਦੀ ਸ਼ਰਨ ਲੈ ਕੇ ਅਤੇ ਨਾਮ ਸਿਮਰਨ ਕਰਕੇ ਹੀ ਜੀਵਨ ਸਫ਼ਲ ਹੋ ਸਕਦਾ ਹੈ।

***-ਬੀਬੀ ਸੁਰਜੀਤ ਕੌਰ***
***ਸੈਕਰਾਮੈਂਟੋ।***

# ਕੈਨੇਡਾ 'ਚ ਕਿਰਪਾਨ ਦਾ ਮੁੱਦਾ-ਲਚਕ ਲਿਆਉਣ ਦੀ ਲੋੜ

**ਭਖਦੇ ਮਸਲੇ**

ਕੈਨੇਡਾ ਅਤੇ ਹੋਰ ਵਿਕਸਤ ਦੇਸ਼ਾਂ 'ਚ, ਜਨਤਕ ਥਾਂਵਾਂ 'ਚ ਕਿਰਪਾਨ ਪਹਿਨਣ ਦਾ ਮੁੱਦਾ ਪਿਛਲੇ ਕੁਝ ਅਰਸੇ ਤੋਂ ਕੈਨੇਡਾ ਦੇ ਪੰਜਾਬੀ ਅਤੇ ਮੁੱਖਧਾਰਾ ਦੇ ਮੀਡੀਏ ਵਿਚ ਭਖਵੀਂ ਬਹਿਸ ਦਾ ਕੇਂਦਰ ਬਣਿਆ ਹੋਇਆ ਹੈ। ਕੁਝ ਸਮਾਂ ਪਹਿਲਾਂ ਕਿਊਬੈਕ ਸੂਬੇ ਦੀ ਨੈਸ਼ਨਲ ਅਸੈਂਬਲੀ ਦੇ ਸੱਦੇ 'ਤੇ, ਅਸੈਂਬਲੀ 'ਚ ਹੋ ਰਹੀ ਇੱਕ ਬਹਿਸ ਵਿਚ ਸ਼ਾਮਲ ਹੋਣ ਲਈ ਆਏ 4-5 ਸਿੱਖਾਂ ਨੂੰ ਕਿਰਪਾਨਾਂ ਉਤਾਰਨ ਤੋਂ ਇਨਕਾਰ ਕਰਨ 'ਤੇ ਸਕਿਉਰਿਟੀ ਵਾਲਿਆਂ ਨੇ ਅਸੈਂਬਲੀ ਦੇ ਅੰਦਰ ਜਾਣ ਤੋਂ ਰੋਕ ਦਿੱਤਾ। ਇਹ ਬਹਿਸ ਬੁਰਕਾ ਪਹਿਨਣ ਦੀ



**ਇਕਬਾਲ ਰਾਮੂਵਾਲੀਆ**
ਫੋਨ:905-792-7357

ਆਜ਼ਾਦੀ ਉਪਰ ਸੀ। ਇਸ ਮੁੱਦੇ ਨੂੰ ਦੇਸੀ ਪੰਜਾਬੀ ਮੀਡੀਏ 'ਚ ਇਸ ਨੂੰ ਮਾਨਵੀ ਅਧਿਕਾਰਾਂ ਦੀ ਉਲੰਘਣਾ ਦੇ ਤੌਰ 'ਤੇ ਉਛਾਲਿਆ ਗਿਆ ਜਦੋਂ ਕਿ ਮੁੱਖ ਧਾਰਾ ਦੇ ਮੀਡੀਏ 'ਚ ਪਾਠਕਾਂ ਦੀਆਂ ਟਿੱਪਣੀਆਂ ਰਾਹੀਂ ਜਨਤਕ ਥਾਂਵਾਂ 'ਤੇ ਕਿਰਪਾਨ ਪਹਿਨਣ ਦਾ ਡਟਵਾਂ ਤੇ ਗੁੱਸੇ-ਭਰਿਆ ਵਿਰੋਧ ਹੋ ਰਿਹਾ ਹੈ। ਕਿਊਬੈਕ ਦੀ ਲਿਬਰਲ ਸਰਕਾਰ ਅਤੇ ਅਸੈਂਬਲੀ 'ਚ ਹਾਜ਼ਰ 113 ਮੈਂਬਰਾਂ ਨੇ ਸਰਬਸੰਮਤੀ ਨਾਲ ਇਹ ਮਤਾ ਪਾਸ ਕਰ ਦਿੱਤਾ ਹੈ ਕਿ ਕਿਰਪਾਨ ਇੱਕ ਹਥਿਆਰ ਹੈ, ਇਸ ਲਈ ਇਸ ਨੂੰ ਅਸੈਂਬਲੀ 'ਚ ਪਹਿਨਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਸਾਡੀ ਨਜ਼ਰ 'ਚ ਪੰਜੇ ਕਕਾਰ, ਅੰਮ੍ਰਿਤਧਾਰੀ ਸਿੱਖਾਂ ਦੀ ਵਰਦੀ ਦਾ ਅੰਗ ਨੇ। ਅਸੀਂ ਕਿਰਪਾਨ ਸਮੇਤ, ਪੰਜਾਂ ਹੀ ਕਕਾਰਾਂ ਦਾ ਅਦਬ ਕਰਦੇ ਹਾਂ। ਇਹ ਵੀ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਲੋਕਰਾਜੀ ਯੁੱਗ ਵਿਚ ਹਰ ਵਿਅਕਤੀ ਨੂੰ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਮੁਤਾਬਿਕ ਜੀਣ ਦੀ ਅਜ਼ਾਦੀ ਹੈ ਬਸ਼ਰਤੇ ਕਿ ਇਹ ਅਜ਼ਾਦੀ ਕਿਸੇ ਹੋਰ ਵਿਅਕਤੀ ਨਾਲ, ਮੁਲਕ ਦੇ ਕਾਇਦੇ-ਕਾਨੂੰਨਾਂ ਤਹਿਤ ਨਾ ਟਕਰਾਉਂਦੀਆਂ ਹੋਣ। ਸਿੱਖਾਂ ਦੇ ਪੰਜਾਂ ਕਕਾਰਾਂ ਵਿਚੋਂ ਕੰਘੇ, ਕਛਹਿਰੇ, ਕੜੇ ਅਤੇ ਕੇਸਾਂ ਦਾ ਕੈਨੇਡਾ ਦੇ ਕਾਇਦੇ-ਕਾਨੂੰਨ ਨਾਲ ਕੋਈ ਟਕਰਾਅ ਕਦੇ ਵੀ ਸੁਣਨ ਵਿਚ ਨਹੀਂ ਆਇਆ ਲੇਕਿਨ ਕਿਰਪਾਨ ਉਪਰ ਹਮੇਸ਼ਾ ਹੀ ਤਿੱਖੇ ਵਾਦ-ਵਿਵਾਦ ਹਰ ਮੁਲਕ ਵਿਚ 'ਚ ਚਲਦੇ ਰਹਿੰਦੇ ਹਨ ਕਿਉਂਕਿ ਸਾਡੇ ਪ੍ਰਚਾਰਕ, ਗੁਰਦਵਾਰੇ ਅਤੇ ਤਖ਼ਤਾਂ ਦੇ ਜਥੇਦਾਰ ਹੀ ਕਿਰਪਾਨ ਨੂੰ ਗੱਜ-ਵੱਜ ਕੇ 'ਸ਼ਸਤਰ' ਮੰਨਦੇ ਹਨ, ਇਸ ਲਈ ਹੋਰ ਮੁਲਕਾਂ ਦੇ ਕਰੋੜਾਂ ਗੈਰਸਿੱਖ ਅਤੇ ਸਕਿਉਰਿਟੀ ਵਾਲੇ ਕਿਰਪਾਨ ਨੂੰ ਹਥਿਆਰ ਹੀ ਸਮਝਣਗੇ।

ਹਾਸੋਹੀਣੀ ਗੱਲ ਤਾਂ ਇਹ ਹੈ ਕਿ ਸਾਡੇ ਤਖ਼ਤਾਂ ਦੇ ਜਥੇਦਾਰ ਹਾਲੇ ਤੀਕ ਇਹ ਫ਼ੈਸਲਾ ਨਹੀਂ ਦੇ ਸਕੇ ਕਿ ਕਿਰਪਾਨ ਹਥਿਆਰ ਹੈ ਜਾਂ ਧਾਰਮਿਕ ਚਿੰਨ੍ਹ! ਜਦੋਂ ਉਹ ਗੁਰਦਵਾਰਿਆਂ ਜਾਂ ਹੋਰ ਧਾਰਮਿਕ ਸਮਾਗਮਾਂ 'ਚ ਸਿੱਖਾਂ ਨੂੰ ਸੰਬੋਧਿਤ ਹੁੰਦੇ ਨੇ ਤਾਂ ਕਿਰਪਾਨ ਨੂੰ ਗੁਰੂ ਸਾਹਿਬ ਵੱਲੋਂ ਬਖ਼ਸ਼ਿਆ 'ਸ਼ਸਤਰ' ਆਖ-ਆਖ ਕੇ ਸੰਗਤ ਦੀ ਵਾਹ-ਵਾਹ ਖੱਟ ਲੈਂਦੇ ਨੇ, ਪ੍ਰੰਤੂ ਜਦੋਂ ਸਕਿਉਰਿਟੀ ਕਰਕੇ ਉਨ੍ਹਾਂ ਨੂੰ ਕੋਰਟ-ਕਚਹਿਰੀਆਂ, ਹਵਾਈ ਅੱਡਿਆਂ ਤੇ ਪਾਰਲੀਮੈਂਟਾਂ ਵਿਚ ਇਸ 'ਹਥਿਆਰ' ਨੂੰ ਉਤਾਰਨ ਲਈ ਆਖਿਆ ਜਾਂਦਾ ਹੈ ਤਾਂ ਉਹ ਇਸ ਨੂੰ ਧਾਰਮਿਕ ਚਿੰਨ੍ਹ ਕਹਿ ਕੇ ਉਤਾਰਨ ਤੋਂ ਇਨਕਾਰ ਕਰ ਦੇਂਦੇ ਹਨ। ਹੁਣ ਵਰਲਡ ਸਿੱਖ ਆਰਗੇਨਾਈਜੇਸ਼ਨ ਵਾਲਿਆਂ ਨੇ ਇੱਕ ਅਸਲੋਂ ਹੀ ਨਵਾਂ ਪੈਂਤੜਾ ਲੈ ਕੇ ਚੱਲ ਰਿਹਾ ਭੰਬਲਭੂਸਾ ਹੋਰ ਸੰਘਣਾ ਕਰ ਦਿੱਤਾ ਹੈ। ਉਹ ਕਹਿੰਦੇ ਹਨ ਕਿ ਕਿਰਪਾਨ ਨਾ ਤਾਂ ਹਥਿਆਰ ਹੈ ਤੇ ਨਾ ਹੀ ਚਿੰਨ੍ਹ, ਸਗੋਂ ਇਹ ਤਾਂ ਸਿੱਖਾਂ ਦੇ ਵਿਸ਼ਵਾਸ ਦਾ ਅਟੁਟ ਅੰਗ ਹੈ।

ਉਧਰ 'ਕਿਰਪਾਨ' ਨੂੰ 'ਹਥਿਆਰ' ਆਖਣ ਵਾਲੇ ਸਾਡੇ ਤਖ਼ਤ ਦੇ ਇੱਕ ਜਥੇਦਾਰ ਨੇ ਤਾਂ ਇਥੋਂ ਤੀਕ ਆਖ ਦਿੱਤਾ ਹੈ ਕਿ ਕਿਰਪਾਨ ਦੀ ਨੌਂ ਇੰਚ ਤੋਂ ਘੱਟ ਲੰਬਾਈ ਉਨ੍ਹਾਂ ਨੂੰ ਮਨਜ਼ੂਰ ਹੀ ਨਹੀਂ। (ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਦਸਤਾਵੇਜ਼, "ਸਿੱਖ ਰਹਿਤ ਮਰਯਾਦਾ", ਵਿਚ ਕਿਰਪਾਨ ਦੀ ਕੋਈ ਬਾਕਾਇਦਾ ਲੰਬਾਈ ਨਹੀਂ ਮਿਥੀ ਗਈ! ਸਫ਼ਾ 31 ਉਪਰ ਇੱਕ ਫੁੱਟਨੋਟ 'ਚ ਕਿਹਾ ਗਿਆ ਹੈ ਕਿ ਕਿਰਪਾਨ ਦੀ ਕੋਈ ਹੱਦ ਨਹੀਂ ਹੋ ਸਕਦੀ; ਜਿਸ ਦਾ ਮਤਲਬ ਇਹ ਨਿੱਕਲਦਾ ਹੈ ਕਿ ਕਿਰਪਾਨ ਛੋਟੀ ਤੋਂ ਛੋਟੀ ਅਤੇ ਵੱਡੀ ਤੋਂ ਵੱਡੀ ਕਿਸੇ ਵੀ ਸਾਈਜ਼ ਦੀ ਹੋ ਸਕਦੀ ਹੈ।) ਇਥੇ ਇਹ ਵੀ ਵਰਣਨਯੋਗ ਹੈ ਕਿ ਕਿਰਪਾਨ ਨੂੰ ਸਿੱਖੀ ਦਾ ਅਹਿਮ ਅੰਗ ਆਖਣ ਵਾਲੇ ਪ੍ਰਚਾਰਕ, ਰਾਗੀ, ਢਾਡੀ ਅਤੇ ਇਥੋਂ ਤੀਕ ਕਿ ਤਖ਼ਤਾਂ ਦੇ ਜਥੇਦਾਰ, ਦਿੱਲੀ ਸਥਿਤ, ਵਿਦੇਸ਼ੀ ਸਫ਼ਾਰਤਖ਼ਾਨਿਆਂ 'ਚ ਵੀਜ਼ਾ ਲੈਣ ਵੇਲੇ ਅਤੇ ਹਵਾਈ ਜਹਾਜ਼ਾਂ ਵਿਚ ਸਫਰ ਵੇਲੇ ਆਪਣੀਆਂ ਕਿਰਪਾਨਾਂ ਬਿਨਾ ਕਿਸੇ ਇਤਰਾਜ਼ ਦੇ ਉਤਾਰ ਕੇ ਦਫ਼ਤਰ ਜਾਂ ਜਹਾਜ਼ ਦੇ ਸਟਾਫ਼ ਦੇ ਹਵਾਲੇ ਕਰ ਦੇਂਦੇ ਨੇ। ਕੁਝ ਮਹੀਨੇ ਪਹਿਲਾਂ ਸੰਤ ਢੱਡਰੀਆਂ ਵਾਲੇ ਨੇ ਭਾਵੇਂ ਇਹ ਬਿਆਨ ਵੀ ਦੇ ਦਿੱਤਾ ਸੀ ਕਿ ਭਾਰਤ ਤੋਂ ਵਿਦੇਸ਼ਾਂ ਨੂੰ ਹਵਾਈ ਉਡਾਣ ਭਰਨ ਵੇਲੇ ਉਹ ਆਪਣੀ ਕਿਰਪਾਨ ਬਾਕਾਇਦਾ ਪਹਿਨਦਾ ਹੈ ਪਰ ਅੱਜ ਦੇ ਮਹੌਲ ਵਿਚ ਜਦੋਂ ਪੇਚਕਸ, ਦਾੜ੍ਹੀ ਚਾੜ੍ਹਨ ਵਾਲਾ ਬਾਜ, ਸੂਈ, ਨੇਲ-ਕਟਰ ਅਤੇ ਪਾਣੀ ਦੀ ਬੋਤਲ ਤੱਕ ਨੂੰ ਜਹਾਜ਼ ਦੇ ਅੰਦਰ ਲਿਜਾਣ ਦੀ ਮਨਾਹੀ ਹੈ, ਤਾਂ ਸੰਤ ਢੱਡਰੀਆਂ ਨੂੰ ਕਿਸ ਵਿਸ਼ੇਸ਼ ਲਿਹਾਜ਼ ਅਧੀਨ ਜਹਾਜ਼ 'ਚ ਕਿਰਪਾਨ ਪਹਿਨਣ ਦੀ ਖੁਲ੍ਹ ਦਿੱਤੀ ਗਈ, ਇਹ ਉਹ ਹੀ ਜਾਣੇ।

ਸਾਨੂੰ ਮੰਨਣਾ ਪੈਣਾ ਹੈ ਕਿ ਅਸੀਂ ਪੰਜਾਬ 'ਚ ਨਹੀਂ ਸਗੋਂ ਕੈਨੇਡਾ 'ਚ ਵਸਦੇ ਹਾਂ ਜਿੱਥੇ ਸਾਡੀ ਗਿਣਤੀ ਕੈਨੇਡਾ ਦੀ ਕੁੱਲ ਵਸੋਂ ਦਾ ਮਸਾਂ ਇੱਕ-ਡੇਢ ਫੀਸਦੀ ਹੈ; ਜਦੋਂ ਕਿ 195 ਮੁਲਕਾਂ ਤੋਂ ਆਏ ਗੋਰਿਆਂ, ਕਾਲਿਆਂ, ਭੂਰਿਆਂ, ਪੀਲਿਆਂ-ਫੀਨਿਆਂ ਦੀ ਗਿਣਤੀ 98% ਹੈ। ਕੈਨੇਡਾ ਦੇ ਨਾਮਵਰ ਅਖ਼ਬਾਰ 'ਦ ਗਲੋਬ ਐਂਡ ਮੇਲ' ਤੇ "ਸੀ ਬੀ ਸੀ" ਦੀਆਂ ਵੈਬਸਾਈਟਾਂ ਉਪਰ ਸਿੱਖਾਂ ਅਤੇ ਕਿਰਪਾਨ ਬਾਰੇ ਇੱਕ ਦੋ ਨਹੀਂ ਸਗੋਂ ਆਮ ਪਬਲਿਕ ਵੱਲੋਂ ਭੇਜੀਆਂ ਹਜ਼ਾਰਾਂ ਟਿੱਪਣੀਆਂ ਛਪਦੀਆਂ ਨੇ, ਜਿਨ੍ਹਾਂ ਤੋਂ ਜ਼ਾਹਰ ਹੁੰਦਾ ਹੈ ਕਿ ਸਾਡੇ ਉਦਾਲੇ ਭਾਰੀ ਗਿਣਤੀ 'ਚ ਵਸਦੇ ਹੋਰ ਨਸਲਾਂ/ਧਰਮਾਂ/ਸੱਭਿਆਚਾਰਾਂ ਦੇ ਲੋਕ ਸਾਨੂੰ ਜ਼ਿੱਦੀ, ਅੜੀਅਲ, ਉਜਡ, ਜਨੂੰਨੀ, ਗੰਵਾਰ, ਜਾਹਲ, ਲਕੀਰ ਦੇ ਫ਼ਕੀਰ, ਮੂਲਵਾਦੀ, ਜਾਂਗਲੀ, ਕੱਟੜਪੰਥੀ ਅਤੇ ਹੋਰ ਅਣਗਿਣਤ 'ਕੁਨਾਵਾਂ' ਨਾਲ ਪੁਕਾਰਨ ਲੱਗ ਪਏ ਨੇ। ਸੀ ਬੀ ਸੀ ਦੇ ਇੱਕ ਸਰਵੇਅ ਅਨੁਸਾਰ ਕੈਨੇਡਾ ਦੇ 80% ਲੋਕ ਕਿਰਪਾਨ ਨੂੰ ਹਥਿਆਰ ਸਮਝਦੇ ਨੇ ਅਤੇ ਇਸ ਨੂੰ ਜਨਤਕ ਥਾਂਵਾਂ ਉਤੇ ਪਹਿਨਣ 'ਤੇ ਪਾਬੰਦੀ ਦੇ ਹੱਕ ਵਿਚ ਹਨ। ਜੇ ਸਾਡੇ ਆਲੇ-ਦੁਆਲ਼ੇ ਏਡੀ ਵੱਡੀ ਗਿਣਤੀ ਤਲਖ਼ ਲਫ਼ਜ਼ਾਂ 'ਚ ਸਾਡੇ ਖ਼ਿਲਾਫ਼ ਬੋਲਣ ਲੱਗ ਪਈ ਹੈ ਤਾਂ ਇਸ ਤੋਂ ਖ਼ਫ਼ਾ ਹੋਣ ਦੀ ਬਜਾਏ, ਫ਼ਿਕਰਮੰਦ ਹੋਣ ਅਤੇ ਸ੍ਵੈ-ਪੜਚੋਲ ਦੀ ਜ਼ਰੂਰਤ ਹੈ।

ਮੰਨਣਾ ਪਵੇਗਾ ਕਿ ਕੈਨੇਡਾ-ਅਮਰੀਕਾ ਦੇ ਗੁਰਦਵਾਰਿਆਂ 'ਚ ਆਏ ਦਿਨ ਹੁੰਦੀਆਂ ਖ਼ੂਨੀ ਟੱਕਰਾਂ, ਚਲਦੀਆਂ ਕਿਰਪਾਨਾਂ, ਲਥਦੀਆਂ ਦਸਤਾਰਾਂ ਤੇ ਬੇਅਦਬ ਹੁੰਦੀਆਂ ਦਾੜ੍ਹੀਆਂ ਦੀਆਂ ਖ਼ਬਰਾਂ ਸਾਥੋਂ ਬਿਨਾਂ ਗੋਰੇ-ਕਾਲੇ ਲੋਕ ਵੀ ਪੜ੍ਹਦੇ-ਸੁਣਦੇ ਨੇ; ਏਅਰ ਇੰਡੀਆ ਜਹਾਜ਼ ਨੂੰ ਬੰਬ ਨਾਲ ਉਡਾ ਕੇ 329 ਮਾਸੂਮਾਂ ਨੂੰ ਮਾਰਨ ਦੇ ਇਕਬਾਲੀਆ ਮੁਲਜ਼ਿਮ ਇੰਦਰਜੀਤ ਸਿੰਘ ਰਿਆਤ ਦੇ ਪੂਰਨ ਸਿੱਖੀ ਸਰੂਪ ਵਾਲੀਆਂ ਮੀਡੀਆ 'ਚ ਵਾਰ-ਵਾਰ ਨਸ਼ਰ ਹੁੰਦੀਆਂ ਫੋਟੋਆਂ ਨੂੰ ਗੋਰੇ-ਕਾਲੇ ਲੋਕ ਵੀ ਗਹੁ ਨਾਲ ਦੇਖਦੇ ਨੇ। ਇਸ ਤਿਆਰ-ਬਰ-ਤਿਆਰ 'ਸਿੰਘ' ਨੂੰ ਅਦਾਲਤ 'ਚ ਸਹੁੰ ਚੁੱਕ ਕੇ, 19 ਵਾਰ ਝੂਠ ਬੋਲਣ ਦੀ ਸਜ਼ਾ ਮਿਲਣ ਦੀ ਖਬਰ ਵੀ ਹਰ ਗੋਰੇ-ਕਾਲ਼ੇ ਨੇ ਵਾਰ-ਵਾਰ ਸੁਣੀ/ਪੜ੍ਹੀ ਹੈ। ਪੂਰਨ ਸਿੱਖੀ ਸਰੂਪ ਵਾਲੇ ਅਨੇਕਾਂ ਸਿੱਖ ਸਮਗਲਿੰਗ ਅਤੇ ਹੋਰ ਹੇਰਾਫੇਰੀਆਂ ਕਾਰਨ ਅਮਰੀਕਾ-ਕੈਨੇਡਾ ਬਾਰਡਰ ਉਪਰ ਜੇਲ੍ਹਾਂ 'ਚ ਨੇ, ਇਸ ਦਾ ਇਲਮ, ਕੈਨੇਡੀਅਨ ਲੋਕਾਂ ਨੂੰ ਵੀ ਹੈ। ਸਰੀ ਗੁਰਦਵਾਰੇ 'ਚ ਤੱਪੜਾਂ-ਕੁਰਸੀਆਂ ਦੇ ਮੁੱਦੇ 'ਤੇ ਹੋਈਆਂ ਖ਼ੂਨੀ ਝੜਪਾਂ ਦੀਆਂ ਖ਼ਬਰਾਂ ਕੈਨੇਡਾ ਭਰ ਦੇ ਟੈਲੀਵਿਜ਼ਨਾਂ 'ਚ ਨਾਲ ਦੀ ਨਾਲ 'ਲਾਈਵ' ਨਸ਼ਰ ਹੋਈਆਂ: ਅੰਮ੍ਰਿਤਧਾਰੀ ਸਿੱਖਾਂ ਨੇ ਹੀ ਇੱਕ-ਦੂਜੇ ਦੀਆਂ ਪੱਗਾਂ ਉਤਾਰੀਆਂ, ਦਾੜ੍ਹੀਆਂ ਖੋਹੀਆਂ ਅਤੇ ਕਿਰਪਾਨਾਂ, ਖ਼ੁਰਚਣਿਆਂ/ਕੜਛਿਆਂ ਨੂੰ ਹਥਿਆਰਾਂ ਦੇ ਤੌਰ 'ਤੇ ਵਰਤ ਕੇ ਸਿੱਖੀ ਸਰੂਪ ਨੂੰ ਖ਼ੂਬ ਜ਼ਲੀਲ ਕੀਤਾ। ਹਾਲੇ ਕੁਝ ਚਿਰ ਪਹਿਲਾਂ ਹੀ, ਬਰੈਂਪਟਨ ਦੇ ਗੁਰਦਵਾਰਾ ਸਿੱਖ ਲਹਿਰ 'ਚ ਬਾਹਰੋਂ ਗਏ 'ਸਿੰਘਾਂ' ਨੇ ਇੱਕ ਅੰਮ੍ਰਿਤਧਾਰੀ ਬਜ਼ੁਰਗ ਵਕੀਲ ਨੂੰ ਪੇਟ 'ਚ ਕਿਰਪਾਨ ਖੁਭੋ ਕੇ ਸਖ਼ਤ ਜ਼ਖ਼ਮੀ ਕੀਤਾ। ਨਿਊ ਯਾਰਕ ਦੇ ਇੱਕ ਗੁਰਦਵਾਰੇ 'ਚ ਡਾਂਗਾਂ, ਕਿਰਪਾਨਾਂ ਦੇ ਨਾਲ-ਨਾਲ ਚਿਮਟਿਆਂ ਨਾਲ ਗੁਰਦਵਾਰੇ 'ਚ ਗਹਿਗੱਚ ਲੜਾਈ ਹੋਈ। ਵਿੰਡਸਰ ਸ਼ਹਿਰ ਦੇ ਗੁਰਦਵਾਰੇ 'ਚ ਲੰਮੇ ਸਮੇਂ ਤੋਂ ਚਲਦਾ ਘੈਂਸ-ਘੈਂਸ ਤੇ ਕੁੱਟ-ਕੁਟੱਈਆ ਕੈਨੇਡੀਅਨ ਮੀਡੀਆ 'ਚ ਅਕਸਰ ਆਉਂਦਾ ਰਹਿੰਦਾ ਹੈ। ਬਰੈਂਪਟਨ ਦੇ ਇੱਕ ਗੁਰਦਵਾਰੇ 'ਚ ਗੋਲਕ ਉਪਰ ਕਬਜ਼ੇ ਨੂੰ ਲੈ ਕੇ ਚੰਗੀ ਮਾਰ-ਧਾੜ ਤੇ ਖ਼ੂਨ-ਖ਼ਰਾਬਾ ਮੀਡੀਆ 'ਚ ਨਸ਼ਰ ਹੋਏ। ਇਸ ਲਈ ਇਸ ਗੱਲੋਂ ਅੱਖਾਂ ਨਾ ਮੀਟੀਏ ਕਿ ਇਨ੍ਹਾਂ ਕਾਰਨਾਂ ਕਰ ਕੇ, ਦੂਜੇ ਭਾਈਚਾਰਿਆਂ 'ਚ ਸਾਡਾ ਅਕਸ ਹੁਣ ਝਗੜਾਲੂਆਂ, ਲੱਠਮਾਰਾਂ, ਖਰੂਦੀਆਂ, ਬੇਮੁਹਾਰਾਂ ਤੇ ਬੇਰਹਿਮਾਂ ਵਾਲ਼ਾ ਬਣ ਗਿਆ ਹੈ।

> ***ਇਹ ਕੋਈ ਅਤਿਕਥਨੀ ਨਹੀਂ ਕਿ ਪਰਵਾਸੀਆਂ ਦੀਆਂ ਅਜੀਬੋ-ਗ਼ਰੀਬ ਮੰਗਾਂ ਤੋਂ ਖ਼ਫ਼ਾ ਹੋ ਕੇ, ਕੈਨੇਡਾ ਦੇ ਨਸਲਵਾਦੀ ਬਾਸ਼ਿੰਦੇ, ਡੈਨਮਾਰਕ ਅਤੇ ਹਾਲੈਂਡ ਵਾਂਗ ਹੀ, ਲਿਬਰਲਾਂ, ਟੋਰੀਆਂ ਅਤੇ ਡੈਮੋਕਰੈਟਾਂ ਦੇ ਟਾਕਰੇ, ਇੱਕ ਦਿਨ ਕੋਈ ਅਤਿ ਦੀ ਨਸਲਵਾਦੀ ਪਾਰਟੀ ਖੜ੍ਹੀ ਕਰ ਕੇ ਉਸ ਨੂੰ ਸਰਕਾਰ ਸੌਂਪ ਦੇਣ। ਇਸ ਗੱਲੋਂ ਸੁਚੇਤ ਹੋਣਾ ਚਾਹੀਦਾ ਹੈ ਕਿ ਗੱਲ-ਗੱਲ ਉਤੇ ਕੈਨੇਡੀਅਨ ਕਾਨੂੰਨਾਂ ਨਾਲ ਟੱਕਰਾਓ ਦੀ ਨੀਤੀ ਅਪਨਾ ਕੇ ਕਿਧਰੇ ਅਸੀਂ ਆਪਣੇ ਖ਼ਿਲਾਫ਼ ਨਸਲੀ ਨਫ਼ਰਤ ਨਾ ਭੜਕਾ ਬੈਠੀਏ।***

ਪੰਜਾਬੀ ਦੇ ਰੇਡੀਓ ਟਾਕ ਸ਼ੋਆਂ 'ਚ ਕਾਲਾਂ ਕਰਨ ਵਾਲ਼ਿਆਂ 'ਚੋਂ ਕਿੰਨੇ ਕੁ ਲੋਕ ਇਹ ਪੜ੍ਹਦੇ ਨੇ ਕਿ ਆਮ ਕੈਨੇਡੀਅਨ ਲੋਕਾਂ 'ਚੋਂ ਹੁਣ ਅਵਾਜ਼ਾਂ ਉਠਣ ਲੱਗ ਪਈਆਂ ਹਨ ਕਿ 'ਬਾਹਰੋਂ' ਆਏ ਅਸੀਂ ਲੋਕ, ਆਪਣਾ ਧਾਰਮਿਕ ਜਨੂੰਨ, ਰਾਜਨੀਤਕ ਬੋਰੀਆ-ਬਿਸਤਰਾ ਤੇ ਮਾਰਧਾੜ ਦੀ ਲਾਂਡਰੀ ਆਪਣੇ ਨਾਲ ਕੈਨੇਡਾ 'ਚ ਵੀ ਘੜੀਸ ਲਿਆਏ ਹਾਂ ਤੇ ਫਿਰ ਇੰਡੀਆ ਦੀ ਸਿਆਸੀ ਖੇਡ ਅਸੀਂ ਕੈਨੇਡਾ ਵਿਚ ਲੜਦੇ ਹਾਂ। ਇਸ ਸਵਾਲ ਦਾ ਸਾਡੇ ਕੋਲ਼ ਕੀ ਜਵਾਬ ਹੈ ਕਿ ਇੰਦਰਜੀਤ ਰਿਆਤ ਇਹ ਕਿਉਂ ਨਹੀਂ ਦਸਦਾ ਕਿ ਉਸ ਨੇ ਬੰਬ ਬਣਾ ਕੇ, ਏਅਰ ਇੰਡੀਆ ਜਹਾਜ਼ 'ਚ ਰੱਖਣ ਲਈ ਕਿਨ੍ਹਾਂ ਬੇਰਹਿਮ ਲੋਕਾਂ ਦੇ ਸਪੁਰਦ ਕੀਤੇ ਸਨ? ਸਿੱਖੀ ਸਰੂਪ ਵਿਚ ਸਹੁੰ ਖਾ ਕੇ ਅਦਾਲਤਾਂ 'ਚ 19-20 ਵਾਰ ਝੂਠ ਬੋਲਣ ਵਾਲਿਆਂ ਦਾ ਅਕਸ



ਭਲਾ ਝੂਠਿਆਂ ਤੇ ਬੇਇਤਬਾਰੀਆਂ ਤੋਂ ਬਿਨਾ ਹੋਰ ਕੀ ਬਣ ਸਕਦਾ ਹੈ? ਸਿੱਖੀ ਸਰੂਪ ਵਾਲਿਆਂ ਵੱਲੋਂ ਹੀ ਗੁਰਦਵਾਰਿਆਂ ਦੀਆਂ ਕੁਰਕੀਆਂ ਕਰਾਉਣ ਦੀਆਂ ਖ਼ਬਰਾਂ ਪੜ੍ਹ ਕੇ ਕੈਨੇਡੀਅਨ ਲੋਕਾਂ 'ਚ ਸਾਡਾ ਵੱਕਾਰ ਕਿਹੋ ਜਿਹਾ ਬਣਦਾ ਹੈ, ਇਹ ਦੱਸਣ ਦੀ ਜ਼ਰੂਰਤ ਨਹੀਂ। ਕੈਨੇਡੀਅਨ ਲੋਕ ਅਮਨ-ਅਮਾਨ ਨਾਲ ਰਹਿਣ ਦੇ ਇੱਛੁਕ ਹਨ। ਉਨ੍ਹਾਂ ਨੂੰ ਕੀ ਕਿ ਕਿਸੇ 'ਬਿਗਾਨੇ' ਮੁਲਕ ਵਿਚ ਕੀ ਹੋ ਰਿਹਾ ਹੈ? ਉਹ ਤਾਂ ਏਸ ਗੱਲੋਂ ਖ਼ਫ਼ਾ ਹਨ ਕਿ 2% ਲੋਕ ਕਥਿਤ ਤੌਰ 'ਤੇ ਕੈਨੇਡਾ ਵਰਗੇ ਸਾਫ਼ ਸੁਥਰੇ ਮੁਲਕ ਦੇ ਕਾਇਦੇ-ਕਾਨੂੰਨਾਂ, ਸਕਿਉਰਿਟੀ ਅਤੇ ਹੋਰ ਰਵਾਇਤਾਂ ਨੂੰ ਵਿਗਾੜ ਰਹੇ ਹਨ। ਇਹੀ ਕੈਨੇਡੀਅਨ ਲੋਕ ਹੀ ਇੰਟਰਨੈਟ ਦੀਆਂ ਵੈਬਸਾਈਟਾਂ ਰਾਹੀਂ ਵਾਰ-ਵਾਰ ਇਹ ਸਵਾਲ ਕਰਦੇ ਨੇ ਕਿ ਕੈਨੇਡਾ ਵਿਚ ਪਬਲਿਕ ਮੁਕਾਮਾਂ 'ਤੇ ਹਥਿਆਰ ਲਿਜਾਣ ਦੀ ਮਨਾਹੀ ਹੈ; ਅਗਰ ਕਿਰਪਾਨ ਇੱਕ ਹਥਿਆਰ ਹੈ ਤਾਂ ਇਸ ਨੂੰ ਪਬਲਿਕ ਮੁਕਾਮਾਂ ਉਤੇ ਪਹਿਨਣ ਦੀ ਜ਼ਿਦ ਕਿਉਂ? ਅਗਰ ਧਾਰਮਿਕ ਚਿੰਨ੍ਹ ਹੈ ਤਾਂ ਚਿੰਨ੍ਹ ਦੀ ਲੰਬਾਈ ਨੌਂ ਇੰਚ ਦੀ ਬਜਾਏ ਇੱਕ-ਡੇਢ ਇੰਚ ਕਿਉਂ ਨਹੀਂ ਰੱਖੀ ਜਾ ਸਕਦੀ? ਇਸ ਨੂੰ ਨਿੱਕੇ ਜਿਹੇ ਕਰਾਸ ਵਾਂਗ ਗਲ਼ ਉਦਾਲ਼ੇ ਕਿਉਂ ਨਹੀਂ ਪਹਿਨਿਆ ਜਾ ਸਕਦਾ? ਅਗਰ ਸਿੱਖਾਂ ਦੇ ਤਖ਼ਤਾਂ ਦੇ ਜਥੇਦਾਰ, ਪ੍ਰਚਾਰਕ ਤੇ ਗ੍ਰੰਥੀ ਦਿੱਲੀ ਤੋਂ ਟੋਰਾਂਟੋ ਤੀਕ 18-20 ਘੰਟੇ, ਕਿਰਪਾਨਾਂ ਉਤਾਰ ਕੇ, ਜਹਾਜ਼ ਵਿਚ ਬੈਠ ਸਕਦੇ ਨੇ ਤਾਂ ਸਕਿਉਰਿਟੀ ਦੇ ਨਿਯਮਾਂ ਦਾ ਆਦਰ ਕਰਦਿਆਂ, ਬਾਕੀ ਸਿੱਖ ਦੋ ਚਾਰ ਘੰਟੇ ਲਈ ਕਿਰਪਾਨ ਕਿਉਂ ਨਹੀਂ ਉਤਾਰ ਸਕਦੇ? ਬਾਕੀ ਧਰਮਾਂ-ਕ੍ਰਿਸਚਨ, ਬੋਧੀ, ਜੈਨੀ, ਯਹੂਦੀ, ਹਿੰਦੂ, ਪਾਰਸੀ ਆਦਿ ਦਾ ਕੈਨੇਡੀਅਨ ਕਾਨੂੰਨਾਂ ਅਤੇ ਰਵਾਇਤਾਂ ਨਾਲ ਕਦੇ ਟਕਰਾਓ ਨਹੀਂ ਹੁੰਦਾ ਪਰ ਸਿੱਖ ਤੇ ਮੁਸਲਿਮ ਹੀ ਵਾਰ-ਵਾਰ ਖ਼ਾਸ ਰਿਆਇਤਾਂ ਕਿਉਂ ਮੰਗਦੇ ਹਨ? (ਵਰਨਣਯੋਗ ਹੈ ਕਿ ਵਿਨੀਪੈਗ 'ਚ ਬੀਤੇ ਮਹੀਨੇ ਇੰਮੀਗਰਾਂਟ ਬਣ ਕੇ ਆਏ ਦੋ ਦਰਜਨ ਮੁਸਲਿਮ ਪਰਿਵਾਰਾਂ ਨੇ ਸਕੂਲ ਬੋਰਡ ਨੂੰ ਕਿਹਾ ਕਿ ਉਨ੍ਹਾਂ ਦੇ ਬੱਚਿਆਂ ਨੂੰ ਕੋਐਜੂਕੇਸ਼ਨ ਵਿਚ ਨਾ ਲਾਇਆ ਜਾਵੇ ਯਾਨਿ ਉਨ੍ਹਾਂ ਦੇ ਬੱਚਿਆਂ ਲਈ ਕੁੜੀਆਂ ਤੇ ਮੁੰਡਿਆਂ ਲਈ ਵੱਖਰੇ ਸਕੂਲਾਂ ਦਾ ਪ੍ਰਬੰਧ ਕੀਤਾ ਜਾਵੇ! ਅਤੇ ਉਨ੍ਹਾਂ ਨੂੰ ਸੰਗੀਤ ਅਤੇ ਸਿਹਤ-ਸਿੱਖਿਆ ਦੇ ਮਜ਼ਮੂਨਾਂ ਤੋਂ ਛੋਟ ਦਿੱਤੀ ਜਾਵੇ! 21ਵੀਂ ਸਦੀ 'ਚ ਅਜਿਹੀਆਂ "ਬੇਹੂਦਾ" ਮੰਗਾਂ ਨੂੰ ਕੈਨੇਡੀਅਨ ਲੋਕ ਕਿੰਨੀਆਂ ਕੁ ਜਾਇਜ਼ ਸਮਝਣਗੇ?

ਟੋਰਾਂਟੋ 'ਚ ਹੈਲਮਟ ਤੋਂ ਬਿਨਾਂ ਮੋਟਰਸਾਈਕਲ ਚਲਾਉਣ ਦੀ ਜ਼ਿਦ ਕਰਨ ਵਾਲੇ ਸਾਡੇ ਇੱਕ ਸਿੱਖ ਭਰਾ ਨੇ ਗੋਰਿਆਂ ਦੇ ਰੇਡੀਓ, ਟੀ ਵੀ ਅਤੇ ਅਖ਼ਬਾਰਾਂ ਰਾਹੀਂ 'ਉਜੱਡ', 'ਅਹਿਮਕ', 'ਮੂਰਖ਼' 'ਬੇਦਲੀਲੇ' ਤੇ ਹੋਰ ਕੁਨਾਂਵ ਸਾਡੀ ਝੋਲ਼ੀ 'ਚ ਪੁਆਉਣ ਤੋਂ ਸਿਵਾਏ ਸਾਡਾ ਕੀ ਸੰਵਾਰਿਆ? ਇਸੇ ਤਰ੍ਹਾਂ ਕੰਸਟਰਕਸ਼ਨ ਵਾਲੀਆਂ ਥਾਂਵਾਂ 'ਤੇ ਹਾਰਡ-ਹੈਟ ਨਾ ਪਹਿਨਣ ਦੀ ਅੜੀ ਨਾਲ ਕੈਨੇਡੀਅਨ ਲੋਕਾਂ ਦੇ ਮਨਾਂ 'ਚ ਸਾਡੇ ਪ੍ਰਤੀ ਵੱਡੇ ਸ਼ੰਕੇ ਖੜ੍ਹੇ ਹੋ ਗਏ।

ਸਾਨੂੰ ਕੈਨੇਡੀਅਨ ਕਾਨੂੰਨਾਂ ਅਤੇ ਸਰਕਾਰਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਫ਼ਰਾਂਸ ਵਾਂਗ ਦਸਤਾਰ 'ਤੇ ਪਾਬੰਦੀ ਨਹੀਂ ਲਾਈ ਅਤੇ ਸੁਪਰੀਮ ਕੋਰਟ ਨੇ ਇੱਕ ਖ਼ਾਸ ਲੰਬਾਈ ਵਾਲੀ ਕਿਰਪਾਨ ਕੁਝ ਸ਼ਰਤਾਂ ਅਧੀਨ, ਸਕੂਲਾਂ ਵਿਚ ਪਹਿਨਣ ਦੀ ਖੁਲ੍ਹਦਿਲੀ ਦਿਖਾਈ ਹੈ। ਅਮਰੀਕਾ ਦੀ ਮਿਸ਼ੀਗਨ ਸਟੇਟ ਨੇ ਸਵਾ ਦੋ ਇੰਚ ਬਲੇਡ ਵਾਲ਼ੀ ਕਿਰਪਾਨ ਸਕੂਲਾਂ 'ਚ ਪਹਿਨਣ ਦੀ ਇਜਾਜ਼ਤ ਦੇ ਦਿੱਤੀ ਹੈ ਬਸ਼ਰਤੇ ਕਿ ਕਿਰਪਾਨ ਦਾ ਬਲੇਡ ਮਿਆਨ ਅੰਦਰ ਏਸ ਤਰੀਕੇ ਨਾਲ ਸਿਓਂ ਕੇ ਜੋੜਿਆ ਹੋਇਆ ਹੋਵੇ ਕਿ ਇਸ ਨੂੰ ਖਿੱਚ ਕੇ ਬਾਹਰ ਨਾ ਕੱਢਿਆ ਜਾ ਸਕੇ ਅਤੇ ਇਸ ਨੂੰ ਕੱਪੜਿਆਂ ਦੇ ਹੇਠੋਂ ਦੀ ਪਹਿਨਿਆ ਜਾਵੇ। ਕੈਨੇਡਾ ਦੀ ਖੁਲ੍ਹਦਿਲੀ ਹੈ ਕਿ ਅਦਾਲਤਾਂ 'ਚ ਦੇਸ਼ ਦੇ ਸਾਢੇ ਤਿੰਨ ਕਰੋੜ ਲੋਕਾਂ ਨੂੰ ਆਪਣਾ ਸਿਰ ਨੰਗਾ ਕਰ ਕੇ ਬੈਠਣ ਦਾ ਹੁਕਮ ਹੈ ਲੇਕਿਨ ਪੰਜ ਲੱਖ ਵਿਚੋਂ ਕੁਝ ਕੁ ਹਜ਼ਾਰ ਦਸਤਾਰਧਾਰੀ ਸਿੱਖਾਂ ਨੂੰ ਇਸ ਹੁਕਮ ਤੋਂ ਛੋਟ ਹੈ।

ਅੱਜ ਦੇ ਸੰਸਾਰ ਵਿਚ ਹੋਈ ਵੱਡੇ ਪਰਵਾਸ ਕਾਰਨ ਵੱਖ-ਵੱਖ ਧਰਮਾਂ, ਬੋਲੀਆਂ ਅਤੇ ਸਭਿਆਚਾਰਾਂ ਦੇ ਲੋਕਾਂ ਨੂੰ ਇੱਕ-ਦੂਜੇ ਨਾਲ ਰਹਿਣਾ ਪੈਂਦਾ ਹੈ, ਇਸ ਲਈ ਸੰਪੂਰਨ ਅਲਹਿਦਗੀ ਚੱਲ ਨਹੀਂ ਸਕਣੀ; ਧਾਰਮਿਕ ਕੱਟੜਤਾ ਪ੍ਰਵਾਨ ਨਹੀਂ ਹੋਣੀ। ਅਗਰ ਲੋਕਾਂ ਨੇ ਆਪਣੇ ਵਿਚਾਰਾਂ, ਅਕੀਦਿਆਂ ਅਤੇ ਕਦਰਾਂ-ਕੀਮਤਾਂ 'ਚ ਲਚਕ ਨਾ ਵਿਖਾਈ ਤਾਂ ਟਕਰਾਅ ਦੀ ਸਥਿਤੀ ਬਣੀ ਰਹਿਣੀ ਹੈ। ਕੁਝ ਵਰ੍ਹੇ ਪਹਿਲਾਂ ਹੋਏ ਇੱਕ ਸਰਵੇ ਵਿਚ ਬਹੁਤੇ ਕੈਨੇਡੀਅਨ ਲੋਕਾਂ ਨੇ ਮੁਸਲਮਾਨਾਂ ਅਤੇ ਸਿੱਖਾਂ ਨੂੰ ਉਨ੍ਹਾਂ ਲੋਕਾਂ ਵਿਚ ਸ਼ਾਮਲ ਕੀਤਾ ਸੀ ਜਿਨ੍ਹਾਂ ਨੂੰ ਉਹ ਪਸੰਦ ਨਹੀਂ ਕਰਦੇ। ਇਹ ਲੋਕ ਸਿੱਖਾਂ ਤੇ ਮੁਸਲਮਾਨਾਂ ਨੂੰ ਅਤਿਵਾਦ ਨਾਲ ਜੋੜਦੇ ਨੇ।

ਹਾਲੈਂਡ ਅਤੇ ਡੈਨਮਾਰਕ ਨੇ ਦੋ ਦਹਾਕੇ ਪਹਿਲਾਂ ਕੈਨੇਡਾ ਵਾਂਗ ਹੀ ਵਿਦੇਸ਼ੀਆਂ ਨੂੰ ਬਾਹਾਂ ਖੋਲ੍ਹ ਕੇ ਜੀ ਆਇਆਂ ਆਖਿਆ ਸੀ। ਉਨ੍ਹਾਂ ਵਿਦੇਸ਼ੀਆਂ ਨੂੰ ਵੈਲਫੇਅਰ ਦਿੱਤੀ, ਭਾਸ਼ਾ ਦੀਆਂ ਕਲਾਸਾਂ ਅਤੇ ਹਰ ਯੋਗ ਸਹੂਲਤ ਦਿੱਤੀ। ਲੇਕਿਨ ਇਨ੍ਹਾਂ ਦੇਸ਼ਾਂ ਵਿਚ ਮੁੱਠੀਭਰ ਬੜਬੋਲੇ ਕੱਟੜਪੰਥੀ ਮੁਸਲਮਾਨਾਂ ਨੇ ਇਨ੍ਹਾਂ ਮੁਲਕਾਂ ਦੇ ਕਾਇਦੇ-ਕਾਨੂਨਾਂ ਵਿਚ ਆਪਣੀ ਸ਼ਰੀਅਤ ਮੁਤਾਬਿਕ ਤਬਦੀਲੀਆਂ ਦੀ 'ਨਾਜਾਇਜ਼' ਮੰਗ ਕਰਨੀ ਸ਼ੁਰੂ ਕਰ ਦਿੱਤੀ, ਵੈਲਫ਼ੇਅਰ ਦੇ ਜਾਅਲੀ ਕਲੇਮ ਲੈ-ਲੈ ਕੇ ਵੈਲਫੇਅਰ ਸਿਸਟਮ ਦਾ ਦੀਵਾਲਾ ਕੱਢ ਦਿੱਤਾ, ਬੁਰਕੇ ਪਹਿਨਣ ਦੀ ਜ਼ਿਦ ਕੀਤੀ, ਮੁਸਲਮਾਨਾਂ ਲਈ ਵੱਖਰੇ ਸਕੂਲਾਂ ਦੀ ਮੰਗ ਕੀਤੀ ਅਤੇ ਹੋਰ ਅਜੀਬ ਕਿਸਮ ਦੀਆਂ ਹਰਕਤਾਂ ਸ਼ੁਰੂ ਕਰ ਦਿੱਤੀਆਂ ਜਿਹੜੀਆਂ ਇਨ੍ਹਾਂ ਮੁਲਕਾਂ ਦੇ ਲੋਕਾਂ ਤੇ ਸਰਕਾਰਾਂ ਨੂੰ ਖ਼ਫ਼ਾ ਕਰਨ ਲੱਗ ਪਈਆਂ। ਨਤੀਜਾ ਇਹ ਹੋਇਆ ਕਿ ਦੋ-ਤਿੰਨ ਦਹਾਕੇ ਪਹਿਲਾਂ ਜੀ-ਆਇਆਂ ਕਹਿਣ ਵਾਲੇ ਉਹੀ ਉਦਾਰ-ਚਿੱਤ ਲੋਕ, ਮੁਸਲਮਾਨਾਂ ਨੂੰ ਨਫ਼ਰਤੀ ਨਜ਼ਰਾਂ ਨਾਲ ਦੇਖਣ ਲੱਗ ਪਏ। ਮੁਸਲਮਾਨਾਂ 'ਤੇ ਖ਼ਫ਼ਾ ਹੋਏ ਇਨ੍ਹਾਂ ਲੋਕਾਂ ਨੇ ਬੀਤੇ ਸਾਲ ਨਰਮ-ਨੀਤੀ ਵਾਲ਼ੀਆਂ ਲਿਬਰਲ ਸਰਕਾਰਾਂ ਨੂੰ ਹਰਾ ਕੇ, ਉਨ੍ਹਾਂ ਪਾਰਟੀਆਂ ਨੂੰ ਜਿਤਾ ਦਿੱਤਾ ਜੋ ਪਰਵਾਸੀਆਂ ਅਤੇ ਖ਼ਾਸ ਕਰ ਮੁਸਲਮਾਨਾਂ ਦੇ ਖ਼ਿਲਾਫ਼ ਖੁਲ੍ਹ ਕੇ ਭੜਾਸ ਕਢਦੀਆਂ ਸਨ। ਅੱਜ ਹਾਲਾਤ ਇਹ ਹਨ ਕਿ ਇਹ ਦੋਹੇਂ ਦੇਸ਼ ਮਸੀਤਾਂ ਉਤੇ ਪਾਬੰਦੀਆਂ ਲਾ ਰਹੇ ਹਨ।

ਇਹ ਹਾਲਾਤ ਦੇਖ ਕੇ ਸਾਨੂੰ ਸਿੱਖਾਂ ਨੂੰ ਆਪਣੇ ਵਿਹਾਰ ਵਿਚ ਇਨਕਲਾਬੀ ਤਬਦੀਲੀਆਂ ਕਰ ਲੈਣੀਆਂ ਚਾਹੀਦੀਆਂ ਹਨ ਤਾਂ ਕਿ ਕੈਨੇਡਾ ਦੇ 98% ਗੈਰ-ਸਿੱਖ ਲੋਕ ਕਿਧਰੇ ਮੁਸਲਮਾਨਾਂ ਵਾਂਗ ਸਾਨੂੰ ਅਲੱਗ-ਥਲੱਗ ਨਾ ਕਰ ਸੁੱਟਣ। ਅਗਰ ਹਾਲੈਂਡ ਤੇ ਡੈਨਮਾਰਕ ਦੇ ਬਾਸ਼ਿੰਦੇ ਨਰਮ-ਚਿੱਤ ਪਾਰਟੀਆਂ ਨੂੰ ਦੁਰਕਾਰ ਕੇ, ਪਿਛਾਂਹ-ਖਿੱਚੂ ਨਸਲਵਾਦੀ ਪਾਰਟੀਆਂ ਮਗਰ ਲੱਗ ਸਕਦੇ ਹਨ ਤਾਂ ਇਹੀ ਵਰਤਾਰਾ ਕੈਨੇਡਾ ਵਿਚ ਵੀ ਦੁਹਰਾਇਆ ਜਾ ਸਕਦਾ ਹੈ। ਇਹ ਕੋਈ ਅਤਿਕਥਨੀ ਨਹੀਂ ਕਿ ਪਰਵਾਸੀਆਂ ਦੀਆਂ ਅਜੀਬੋ-ਗ਼ਰੀਬ ਮੰਗਾਂ ਤੋਂ ਖ਼ਫ਼ਾ ਹੋ ਕੇ, ਕੈਨੇਡਾ ਦੇ ਨਸਲਵਾਦੀ ਬਾਸ਼ਿੰਦੇ, ਡੈਨਮਾਰਕ ਅਤੇ ਹਾਲੈਂਡ ਵਾਂਗ ਹੀ, ਲਿਬਰਲਾਂ, ਟੋਰੀਆਂ ਅਤੇ ਡੈਮੋਕਰੈਟਾਂ ਦੇ ਟਾਕਰੇ, ਇੱਕ ਦਿਨ ਕੋਈ ਅਤਿ ਦੀ ਨਸਲਵਾਦੀ ਪਾਰਟੀ ਖੜ੍ਹੀ ਕਰ ਕੇ ਉਸ ਨੂੰ ਸਰਕਾਰ ਸੌਂਪ ਦੇਣ। ਇਸ ਗੱਲੋਂ ਸੁਚੇਤ ਹੋਣਾ ਚਾਹੀਦਾ ਹੈ ਕਿ ਗੱਲ-ਗੱਲ ਉਤੇ ਕੈਨੇਡੀਅਨ ਕਾਨੂੰਨਾਂ ਨਾਲ ਟੱਕਰਾਓ ਦੀ ਨੀਤੀ ਅਪਨਾ ਕੇ ਕਿਧਰੇ ਅਸੀਂ ਆਪਣੇ ਖ਼ਿਲਾਫ਼ ਨਸਲੀ ਨਫ਼ਰਤ ਨਾ ਭੜਕਾ ਬੈਠੀਏ।

ਇੱਕ ਹੋਰ ਗੱਲ, ਯੂਰਪ ਦੇ ਮੁਲਕਾਂ ਨੇ ਪਹਿਲਾਂ ਹੀ ਬਹੁਸਭਿਆਚਾਰਵਾਦ ਨੂੰ ਨਕਾਰਨਾ ਸ਼ੁਰੂ ਕਰ ਦਿੱਤਾ ਹੈ। ਜਰਮਨੀ ਦੀ ਚਾਂਸਲਰ ਤੇ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਨੇ ਸਾਫ਼ ਲਫ਼ਜ਼ਾਂ 'ਚ ਆਖ ਦਿੱਤੈ ਕਿ ਬਹੁਸਭਿਆਚਾਰਵਾਦ ਮਰ ਚੁੱਕਾ ਹੈ, ਫ਼ੇਲ੍ਹ ਹੋ ਚੁੱਕਾ ਹੈ (ਗਲੋਬ ਐਂਡ ਮੇਲ: 11 ਫ਼ਰਵਰੀ, 2011) ਤੇ ਉਨ੍ਹਾਂ ਦੀ ਰੀਸੇ ਹੀ ਹੁਣ ਕੈਨੇਡਾ ਵਿਚ ਵੀ ਇਹ ਆਵਾਜ਼ਾਂ ਉਠਣ ਲੱਗ ਪਈਆਂ ਨੇ ਕਿ 'ਬਾਹਰੋਂ' ਆਏ ਲੋਕ, ਕੈਨੇਡਾ ਦੇ ਕਾਇਦੇ-ਕਾਨੂੰਨਾਂ, ਕਦਰਾਂ-ਕੀਮਤਾਂ, ਕਲਚਰ ਅਤੇ ਰਵਾਇਤਾਂ ਨੂੰ ਤੋੜ-ਮਰੋੜ ਰਹੇ ਨੇ ਜਿਸ ਕਰ ਕੇ ਬਹੁਸਭਿਆਚਾਰਵਾਦ ਖ਼ਤਮ ਕਰ ਦੇਣਾ ਚਾਹੀਦਾ ਹੈ। 11 ਫ਼ਰਵਰੀ ਦੇ 'ਗਲੋਬ ਐਂਡ ਮੇਲ' ਦੀ ਵੈਬਸਾਈਟ 'ਤੇ ਛਪੀਆਂ ਦੋ ਹਜ਼ਾਰ ਤੋਂ ਵਧੇਰੇ ਟਿੱਪਣੀਆਂ 'ਚ ਬਹੁ-ਗਿਣਤੀ ਪਾਠਕਾਂ ਨੇ ਬਹੁਸਭਿਆਚਾਰਵਾਦ ਨੂੰ ਸਖ਼ਤ ਸ਼ਬਦਾਂ 'ਚ ਨਕਾਰਿਆ ਹੈ। ਅਸਟਰੇਲੀਆ ਦੇ ਪ੍ਰਧਾਨ ਮੰਤਰੀ ਕਈ ਵਾਰ ਦੁਹਰਾ ਚੁੱਕੇ ਹਨ ਕਿ ਜਿਨ੍ਹਾਂ ਵਿਦੇਸ਼ੀਆਂ ਨੂੰ ਅਸਟਰੇਲੀਅਨ ਕਾਨੂੰਨਾਂ 'ਚ ਰਹਿਣ ਵਿਚ ਔਖ ਆ ਰਹੀ ਹੈ, ਉਹ ਬੜੀ ਖ਼ੁਸ਼ੀ ਨਾਲ ਆਪਣੇ ਜੱਦੀ ਮੁਲਕਾਂ ਨੂੰ ਵਾਪਿਸ ਜਾ ਸਕਦੇ ਨੇ। ਫ਼ਰਾਂਸ ਨੇ ਹਰ ਕਿਸਮ ਦੇ ਧਾਰਮਿਕ ਚਿੰਨ੍ਹਾਂ ਨੂੰ ਜਨਤਕ ਥਾਂਵਾਂ 'ਤੇ ਪਹਿਨਣ ਉਪਰ ਪਾਬੰਦੀ ਲਾ ਦਿੱਤੀ ਹੈ ਜਿਸ ਕਾਰਨ ਸਕੂਲਾਂ 'ਚ ਦਸਤਾਰ ਉਪਰ ਪਾਬੰਦੀ ਲੱਗ ਗਈ ਹੈ। ਇਟਲੀ ਵਿਚ ਸਿੱਖਾਂ/ਪੰਜਾਬੀਆਂ ਉਪਰ ਨਸਲੀ ਹਮਲੇ ਸ਼ੁਰੂ ਹੋ ਗਏ ਹਨ। ਸਪੇਨ ਵਿਚ ਸਿੱਖਾਂ ਨੂੰ ਨਸਲੀ ਦੁਰਵਿਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਸਟਰੀਆ ਵਿਚ ਇੱਕ ਗੁਰਦਵਾਰੇ 'ਚ ਦਸਤਾਰਧਾਰੀ ਸਿੰਘਾਂ ਵੱਲੋਂ ਗੋਲੀਆਂ ਚਲਾ ਕੇ ਕੀਤੇ ਇੱਕ 'ਸੰਤ' ਦੇ ਕਤਲ ਤੋਂ ਬਾਅਦ, ਆਸਟਰੀਅਨ ਭਾਈਚਾਰਾ ਵੀ ਸਿੱਖਾਂ ਨੂੰ ਸ਼ੱਕੀ ਨਜ਼ਰਾਂ ਨਾਲ ਦੇਖਣ ਲੱਗ ਪਿਆ ਹੈ।

ਸਾਡੇ ਖ਼ਿਆਲ 'ਚ ਸਾਨੂੰ ਤੇ ਸਾਡੇ ਜਥੇਦਾਰਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਨੌਂ ਇੰਚੀ ਕਿਰਪਾਨ ਨੂੰ ਹਥਿਆਰ ਦੇ ਤੌਰ 'ਤੇ ਪਹਿਨਣ ਦੀ ਇਜਾਜ਼ਤ ਉਨ੍ਹਾਂ ਮੁਲਕਾਂ 'ਚ ਮਿਲਣੀ ਅਸੰਭਵ ਹੈ ਜਿੱਥੇ ਹਰ ਕਿਸਮ ਦੇ ਹਥਿਆਰ ਨੂੰ ਪਬਲਿਕ 'ਚ ਲਿਆਉਣ ਦੀ ਪਾਬੰਦੀ ਹੈ। ਨਾਲ ਹੀ ਜਿਨ੍ਹਾਂ ਸ਼ਰਤਾਂ ਅਧੀਨ ਕੈਨੇਡਾ ਦੀ ਸੁਪਰੀਮ ਕੋਰਟ ਨੇ ਕਿਰਪਾਨ ਪਹਿਨਣ ਦੀ ਇਜਾਜ਼ਤ ਦਿੱਤੀ ਹੈ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਉਸ ਉਤੇ ਹੀ ਸਬਰ ਕਰਨਾ ਚਾਹੀਦਾ ਹੈ।

# ਗੁਰਮਤਿ ਅਤੇ ਭਾਰਤੀ ਦਰਸ਼ਨ-6

**ਡਾ. ਗੁਰਨਾਮ ਕੌਰ**

ਲੇਖਕ ਨੇ ਅੱਗੇ ਕੁੱਝ ਨੁਕਤੇ ਦਸਮ ਗ੍ਰੰਥ ਅਤੇ ਗੁਰੂ ਗੋਬਿੰਦ ਸਿੰਘ ਦੇ ਸਬੰਧ ਵਿਚ ਪੇਸ਼ ਕੀਤੇ ਹਨ। ਇਥੇ ਹੁਣ ਤੱਕ ਦੀ ਚਰਚਾ ਦਾ ਵਿਸ਼ਾ ਬਣੇ ਇਨ੍ਹਾਂ ਖੋਜ ਲੇਖਾਂ ਦੇ ਲੇਖਕ ਵਿਦਵਾਨ ਦਾ ਨਾਮ ਦੱਸ ਦੇਣਾ ਮੈਂ ਜ਼ਰੂਰੀ ਸਮਝਦੀ ਹਾਂ ਕਿਉਂਕਿ ਜਥੇਦਾਰ ਦਰਸ਼ਨ ਸਿੰਘ ਰਾਗੀ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ) ਨੂੰ ਜਦੋਂ ਨਿਸ਼ਾਨਾ ਬਣਾਇਆ ਗਿਆ ਸੀ, ਉਦੋਂ ਉਨ੍ਹਾਂ ਨੇ ਇਸੇ ਵਿਦਵਾਨ ਦੀ ਪੁਸਤਕ ਦੇ ਹਵਾਲੇ ਨਾਲ ਗੱਲ ਕੀਤੀ ਸੀ ਪਰ ਹੁਕਮਨਾਮਾ ਜਾਰੀ ਕਰਨ ਵੇਲੇ ਜਿਥੋਂ ਹਵਾਲਾ ਦਿੱਤਾ ਗਿਆ ਸੀ, ਉਸ ਵੱਲ ਤਾਂ ਕਿਸੇ ਨੇ ਧਿਆਨ ਨਹੀਂ ਦਿੱਤਾ ਪਰ ਜਥੇਦਾਰ ਦਰਸ਼ਨ ਸਿੰਘ ਦੇ ਪਿੱਛੇ ਪੈ ਗਏ। ਇਨ੍ਹਾਂ ਲੇਖਾਂ ਦੇ ਲੇਖਕ ਡਾ. ਜੋਧ ਸਿੰਘ ਹਨ ਜੋ ਧਰਮ ਅਧਿਐਨ ਵਿਭਾਗ ਵਿਚੋਂ ਸੇਵਾ-ਮੁਕਤ ਹੋਣ ਉਪਰੰਤ 'ਸਿੱਖ ਇਨਸਾਈਕਲੋਪੀਡੀਆ' ਦੇ ਚੀਫ ਐਡੀਟਰ ਲਾਏ ਗਏ ਹਨ। ਕਈ ਵਾਰ ਇੱਕੋ ਨਾਂ ਹੋਣ ਕਰਕੇ ਉਨ੍ਹਾਂ ਨੂੰ ਸਿੱਖ ਜਗਤ ਦੇ ਟਕਸਾਲੀ ਵਿਦਵਾਨ ਸਵਰਗਵਾਸੀ ਡਾ. ਭਾਈ ਜੋਧ ਸਿੰਘ ਨਾਲ ਵੀ

## ਗੁਰਮਤਿ ਚਿੰਤਨ

ਰੱਲਗੱਡ ਕਰ ਲਿਆ ਜਾਂਦਾ ਹੈ।

ਲੇਖਕ ਨੇ ਪਹਿਲਾ ਨੁਕਤਾ ਪੇਸ਼ ਕੀਤਾ ਹੈ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਚਰਿਤ੍ਰ ਬਚਿਤ੍ਰ ਨਾਟਕ ਵਿਚ ਆਪਣੇ ਪੂਰਬਲੇ ਜਨਮ ਬਾਰੇ ਅਤੇ ਆਪਣੇ ਮਾਤਾ-ਪਿਤਾ ਦੀ ਤਪੱਸਿਆ ਦੇ ਬਾਰੇ ਸੰਖੇਪ ਰੂਪ ਵਿਚ ਸੰਕੇਤ ਦਿੱਤਾ ਹੈ। ਉਹ ਲਿਖਦੇ ਹਨ- 'ਅਬ ਮੈਂ ਅਪਨੀ ਕਥਾ ਬਖਾਨੋ॥ ਤਪ ਸਾਧਤ ਜਿਹ ਬਿਧ ਮੋਹਿ ਆਨੋ॥ ਹੇਮ ਕੁੰਟ ਪਰਬਤ ਹੈ ਜਹਾਂ॥ ਸਪਤ ਸ੍ਰਿੰਗ ਸੋਭਤ ਹੈ ਤਹਾਂ॥ ਇਹ ਬਿਧ ਕਰਤ ਤਪੱਸਯਾ ਭਯੋ॥ ਦਵੈ ਤੇ ਏਕ ਰੂਪ ਹਵੈ ਗਇਉ॥ ਤਾਤ ਮਾਤ ਮੁਰ ਅਲਖ ਅਰਾਧਾ॥ ਬਹੁ ਬਿਧ ਜੋਗ ਸਾਧਨਾ ਸਾਧਾ...' (ਦਸਮ ਗ੍ਰੰਥ, ਬਚਿਤ੍ਰਨਾਟਕ, 6.3)।" ਇਸ ਤੋਂ ਅੱਗੇ ਲੇਖਕ ਆਪ ਹੀ ਲਿਖਦਾ ਹੈ, "ਇੱਥੇ ਇਹ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਯੋਗ ਸਾਧਨਾ ਦੀ ਗੱਲ ਕਰਦੇ ਹਨ ਤਾਂ ਫਿਰ ਗੁਰੂ ਗਰੰਥ ਸਾਹਿਬ ਵਿਚ ਯੋਗਿਕ ਕ੍ਰਿਆਵਾਂ ਅਰਥਾਤ ਰੇਚਕ, ਪੂਰਕ, ਕੁੰਭਕ, ਮਹਾਂਬੰਧਾਂ ਜਾਂ ਖਟ-ਚਕਰਾਂ ਦੇ ਭੇਦਨ ਆਦਿ ਨੂੰ ਕਿਉਂ ਸਵੀਕਾਰ ਕੀਤਾ ਨਹੀਂ ਦਿਖਾਇਆ ਗਿਆ? ਧਿਆਨ ਨਾਲ ਵੇਖਣ 'ਤੇ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਸਿੱਖ ਧਰਮ ਇੱਕ ਪ੍ਰਵਿਰਤੀ ਮਾਰਗੀ ਜੀਵਨ ਢੰਗ ਹੈ ਜਿਸ ਵਿਚ ਜੀਵਨ ਦੀਆਂ ਕਠੋਰ ਸੱਚਾਈਆਂ ਅਤੇ ਸਮੱਸਿਆਵਾਂ ਨਾਲ ਜੂਝਣ ਦੀ ਗੱਲ ਕੀਤੀ ਗਈ ਹੈ। ਜੀਵਨ ਵਿਚ ਲੋਕ ਕਲਿਆਣ ਹਿਤ ਕ੍ਰਿਆਸ਼ੀਲ ਹੋਏ ਬਿਨਾ ਕੰਮ ਨਹੀਂ ਚਲ ਸਕਦਾ।"

ਵਿਦਵਾਨ ਲੇਖਕ ਦੇ ਉਪਰ ਦਿੱਤੇ ਵਿਚਾਰ ਤੋਂ ਜੋ ਮੈਨੂੰ ਸਮਝ ਆਇਆ ਹੈ, ਉਸ ਅਨੁਸਾਰ 'ਬਚਿਤਰ ਨਾਟਕ' ਬਾਰੇ ਗੱਲ ਕਰਨ ਤੋਂ ਪਹਿਲਾਂ ਲੇਖਕ ਵੱਲੋਂ ਆਪੇ ਕੀਤੇ ਪ੍ਰਸ਼ਨ ਦੀ ਗੱਲ ਕਰਨੀ ਚਾਹਾਂਗੀ। ਮੈਨੂੰ ਲੇਖਕ ਦਾ ਪ੍ਰਸ਼ਨ ਹੀ ਉਲਟਾ ਜਾਪਦਾ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਰਚਨਾ ਅਤੇ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਦੁਆਰਾ ਤਿਆਰ ਕੀਤਾ ਪਹਿਲਾ ਸੰਕਲਨ ਅਤੇ ਹਰਿਮੰਦਰ ਸਾਹਿਬ ਵਿਚ ਪਹਿਲਾ ਪ੍ਰਕਾਸ਼ ਗੁਰੂ ਗੋਬਿੰਦ ਸਿੰਘ ਦੇ ਜੋਤਿ-ਪ੍ਰਕਾਸ਼ਨ ਤੋਂ ਪਹਿਲਾਂ 1604 ਈਸਵੀ ਵਿਚ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਦਸਵੀਂ ਨਾਨਕ ਜੋਤਿ ਹਨ, ਆਖਰੀ ਅਤੇ ਦਸਵੀਂ ਸਰੀਰਕ ਗੁਰੂ ਜੋਤਿ। ਇਸ ਲਈ ਪ੍ਰਸ਼ਨ ਇਹ ਕਰਨਾ ਬਣਦਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਯੋਗਿਕ ਕ੍ਰਿਆਵਾਂ ਅਰਥਾਤ ਰੇਚਕ, ਪੂਰਕ, ਕੁੰਭਕ, ਮਹਾਂਬੰਧਾਂ ਜਾਂ ਖਟ-ਚਕਰਾਂ ਦੇ ਭੇਦਨ ਆਦਿ ਨੂੰ ਸਵੀਕਾਰ ਕੀਤਾ ਨਹੀਂ ਦਿਖਾਇਆ ਗਿਆ ਤਾਂ ਫਿਰ ਗੁਰੂ ਗੋਬਿੰਦ ਸਿੰਘ ਯੋਗ ਸਾਧਨਾ ਦੀ ਗੱਲ ਕਿਉਂ ਕਰਦੇ ਹਨ? ਜਦੋਂ ਪ੍ਰਸ਼ਨ ਹੀ ਤਾਰਕਿਕ ਤੌਰ 'ਤੇ ਗਲਤ ਹੈ ਫਿਰ ਉਸ ਦਾ ਉਤਰ ਕਿਵੇਂ ਸਹੀ ਹੋ ਸਕਦਾ ਹੈ? ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਦਸਾਂ ਹੀ ਗੁਰੂ ਸਾਹਿਬਾਨ ਵਿਚ ਇੱਕ ਹੀ ਨਾਨਕ-ਜੋਤਿ ਅਤੇ ਇੱਕ ਹੀ ਗੁਰੂ-ਜੁਗਤਿ ਪਰਵਾਨ ਕੀਤੀ ਗਈ ਹੈ:

ਲਹਣੇ ਦੀ ਫੇਰਾਈਐ
ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ॥
ਝੁਲੈ ਸੁ ਛਤੁ ਨਿਰੰਜਨੀ
ਮਲਿ ਤਖਤੁ ਬੈਠਾ ਗੁਰ ਹਟੀਐ॥
ਕਰਹਿ ਜਿ ਗੁਰ ਫੁਰਮਾਇਆ
ਸਿਲ ਜੋਗੁ ਅਲੂਣੀ ਚਟੀਐ॥ (ਪੰਨਾ 966)

ਗੁਰੂ ਨਾਨਕ ਦੇਵ ਵੱਲੋਂ ਜਦੋਂ ਭਾਈ ਲਹਿਣਾ ਨੂੰ ਗੁਰ-ਗੱਦੀ ਦੇ ਕੇ ਗੁਰੂ ਅੰਗਦ ਦੇਵ ਥਾਪਿਆ ਗਿਆ, ਉਸੇ ਸਬੰਧ ਵਿਚ ਸੱਤੇ ਅਤੇ ਬਲਵੰਡ ਨੇ ਇਹ ਵਾਰ ਰਚੀ ਹੈ ਕਿ ਗੁਰੂ ਨਾਨਕ ਦੇਵ ਦੀ ਵਡਿਆਈ ਦੀ ਧੁੰਮ ਨਾਲ ਬਾਬਾ ਲਹਿਣਾ ਦੀ ਵਡਿਆਈ ਦੀ ਧੁੰਮ ਵੀ ਪੈ ਗਈ ਕਿਉਂਕਿ ਉਨ੍ਹਾਂ ਵਿਚ ਵੀ ਉਹੀ ਰੱਬੀ ਜੋਤਿ ਜਗ ਰਹੀ ਸੀ ਜੋ ਗੁਰੂ ਨਾਨਕ ਦੇਵ ਵਿਚ ਸੀ। ਜੀਵਨ ਦੀ ਜੁਗਤਿ ਭਾਵ ਢੰਗ ਵੀ ਉਹੀ ਗੁਰੂ ਨਾਨਕ ਦੇਵ ਵਾਲਾ ਹੀ ਸੀ। ਗੁਰੂ ਨੇ ਸਿਰਫ ਸਰੀਰ ਹੀ ਵਟਾਇਆ ਸੀ। ਬਾਬਾ ਲਹਿਣਾ ਦੇ ਸਿਰ ਉਤੇ ਸੁੰਦਰ ਰੱਬੀ ਛਤਰ ਝੁੱਲ ਰਿਹਾ ਹੈ ਅਤੇ ਗੁਰੂ ਨਾਨਕ ਦੇਵ ਦੀ ਹੱਟੀ ਵਿਚ ਬਾਬਾ ਲਹਿਣਾ ਗੁਰੂ ਨਾਨਕ ਦੇਵ ਤੋਂ ਨਾਮ ਪਦਾਰਥ ਲੈ ਕੇ ਗੱਦੀ ਮੱਲ ਕੇ ਬੈਠਾ ਹੈ। ਬਾਬਾ ਲਹਿਣਾ ਗੁਰੂ ਨਾਨਕ ਦੇ ਫੁਰਮਾਏ ਹੋਏ ਹੁਕਮ ਨੂੰ ਹੀ ਪਾਲ ਰਹੇ ਹਨ। ਅਕਾਲ ਪੁਰਖ ਨਾਲ ਸੁਮੇਲ ਦੀ ਇਹ ਕਮਾਈ ਅਲੂਣੀ ਸਿਲ ਚੱਟਣ ਵਾਂਗ ਕਰੜੀ ਘਾਲ ਕਮਾਈ ਹੈ। ਅੱਗੇ ਹੋਰ ਸਪਸ਼ਟ ਕੀਤਾ ਹੈ:

ਨਾਨਕੁ ਕਾਇਆ ਪਲਟੁ ਕਰਿ
ਮਲਿ ਤਖਤੁ ਬੈਠਾ ਸੈ ਡਾਲੀ॥
ਦਰੁ ਸੇਵੈ ਉਮਤਿ ਖੜੀ
ਮਸਕਲੈ ਹੋਇ ਜੰਗਾਲੀ॥
ਦਰਿ ਦਰਵੇਸੁ ਖਸੰਮ ਦੈ
ਨਾਇ ਸਚੈ ਬਾਣੀ ਲਾਲੀ॥ (ਪੰਨਾ 967)।

ਇਥੇ ਸਿਰਫ ਇਹੀ ਨਹੀਂ ਦੱਸਿਆ ਕਿ ਸੈਂਕੜੇ ਸੇਵਕਾਂ ਵਾਲਾ ਗੁਰੂ ਨਾਨਕ ਸਰੀਰ ਵਟਾ ਕੇ ਗੁਰੂ ਅੰਗਦ ਦੇਵ ਦੇ ਸਰੂਪ ਵਿਚ ਗੱਦੀ ਸੰਭਾਲ ਕੇ ਬੈਠਾ ਹੋਇਆ ਹੈ ਅਤੇ ਸੰਗਤਿ ਪ੍ਰੇਮ ਨਾਲ ਸੇਵਾ ਕਰਕੇ ਆਪਣੀ ਆਤਮਾ ਨੂੰ ਪਵਿੱਤਰ ਕਰ ਰਿਹਾ ਹੈ ਜਿਵੇਂ ਮਸਕਲੇ ਨਾਲ ਜੰਗਾਲੀ ਹੋਈ ਧਾਤ ਸਾਫ਼ ਹੋ ਜਾਂਦੀ ਹੈ, ਸਰੀਰ ਬਦਲ ਗਿਆ ਹੈ ਪਰ ਰੱਬੀ ਜੋਤਿ ਉਹੀ ਹੈ। ਬਲਕਿ ਇਹ ਵੀ ਦੱਸਿਆ ਹੈ ਕਿ ਅਕਾਲ ਪੁਰਖ ਦੇ ਸੱਚੇ ਨਾਮ ਦੇ ਸਿਮਰਨ ਦੀ ਬਰਕਤ ਨਾਲ ਗੁਰੂ ਅੰਗਦ ਦੇਵ ਦੇ ਮੁੱਖੜੇ 'ਤੇ ਲਾਲੀ ਬਣੀ ਹੋਈ ਹੈ। ਅਸੀਂ ਕਹਿ ਸਕਦੇ ਹਾਂ ਕਿ ਇਹ ਨਾਮ ਸਿਮਰਨ ਗੁਰੂ ਜੁਗਤਿ ਦੀ ਬਰਕਤ ਹੈ ਜਿਸ ਨੂੰ ਕਿਸੇ ਯੋਗ-ਆਸਣ ਦੀ ਜ਼ਰੂਰਤ ਨਹੀਂ ਹੈ। ਫਿਰ ਗੁਰੂ ਗੋਬਿੰਦ ਸਿੰਘ ਜੋ ਮਨੁੱਖੀ ਸਰੀਰ ਦੇ ਰੂਪ ਵਿਚ ਆਖਰੀ ਨਾਨਕ ਜੋਤਿ ਹਨ, ਗੁਰੂ ਗ੍ਰੰਥ ਸਾਹਿਬ ਵਿਚ ਨੌਵੀਂ ਨਾਨਕ ਜੋਤਿ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਲ ਕਰਕੇ ਉਨ੍ਹਾਂ ਨੇ ਨਾ ਸਿਰਫ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ ਕੀਤਾ ਬਲਕਿ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਬਾਕਾਇਦਗੀ ਨਾਲ ਗੁਰ-ਜੁਗਤਿ ਅਤੇ ਗੁਰੂ ਪਰੰਪਰਾ ਅਨੁਸਾਰ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪੀ ਅਤੇ ਸਰਬ ਸਮਿਆਂ ਵਾਸਤੇ, 'ਗੁਰੂ ਮਾਨਿਓ ਗ੍ਰੰਥ' ਦਾ ਖਾਲਸਾ ਪੰਥ ਨੂੰ ਆਦੇਸ਼ ਕੀਤਾ। ਇਸ ਸਿਧਾਂਤ ਨੂੰ ਸਾਹਮਣੇ ਰੱਖਦਿਆਂ ਅਸੀਂ ਇਹ ਕਿਵੇਂ ਕਹਿ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਹਿਬ ਵਿਚ ਦਿੱਤੇ ਸਿਧਾਂਤਾਂ ਤੋਂ ਕੋਈ ਵੱਖਰਾ ਸਿਧਾਂਤ ਜਿਵੇਂ ਯੋਗ ਵਗੈਰਾ ਵਿਚ ਵਿਸ਼ਵਾਸ ਜਾਹਰ ਕੀਤਾ ਹੋਵੇਗਾ।

ਜਿਨ੍ਹਾਂ ਵਿਦਵਾਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਤੇ ਗੁਰਮਤਿ ਸਿਧਾਂਤਾਂ ਦਾ ਗਿਆਨ ਹੈ ਉਹ ਇਸ ਗੱਲ ਨਾਲ ਸਹਿਮਤ ਹੋਣਗੇ ਕਿ 'ਬਚਿਤਰ ਨਾਟਕ' ਵਰਗੀ ਰਚਨਾ ਨੂੰ ਧੱਕੇ ਨਾਲ ਤਾਂ ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜੋੜਿਆ ਜਾ ਸਕਦਾ ਹੈ ਪਰ ਸਿਧਾਂਤਕ ਤੌਰ 'ਤੇ ਪਰਖਿਆਂ ਇਸ ਰਚਨਾ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਣਾ ਬਹੁਤ ਮੁਸ਼ਕਿਲ ਹੈ। 'ਬਚਿਤਰ ਨਾਟਕ' ਨਾਮੀ ਪੂਰੀ ਰਚਨਾ ਦਾ ਅਧਿਐਨ ਇੱਕ ਵੱਖਰੇ ਅਤੇ ਵਿਸਤ੍ਰਿਤ ਲੇਖ ਦੀ ਮੰਗ ਕਰਦਾ ਹੈ ਕਿਉਂਕਿ ਇਸ ਰਚਨਾ ਵਿਚ ਸਿਧਾਂਤ ਤੋਂ ਇਲਾਵਾ ਤੱਥਾਂ ਦੇ ਰੂਪ ਵਿਚ ਵੀ ਬਹੁਤ ਕੁੱਝ ਸਹੀ ਨਹੀਂ ਹੈ ਪਰ ਇਥੇ ਅਸੀਂ ਫਿਲਹਾਲ ਲੇਖਕ ਵੱਲੋਂ ਹਵਾਲੇ ਵਜੋਂ ਦਿੱਤੀਆਂ ਅਤੇ ਕੁੱਝ ਹੋਰ ਮੁਢਲੀਆਂ ਪੰਕਤੀਆਂ ਦੀ ਹੀ ਗੱਲ ਕਰਾਂਗੇ। ਇਨ੍ਹਾਂ ਪੰਕਤੀਆਂ ਦਾ ਸਿੱਧਾ ਜਿਹਾ ਅਰਥ ਹੈ, "ਹੁਣ ਮੈਂ ਆਪਣੀ ਕਥਾ ਭਾਵ ਵਾਰਤਾ ਦਸਦਾ ਹਾਂ ਜਿਸ ਤਰ੍ਹਾਂ ਮੈਨੂੰ ਤਪੱਸਿਆ ਕਰਦੇ ਨੂੰ ਇੱਥੇ ਲਿਆਂਦਾ ਗਿਆ। ਜਿੱਥੇ ਹੇਮਕੁੰਡ ਪਰਬਤ ਹੈ, ਉਥੇ ਸਪਤ ਸ੍ਰਿੰਗ ਦਾ ਪਹਾੜ ਸੁਸ਼ੋਭਤ ਹੈ। ਜਿੱਥੇ (ਇਹ ਉਹ ਥਾਂ ਹੈ) ਪੰਡੂ ਰਾਜੇ ਨੇ ਯੋਗ ਸਾਧਨਾ ਕੀਤੀ ਸੀ, ਉਸ ਦਾ ਨਾਮ ਸਪਤ ਸ੍ਰਿੰਗ ਹੈ। ਉਥੇ ਅਸਾਂ ਵੀ ਤਪੱਸਿਆ ਕੀਤੀ, ਮਹਾਂਕਾਲ ਦੀ ਕਾਲਿਕਾ ਸ਼ਕਤੀ ਦੀ ਅਰਾਧਨਾ ਕੀਤੀ। ਮੈਂ ਤਪੱਸਿਆ ਕਰਦਿਆਂ ਇਸ ਤਰ੍ਹਾਂ ਹੋ ਗਿਆ ਕਿ ਦੋਹਾਂ ਤੋਂ ਇੱਕਰੂਪ ਹੋ ਗਿਆ। ਮੇਰੇ ਮਾਤਾ ਪਿਤਾ ਨੇ ਅਲੱਖ ਰੂਪ ਦੀ ਅਰਾਧਨਾ ਕੀਤੀ ਅਤੇ ਬਹੁਤ ਤਰ੍ਹਾਂ ਦੀ ਯੋਗ ਸਾਧਨਾ ਕੀਤੀ।" 'ਬਚਿਤਰ ਨਾਟਕ' ਦੀ ਕਥਾ ਅਨੁਸਾਰ ਪਰਮਾਤਮਾ ਨੇ ਤਪ ਸਾਧ ਰਹੇ ਗੁਰੂ ਗੋਬਿੰਦ ਸਿੰਘ ਨੂੰ ਬੁਲਾ ਕੇ ਕਿਹਾ, "ਜਦੋਂ ਪਹਿਲਾਂ ਅਸੀਂ ਸ੍ਰਿਸ਼ਟੀ ਰਚਨਾ ਕੀਤੀ ਤਾਂ ਦੁਖਦਾਈ, ਦੁਸਟ ਦੈਂਤਾਂ ਦੀ ਵੀ ਰਚਨਾ ਕਰ ਦਿੱਤੀ। ਉਹ ਮੂਰਖ ਆਪਣੀ ਸਰੀਰਕ ਤਾਕਤ ਦੇ ਕਾਰਨ ਹੰਕਾਰ ਵਿਚ ਪਾਗਲ ਹੋ ਗਏ ਅਤੇ ਪਰਮ ਪੁਰਖ ਨੂੰ ਪੂਜਣਾ ਹੀ ਭੁੱਲ ਗਏ। ਫਿਰ ਪਰਮਾਤਮਾ ਨੇ ਉਨ੍ਹਾਂ ਨੂੰ ਖਤਮ ਕਰਕੇ ਉਨ੍ਹਾਂ ਦੀ ਥਾਂ 'ਤੇ ਦੇਵਤਿਆਂ ਦੀ ਸਥਾਪਨਾ ਕੀਤੀ। ਉਹ ਵੀ ਸ਼ਕਤੀ ਦੀ ਪੂਜਾ ਵਿਚ ਏਨੇ ਉਲਝ ਗਏ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਹੀ ਪਰਮੇਸ਼ਰ ਕਹਾਉਣਾ ਸ਼ੁਰੂ ਕਰ ਦਿੱਤਾ। ਮਹਾਦੇਵ ਆਪਣੇ ਆਪ ਨੂੰ ਅਮਰ ਕਹਾਉਣ ਲੱਗ ਪਿਆ ਅਤੇ ਵਿਸ਼ਨੂੰ ਆਪਣੇ ਆਪ ਨੂੰ ਕਰਤਾ ਸਮਝਣ ਲੱਗ ਪਿਆ ਅਤੇ ਕਹਿੰਦਾ ਕਿ ਮੇਰੀ ਹੀ ਪੂਜਾ ਕਰੋ ਕਿਉਂਕਿ ਮੇਰੇ ਬਿਨਾਂ ਹੋਰ ਕੋਈ ਕਰਤਾ ਪੁਰਖ ਨਹੀਂ ਹੈ। ਬ੍ਰਹਮਾ ਨੇ ਆਪਣੇ ਆਪ ਨੂੰ ਪਾਰਬ੍ਰਹਮ ਐਲਾਨ ਕਰ ਦਿੱਤਾ। ਇਸ ਤਰ੍ਹਾਂ ਪਰਮਾਤਮਾ ਨੂੰ ਕਿਸੇ ਨੇ ਵੀ ਪਰਮਾਤਮਾ ਨਹੀਂ ਜਾਣਿਆ। ਫਿਰ ਪਰਮਾਤਮਾ ਨੇ ਅੱਠ ਸਾਖੀ ਬਣਾਏ ਅਤੇ ਉਨ੍ਹਾਂ ਨੂੰ ਜੀਵਾਂ ਦੇ ਕਰਮਾਂ ਦਾ ਹਿਸਾਬ-ਕਿਤਾਬ ਰੱਖਣ ਅਤੇ ਕਰਮਾਂ ਦੀ ਗਵਾਹੀ ਦੇਣ ਦਾ

> ***ਜਿਨ੍ਹਾਂ ਵਿਦਵਾਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਤੇ ਗੁਰਮਤਿ ਸਿਧਾਂਤਾਂ ਦਾ ਗਿਆਨ ਹੈ ਉਹ ਇਸ ਗੱਲ ਨਾਲ ਸਹਿਮਤ ਹੋਣਗੇ ਕਿ 'ਬਚਿਤਰ ਨਾਟਕ' ਵਰਗੀ ਰਚਨਾ ਨੂੰ ਧੱਕੇ ਨਾਲ ਤਾਂ ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜੋੜਿਆ ਜਾ ਸਕਦਾ ਹੈ ਪਰ ਸਿਧਾਂਤਕ ਤੌਰ 'ਤੇ ਪਰਖਿਆਂ ਇਸ ਰਚਨਾ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਣਾ ਬਹੁਤ ਮੁਸ਼ਕਿਲ ਹੈ। 'ਬਚਿਤਰ ਨਾਟਕ' ਨਾਮੀ ਪੂਰੀ ਰਚਨਾ ਦਾ ਅਧਿਐਨ ਇੱਕ ਵੱਖਰੇ ਅਤੇ ਵਿਸਤ੍ਰਿਤ ਲੇਖ ਦੀ ਮੰਗ ਕਰਦਾ ਹੈ ਕਿਉਂਕਿ ਇਸ ਰਚਨਾ ਵਿਚ ਸਿਧਾਂਤ ਤੋਂ ਇਲਾਵਾ ਤੱਥਾਂ ਦੇ ਰੂਪ ਵਿਚ ਵੀ ਬਹੁਤ ਕੁੱਝ ਸਹੀ ਨਹੀਂ ਹੈ।***

ਕੰਮ ਦਿੱਤਾ। ਉਨ੍ਹਾਂ ਨੇ ਵੀ ਆਪਣੇ ਆਪ ਦੀ ਪੂਜਾ ਕਰਵਾਉਣੀ ਸ਼ੁਰੂ ਕਰ ਦਿੱਤੀ। ਫਿਰ ਰਾਮਾਨੰਦ ਨੂੰ ਪੈਦਾ ਕੀਤਾ ਜਿਸ ਨੇ ਵੈਰਾਗੀ ਭੇਸ ਬਣਾ ਕੇ ਗਲ ਵਿਚ ਕਾਠ ਦੀ ਕੰਠੀ ਪਾ ਲਈ ਅਤੇ ਪਰਮਾਤਮਾ ਦੀ ਕਿਰਪਾ ਦਾ ਕੋਈ ਵਿਚਾਰ ਨਹੀਂ ਕੀਤਾ।

ਇਸ ਤਰ੍ਹਾਂ ਪਰਮਾਤਮਾ ਨੇ ਜੋ ਤਮਾਮ ਮਹਾਂਪੁਰਖ ਪੈਦਾ ਕੀਤੇ ਹਰ ਇੱਕ ਨੇ ਆਪਣਾ ਆਪਣਾ ਰਸਤਾ ਸ਼ੁਰੂ ਕਰ ਲਿਆ। ਫਿਰ ਪਰਮਾਤਮਾ ਨੇ ਮਹਾਂਦੀਨ ਭਾਵ ਹਜ਼ਰਤ ਮੁਹੰਮਦ ਨੂੰ ਪੈਦਾ ਕੀਤਾ ਅਤੇ ਅਰਬ ਦੇਸ਼ ਦਾ ਰਾਜਾ ਬਣਾਇਆ। ਉਸ ਨੇ ਵੀ ਇੱਕ ਮਜ਼ਹਬ ਪੈਦਾ ਕੀਤਾ ਅਤੇ ਸਭ ਦੀ ਸੁੰਨਤ ਕਰਨ ਦੀ ਪਰੰਪਰਾ ਬਣਾ ਦਿੱਤੀ। ਸਾਰਿਆਂ ਤੋਂ ਆਪਣਾ ਹੀ ਨਾਮ ਜਪਾਇਆ ਅਤੇ ਕਿਸੇ ਨੂੰ ਵੀ 'ਸਤਿਨਾਮ' ਭਾਵ ਕਰਤਾ ਪੁਰਖ ਦਾ ਨਾਮ ਦ੍ਰਿੜ ਨਹੀਂ ਕਰਵਾਇਆ। ਸਾਰੇ ਆਪਣੇ ਆਪਣੇ ਮੱਤਾਂ ਵਿਚ ਉਲਝ ਗਏ ਅਤੇ ਕਿਸੇ ਨੇ ਵੀ ਪਾਰਬ੍ਰਹਮ ਦੀ ਪਛਾਣ ਨਹੀਂ ਕੀਤੀ। ਇਸ ਤਰ੍ਹਾਂ ਮੈਨੂੰ ਤਪੱਸਿਆ ਕਰ ਰਹੇ ਨੂੰ ਬੁਲਾਇਆ ਅਤੇ ਇਹ ਕਹਿ ਕੇ ਦੁਨੀਆਂ 'ਤੇ ਭੇਜਿਆ। ਮੇਰੇ ਪਿਤਾ (ਨੌਵੀਂ ਨਾਨਕ ਜੋਤਿ ਗੁਰੂ ਤੇਗ ਬਹਾਦਰ) ਪੂਰਬ ਵੱਲ ਗਏ ਅਤੇ ਉਨ੍ਹਾਂ ਨੇ ਵੱਖ ਵੱਖ ਕਿਸਮ ਦੇ ਤੀਰਥਾਂ ਤੇ ਇਸ਼ਨਾਨ ਕੀਤਾ ਇਸ ਤਰ੍ਹਾਂ ਕਰਦੇ ਕਰਦੇ ਜਦੋਂ ਉਹ ਪ੍ਰਯਾਗਰਾਜ (ਤ੍ਰਿਬੇਣੀ) ਪਹੁੰਚੇ ਸਨ ਅਤੇ ਪੁੰਨ ਦਾਨ ਕਰਦਿਆਂ ਨੇ ਕਈ ਦਿਨ ਗੁਜ਼ਾਰ ਦਿੱਤੇ ਤਾਂ ਜਾ ਕੇ ਪਟਨਾ ਸ਼ਹਿਰ ਵਿਚ ਸਾਡਾ ਪ੍ਰਕਾਸ਼ (ਗੁਰੂ ਗੋਬਿੰਦ ਸਿੰਘ) ਹੋਇਆ।"

'ਬਚਿਤ੍ਰ ਨਾਟਕ' ਦੀਆਂ ਇਨ੍ਹਾਂ ਕੁੱਝ ਪੰਕਤੀਆਂ ਦਾ ਅਧਿਐਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਰੋਸ਼ਨੀ ਵਿਚ ਕਰਨ ਦੀ ਇਥੇ ਜ਼ਰੂਰਤ ਮਹਿਸੂਸ ਹੁੰਦੀ ਹੈ ਤਾਂ ਕਿ ਇਹ ਦੇਖਿਆ ਜਾ ਸਕੇ ਕਿ ਕੀ ਜਿਸ ਬਾਣੀ ਦੇ ਗੁਰੂ ਜੋਤਿ ਅਤੇ ਗੁਰੂ-ਜੁਗਤਿ ਦੇ ਗੁਰੂ ਗੋਬਿੰਦ ਸਿੰਘ ਵਾਰਿਸ-ਮਾਲਿਕ ਬਣੇ, ਕੀ ਉਨ੍ਹਾਂ ਦੇ ਨਾਮ ਨਾਲ ਇਸ ਕਿਰਤ ਨੂੰ ਲਾ ਸਕਣਾ ਸੰਭਵ ਹੈ? ਇਸ ਤੱਥ ਤੋਂ ਵੀ ਸਾਰਾ ਸਿੱਖ ਜਗਤ ਭਲੀਭਾਂਤ ਜਾਣੂ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ 'ਪਰਗਟਿ ਗੁਰਾਂ ਕੀ ਦੇਹਿ' ਕਿਹਾ ਹੈ। ਯੋਗ-ਤਪੱਸਿਆ ਬਾਰੇ ਪਹਿਲੇ ਲੇਖਾਂ ਵਿਚ ਵੀ ਕਾਫੀ ਚਰਚਾ ਹੋ ਚੁੱਕੀ ਹੈ। ਇਥੇ ਫਿਰ ਇਹ ਦੱਸ ਦੇਣਾ ਕੁਥਾਂ ਨਹੀਂ ਹੋਵੇਗਾ ਕਿ ਕਠਿਨ ਤਪ ਸਾਧਨਾ ਨੂੰ ਗੁਰਮਤਿ ਵਿਚ ਕੋਈ ਮਾਨਤਾ ਨਹੀਂ ਦਿੱਤੀ ਗਈ। ਗੁਰਮਤਿ ਮਾਰਗ ਨਾਮ ਸਿਮਰਨ ਅਤੇ ਸੇਵਾ ਦਾ ਮਾਰਗ ਹੈ। ਬਚਿੱਤਰ ਨਾਟਕ ਵਰਗੀ ਰਚਨਾ ਨੂੰ ਗੁਰੂ ਸਾਹਿਬ ਦੀ ਕਹਿਣ ਤੋਂ ਪਹਿਲਾਂ ਸਭ ਤੋਂ ਪਹਿਲੀ ਤੇ ਮਹੱਤਵਪੂਰਨ ਗੱਲ ਇਹ ਹੈ ਕਿ ਜਿਸ ਗੁਰੂ ਸਾਹਿਬ ਨੇ ਅੰਮ੍ਰਿਤ ਛਕਾ ਕੇ ਖਾਲਸਾ ਸਾਜਣ ਤੋਂ ਬਾਅਦ ਉਸ ਨੂੰ ਨਾਸ਼-ਮਾਡਲ ਦੇ ਕੇ ਇਹ ਆਦੇਸ਼ ਕੀਤਾ ਕਿ ਅੱਜ ਤੋਂ ਤੁਹਾਡੀ ਪਹਿਲੀ ਕੁਲ, ਜ਼ਾਤ ਅਤੇ ਧਰਮ ਨਾਸ਼ ਹੈ। ਅੱਜ ਤੋਂ ਤੁਹਾਡਾ ਜਨਮ ਅਨੰਦਪੁਰ ਸਾਹਿਬ ਦਾ ਹੈ, ਪਿਤਾ ਗੁਰੂ ਗੋਬਿੰਦ ਸਿੰਘ ਹਨ, ਮਾਤਾ ਸਾਹਿਬ ਕੌਰ ਹੈ, ਗੁਰੂ ਦਾ ਦੱਸਿਆ ਮਾਰਗ ਤੁਹਾਡਾ ਮਾਰਗ ਹੈ, ਖਾਲਸਾ ਪੰਥ ਤੁਹਾਡਾ ਭਾਈਚਾਰਾ ਹੈ। ਉਹ ਗੁਰੂ ਆਪਣੇ ਪਿਛਲੇ ਜਨਮ ਦੀ ਗੱਲ ਕਿਉਂ ਕਰਨਗੇ? ਜਦੋਂ ਖਾਲਸਾ ਪੰਥ ਨੂੰ ਅਗਵਾਈ 'ਸ਼ਬਦ ਗੁਰੂ' ਗੁਰੂ ਗ੍ਰੰਥ ਸਾਹਿਬ ਤੋਂ ਲੈਣ ਲਈ ਹੁਕਮ ਕੀਤਾ ਹੈ ਜਿਸ ਵਿਚ ਪੰਚਮ ਪਾਤਿਸ਼ਾਹ ਹਜ਼ੂਰ ਨੇ ਫੁਰਮਾਇਆ ਹੈ:

ਹਰਿ ਬਿਨੁ ਅਵਰ ਕ੍ਰਿਆ ਬਿਰਥੇ॥
ਜਪ ਤਪ ਸੰਜਮ ਕਰਮ ਕਮਾਣੇ
ਇਹਿ ਓਰੈ ਮੂਸੇ॥1॥ ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ
ਤਿਨ ਕਾ ਆਢੁ ਨ ਪਾਇਆ॥
ਆਗੈ ਚਲਣੁ ਅਉਰੁ ਹੈ ਭਾਈ
ਊਂਹਾ ਕਾਮਿ ਨ ਆਇਆ॥1॥
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ
ਆਗੈ ਠਉਰ ਨ ਪਾਵੈ॥
ਊਹਾ ਕਾਮਿ ਨ ਆਵੈ ਇਹ ਬਿਧਿ
ਓਹੁ ਲੋਗਨ ਹੀ ਪਤੀਆਵੈ॥2॥

ਇਥੇ ਸਪਸ਼ਟ ਕੀਤਾ ਹੈ ਕਿ ਜਪ, ਤਪ, ਸੰਜਮ, ਬਰਤ, ਨੇਮ, ਆਦਿ ਜਿੰਨੀਆਂ ਵੀ ਧਾਰਮਿਕ ਕਹੀਆਂ ਜਾਣ ਵਾਲੀਆਂ ਕ੍ਰਿਆਵਾਂ ਹਨ ਇਹ ਬੰਦੇ ਨੂੰ ਪਰਮਾਤਮਾ ਤੱਕ ਨਹੀਂ ਪਹੁੰਚਾਉਂਦੀਆਂ, ਇਹ ਸਭ ਤਾਂ ਉਰੇ ਹੀ ਰਹਿ ਜਾਂਦੀਆਂ ਹਨ। ਫਿਰ ਗੁਰੂ ਸਾਹਿਬ ਕਿਉਂ ਕਹਿਣਗੇ ਕਿ ਉਨ੍ਹਾਂ ਨੂੰ ਤਪ ਕਰਦਿਆਂ ਨੂੰ ਪਰਮਾਤਮਾ ਨੇ ਆਪਣੇ ਕੋਲ ਬੁਲਾਇਆ? ਅੱਗੇ ਕਿਹਾ ਹੈ ਕਿ ਉਨ੍ਹਾਂ ਦੇ ਪਿਤਾ (ਗੁਰੂ ਤੇਗ ਬਹਾਦਰ) ਤੀਰਥਾਂ 'ਤੇ ਗਏ, ਦਾਨ-ਪੁੰਨ ਕੀਤੇ, ਪਰਯਾਗਰਾਜ ਜਾ ਕੇ ਇਸ਼ਨਾਨ ਕੀਤਾ ਤਾਂ ਉਨ੍ਹਾਂ ਦਾ ਜਨਮ ਹੋਇਆ। ਤੀਰਥਾਂ 'ਤੇ ਇਸ਼ਨਾਨ ਕਰਨ ਬਾਰੇ ਗੁਰਬਾਣੀ ਵਿਚ ਕੀ ਆਦੇਸ਼ ਕੀਤਾ ਹੈ, ਇਹ ਵੀ ਉਪਰ ਦਿੱਤੀਆਂ ਪੰਕਤੀਆਂ ਤੋਂ ਸਪਸ਼ਟ ਹੋ ਗਿਆ ਹੈ। ਗੁਰੂ ਨਾਨਕ ਦੇਵ ਤੋਂ ਗੁਰੂ-ਪੀੜ੍ਹੀ ਸ਼ੁਰੂ ਹੋ ਕੇ ਗੁਰੂ ਗੋਬਿੰਦ ਸਿੰਘ ਤੱਕ ਪਹੁੰਚਦੀ ਹੈ ਜਿਸ ਵਿਚ ਇੱਕੋ ਹੀ ਦੈਵੀ ਜੋਤਿ, ਵਿਚਾਰਧਾਰਾ ਅਤੇ ਗੁਰੂ ਜੁਗਤਿ ਪੀੜ੍ਹੀ ਦਰ ਪੀੜ੍ਹੀ ਚਲਦੀ ਹੈ ਜਿਸ ਨੂੰ ਸੱਤੇ ਅਤੇ ਰਾਏ ਬਲਵੰਡਿ ਨੇ, ਜੋ ਗੁਰੂ ਅਰਜਨ ਦੇਵ ਦੇ ਸਮਕਾਲੀ ਸਨ, ਰਾਗ ਰਾਮਕਲੀ ਵਿਚ ਇਸ ਤਰ੍ਹਾਂ ਦੱਸਿਆ ਹੈ:

ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ॥
ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥6॥
...ਧੰਨੁ ਧੰਨੁ ਰਾਮਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ॥
...ਨਾਨਕੁ ਤੂ ਲਹਣਾ ਤੂਹੈ
ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥7॥
ਤਖਤਿ ਬੈਠਾ ਅਰਜਨ ਗੁਰੂ
ਸਤਿਗੁਰ ਕਾ ਖਿਵੈ ਚੰਦੋਆ॥
ਉਗਵਣਹੁ ਤੈ ਆਥਵਣਹੁ
ਚਹੁ ਚਕੀ ਕੀਅਨੁ ਲੋਆ॥

ਇਹ ਪੰਕਤੀਆਂ ਇਥੇ ਦੇਣ ਦਾ ਮਕਸਦ ਇਹੀ ਹੈ ਕਿ ਗੁਰੂ ਅੰਗਦ ਦੇਵ ਨੂੰ ਗੁਰੂ ਨਾਨਕ ਜੋਤਿ ਦਾ ਵਾਰਸ ਹੋਣ ਕਰਕੇ ਪੁੱਤਰ ਅਤੇ ਗੁਰੂ ਅਮਰਦਾਸ ਨੂੰ ਪੋਤਰਾ ਕਿਹਾ ਹੈ ਅਤੇ ਇਸੇ ਗੁਰੂ ਜੋਤਿ ਅਤੇ ਗੁਰੂ ਜੁਗਤਿ ਕਾਰਨ, 'ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ' ਕਿਹਾ ਹੈ। ਇਸੇ ਗੁਰੂ ਜੁਗਤਿ ਅਤੇ ਗੁਰੂ ਜੋਤਿ ਦੇ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਵਾਰਿਸ ਗੁਰੂ ਹਨ।

(ਚਲਦਾ....)

## ਸਿਆਣਿਆਂ ਦਾ ਕਿਹਾ

(1) ਪੰਜਾਬ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਜ਼ਰੂਰ ਆਉਣੀ ਚਾਹੀਦੀ ਹੈ। ਅੱਜ ਦੀ ਦੁਨੀਆਂ ਦੇ ਜਿਨ੍ਹਾਂ ਦੇਸ਼ਾਂ ਦੇ ਲੋਕਾਂ ਨਾਲ ਆਪਣਾ ਜ਼ਿਆਦਾ ਵਾਹ ਪੈਂਦਾ ਹੈ ਉਨ੍ਹਾਂ ਵਿਚ ਸਭ ਤੋਂ ਵੱਧ ਬੋਲੀ ਤੇ ਸਮਝੀ ਜਾਣ ਵਾਲੀ ਭਾਸ਼ਾ ਅੰਗਰੇਜ਼ੀ ਹੀ ਹੈ ਪਰ ਜੇ ਪੰਜਾਬੀ ਭੁੱਲ ਜਾਉਗੇ ਤਾਂ ਪੰਜਾਬ ਨਾਲੋਂ ਸਦਾ ਲਈ ਟੁੱਟ ਜਾਉਗੇ।

(2) ਉਚ ਇਮਤਿਹਾਨਾਂ ਵਿਚ ਸਫਲਤਾ ਦਾ ਮਤਲਬ ਹੈ-ਉਚੀ ਨੌਕਰੀ, ਉਚੀ ਕੁਰਸੀ, ਉਚਾ ਅਹੁਦਾ, ਅਫਸਰ ਭਾਵੇਂ ਕਿੰਨਾ ਵੱਡਾ ਹੋਵੇ, ਅਖੀਰ ਹੁੰਦਾ ਨੌਕਰ ਹੀ ਹੈ।

(3) ਸੇਵਾ ਦੇ ਸਿੱਖ-ਸੰਕਲਪ ਨੂੰ ਤਾਂ ਅਕਾਲੀ ਮਹਾਂਪੁਰਖਾਂ ਨੇ ਧੱਕ ਧਕਾ ਕੇ ਗੁਰਦੁਆਰਿਆਂ ਦੀਆਂ ਅਲਮਾਰੀਆਂ ਵਿਚ ਬੰਦ ਕਰ ਦਿੱਤਾ ਹੈ।

(4) ਅਣਵੰਡੇ ਪੰਜਾਬ ਵਿਚ ਸਿੱਖਾਂ ਦੀ ਆਬਾਦੀ ਮੁਸਲਮਾਨਾਂ ਤੇ ਹਿੰਦੂਆਂ ਤੋਂ ਘੱਟ ਸੀ ਪਰ ਪੜ੍ਹਿਆਂ-ਲਿਖਿਆਂ ਦੀ ਫੀਸਦੀ ਗਿਣਤੀ ਵਿਚ, ਸਿੱਖ ਸਭ ਤੋਂ ਅੱਗੇ ਸਨ।

(5) ਪੰਜਾਬ ਦੀ ਬਾਲ ਪਨੀਰੀ, ਪੰਜਾਬ ਦਾ ਸਭ ਤੋਂ ਕੀਮਤੀ ਸਰਮਾਇਆ ਹੈ। ਇਸ ਦੀ ਬਿਹਤਰੀ ਉਤੇ ਹੋਣ ਵਾਲੇ ਖਰਚ ਨੂੰ, ਪੰਜਾਬ ਦੇ ਬਿਹਤਰ ਭਵਿਖ ਦੀ ਉਸਾਰੀ ਵਿਚ ਲੱਗੀ ਪੂੰਜੀ ਮੰਨਣ ਦੀ ਲੋੜ ਹੈ।

(6) ਕਿਸੇ ਵੀ ਦੇਸ਼ ਜਾਂ ਕੌਮ ਦੀ ਸਿਹਤਮੰਦ ਉਸਾਰੀ ਲਈ ਬਾਲ ਸਿੱਖਿਆ ਇਕ ਬੇਹੱਦ ਸ਼ਕਤੀਸ਼ਾਲੀ ਸੰਦ ਹੈ।

(7) ਪੰਜਾਬ ਵਿਚ ਲੋਕਾਂ ਦੀ ਮੰਗ ਹੈ, ਬੱਚਿਆਂ ਦੀ ਸਿੱਖਿਆ ਮੁਫਤ ਹੋਣੀ ਚਾਹੀਦੀ ਹੈ ਪਰ ਸਰਕਾਰਾਂ ਫੀਸਾਂ ਵਧਾਈ ਜਾਂਦੀਆਂ ਨੇ।

(8) ਲੋਕ ਕਹਿੰਦੇ ਨੇ ਟੈਕਸਾਂ ਵਿਚ ਕਟੌਤੀ ਕਰੋ। ਸਰਕਾਰਾਂ ਹਰ ਸਾਲ ਟੈਕਸ ਵਧਾਉਂਦੀਆਂ ਹਨ।

(9) ਕਾਂਗਰਸ ਅਤੇ ਬੀ ਜੇ ਪੀ ਪੰਜਾਬ ਦੀਆਂ ਦਮਦਾਰ ਪਾਰਟੀਆਂ ਹਨ, ਇਹ ਦੋਵੇਂ ਪਾਰਟੀਆਂ ਪੰਜਾਬ, ਪੰਜਾਬੀ, ਪੰਜਾਬੀਅਤ ਦੇ ਹੱਕ ਵਿਚ ਕਦੀ ਵੀ ਸੰਘਰਸ਼ ਨਹੀਂ ਕਰ ਸਕਦੀਆਂ। ਇਹ ਦੋਵੇਂ ਪਾਰਟੀਆਂ ਪੰਜਾਬ ਨੂੰ ਲੁਟਣਾ ਤੇ ਕੁਟਣਾ ਜਾਰੀ ਰੱਖਣਾ ਚਾਹੁੰਦੀਆਂ ਹਨ।

(10) ਪੰਜਾਬ ਵਿਚ, ਮਾਂ ਬੋਲੀ ਵਿਕਾਸ ਦੀ ਗਤੀ ਨੂੰ ਤੇਜ਼ ਵੀ ਕਰਦੀ ਹੈ ਅਤੇ ਦਫਤਰਸ਼ਾਹੀ ਤੇ ਜਨਤਾ ਵਿਚਾਲੇ ਪਰਸਪਰ ਸਮਝ ਅਤੇ ਵਿਸ਼ਵਾਸ ਦਾ ਰਿਸ਼ਤਾ ਵੀ ਪੈਦਾ ਕਰਦੀ ਹੈ।

(11) ਸਿੱਖਿਆ ਨੂੰ ਗਰੀਬੀ ਦੂਰ ਕਰਨ ਦੇ ਸਾਧਨ ਵਜੋਂ ਵਰਤਣ ਲਈ ਜ਼ਰੂਰੀ ਹੈ ਕਿ ਪਹਿਲੋਂ ਸਿੱਖਿਆ ਦੀ ਆਪਣੀ ਗਰੀਬੀ ਦੂਰ ਕੀਤੀ ਜਾਵੇ।

(12) ਪੰਜਾਬ ਦੇ ਪੰਜਾਬੀ ਸਕੂਲਾਂ ਵਿਚ ਬਲੈਕ ਬੋਰਡ ਨਾ ਹੋਣ, ਟੀਚਰ ਵੀ ਨਾ ਹੋਣ ਤਾਂ ਸਾਡੇ ਬੱਚਿਆਂ ਦੀ ਮਾਤ ਭਾਸ਼ਾ ਦੇ ਵਿਕਾਸ ਦੀ ਗੱਲ 'ਤੇ ਪ੍ਰਸ਼ਨ ਚਿੰਨ੍ਹ ਲੱਗ ਜਾਣਾ ਜ਼ਰੂਰੀ ਹੈ।

(13) ਸਿੱਖਿਆ ਦੇ ਹਰ ਖੇਤਰ 'ਚ ਗੁਣਵੱਤਾ ਦਾ ਆਧਾਰ ਗੁਣਵਾਨ ਅਧਿਆਪਕ ਹੁੰਦੇ ਹਨ।

(14) ਜੇ ਪੰਜਾਬ ਵਿਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਵਰਗੀ ਓਪਰੀ ਜ਼ਬਾਨ ਹੀ ਪੜ੍ਹਾਉਣੀ ਸੀ ਤਾਂ ਫਿਰ ਪੰਜਾਬੀ ਸੂਬੇ ਦੀ ਮੰਗ ਖੜੀ ਕਰਨ ਦੀ ਕੀ ਲੋੜ ਸੀ?

(15) ਪੰਜਾਬੀ ਬੋਲੀ ਦੇ ਉਨ੍ਹਾਂ ਹਿਤੈਸ਼ੀਆਂ ਦੀਆਂ ਕੁਰਬਾਨੀਆਂ ਨੂੰ ਭੁੱਲਣਾ ਨਹੀਂ ਚਾਹੀਦਾ, ਜਿਨ੍ਹਾਂ ਨੇ 1966 ਤੱਕ ਪੰਜਾਬੀ ਸੂਬੇ ਦੀ ਮੰਗ ਕਰਦੀ ਲੋਕ ਲਹਿਰ ਵਿਚ ਭਾਗ ਲੈਂਦਿਆਂ ਮੋਰਚੇ ਲਾਏ, ਕੁੱਟਾਂ ਖਾਧੀਆਂ, ਮਰਨ ਵਰਤ ਰੱਖੇ ਅਤੇ ਜੇਲਾਂ ਕੱਟੀਆਂ।

(16) ਅੰਨ੍ਹਾ ਗੁਰੂ ਤੇ ਬਹਿਰਾ ਚੇਲਾ, ਦੋਨੋਂ ਨਰਕ ਮੇਂ ਠੇਲਮ-ਠੇਲਾ।

(17) ਪੰਜਾਬ ਵਿਚ ਰਹਿੰਦੇ ਹਿੰਦੂਆਂ, ਈਸਾਈਆਂ, ਮੁਸਲਮਾਨਾਂ, ਬੋਧੀਆਂ, ਜੈਨੀਆਂ, ਸਿੱਖਾਂ, ਰਾਜਪੂਤਾਂ, ਆਦਿ ਸਾਰਿਆਂ ਦੀ ਮਾਂ ਬੋਲੀ ਪੰਜਾਬੀ ਹੈ।

(18) ਵਿਦਿਅਕ ਮਸਲੇ ਅਫਸਰਾਂ ਤੇ ਸਿਆਸਤਦਾਨਾਂ ਨੇ ਨਹੀਂ ਬਲਕਿ ਵਿਦਵਾਨਾਂ ਨੇ ਗੰਭੀਰਤਾ-ਸਹਿਤ ਹੱਲ ਕਰਨੇ ਹੁੰਦੇ ਹਨ।

(19) ਦੁਨੀਆਂ ਦਾ ਕੋਈ ਵੀ ਇਨਸਾਫਪਸੰਦ ਸ਼ਖਸ, ਕੌਮੀ ਆਜ਼ਾਦੀ ਦੀ ਲੜਾਈ ਨੂੰ ਅਤਿਵਾਦ ਨਹੀਂ ਮੰਨ ਸਕਦਾ। ਹਥਿਆਰਾਂ ਤੇ ਫੌਜ ਦੇ ਜ਼ੋਰ ਨਾਲ ਕਿਸੇ ਦੀ ਆਜ਼ਾਦੀ ਨੂੰ ਕੁਚਲਣਾ ਹੀ ਅਸਲ ਵਿਚ ਅਤਿਵਾਦ ਹੈ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਕੀ ਕਹਿ ਕੇ ਬੁਲਾਵਾਂ ਤੈਨੂੰ ਕਿ ਤੂੰ ਮੇਰਾ ਕੀ ਲਗਦੈਂ...?

*ਉਨ੍ਹਾਂ ਮਰਦਾਂ ਨੇ ਲੰਬੀ ਉਮਰ ਨਹੀਂ ਭੋਗੀ ਜਿਨ੍ਹਾਂ ਦੀਆਂ ਪਤਨੀਆਂ ਛੇਤੀ ਤੁਰ ਗਈਆਂ ਕਿਉਂਕਿ ਨਿਰਭਰ ਜ਼ਿੰਦਗੀ ਜਿਉਣਾ ਔਖਾ ਹੁੰਦਾ ਹੈ ਅਤੇ ਇਕ ਸਬਰ ਦੀ ਘਾਟ ਆ ਜਾਂਦੀ ਹੈ। ਦੂਜੇ ਪਾਸੇ ਕਈ ਔਰਤਾਂ, ਵਿਧਵਾ ਤਾਂ ਭਰ ਜੋਬਨ ਵਿਚ ਹੋ ਗਈਆਂ, ਉਮਰ ਵੀ ਸੌ ਨੂੰ ਟੱਪੀ, ਤੇ ਕਿਸੇ ਨੂੰ ਆਪਣੇ ਵੱਲ ਉਂਗਲੀ ਕਰਨ ਦਾ ਮੌਕਾ ਵੀ ਨਹੀਂ ਦਿੱਤਾ ਕਿਉਂਕਿ ਔਲਾਦ ਨੂੰ ਵੇਖ ਕੇ ਸਬਰ ਅਤੇ ਸੰਤੋਖ ਕਰਨਾ ਸਿਰਫ਼ ਔਰਤ ਨੂੰ ਹੀ ਆਉਂਦਾ ਹੈ। ਹਾਂ! ਕਈ ਵਾਰ ਤਾਂ ਬਾਪ ਜੁਆਨ ਧੀ ਨੂੰ ਵਿਧਵਾ ਦੇਖ ਕੇ ਜਾਂ 'ਰੰਡੇਪਾ ਕਿਵੇਂ ਕੱਟੂ' ਕਹਿ ਕੇ ਦੂਜੀ ਡੋਲੀ ਨੂੰ ਮੌਲੀ ਦਾ ਧਾਗਾ ਤਾਂ ਬੰਨ੍ਹ ਦੇਂਦੇ ਹਨ ਪਰ ਉਹ ਵਿਚਾਰੀ ਸ਼ਾਇਦ ਅੰਦਰੋਂ ਕਹਿੰਦੀ ਹੋਵੇ 'ਮੇਰੇ ਵੱਸ ਨਾ ਰਾਂਝਣਾ ਵੇ, ਜ਼ੋਰ ਨਾਲ ਬੰਨ੍ਹ ਕੇ ਲਿਜਾਂਦੇ ਖੇੜੇ...।' ਨੂਰ ਮਹਿਲ ਦੀ ਸਰਾਂ ਵੀ ਮਸ਼ਹੂਰ ਹੈ ਪਰ ਅਮਰ ਸਿੰਘ ਸ਼ੌਂਕੀ ਦੇ ਗੀਤ 'ਦੋ ਤਾਰਾ ਵੱਜਦਾ ਵੇ, ਰਾਂਝਣਾ ਨੂਰ ਮਹਿਲ ਦੀ ਮੋਰੀ' ਦੇ ਅਰਥ ਸਾਰਿਆਂ ਨੇ ਆਪੋ-ਆਪਣੇ ਢੰਗ ਨਾਲ ਕੱਢੇ ਹਨ। ਹੁਣ ਬੰਦੇ ਬੁੱਢੇ ਤਾਂ ਹੁੰਦੇ ਹਨ ਪਰ ਸਿਆਣੇ ਘੱਟ ਬਣਦੇ ਹਨ। ਕਈ ਹੁੰਦੇ ਵੀ ਸਰੀਫ਼ ਹੀ ਨੇ, ਕੰਮ ਵੀ ਸਰੀਫਾਂ ਵਾਲੇ ਕਰਦੇ ਹਨ ਪਰ ਹਾਲਾਤ ਮਜਬੂਰੀ ਅਜਿਹੇ ਬਣ ਜਾਂਦੇ ਨੇ ਕਿ ਕਰਾਉਣ ਤਾਂ ਵਿਚਾਰਾ ਸਤਿਸੰਗ ਲੱਗਾ ਹੁੰਦਾ ਹੈ, ਪੈ ਛਿੰਝ ਜਾਂਦੀ ਹੈ। ਦੁਸ਼ਮਣਾਂ ਨਾਲ ਤਾਂ ਕਈ ਵਾਰ ਲੜਾਈ-ਝਗੜੇ ਮੁੱਕ ਜਾਂਦੇ ਹਨ ਪਰ ਆਪਣਿਆਂ ਨਾਲ ਪਿਆ ਕਲੇਸ਼ ਕਈ ਵਾਰ ਸਾਰੀ ਉਮਰ ਪਿੱਛਾ ਨਹੀਂ ਛੱਡਦਾ।*

ਜਿਨ੍ਹਾਂ ਨੇ ਵੀ ਵਿਆਹ ਮਾਂ-ਬਾਪ ਜਾਂ ਸਮਾਜ ਦੇ ਅਸੂਲਾਂ ਦੀ ਛਿੱਲ ਲਾਹ ਕੇ ਕਰਵਾਏ, ਉਨ੍ਹਾਂ ਨੂੰ ਦੇਰ ਬਾਅਦ ਪਤਾ ਲੱਗੂ ਕਿ ਆਪ-ਹੁਦਰੇਪਣ ਦਾ ਨੁਕਸਾਨ ਕਈ ਵਾਰ ਅਫ਼ਗਾਨਿਸਤਾਨ ਵਰਗਾ ਹੁੰਦਾ ਹੈ। ਬਰਾਤਾਂ ਦੇ ਬਰੰਗ ਮੁੜਨ ਦੀਆਂ ਖ਼ਬਰਾਂ ਤਾਂ ਸੁਣੀਆਂ ਸਨ, ਇਹ ਵੀ ਸੁਣਿਆ ਸੀ ਕਿ ਇਕ ਲਾੜੇ ਦੇ ਮੂੰਹ ਵਿਚ ਜਦੋਂ ਰੀਬਨ ਕਟਾਈ ਵੇਲੇ ਸਾਲੀਆਂ ਨੇ ਜਲੇਬੀ ਤੁੰਨੀ ਤਾਂ ਚੀਕਣੀ ਜਿਹੀ ਜਲੇਬੀ ਨਾਲ ਜਬਾੜਾ ਵੀ ਬਾਹਰ ਹੀ ਆ ਗਿਆ। ਫੇਰ ਪਤਾ ਲੱਗਾ ਕਿ ਲਾੜਾ ਨਹੀਂ, ਬੁੱਢਾ ਲਾਵਾਂ ਲੈਣ ਆਇਆ ਹੈ। ਵਿਆਹਾਂ ਵਿਚ ਅਜਿਹੀਆਂ ਸ਼ੈਤਾਨੀਆਂ ਦੀ ਵੰਨ-ਸੁਵੰਨਤਾ ਦਾ ਇਕ ਖੁਲਾਸਾ ਆਪਣੇ ਮੁਲਕ ਵਿਚ ਹੁਣੇ ਹੀ ਹੋਇਆ ਹੈ ਕਿ ਘਰੇ ਡੋਲੀ ਤਾਂ ਆ ਗਈ ਪਰ ਮੁਕਲਾਵਾ ਨਹੀਂ ਆਇਆ; ਯਾਨਿ ਸੂਰਜ, ਚੜ੍ਹਨ ਤੋਂ ਪਹਿਲਾਂ ਹੀ ਡੁੱਬ ਗਿਆ। ਜਿਸ ਦਿਨ ਤੇ ਰਾਤ ਦੀ ਜੁਆਨੀ ਵਿਚ ਸਾਰਿਆਂ ਨੂੰ ਗੋਡੇ-ਗੋਡੇ ਚਾਅ ਹੁੰਦਾ ਹੈ, ਉਸੇ ਦਿਨ ਹੀ ਦੋ ਪੰਚਾਇਤਾਂ ਨੇ ਤਲਾਕ ਦੀ ਇਬਾਰਤ 'ਤੇ ਅੰਗੂਠੇ ਲਗਾ ਦਿੱਤੇ। ਘੁਸਰ-ਮੁਸਰ ਵਿਚੋਂ ਪਤਾ ਲੱਗਾ ਸੀ ਕਿ 'ਤੂੰ ਮੇਰੀ ਮੈਂ ਤੇਰਾ' ਜਾਂ 'ਮੈਂ ਤੇਰੀ ਤੂੰ ਮੇਰਾ' ਵਾਲਾ ਦੋਹਾਂ ਵੱਲੋਂ ਭਰਿਆ ਪਹਿਲਾ ਪ੍ਰਫਾਰਮਾ ਇਕ ਦੂਜੇ ਦੇ ਹੱਥ ਲੱਗ ਗਿਆ ਸੀ।

ਜ਼ਰਾ ਸੋਚ ਕੇ ਵੇਖੋ ਜਨਮ ਵੇਲੇ ਬੱਚੇ ਦਾ ਨਾਂ ਬਾਅਦ ਵਿਚ ਰੱਖਿਆ ਜਾਂਦਾ ਹੈ, ਰਿਸ਼ਤੇ ਪਹਿਲਾਂ ਉਸਰ ਜਾਂਦੇ ਹਨ। ਇਹ ਕੀਹਦਾ ਪੋਤਾ ਹੈ, ਕੀਹਦਾ ਦੋਹਤਾ ਹੈ। ਇਵੇਂ ਮਾਂ-ਬਾਪ, ਚਾਚੇ-ਤਾਏ, ਮਾਮੇ-ਮਾਮੀਆਂ ਤੇ ਭੂਆ-ਫੁੱਫੜ ਰੈਡੀਮੇਡ ਹੀ ਸਾਹਮਣੇ ਆਣ ਖਲੋਂਦੇ ਹਨ। ਬੰਦਾ ਕਈ ਵਾਰ ਕਰਦਾ ਤਾਂ ਸਭ ਕੁਝ ਸੁਚੇਤ ਮਨ ਨਾਲ ਹੈ, ਪਰ ਅਚਨਚੇਤ ਵਾਪਰ ਇਹ ਜਾਂਦਾ ਹੈ ਕਿ ਘੁੰਮਣਘੇਰੀ ਦੇ ਕਲਾਵੇ ਵਿਚ ਘਿਰ ਕੇ ਮੱਥੇ 'ਤੇ ਹੱਥ ਮਾਰਨਾ ਪੈਂਦਾ ਹੈ ਕਿ ਹਾਏ ਰੱਬਾ! ਇਹ ਹੋ ਕੀ ਗਿਆ? ਲੂਣਾ ਜਿਹੜਾ ਰਿਸ਼ਤਾ ਪੂਰਨ ਨਾਲ ਬਣਾਉਣਾ ਚਾਹੁੰਦੀ ਸੀ, ਉਹ ਉਹਦੀ ਬਦਚਲਣੀ ਨਹੀਂ ਸੀ ਬਲਕਿ ਜੁਆਨੀ ਦੀ ਬਗ਼ਾਵਤ ਸੀ ਕਿ ਧੀਆਂ ਵਰਗੀਆਂ ਔਰਤਾਂ ਨੂੰ ਮਰਦ, ਪਤਨੀਆਂ ਬਣਾਉਣ ਵੱਲ ਕਿਉਂ ਤੁਰ ਰਿਹਾ ਹੈ? ਖੈਰ ਜਿਸ ਕਿਰਦਾਰ ਦੀ ਮੈਂ ਗੱਲ ਕਰਨ ਲੱਗਾ ਹਾਂ ਉਹ ਹੈ ਤਾਂ ਇੱਛਰਾਂ ਵਰਗਾ ਹੀ ਪਰ ਹਾਲਾਤ ਸ਼ਾਇਦ ਇਸ ਪਾਸੇ ਵੱਲ ਤੁਰ ਪੈਣ ਕਿ ਮਾਂਵਾਂ ਅਜਿਹਾ ਕਿਹੜੀ ਮਜਬੂਰੀ ਲਈ ਕਰ ਜਾਂਦੀਆਂ ਹਨ।

ਬਰਤਾਨੀਆ ਵਿਚ ਨੰਦ ਕਿਸ਼ੋਰ ਅਤੇ ਰੰਜਨਾ ਫੁੱਲਾਂ ਦੀ ਕਿਸੇ ਕੰਪਨੀ ਵਿਚ ਬੁੱਕੇ ਬਣਾਉਣ ਦਾ ਕੰਮ ਕਰਦੇ ਸਨ। ਪੰਜਾਹ ਕੁ ਬੰਦਿਆਂ ਦੀ ਇਸ ਕਾਰੋਬਾਰੀ ਕੰਪਨੀ ਵਿਚ ਅੱਧੀਆਂ ਕੁ ਔਰਤਾਂ ਕੰਮ ਕਰਦੀਆਂ ਸਨ ਪਰ ਰੰਜਨਾ ਇਨ੍ਹਾਂ ਵਿਚ ਖਾਸ ਇਸ ਕਰਕੇ ਸੀ ਕਿ ਉਹ ਫੁੱਲਾਂ ਤੋਂ ਵੀ ਸੋਹਣੀ ਸੀ। ਇਸੇ ਲਈ ਕਈ ਵਾਰ ਦੁਪਹਿਰ ਦੇ ਖਾਣੇ ਵੇਲੇ ਕੁਝ ਸੰਗੀ ਮਜ਼ਾਕ ਵਿਚ ਕਹਿ ਦਿੰਦੇ ਕਿ 'ਰੰਜਨਾ ਕਿਤੇ ਕੋਈ ਤੈਨੂੰ ਵੀ ਫੁੱਲਾਂ ਵਿਚ ਲਪੇਟ ਕੇ ਅੱਗੇ ਨਾ ਤੋਰ ਦੇਵੇ।' ਉਹ ਸ਼ਰਮ ਨਾਲ ਮੁਸਕਰਾ ਕੇ ਨੀਵੀਂ ਪਾ ਲੈਂਦੀ ਤੇ ਕੁਝ ਨਾ ਬੋਲਦੀ। ਸੁਨੱਖਾ ਤਾਂ ਨੰਦ ਕਿਸ਼ੋਰ ਵੀ ਸੀ, ਉਹਦੇ ਭੋਲੇਪਨ ਦੀ ਸੂਰਤ ਸਾਰਿਆਂ ਦੇ ਮਨਾਂ ਵਿਚ ਸਤਿਕਾਰ ਦੇ, ਪਿਆਰ ਦੇ ਦੀਵੇ ਬਾਲਦੀ ਰਹਿੰਦੀ ਸੀ। ਤੇ ਰੰਜਨਾ ਉਹਦੇ ਪਿੰਡਾਂ ਵੱਲ ਦੀ ਹੋਣ ਕਰਕੇ ਦੋਹਾਂ ਵਿਚ ਸਾਂਝ ਬੜੀ ਗੂੜ੍ਹੀ ਸੀ। ਪਿਆਰ ਸ਼ਾਇਦ ਭੈਣਾਂ-ਭਰਾਵਾਂ ਦਾ ਵੀ ਕਿਤੇ ਏਨਾ ਨਹੀਂ ਹੋਣਾ। ਦੋਵੇਂ ਵਿਆਹੇ ਵਰ੍ਹੇ ਸਨ ਅਤੇ ਹੌਲੀ-ਹੌਲੀ ਇਕ ਦੂਜੇ ਦੇ ਘਰ ਵੀ ਖਾਸ ਸਮਾਗਮਾਂ ਉਤੇ 'ਕੱਠੇ ਹੋ ਜਾਂਦੇ ਸਨ। ਰੰਜਨਾ ਦੇ ਪਤੀ ਵਿਸ਼ੰਭਰ ਨੂੰ ਅਤੇ ਨਾ ਨੰਦ ਦੀ ਪਤਨੀ ਆਗਿਆ ਨੂੰ ਉਨ੍ਹਾਂ ਦੀ ਇਸ ਸਾਂਝ ਨੇ ਕਦੇ ਸ਼ੱਕ ਦੀ ਚਿੰਤਾ ਲਾਈ ਸੀ।

ਅਚਾਨਕ ਫਿਰ ਕਈ ਦਿਨ ਰੰਜਨਾ ਕੰਮ 'ਤੇ ਨਾ ਆਈ। ਨੰਦ ਕਿਸ਼ੋਰ ਦਾ ਮਨ ਕੰਮ 'ਤੇ ਉਕਾ ਹੀ ਨਾ ਲਗਦਾ। ਇਕ ਦਿਨ ਆਥਣੇ ਆਪਣੀ ਪਤਨੀ ਆਗਿਆ ਨੂੰ ਲੈ ਕੇ ਜਦੋਂ ਰੰਜਨਾ ਦੇ ਘਰ ਗਿਆ ਤਾਂ ਉਹ ਵਿਰਤੇ ਵੜਦੇ ਨੰਦ ਦੇ ਗਲ ਲੱਗ ਕੇ ਧਾਹਾਂ ਮਾਰਨ ਲੱਗ ਪਈ। ਘਰ ਵਿਚ ਵਿਸ਼ੰਭਰ ਨਹੀਂ ਸੀ। ਬੱਸ, ਰੰਜਨਾ ਅਤੇ ਉਹਦਾ ਦਸ-ਗਿਆਰਾਂ ਸਾਲਾਂ ਦਾ ਪੁੱਤਰ ਅਸ਼ਵਨੀ ਸਨ। ਗਰੀਬ ਲੋਕ ਬਾਦਸ਼ਾਹ ਬਣਨ ਦੇ ਚੱਕਰ ਵਿਚ ਲਾਟਰੀਆਂ ਪਾਉਂਦੇ ਨੇ ਪਰ ਬਾਦਸ਼ਾਹ ਸੁੱਗੜ ਕੇ ਇਸ ਕਰਕੇ 'ਕੱਠੇ ਹੁੰਦੇ ਰਹਿੰਦੇ ਨੇ ਕਿ ਕਿਤੇ ਉਹ ਭਿਖਾਰੀ ਨਾ ਬਣ ਜਾਣ। ਤੇ ਰੰਜਨਾ ਦੀਆਂ ਭੁੱਬਾਂ ਤੋਂ ਲਗਦਾ ਸੀ ਕਿ ਸੁੱਖੀ-ਸਾਂਦੀ ਤੇ ਘੁੱਗ ਵਸਦੀ ਮੁਟਿਆਰ ਦੀ ਜ਼ਿੰਦਗੀ ਵਿਚ ਦੁੱਖਾਂ ਦੀ ਸੁਨਾਮੀ ਕਿਥੋਂ ਆ ਗਈ ਹੈ। ਕਾਫ਼ੀ ਚਿਰ ਪਿੱਛੋਂ ਜਦੋਂ ਉਹਦਾ ਮਨ ਰੋ ਕੇ ਹੌਲਾ ਹੋਇਆ ਤਾਂ ਉਹਦੇ ਹਟਕੋਰਿਆਂ ਨੇ ਕਥਾ ਸੁਣਾਈ ਕਿ ਵਿਸ਼ੰਭਰ ਹਸਪਤਾਲ ਦਾਖਲ ਹੈ ਅਤੇ ਉਹਨੂੰ ਫੇਫੜਿਆਂ ਦਾ ਕੈਂਸਰ ਹੋ ਗਿਆ ਹੈ। ਡਾਕਟਰਾਂ ਮੁਤਾਬਿਕ ਉਹ ਬਹੁਤੀ ਲੰਬੀ ਜ਼ਿੰਦਗੀ ਜਿਉ ਨਹੀਂ ਸਕਦਾ। ਖ਼ੈਰ! ਦਿਲਾਸਿਆਂ ਅਤੇ ਹੌਂਸਲਿਆਂ ਨਾਲ ਧੀਰਜ ਦੀਆਂ ਥੰਮ੍ਹੀਆਂ ਦੇ ਕੇ ਉਹਦਾ ਮਨ ਕੁਝ ਪਲਾਂ ਲਈ ਖੜ੍ਹਾ ਕਰ ਲਿਆ। ਆਗਿਆ ਅਤੇ ਨੰਦ ਕਿਸ਼ੋਰ ਵਾਪਿਸ ਤਾਂ ਆ ਗਏ ਪਰ ਉਨ੍ਹਾਂ ਨੂੰ ਲਗਦਾ ਸੀ ਕਿ ਰੰਜਨਾ ਦੇ ਦੁੱਖ ਦਾ ਬਹੁਤਾ ਭਾਰ ਵੀ ਉਨ੍ਹਾਂ ਦੇ ਨਾਲ ਹੀ ਆ ਗਿਆ ਹੈ। ਫਿਰ ਕਈ ਦਿਨਾਂ ਤੱਕ ਦੋਵੇਂ ਉਦਾਸ ਵੀ ਰਹੇ। ਨੰਦ ਕਿਸ਼ੋਰ ਕਈ ਵਾਰ ਆਪਣੀ ਧੀ ਬੱਬੀ ਨੂੰ ਕਲਾਵੇ ਵਿਚ ਲੈ ਕੇ ਆਖਦਾ "ਪੁੱਤ ਅਸ਼ਵਨੀ ਨੂੰ ਘਰੇ ਬੁਲਾ ਲਿਆ ਕਰ। ਉਹ ਦੇ ਨਾਲ ਪਿਆਰ ਕਰਿਆ ਕਰ। ਉਹਦਾ ਬਾਪ ਉਸ ਬਿਮਾਰੀ ਨਾਲ ਪੀੜਤ ਹੈ ਜਿਹੜੀ ਸ਼ਾਇਦ ਹੋਣੀ ਦੀ ਭੂਆ ਦੀ ਧੀ ਹੈ।"

ਤੇ ਫਿਰ ਦੋਹਾਂ ਪਰਿਵਾਰਾਂ ਵਿਚ ਨੇੜਤਾ ਦੀ ਗੋਲ ਗੰਢ ਹੋਰ ਵੀ ਘੁੱਟੀ ਗਈ। ਵਿਸ਼ੰਭਰ ਹਸਪਤਾਲੋਂ ਆ ਗਿਆ ਅਤੇ ਮਹੀਨੇ ਕੁ ਪਿੱਛੋਂ ਰੰਜਨਾ ਵੀ ਕੰਮ 'ਤੇ ਆ ਗਈ ਪਰ ਹੁਣ ਉਹ ਫੁੱਲਾਂ ਵਿਚ ਫੁੱਲਾਂ ਵਰਗੀ ਨਹੀਂ, ਆਪਣੇ ਆਪ ਨੂੰ ਕੰਡਿਆਂ ਵਰਗੀ ਸਮਝਣ ਲੱਗ ਪਈ ਸੀ। ਫਿਰ ਕਈ ਸਾਲ ਰੰਜਨਾ ਦੇ ਘਰ ਵਿਚ ਬਿਮਾਰੀ ਅਤੇ ਮੌਤ ਖਹਿਬੜਦੀਆਂ ਰਹੀਆਂ। ਨੰਦ ਕਿਸ਼ੋਰ ਦਿਨੋ ਦਿਨ ਲਿਫਦੇ ਜਾ ਰਹੇ ਵਿਸ਼ੰਭਰ ਨੂੰ ਡਾਕਟਰਾਂ ਕੋਲ ਵੀ ਲੈ ਕੇ ਜਾਂਦਾ। ਵੀਕ ਐਂਡ 'ਤੇ ਉਹਦੇ ਲਈ ਕੁਝ ਖਾਣ-ਪੀਣ ਨੂੰ ਵੀ ਲੈ ਜਾਂਦਾ ਤੇ ਕਰੀਬ 7-8 ਘੰਟੇ ਮੀਆਂ-ਬੀਵੀ ਰੰਜਨਾ ਦੇ ਦੁੱਖਾਂ ਦੀ ਵਹੀ ਦਾ ਅਰਦਾਸਾਂ-ਫਰਿਆਦਾਂ ਨਾਲ ਧੂਫ-ਬੱਤੀ ਕਰਦੇ ਰਹਿੰਦੇ।

ਉਧਰ ਨੰਦ ਕਿਸ਼ੋਰ ਦੇ ਸਾਲੇ ਯਾਨਿ ਆਗਿਆ ਦੇ ਭਰਾ ਦਾ ਵਿਆਹ ਆ ਗਿਆ। ਉਹਨੇ ਸੋਚਿਆ, ਚਲੋ ਆਗਿਆ ਨੂੰ ਇਕੱਲਿਆਂ ਭੇਜ ਦੇਂਦੇ ਹਾਂ। ਮੈਂ ਅਗਲੇ ਸਾਲ ਜਾ ਆਵਾਂਗਾ ਤੇ ਵੀਰੇ ਦੇ ਵਿਆਹ ਦੇ ਚਾਵਾਂ ਦੀ ਸੰਦੂਕ ਚੁੱਕ ਕੇ ਆਗਿਆ ਦੇਵੀ ਦਿੱਲੀ ਨੂੰ ਜਹਾਜ਼ ਚੜ੍ਹ ਗਈ। ਪਿੰਡ ਪੁੱਜੀ ਤੇ ਵਲਾਇਤਣ ਆਗਿਆ ਸੋਨੇ ਦੇ ਗਹਿਣੇ ਪਹਿਨਣ ਦੀ ਸ਼ੌਕੀਨ ਹੋਣ ਕਰਕੇ ਵਿਆਹ ਤੋਂ ਪਹਿਲਾਂ ਹੀ ਇਨ੍ਹਾਂ ਨਾਲ ਫੱਬੀ ਫਿਰਦੀ ਧਰਤੀ ਪੈਰ ਨਾ ਲਾਉਂਦੀ। ਤੇ ਜਿਸ ਤਰ੍ਹਾਂ ਫਿਰ ਚੰਨਣ ਦੇ ਚਰਖੇ ਦੀ ਮਾਲ੍ਹ ਉਤਰੀ, ਉਹਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਆਗਿਆ ਵਿਚਾਰੀ ਪੰਜਾਬ ਉਨ੍ਹਾਂ ਦਿਨਾਂ ਵਿਚ ਗਈ ਸੀ ਜਦੋਂ ਕਾਲੇ ਕੱਛਿਆਂ ਵਾਲੇ ਜਿਥੇ ਦੇਖਦੇ ਲੁੱਟ-ਖੋਹ ਦੀ ਕਾਨਫਰੰਸ ਕਰ ਜਾਂਦੇ ਸਨ। ਤੇ ਰੱਬ ਦੀ ਮਰਜ਼ੀ, ਆਗਿਆ ਦੇ ਪੇਕਿਆਂ ਦੇ ਘਰ ਵਿਚ ਵਿਆਹ ਤੋਂ ਦੋ ਦਿਨ ਪਹਿਲਾਂ ਹੀ ਅਹਿਮਦਸ਼ਾਹ ਅਬਦਾਲੀ ਵਾਂਗ ਕਾਲੇ ਕੱਛੇ ਵਾਲਿਆਂ ਨੇ ਅੱਧੀ ਰਾਤ ਬੋਲ'ਤਾ ਧਾਵਾ। ਸਾਰਾ ਟੱਬਰ ਰਾਡਾਂ-ਸਰੀਆਂ ਨਾਲ ਭੰਨ੍ਹ ਸੁੱਟਿਆ। ਤੇ ਆਗਿਆ ਦੇ ਗਹਿਣਿਆਂ ਅਤੇ ਪਰਸ ਨੂੰ ਜਦੋਂ ਹੱਥ ਪਿਆ ਤਾਂ ਹੱਥੋ-ਪਾਈ ਹੁੰਦੀ ਦੇ ਮਾਰੀ ਕਪਾਲ ਵਿਚ ਰਾਡ, ਤੇ ਉਹਨੇ ਥਾਏਂ ਫਤਿਹ ਬੁਲਾ'ਤੀ।

ਨੰਦ ਕਿਸ਼ੋਰ ਵਲਾਇਤ ਬੈਠਾ ਲੁੱਟਿਆ ਗਿਆ। ਨਾ ਵਿਆਹ ਵਿਚ ਗਿੱਧਾ ਪਿਆ, ਨਾ ਘੋੜੀਆਂ ਦੇ ਬੋਲ ਉਠੇ ਤੇ ਪਿੱਟ ਸਿਆਪੇ ਵਿਚ ਸ਼ਰੀਕ ਹੋਣ ਲਈ ਉਹ ਆਪਣੀ ਧੀ ਬੱਬੀ ਨੂੰ ਨਾਲ ਲੈ ਕੇ ਸਸਕਾਰ ਵਿਚ ਸ਼ਾਮਲ ਹੋਣ ਲਈ ਪੰਜਾਬ ਪੁੱਜ ਗਿਆ। ਉਹ ਗ਼ਮ ਵਿਚ ਡੁੱਬ-ਡੁੱਬ ਜਾਵੇ ਕਿ ਚਿਹਰਾ ਤਾਂ ਅਸ਼ਵਨੀ ਵਿਚਾਰੇ ਦਾ ਅੱਖਾਂ ਮੂਹਰੇ ਘੁੰਮਦਾ ਸੀ ਪਰ ਆ ਗਈ ਫੋਟੋ ਸਾਹਮਣੇ ਧੀ ਬੱਬੀ ਦੀ। ਉਹ ਸੋਚਦਾ ਵਿਸ਼ੰਭਰ ਤਾਂ ਸੱਤ-ਅੱਠ ਸਾਲ ਕੱਟ ਹੀ ਗਿਆ ਅਤੇ ਸ਼ਾਇਦ ਪੁੱਤ ਵਿਆਹੁਣ ਤੱਕ ਬਚ ਹੀ ਰਹੇ ਪਰ ਆਗਿਆ ਤਾਂ ਸਾਨੂੰ ਦੋਹਾਂ ਨੂੰ ਕਿਸੇ ਪਾਸੇ ਦਾ ਵੀ ਛੱਡ ਕੇ ਨਹੀਂ ਗਈ। ਸੱਥਰ ਚੁੱਕ ਹੋਇਆ ਤਾਂ ਨੰਦ ਕਿਸ਼ੋਰ ਵੀ ਵਾਪਸ ਲਾਸ਼ ਬਣ ਕੇ ਇੰਗਲੈਂਡ ਪਹੁੰਚ ਗਿਆ।

ਤੇ ਜਾਂਦੇ ਸਾਰ ਮਨਸੂਰ ਤਾਂ ਲੁੱਟਿਆ ਗਿਆ ਸੀ, ਸੱਸੀ ਵੀ ਲੁੱਟੀ ਗਈ। ਵਿਸ਼ੰਭਰ ਵੀ ਚੜ੍ਹਾਈ ਕਰ ਗਿਆ। ਪਹਿਲਾਂ ਇਕ ਦੁੱਖ ਦੱਸਦਾ ਸੀ, ਦੂਜਾ ਸੁਣਦਾ ਸੀ ਪਰ ਹੁਣ ਤਾਂ ਗੰਗਾ-ਜਮਨਾ ਦਾ ਸੰਗਮ ਹੋ ਗਿਆ ਸੀ। ਜਦੋਂ ਨੰਦ ਕਿਸ਼ੋਰ ਰੰਜਨਾ ਦੇ ਘਰ ਗਿਆ ਤਾਂ ਜਿਵੇਂ ਸੰਤ ਦੇ ਗਲ ਲੱਗ ਕੇ ਫਕੀਰ ਰੋਣ ਲੱਗ ਪਿਆ ਹੋਵੇ। ਦੋਹਾਂ ਦੀਆਂ ਧਾਹਾਂ ਨੇ ਧਰਤੀ ਦੀ ਹਿੱਕ ਵਿਚ ਉਲਾਂਭਿਆਂ ਦੀਆਂ ਬਣੀਆਂ ਲੱਤਾਂ ਮਾਰੀਆਂ...ਤੇ ਫਿਰ ਕਈ ਮਹੀਨਿਆਂ ਤੱਕ ਜਿਵੇਂ ਚੰਦ ਗ੍ਰਹਿਣ ਦੇ ਚੱਕਰ ਵਿਚੋਂ ਨਿਕਲਿਆ ਹੀ ਨਾ ਹੋਵੇ।

ਦੋਵੇਂ ਫੁੱਲਾਂ ਦੀ ਕੰਪਨੀ ਵਿਚ ਫਿਰ ਕੰਮ 'ਤੇ ਜਾਣ ਲੱਗ ਪਏ। ਉਥੇ ਫੁੱਲ ਤਾਂ ਹੱਸਦੇ ਸਨ ਪਰ ਉਹ ਆਪ ਮੁਰਝਾਏ ਰਹਿੰਦੇ। ਦੋਹਾਂ ਦੀ ਗ੍ਰਹਿਸਥ ਫਿਰ ਸੰਭਲਣ ਲੱਗੀ। ਹੁਣ ਅਸ਼ਵਨੀ ਅਤੇ ਬੱਬੀ ਵੀ ਹੋਰ ਨੇੜੇ ਹੋ ਗਏ। ਦੋਵੇਂ ਜਵਾਨੀ ਦੀ ਦਹਿਲੀਜ਼ ਲੰਘ ਗਏ ਸਨ। ਕਦੇ ਬੱਬੀ ਰੰਜਨਾ ਦੇ ਘਰੇ ਚਲੀ ਜਾਂਦੀ ਤੇ ਕਦੇ ਅਸ਼ਵਨੀ ਨੰਦ ਕਿਸ਼ੋਰ ਦੇ ਘਰੇ ਆ ਜਾਂਦਾ।

ਕੁਝ ਸਮਾਂ ਹੋਰ ਬੀਤਿਆ ਤਾਂ ਕੰਪਨੀ ਵਿਚ ਕੰਮ ਕਰਦੇ ਕੁਝ ਲੋਕਾਂ ਨੇ ਨੰਦ ਕਿਸ਼ੋਰ ਨੂੰ ਅਤੇ ਕਈ ਔਰਤਾਂ ਨੇ ਰੰਜਨਾ ਨੂੰ ਕਿਹਾ ਕਿਵੇਂ ਗੁਜ਼ਾਰੋਗੇ ਜ਼ਿੰਦਗੀ। ਇੰਨੀ ਸਾਂਝ ਹੈ। ਸੋਹਣੇ-ਸੁਨੱਖੇ ਹੋ। ਬੇੜੀ ਦੋਹਾਂ ਕੋਲ ਹੈਗੀ ਆ ਪਰ ਚੱਪੂ ਹੈ ਨਹੀਂ। ਪੜ੍ਹ ਲਵੋ ਜੇ ਦੂਣੀ ਦਾ ਪਹਾੜਾ ਪੜ੍ਹ ਹੁੰਦਾ। ਗੱਲ ਦੋਹਾਂ ਦੇ ਮਨਾਂ ਨੂੰ ਲੱਗਣ ਲੱਗ ਪਈ। ਦਿਲ ਪਹਿਲਾਂ ਵਾਲਾ ਨਾ ਰਹਿਣ ਲੱਗਾ। ਨਜ਼ਰਾਂ ਪਿਆਰ ਦੀ ਕਿੱਕਲੀ ਪਾਉਣ ਵੱਲ ਤੁਰ ਗਈਆਂ।

ਇਕ ਦਿਨ ਨੰਦ ਕਿਸ਼ੋਰ ਨੇ ਰੰਜਨਾ ਨੂੰ ਬੜੀ ਹਿੰਮਤ ਜਿਹੀ ਕਰਕੇ ਪੁੱਛਿਆ, "ਤੈਨੂੰ ਪਤਾ ਆਪਣੇ ਸਾਥੀ ਮੈਨੂੰ ਕੀ ਕਹਿੰਦੇ ਨੇ?"

"ਜੋ ਤੈਨੂੰ ਕਹਿੰਦੇ ਨੇ, ਸਾਥਣਾਂ ਮੈਨੂੰ ਵੀ ਕਹਿੰਦੀਆਂ ਨੇ।"

"ਫੇਰ?"

ਤੇ ਔਰਤ ਮੁਸਕਰਾ ਕੇ ਚੁੰਨੀ ਦਾ ਲੜ ਜਦੋਂ ਦੰਦਾਂ ਹੇਠ ਦੇ ਲਵੇ ਤਾਂ ਸਮਝ ਹੀ ਲੈਣਾ ਚਾਹੀਦਾ ਕਿ ਵਿਰਾਨ ਜ਼ਮੀਨ ਦਾ ਇੰਤਕਾਲ ਹੋ ਹੀ ਗਿਆ। ਨਜ਼ਰਾਂ ਦੇ ਇਸ਼ਾਰੇ ਬਾਹਾਂ ਨੂੰ ਸਮਝਾਉਣ ਲੱਗ ਪਏ ਅਤੇ ਬਾਹਾਂ ਫਿਰ ਗਲਵੱਕੜੀਆਂ ਬਣ ਗਈਆਂ। ਦੋਹਾਂ ਦੀ ਜ਼ਿੰਦਗੀ ਵਿਚੋਂ ਵਿਸ਼ੰਭਰ ਤੇ ਆਗਿਆ ਮਨਫ਼ੀ ਹੋ ਗਏ।

ਤੇ ਫਿਰ ਮੇਲ-ਮਿਲਾਪ ਪਤੀ-ਪਤਨੀ ਵਰਗੀ ਜੀਵਨ ਚਾਲ ਵਿਚ ਢਲ ਗਿਆ। ਕੰਪਨੀ ਵਿਚ ਘੁਸਰ-ਮੁਸਰ ਹੁੰਦੀ ਹੀ ਰਹਿੰਦੀ ਸੀ ਕਿ 'ਲਾਲੀ ਬੁੱਲ੍ਹੀਆਂ ਦੀ ਪਈ ਦੱਸਦੀ ਏ, ਉਹ ਉਹ ਨਾ ਰਹੀ ਤੇ ਉਹ ਉਹ ਨਾ ਰਿਹਾ।'

ਤੇ ਚੱਲ ਫਿਰ ਰੰਜਨਾ ਰੱਬ ਤੋਂ ਕਾਹਨੂੰ ਫਿੱਕੇ ਪੈਣਾ, ਗ੍ਰਹਿਸਥੀ ਦਾ ਜੋੜਾ-ਜਾਮਾ ਪਾ ਹੀ ਲੈਨੇ ਆਂ। ਤੇ ਹੱਥ ਵਿਚ ਹੱਥ ਫੜ ਕੇ ਜਦੋਂ ਅਦਾਲਤ ਵਿਚੋਂ ਵਿਆਹ ਦੀ ਪ੍ਰਵਾਨਗੀ ਵਾਲਾ ਸਰਟੀਫਿਕੇਟ ਲੈ ਕੇ ਚਾਅ ਨਾਲ ਕਾਰ ਵਿਚ ਬਹਿਣ ਲੱਗੇ ਤਾਂ ਨੰਦ ਕਿਸ਼ੋਰ ਨੂੰ ਚੇਤਾ ਆਇਆ ਕਿ ਜੁਆਨ ਪੁੱਤ ਕੀ ਸੋਚੇਗਾ? ਰੰਜਨਾ ਨੂੰ ਸੁਆਲ ਕੀਤਾ, "ਅਸ਼ਵਨੀ ਗੁੱਸੇ ਤਾਂ ਨਾ ਹੋ ਜੂ?"

"ਮੈਨੂੰ ਤਾਂ ਬੱਬੀ ਨੇ ਕਈ ਵਾਰ ਕਿਹਾ ਸੀ-ਆਂਟੀ ਤੂੰ ਹਾਲੇ ਜੁਆਨ ਲਗਦੀ ਏਂ। ਸੋਚ ਕੁਝ ਆਪਣੇ ਬਾਰੇ।"

ਤੇ ਇਸ ਗੱਲਬਾਤ ਵਿਚ ਰੁਝੇ ਜਦੋਂ ਉਹ ਨੰਦ ਕਿਸ਼ੋਰ ਦੇ ਘਰ ਪਹੁੰਚੇ ਤਾਂ ਬੱਬੀ ਤੇ ਅਸ਼ਵਨੀ ਵੀ ਘਰੇ ਸਨ। ਲੱਡੂਆਂ ਦਾ ਡੱਬਾ ਦੋਹਾਂ ਨੇ ਅੱਗੇ ਕਰਦਿਆਂ ਕਿਹਾ, "ਅਸੀਂ ਹੁਣ ਤੁਹਾਡੇ ਦੋਹਾਂ ਦੇ ਮਾਂ-ਬਾਪ ਬਣ ਗਏ ਹਾਂ। ਬੱਬੀ ਤੈਨੂੰ ਮਾਂ ਅਤੇ ਅਸ਼ਵਨੀ ਤੈਨੂੰ ਬਾਪ ਮਿਲ ਗਿਆ ਹੈ।"

"ਬਾਪੂ ਜਿਹੜਾ ਕੰਮ ਤੂੰ ਕਰਕੇ ਆਇਐਂ, ਉਹ ਕੰਮ ਮੈਂ ਤੇ ਬੱਬੀ ਨੇ ਸਾਲ ਪਹਿਲਾਂ ਕਰ ਲਿਆ ਸੀ। ਬੱਬੀ ਤਿੰਨ ਮਹੀਨੇ ਦੀ ਗਰਭਵਤੀ ਹੈ।"

"ਹਾਏ ਓਏ ਮੇਰਿਆ ਰੱਬਾ! ਇਹ ਤੁਸੀਂ ਕੀ ਕਰ'ਤਾ? ਸਾਨੂੰ ਪੁੱਛ ਤਾਂ ਲੈਣਾ ਸੀ।"

"ਤੁਸੀਂ ਕਿਹੜਾ ਕੁਝ ਕਰਨ ਲੱਗਿਆਂ ਨੇ ਸਾਨੂੰ ਪੁੱਛਿਆ?"

ਜਿਵੇਂ ਪਹਾੜ ਦੇ ਸਿਖਰਲੇ ਸਿਰੇ ਤੋਂ ਭਾਰਾ ਪੱਥਰ ਦੋਹਾਂ ਦੇ ਸਿਰ ਵਿਚ ਆਣ ਵੱਜਿਆ ਹੋਵੇ। ਉਹ ਚੀਕ ਰਹੇ ਸਨ, "ਹਾਏ ਰੱਬਾ! ਇਨ੍ਹਾਂ ਨੂੰ ਕੀ ਕਹਾਂਗੇ? ਧੀ ਜਾਂ ਨੂੰਹ, ਤੇ ਜਾਂ ਫਿਰ ਪੁੱਤ ਜਾਂ ਜਵਾਈ?"

ਲਗਦਾ ਨਹੀਂ ਜਿਵੇਂ ਕਿਸੇ ਸੰਤ ਨੇ ਭਗਵੇਂ ਲਾਹ ਕੇ ਜੀਨ ਪਾ ਲਈ ਹੋਵੇ।

ਅੰਤਿਕਾ :

ਉਮਰ ਭੰਗ ਦੇ ਭਾੜੇ ਹੀ ਗਈ ਐਵੇਂ,
ਲੱਖ ਲਾਹਣਤਾਂ ਜੱਗ 'ਤੇ ਆਉਣੇ ਨੂੰ।
ਨਹੀਂ ਹੱਕ ਦਾ ਵਸਲ ਵਸਾਲ ਕੀਤਾ,
ਲੱਖ ਲਾਹਣਤਾਂ ਸੇਜ 'ਤੇ ਸਾਉਣੇ ਨੂੰ।

*('ਜ਼ਿੰਦਗੀ ਦੇ ਸੱਚ' ਵਿਚੋਂ)*

## ਗ਼ੁਜ਼ਰ ਚੱਲਿਆ ਸਤਾਰਵਾਂ ਸਾਲ ਬੀਬਾ

### ਧੁੱਪੇ ਬੈਠੀਆਂ ਯਾਦਾਂ

ਮਨ ਕਈ ਵਾਰ ਬਹੁਤ ਪੁਰਾਣੀਆਂ ਲੀਹਾਂ 'ਤੇ ਦੌੜਨਾ ਚਾਹੁੰਦਾ ਹੈ ਪਰ ਜੀਵਨ ਰਫ਼ਤਾਰ ਦਿਨੋ ਦਿਨ ਤੇਜ਼ ਹੋਈ ਜਾਂਦੀ ਹੈ, ਮੂੰਹ ਘੁਮਾਉਣ ਦਾ ਮੌਕਾ ਹੀ ਨਹੀਂ ਮਿਲਦਾ। ਪਿੱਛੇ ਜਿਹੇ ਕੈਲੀਫੋਰਨੀਆ ਵਿਚ ਮੇਰੀ ਇਕ ਲਿਖਤ 'ਤੇ ਅਦਾਕਾਰੀ ਹੋਈ ਤਾਂ ਤਿੰਨ ਘੰਟੇ ਦਾ ਸ਼ੋਅ ਦੇਖਣ ਉਪਰੰਤ ਲਿਖਤ ਦੇ ਨੁਕਸ ਕੱਢਦਾ ਕੱਢਦਾ ਇਕ ਸ਼ਖ਼ਸ ਮੇਰੇ ਪਿੱਛੇ ਮਾਹਿਲਪੁਰ ਦੇ ਸ਼ੌਕੀ ਮੇਲੇ ਤੀਕ ਜਾ ਪਹੁੰਚਿਆ। ਉਹਨੂੰ ਸ਼ਾਇਦ ਚੇਤਾ ਭੁੱਲ ਗਿਆ ਹੋਵੇਗਾ ਕਿ ਹੁਣ ਇਹ ਮੇਲਾ ਮੇਰੇ ਛੱਡਣ ਪਿੱਛੋਂ ਸ਼ੌਕੀ ਦੇ ਮੁੰਡਿਆਂ ਨੇ ਪੈਂਟ ਤੋਂ ਵੀ ਕੱਟ ਕੇ ਅੰਡਰ-ਵੀਅਰ ਬਣਾ ਦਿੱਤਾ ਹੈ ਪਰ ਮੇਰੀ ਵਾਗਡੋਰ ਵਾਲੇ ਦਿਨਾਂ ਵਿਚ ਇਹ ਮੇਲਾ ਪੰਜਾਬ ਦੇ ਭਾਸ਼ਾ ਵਿਭਾਗ ਅਤੇ ਸਭਿਆਚਾਰਕ ਕੈਲੰਡਰ ਵਿਚ ਸ਼ਾਮਲ ਹੋ ਗਿਆ ਸੀ। 1989 ਵਿਚ ਸ਼ੁਰੂ ਕਰਕੇ 1994 ਤੱਕ ਮਖਸੂਸਪੁਰੀ ਪਹਿਲੀ ਵਾਰ ਇਕੋ ਮੰਚ 'ਤੇ ਇਕੱਠੇ ਹੋਏ ਅਤੇ ਜੈਜ਼ੀ ਬੈਂਸ ਦੀ ਪਹਿਲੀ ਵਾਰ ਪਛਾਣ ਇਸੇ ਮੇਲੇ ਤੋਂ ਮੈਂ ਹੀ ਕਰਵਾਈ ਸੀ। ਡਿਪਟੀ ਕਮਿਸ਼ਨਰ ਸੀ-ਰਾਊਲ ਤੇ ਐਸ.ਡੀ.ਐਮ. ਕੇ.ਏ.ਪੀ. ਸਿਨਹਾ। ਦੋਹਾਂ ਆਈ.ਏ.ਐਸ. ਅਫਸਰਾਂ ਨੇ ਮੇਲੇ ਦੇ ਪ੍ਰਬੰਧਾਂ ਦੀ ਨਿਗਰਾਨੀ ਕੀਤੀ ਅਤੇ ਪਹਿਲੀ ਵਾਰ ਮੇਲੇ ਵਿਚ ਜਿਸ ਸਿਆਸੀ ਹਸਤੀ ਨੂੰ ਬੁਲਾਇਆ ਗਿਆ, ਉਹ ਸੀ ਮਰਹੂਮ ਖੇਤੀਬਾੜੀ ਮੰਤਰੀ ਤੇ ਬੇਦਾਗ਼ ਸ਼ਖ਼ਸੀਅਤ ਦਿਲਬਾਗ ਸਿੰਘ ਨਵਾਂਸ਼ਹਿਰ। ਮੈਂ ਇਹ ਨਿਉਂਦਾ ਤਾਂ ਦਿੱਤਾ ਸੀ ਕਿ ਸਾਡਾ ਦੋਹਾਂ ਦਾ ਪਿੰਡ ਇਕੋ ਸੀ। ਦਿਲਬਾਗ ਸਿੰਘ ਨੇ ਆਪਣੀ ਤਕਰੀਰ ਵਿਚ ਕਿਹਾ ਸੀ ਕਿ ਮੈਂ ਆਪਣੇ ਸਿਆਸੀ ਜੀਵਨ ਵਿਚ ਇੰਨਾ 'ਕੱਠ ਪਹਿਲੀ ਵਾਰ ਵੇਖਿਆ ਹੈ। ਮੈਨੂੰ ਇਹ ਤਾਂ ਪਤਾ ਸੀ ਕਿ ਸਾਡੇ ਪਿੰਡ ਦਾ ਮੁੰਡਾ ਲਿਖਦਾ ਵਧੀਆ ਹੈ ਪਰ ਐਡੇ



ਇਸ ਮੇਲੇ ਨੂੰ ਅਸੀਂ 15-16 ਸਾਲਾਂ ਦੇ ਪ੍ਰੋ. ਮੋਹਨ ਸਿੰਘ ਮੇਲੇ ਤੋਂ ਵੀ ਅੱਗੇ ਲੈ ਆਂਦਾ ਸੀ। ਅਸੀਂ ਪ੍ਰਸ਼ਾਸਨ ਤੋਂ ਵੱਧ ਕਿਸੇ ਨੂੰ ਵੀ ਮੇਲੇ ਵਿਚ ਸ਼ਮੂਲੀਅਤ ਨਹੀਂ ਦਿੱਤੀ ਸੀ। ਅਤਿਵਾਦ ਦੇ ਦਿਨਾਂ ਵਿਚ ਸਵਾ ਲੱਖ ਤੋਂ ਵੱਧ 'ਕੱਠ ਵਾਲੇ ਮੇਲੇ ਵਿਚ ਨਾ ਕੋਈ ਕਾਂਗਰਸੀ ਅਤੇ ਨਾ ਅਕਾਲੀ ਬੁਲਾਇਆ ਪਰ 1994 ਵਿਚ ਬਹੁਤ ਕੁਝ ਖਾਸ ਸੀ, ਉਹ ਇਹ ਕਿ ਆਸ਼ਾ ਸ਼ਰਮਾ ਨੂੰ ਪਹਿਲੀ ਵੱਡੀ ਸਟੇਜ ਮਿਲੀ ਸੀ, ਮਨਮੋਹਨ ਵਾਰਿਸ ਦੇ ਗਾਇਕੀ ਜੀਵਨ ਦੀ ਸ਼ੁਰੂਆਤ ਸੀ, ਚਰਨਜੀਤ ਆਹੂਜਾ, ਹਰਭਜਨ ਮਾਨ, ਸਰਦੂਲ ਸਿਕੰਦਰ, ਅਮਰ ਨੂਰੀ, ਗੀਤਕਾਰ ਦਵਿੰਦਰ ਖੰਨੇਵਾਲਾ, ਕਮਲਜੀਤ ਨੀਰੂ, ਵਡਾਲੀ ਭਰਾ, ਦੇਬੀ ਵੱਡੇ ਗਾਇਕਾਂ ਨੂੰ ਮੁਫ਼ਤ 'ਚ ਪਿਛੇ ਲਾਈ ਫਿਰਦਾ ਹੈ। ਇੰਨੇ ਵੱਡੇ ਪ੍ਰਬੰਧਕ ਦਾ ਮੈਨੂੰ ਪਤਾ ਨਹੀਂ ਸੀ। ਫਿਰ ਛੇਤੀ ਹੀ ਉਹ ਅਕਾਲ ਚਲਾਣਾ ਕਰ ਗਏ ਤੇ ਨਾਲ ਹੀ ਭੋਗ ਪੈ ਗਿਆ ਮੇਰੀ ਪੀ.ਸੀ.ਐਸ. ਦਾ, ਕਿਉਂਕਿ ਸਰਕਾਰ ਨੇ ਉਸ ਵਕਤ ਮੇਰੀਆਂ ਕਲਚਰਲ ਅਤੇ ਹੋਰ ਗਤੀਵਿਧੀਆਂ ਬਦਲੇ ਮੈਨੂੰ ਨਾਮੀਨੇਟ ਕਰਨ ਦਾ ਫੈਸਲਾ ਕਰ ਹੀ ਲਿਆ ਸੀ। ਤਸਵੀਰ ਵਿਚ ਮੇਰੇ ਨਾਲ ਮੇਲੇ ਵਿਚ ਜਾਂਦਿਆਂ ਦਿਲਬਾਗ ਸਿੰਘ, ਆਈ.ਏ.ਐਸ. ਅਧਿਕਾਰੀ ਸਿਨਹਾ, ਐਚ.ਐਸ.ਪੀ. ਕੰਪਨੀ ਦੇ ਹਰਦੇਵ ਸਿੰਘ ਤੇ ਬਲਵੀਰ ਨਜ਼ਰ ਆ ਰਹੇ ਹਨ।

*-ਐਸ. ਅਸ਼ੋਕ ਭੌਰਾ*

## ਗੱਲ ਬਣੀ ਕਿ ਨਹੀਂ

*ਐਸ. ਅਸ਼ੋਕ ਭੌਰਾ*

### ਦੁਨੀਆਂ ਦੇ ਭੇਤ

ਜੱਗ ਉਤੇ ਸੂਰਮੇ ਦਲੇਰ ਅਖਵਾਉਣ ਵਾਲੇ, ਨਿੱਕੀ ਜਿਹੀ ਅੜਾਉਣੀ ਵਿਚ ਉਹ ਵੀ ਕਦੇ ਅੜੇ ਦੇਖੇ।
ਹਕੂਮਤਾਂ ਦੇ ਨਸ਼ੇ 'ਚ ਚਲਾਉਣ ਵਾਲੇ ਚੰਮ ਦੀਆਂ, ਵਕਤ ਪਏ 'ਤੇ ਸੱਚੀਂ ਸੀਖਾਂ ਪਿੱਛੇ ਤੜੇ ਦੇਖੇ।
ਕੀਤਾ ਨਹੀਂ ਕੋਈ ਪੁੰਨ ਖੱਟੀ ਖਾਧੀ ਪਾਪ ਦੀ, ਲੋਕਾਂ ਨੂੰ ਬਣਾ ਕੇ ਬੁੱਧੂ ਭਗਵਿਆਂ ਵਿਚ ਵੜੇ ਦੇਖੇ।
ਮੂਰਖਾਂ ਦੀ ਢਾਣੀ ਵਿਚ ਮੂਰਖਾਂ ਤੋਂ ਭੈੜੇ ਕਈ, ਟਕਾ ਨ੍ਹੀਂ ਅਕਲ ਬੰਦੇ ਬਹੁਤ ਲਿਖੇ-ਪੜ੍ਹੇ ਦੇਖੇ।
ਨਸ਼ਿਆਂ ਵਿਰੁਧ ਜਿਹੜੇ ਵੰਡਦੇ ਗਿਆਨ ਰਹੇ, ਇਸੇ ਇਲਜ਼ਾਮ ਹੇਠ ਰੰਗੇ ਹੱਥੀਂ ਫੜੇ ਦੇਖੇ।
ਤਨ ਨੂੰ ਢਕਣ ਲਈ ਤਾਂ ਲੀਰਾਂ ਵੀ ਨਾ ਲੱਭੀਆਂ ਸੀ, ਦਿਨ ਫਿਰਿਆ ਤੇ ਉਹੀ ਹੀਰਿਆਂ 'ਚ ਜੜੇ ਦੇਖੇ।
ਜੁਆਨੀ ਨੇ ਰਹਿਣਾ ਸਦਾ ਹੁੰਦਾ ਮਸਤਾਨੀ ਯਾਰੋ, ਦੇਵਤੇ ਵੀ ਤੋੜਦੇ ਗੁਲੇਲਾਂ ਨਾਲ ਘੜੇ ਦੇਖੇ।
ਹੱਡ ਤੁੜਵਾਏ ਕਈ ਵਿਆਹਿਆਂ ਨੇ ਵੀ ਆਸ਼ਕੀ 'ਚ, ਦੁਨੀਆਂ 'ਤੇ ਬੜੇ ਸਨਿਆਸੀ 'ਭੌਰੇ' ਛੜੇ ਦੇਖੇ।

# Partition, Gandhi and the Sikhs

ਵਿਚਾਰ-ਚਰਚਾ

## A Semiological Perspective

*ਪ੍ਰੋ. ਭੁਪਿੰਦਰ ਸਿੰਘ ਬਹੁਤ ਸਮਰੱਥ ਸਮਾਜ ਸ਼ਾਸਤਰੀ ਹਨ। ਉਹ 7-8 ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਦੇ ਮੁਖੀ ਵਜੋਂ ਰਿਟਾਇਰ ਹੋਏ। ਕੋਈ 22 ਵਰ੍ਹੇ ਪਹਿਲਾਂ ਪੰਜਾਬੀ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਵਿਚ ਮਾਸਟਰ ਡਿਗਰੀ ਕਰਦਿਆਂ ਮੈਂ ਸਿਰਫ਼ ਇਕ ਵਾਰੀ ਕਾਫੀ ਹਾਊਸ ਦੇ ਬਾਹਰ ਬੈਠਿਆਂ ਉਨ੍ਹਾਂ ਦੀ ਜੋ ਸੰਗਤ ਕੀਤੀ ਸੀ, ਉਸਦਾ ਪ੍ਰਭਾਵ ਅਜੇ ਵੀ ਮੇਰੇ ਮਨ 'ਤੇ ਹੈ। ਉਨ੍ਹਾਂ ਦੀਆਂ ਸਭ ਗੱਲਾਂ ਮੇਰੇ ਗੇੜ ਵਿਚ ਨਾ ਆਈਆਂ ਪਰ ਇਹ ਗੱਲ ਪੱਕੀ ਹੈ ਕਿ ਮਰਹੂਮ ਡਾ. ਅਤਰ ਸਿੰਘ ਤੋਂ ਬਾਅਦ ਪਹਿਲੀ ਵਾਰ ਸਹੀ ਅਰਥਾਂ ਵਿਚ ਕਿਸੇ ਯੂਨੀਵਰਸਿਟੀ ਪ੍ਰੋਫੈਸਰ ਨੂੰ ਮਿਲਣ ਦਾ ਅਹਿਸਾਸ ਹੋਇਆ ਸੀ। ਉਸ ਦਿਨ ਦੀ ਮੁਲਾਕਾਤ ਵਿਚੋਂ ਉਨ੍ਹਾਂ ਦੀ ਇਕ ਗੱਲ ਮੈਨੂੰ ਅੱਜ ਵੀ ਯਾਦ ਹੈ ਕਿ ਜ਼ਿਆਦਾ ਲਿਖ-ਲਿਖ ਪ੍ਰਦੂਸ਼ਣ ਪੈਦਾ ਕਰਨ ਦੀ ਲੋੜ ਨਹੀਂ ਹੈ, ਲਿਖਿਆ ਤਾਂ ਪਹਿਲਾਂ ਹੀ ਬਥੇਰਾ ਜਾ ਚੁਕਾ ਹੈ। ਲੋੜ ਪਹਿਲਾਂ ਹੀ ਲਿਖੇ ਦੇ ਗੰਭੀਰ ਮਨਨ ਦੀ ਹੈ। ਉਹ ਮਾਰਕਸਵਾਦ, ਸਿੱਖ ਧਰਮ ਦਰਸ਼ਨ ਅਤੇ ਗਾਂਧੀਵਾਦ ਦੇ ਗੰਭੀਰ ਵਿਦਿਆਰਥੀ ਰਹੇ ਹਨ। ਉਨ੍ਹਾਂ ਨੇ ਅਸਤਿਤਵਵਾਦ, ਸੰਰਚਨਾਵਾਦ ਅਤੇ ਉਤਰ-ਆਧੁਨਿਕ ਚਿੰਤਨ ਦਾ ਵੀ ਭਰਪੂਰ ਅਧਿਐਨ ਕੀਤਾ ਹੋਇਆ ਹੈ। ਯਾ ਪਾਲ ਸਾਰਤਰ, ਕਲਾਦ ਲੇਵੀ ਸਤਰਾਸ ਅਤੇ ਮਾਰਸ਼ੀਅ ਏਲੀਆਡੇ ਉਨ੍ਹਾਂ ਦੇ ਮਨਭਾਉਂਦੇ ਚਿੰਤਕ ਹਨ। ਸਿੱਖ ਧਰਮ ਅਤੇ ਭਾਈਚਾਰੇ ਦੀ ਵਿਲੱਖਣ ਹਸਤੀ ਦੇ ਤਰਕ ਬਾਰੇ ਉਨ੍ਹਾਂ ਦੇ ਇਸ ਲੇਖ ਦਾ ਅਸੀਂ ਅਨੁਵਾਦ ਕਰ ਲਿਆ ਸੀ ਪਰ ਉਨ੍ਹਾਂ ਦੇ ਮੁੱਖ ਸੰਕਲਪਾਂ ਦੇ ਅਨੁਵਾਦ ਤੋਂ ਸਾਡੀ ਤਸੱਲੀ ਨਹੀਂ ਸੀ ਹੋਈ। ਖ਼ੁਦ ਪ੍ਰੋ. ਭੁਪਿੰਦਰ ਸਿੰਘ ਦਾ ਵੀ ਤਕਾਜ਼ਾ ਸੀ ਕਿ ਲੇਖ ਅੰਗਰੇਜ਼ੀ ਵਿਚ ਹੀ ਛਾਪਿਆ ਜਾਵੇ। ਇਸੇ ਕਰਕੇ ਰਵਾਇਤ ਤੋਂ ਹਟ ਕੇ ਅਸੀਂ ਪਾਠਕਾਂ ਲਈ ਇਹ ਲੇਖ ਉਸਦੇ ਮੂਲ ਰੂਪ ਅੰਗਰੇਜ਼ੀ ਵਿਚ ਹੀ ਛਾਪ ਰਹੇ ਹਾਂ। - ਸੰਪਾਦਕ*

---

**Prof Bhupinder Singh**

In 1947, India was partitioned on the basis of the two-nation theory, which was initiated and championed by the Muslim League no doubt, but was in the end accepted, even if by implication, by the Congress as well. Ultimately, it came to be accepted by the Muslim League as well as the Congress (minus Gandhi as we shall see) that the Muslims and the Hindus could not happily co-exist within a single polity.

Thus, in a terribly disastrous move, the Subcontinent was bisected into Hindu India and Muslim Pakistan. The attempt of the Congress to later displace the opposition of Hindu India versus Muslim Pakistan by another opposition of secular India versus theocratic Pakistan failed, to my mind, as naturally as the effort of the Muslim separatists to find authentic Islam and enduring peace and stability in Pakistan.

The objective basis and logic of Partition, viz., the two-nation theory, buttressed by the holocaust at the time of Partition and the subsequent wars, gradually prevailed and overwhelmed the majority populations in the two halves of the united India. The antagonistic opposition of Hindu India versus Muslim Pakistan was deeply internalised and became part of the conscious and the unconscious of the two peoples. Among other things, this rendered the fate of the Muslims in India and the Hindus in Pakistan tragic and precarious.

Now, to anyone even remotely familiar with the lexis and praxis of Gandhi, it is clear that the two-nation theory or the parti-tion of India could not but be totally incompatible with the structure of his world-view or his theory of normal civilisation. Gandhi believed that all religions are true and equal and that they cannot only peacefully co-exist, but also creatively inter-communicate and enrich one another. Variety in culture as also in nature is desirable as well as necessary to manifest unity.

Unfortunately, Gandhi's quest for truth and Jinnah's quest for power could not find a mediation precisely because, among other things, the then dominant Congress leadership had succumbed to the latter's problematique of power and thus become his willing or unwilling accomplice.

No one, to my mind, has as yet spelt out the catastrophic implications of Partition for or in relation to the deeper structures of the Sikh faith, or its theology and cosmology as well as its anthropology. As is well-known, Sikhism had arisen so as to overcome the antagonism between Hinduism and Islam, in particular, and resolve the question of religious diversity in relation to state power (in fact all asymmetries of power), in general. Such a project obviously required, for its fulfilment, a synthesizing vision and philosophy comprehensive enough to simultaneously conserve and transcend as well as mediate and validate the antagonistic religious blocs - the Aryan and the Semitic.

Thus, the Sikh Gurus offered the philosophy of unity in variety which was declared to be operative within and across the domains of spirit, man and nature. All religions as alternative routes to God, who Himself is beyond all caste and religion, were equally true and truly equal, complementary and, at the esoteric level, interconvertible. No one had the right to force his faith on others and any attempt at coercion had to be resisted with full might. The Khalsa of Guru Gobind Singh, the bearers and defenders of the new revelation, ultimately came to symbolise people's kingship and resistance against any actual or potential discrimination by the State.

There are two features of Sikhism, which need emphasis in the context of the present discussion. *Firstly*, although Sikhism imbibed concepts and ideas from both Hinduism and Islam and perhaps could not and cannot be understood except with reference to them, it was neither of them nor both together, but a distinct religion based on a fresh revelation. In terms of its theology, if not in terms of its history, Sikhism was (and is) equally close to or equally distant from Hinduism and Islam. *Secondly*, Sikhism founded and encouraged the notion of a multi-centric plural society as the normal and natural mode of human social existence. Theoretically, a Sikh cannot be a communalist, even a nationalist - nationalism being a form of communalism-but only a universalist, one set against all artificial boundaries separating man from man and man from nature and God.

It is easy to see how Partition contravened the fundamentals of the Sikh faith. In a manner of speaking, it abolished the *raison d'être* of the Sikhs qua Sikhs. The Sikh dream of a multi-centric plural society was all in a shambles and pieces. Bewildered and confused, the Sikhs tragically vacillated on the eve of Partition, alternately inclining towards Hindustan, Pakistan and the unreal Khalistan. While the Hindus had got their Hindustan and the Muslims their Pakistan, the Sikhs, as the third party to negotiations for the transfer of power, had got nothing.

It may be argued that the Sikhs were not so much concerned with their theology and truth as with political economy and power, very much like other groups and communities. Despite over-simplification, there is some substance in the argument. The Sikhs never collectively or consistently resisted the two-nation theory or Partition from a right perspective. But then, they, too, had been overcome and over-run by the logic of history, or the dialectics of Hindu and Muslim communalism unfolded by the intended and un-intended consequences of the imperialist policies. The Sikhs got concerned, like others, with the identity, security and well-being of their own community.

Partition signified the triumph of the subordination of the principle of truth to power or of religion to politics. The lone voice and exhortation of Gandhi to the people to do precisely the reverse, that is, to subordinate politics to religion or ethics, was ignored. The seeds of insecurity and mutual suspicion and hatred had been planted. Thenceforward, there was not to be any peace within or between the countries of the Subcontinent. I think by now it should be realised that Partition was an act against God and until and unless the peoples of the Subcontinent show penitence and dismantle the partition, at leaset within their own minds, a curse will continue to hover over and afflict them from eternity to eternity.

In a situation fundamentally distorted by Partition, the Sikhs have been questing for their identity and role in independent India, where in the Constitution, they were clubbed with the Hindus and declared against their theology as a Hindu sect. Now, while the Sikh aspiration to defend their revelation

***(Continued on page 31 )***

### Preface

*Punjab Times* deserves all praise for initiating a debate on the ideal political role or the ideal political future for the Sikhs in India. Such debates have occurred, from time to time, in other communities as well – e.g., among Jews, Muslims and Hindus. The assassination of Mahatma Gandhi by Nathuram Godse, a Maharashtrian Brahmin, in 1948 pointed to a deep ideological cleavage within Hinduism – the cleavage between Swami Dayanand's and Veer Sarvarkar's Hindutva, on one side, and Gandhian Sarvodaya, on the other. Hindutva longs and strives for political power and dominance for a single community, while Sarvodaya is oriented to truth and *dharma* and to the welfare of all. A similar division exists, more or less, within other religious communities also. In this context, the present article 'Partition, Gandhi and the Sikhs' should make an interesting reading.

The resurgence of religious thought during the last two decades has once again brought to light the significance of religion in human life. As a result, there has emerged a renewed interest in appropriating the political and ethical potentials rooted in religious discourse for broader aims of general human emancipation both by the liberals and the radicals. In this tradition, the work of Tarek Fateh and Tariq Ramadan is very significant. Fateh in his book C*hasing a Mirage* juxtaposes the "state of Islam" with the ideology of the "Islamic state". He defines "state of Islam" as the condition which shows how the followers of Islam imbibe its basic values whereas the "Islamic state" is a political entity in the sense that its aim is to govern and control society through Islam. Tariq Ramadan, a Swiss born scholar of Islam who is presently a Professor of Contemporary Islamic Studies in the Faculty of Oriental Studies at Oxford University, has attempted to re-interpret the Islamic texts vis-à-vis the modern times and who have highlighted the heterogeneous character of Western Muslims in his works like *Western Muslims and the future of Islam* (2004) and *The Quest for Meaning: Developing a philosophy of pluralism* (2010). On the other hand, the attempts have also been going on to use religion for fundamentalist and nationalist aspirations which certainly contradicts religion's basic idea of general human welfare.

The present article is in line with the approach Tarek Fateh and Tariq Ramdan in so far as it highlights the complex task of negotiating one's religious identity within the multicultural, plural and global societies of contemporary world without lapsing into the logic of nationalist, ethnic or fundamentalist politics. Another thing that this article brings to light indirectly is what Emil L. Fackenheim in his book *What is Judaism?: An Interpretation for the Present Age* says with reference to Judaism. He says that the fears, problems, and contradictions of modern life "…[do] not justify resort to a medieval-style authoritarianism that can no longer be honestly maintained" (29) when it comes to social forms of religion in the twenty-first century world. The task ahead for scholars of religious studies is to look for and develop new forms of religious practices which correspond to the dynamics and demands of contemporary societies.

***-Dharamjeet Singh***

---

### Author's Postface

This short essay was written more than two decades ago and was first published in *Guru Nanak Journal of Sociology*, GNDU, and *Semina*r (Oct, 1992). It was later reproduced in Kehar Singh's *Perspectives on Sikh Polity* (Dawn Publishers, 1993). The essay formed part of a larger text entitled 'The Sikh Question, which, for unfortunate reasons, has remained unfinished to date.

My view of Sikhism was articulated in greater detail in a subsequent paper entitled 'Raj Karega Khalsa: Understanding the Sikh Theory of Religion and Politics' published in *Punjabi Identity in Global Context* (Oxford University Press, 2000). Ideally, the two essays should be read together. Mahatma Gandhi's role in relation to Partition is best discussed in Rajmohan Gandhi's *The Good Boatman* (Penguin, 1997). My own contribution to Gandhian studies consists of two research articles, namely, 'Three responses to Modernity: Goethe, Marx and Gandhi' and 'Sarvodaya versus Populism and Elitism' that appeared respectively in *The Journal of Religious Studies*, Punjabi University, and *Guru Nanak Journal of Sociology*, 1983-84.

# ਸਿਆਸੀ-ਜ਼ਹਿਰ ਦੀ ਖੇਤੀ ਸਿੱਖੀ ਅਸੂਲਾਂ ਦੇ ਵਿਰੁਧ

ਵਿਚਾਰ-ਚਰਚਾ

***ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਬਹਿਸ ਜਾਰੀ ਹੈ। ਇਸ ਬਹਿਸ ਦੇ ਸਿਲਸਿਲੇ ਵਿਚ ਖੱਬੇ ਪੱਖੀ ਚਿੰਤਕ ਸ੍ਰੀ ਕਰਮ ਬਰਸਟ ਦਾ ਇਕ ਲੇਖ ਅਸੀਂ ਪਿਛਲੇ ਅੰਕ ਵਿਚ ਛਾਪਿਆ ਸੀ। ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਦੇ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਪ੍ਰਤੀਕ੍ਰਮ ਅਸੀਂ ਪਹਿਲਾਂ ਵੀ ਛਾਪ ਚੁਕੇ ਹਾਂ। ਚੱਲ ਰਹੀ ਬਹਿਸ ਬਾਰੇ ਉਨ੍ਹਾਂ ਦੀ ਇਹ ਤਾਜ਼ਾ ਟਿੱਪਣੀ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਡਾ. ਬਲਕਾਰ ਸਿੰਘ ਨੇ ਆਪਣੀ ਇਸ ਟਿੱਪਣੀ ਵਿਚ ਅਜਮੇਰ ਸਿੰਘ ਵਲੋਂ ਹਿੰਦੂਆਂ ਵਿਰੁਧ ਦਿੱਤੇ ਥੀਸਿਸ ਦਾ ਵਿਰੋਧ ਕੀਤਾ ਹੈ। ਸਾਨੂੰ ਇਸ ਸਿਲਸਿਲੇ ਵਿਚ ਹੋਰ ਚਿੰਤਕਾਂ ਦੇ ਵਿਚਾਰਾਂ ਦੀ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਅਦਾਰਾ ਪੰਜਾਬ ਟਾਈਮਜ਼ ਦਾ ਇਸ ਬਹਿਸ ਵਿਚ ਪੇਸ਼ ਕੀਤੇ ਜਾ ਰਹੇ ਵੱਖੋ ਵੱਖਰੇ ਨੁਕਤਾ ਨਿਗਾਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ***

ਪਿਆਰੇ ਅਮੋਲਕ ਸਿੰਘ,

ਮੈਂ ਇਹ ਚਿੱਠੀ ਇਸ ਲਈ ਲਿਖ ਰਿਹਾ ਹਾਂ ਕਿ ਅਜਮੇਰ ਸਿੰਘ ਦੀਆਂ ਪੁਸਤਕਾਂ ਨੂੰ ਲੈ ਕੇ ਜਿਹੜੀ ਚਰਚਾ ਸ਼ੁਰੂ ਹੋਈ ਸੀ, ਉਹ ਜਿਵੇਂ ਜਿਵੇਂ ਅਗੇ ਵਧਦੀ ਗਈ, ਤਿਵੇਂ ਤਿਵੇਂ ਰਾਏ ਦੇ ਵਿਰੋਧ ਨੂੰ ਨਾਲ ਲੈ ਕੇ ਤੁਰਨ ਦੀ ਜਾਚ ਸਿੱਖਦੀ ਗਈ ਹੈ। ਇਹ ਗੱਲ ਮੈਂ ਇਸ ਆਧਾਰ 'ਤੇ ਕਹਿ ਰਿਹਾਂ ਕਿ ਜੋ ਡਾ. ਪਰੇਮ ਸਿੰਘ ਹੁਰਾਂ ਨੂੰ ਸਹਿਣਾ ਪਿਆ, ਉਹ ਮੇਰੇ ਸਬੰਧ ਵਿਚ ਹੋਰ ਵੀ ਤਿੱਖਾ/ਪ੍ਰਚੰਡ ਹੋਇਆ। ਪ੍ਰੋਫ਼ੈਸਰ ਹਰਪਾਲ ਸਿੰਘ ਪੰਨੂੰ ਨੂੰ ਤਾਂ ਸਾਡੇ ਕੁਝ ਤੱਤੇ ਭਰਾਵਾਂ ਨੇ ਖਚਰਾ ਹੋਣ ਦਾ ਫਤਵਾ ਵੀ ਦੇ ਮਾਰਿਆ, ਪਰ ਅਖ਼ੀਰ ਲਗਦਾ ਹੈ ਕਿ ਹੁਣ ਤੱਕ ਉਹ ਕਾਫ਼ੀ ਸਹਿਣਸ਼ੀਲ ਹੋ ਗਏ ਹਨ! ਇਹ ਚੰਗੀ ਗੱਲ ਹੈ।

ਮੈਨੂੰ ਅਹਿਸਾਸ ਹੈ ਕਿ ਸਿੱਖ-ਭਾਈਚਾਰੇ ਵਿਚ ਪੁਸਤਕ-ਸਭਿਆਚਾਰ ਅਜੇ ਆਪਣੇ ਬਚਪਨੇ ਵਿਚ ਹੀ ਹੈ। ਇਸ ਦਾ ਲਾਭ ਪਹਿਲਾਂ ਪੰਥ-ਦੋਖੀ ਉਠਾਉਂਦੇ ਸਨ। ਹੌਲੀ ਹੌਲੀ ਇਹ ਕੰਮ ਸਿਆਸਤਨੁਮਾ-ਸਿੱਖ-ਲਿਖਾਰੀਆਂ ਨੇ ਸ਼ੁਰੂ ਕਰ ਲਿਆ। ਦੋਹਾਂ ਹੀ ਹਾਲਤਾਂ ਵਿਚ ਲੇਖਕ ਇਹੀ ਸਮਝਦੇ ਰਹੇ ਕਿ ਸਿੱਖਾਂ ਨੇ ਕਿਹੜਾ ਪੜ੍ਹਨਾ ਹੈ? ਇਸ ਪ੍ਰਸ਼ਨ ਨੂੰ ਸਮਝਣ ਵਾਸਤੇ ਕਰਮ ਬਰਸਟ ਦਾ ਪੰਜਵਾਂ ਲੇਖ (ਪੰਜਾਬ ਟਾਈਮਜ਼, 26 ਮਾਰਚ 2011) ਸਹਾਇਤਾ ਕਰ ਸਕਦਾ ਹੈ।

ਕਰਮ ਬਰਸਟ ਦੇ ਇਸ ਲੇਖ ਨੂੰ ਪੜ੍ਹ ਕੇ ਸਾਡੀ ਇਕ ਪ੍ਰੋਫ਼ੈਸਰ ਕੁਲੀਗ ਨੇ ਉਸ ਨੂੰ ਯਹੂਦੀਆਂ ਅਤੇ ਸਿੱਖਾਂ ਹਸਤੀ-ਹੋਣੀ ਦੇ ਵਖਰੇਵੇਂ ਨਿਖੇੜ ਕੇ ਲਿਖਣ ਲਈ ਵਧਾਈ ਦਿੰਦਿਆਂ ਦੱਸਿਆ ਕਿ ਸਾਡਾ ਇਕ ਦਰਵੇਸ਼ ਵਿਦਵਾਨ ਕੁਲਵੰਤ ਸਿੰਘ ਗਰੇਵਾਲ ਪਿਛਲੇ 40 ਸਾਲ ਤੋਂ, ਗਾਹ-ਬ-ਗਾਹੇ ਸੈਮੀਨਾਰਾਂ/ਗੋਸ਼ਟੀਆਂ ਦੌਰਾਨ ਯਹੂਦੀਆਂ ਅਤੇ ਸਿੱਖਾਂ ਦੇ ਕੌਮੀ ਦਰਦ ਦੀਆਂ ਸਾਂਝਾ ਦੇ ਪ੍ਰਸੰਗ ਸੁਣਾ-ਸੁਣਾ ਕੇ ਲੋਕਾਂ ਨੂੰ ਸੰਮੋਹਿਤ ਕਰਦਾ ਆ ਰਿਹਾ ਸੀ। ਸਾਡਾ ਇਕ ਯਾਰ ਮੇਵਾ ਸਿੰਘ ਤੁੰਗ ਅਕਸਰ ਹੀ ਇਸ ਬਾਰੇ ਸਾਵਧਾਨ ਕਰਦਾ ਰਿਹਾ ਹੈ ਕਿ ਕੁਲਵੰਤ ਸਿੰਘ ਗਰੇਵਾਲ ਕਵੀ ਹੈ। ਉਸ ਦੇ ਅਜਿਹੇ ਪ੍ਰਸੰਗ ਸੁਧੀ/ਨਿਰੋਲ ਕਲਪਨਾ ਹਨ। ਉਸ ਨੂੰ ਸੰਜੀਦਗੀ ਨਾਲ ਨਾ ਲਿਆ ਜਾਵੇ। ਖੁਦ ਮੈਨੂੰ ਯਾਦ ਹੈ ਕਿ ਕੁਲਵੰਤ ਸਿੰਘ ਗਰੇਵਾਲ ਦਾ:

"ਜਾਗੋ ਕਿ ਹੁਣ ਜਾਗ ਉਠੇ ਨੇ
ਮੂਸਾ ਦੇ ਦੀਵਾਨੇ
ਇਸਰਾਈਲ ਦੀਆਂ ਕੌਮਾਂ ਦੇ
ਜਾਗ ਉਠੇ ਪ੍ਰਵਾਨੇ"

ਅਨੁਵਾਨ/ਬੋਲਾਂ ਵਾਲਾ ਕਾਵਿ-ਪ੍ਰਵਚਨ ਸ਼ਕਤੀਵਰ ਹੀ ਇਤਨਾ ਸੀ ਕਿ ਅਸੀਂ ਮੇਵਾ ਸਿੰਘ ਤੁੰਗ ਦੀਆਂ ਗੱਲਾਂ ਵੱਲ ਕਦੀ ਧਿਆਨ ਹੀ ਨਾ ਦਿੱਤਾ। ਜਿਹੜੀ ਗੱਲ ਮੇਵਾ ਸਿੰਘ ਤੁੰਗ ਵਰਗਾ ਧੁਨੰਤਰ ਵਿਦਵਾਨ ਨਹੀਂ ਸੀ ਕਰ ਸਕਿਆ, ਉਹ ਕਰਮ ਬਰਸਟ ਨੇ ਬੜੇ ਸਹਿਜ ਭਾਅ ਹੀ ਕਰ ਦਿੱਤੀ ਹੈ।

ਮੈਨੂੰ ਖੁਸ਼ੀ ਹੈ ਕਿ ਹਰ ਰੰਗ ਦਾ ਸਿੱਖ ਬੁੱਧੀਜੀਵੀ ਇਸ ਚਰਚਾ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਦਿਲਚਸਪੀ ਲੈਣ ਲੱਗ ਪਿਆ ਹੈ। ਇਸ ਦ੍ਰਿਸ਼ਟੀ ਤੋਂ ਅਦਾਰਾ "ਪੰਜਾਬ ਟਾਈਮਜ਼" ਵਧਾਈ ਦਾ ਪਾਤਰ ਹੈ।

ਅਜਮੇਰ ਸਿੰਘ ਦੀਆਂ ਪੁਸਤਕਾਂ ਸਬੰਧੀ ਚਲਦੀ ਵਿਚਾਰ-ਚਰਚਾ ਵਿਚ ਕਰਮ ਬਰਸਟ ਦੇ ਪਰਵੇਸ਼ ਨਾਲ, ਉਸ ਵਰਗ ਦੀ ਪ੍ਰਤੀਨਿਧਤਾ ਵੀ ਹੋ ਗਈ ਹੈ, ਜੋ ਆਮ ਤੌਰ 'ਤੇ ਆਪੋ ਆਪਣੇ ਕਾਰਨਾਂ ਕਰਕੇ ਸਿੱਖ-ਮਸਲਿਆਂ ਵਿਚ ਦਿਲਚਸਪੀ ਹੀ ਨਹੀਂ ਲੈਂਦਾ। ਜੇ ਪ੍ਰੇਮ ਸਿੰਘ ਵਾਂਗ ਦਿਲਚਸਪੀ ਲੈਣ ਦੀ ਕੋਸ਼ਿਸ਼ ਵੀ ਹੋਈ ਤਾਂ ਉਸ ਨੂੰ ਭਜਾਉਣ ਲਈ, ਜੰਗ ਅਤੇ ਪ੍ਰੇਮ ਦੀ ਲੜਾਈ ਵਾਂਗ ਹੀ ਲਿਆ ਜਾਂਦਾ ਰਿਹਾ ਹੈ। ਤਕਨੀਕੀ ਤੌਰ 'ਤੇ ਇਸ ਵਿਚਾਰ-ਚਰਚਾ ਦਾ ਆਗਾਜ਼ ਮੈਂ ਹੀ ਕੀਤਾ ਸੀ। ਅਜਿਹਾ ਕਰਨਾ ਇਸ ਲਈ ਬਹੁਤ ਔਖਾ ਲਗਦਾ ਸੀ ਕਿ ਅਜਮੇਰ ਸਿੰਘ ਮਹਿਜ਼ ਸਾਡਾ ਸਮਕਾਲੀ ਹੀ ਨਹੀਂ ਸਗੋਂ ਬਹੁਤ ਹੀ ਕਰੀਬੀ ਰਿਹਾ ਵੀ ਕਿਹਾ ਜਾ ਸਕਦਾ ਹੈ। ਬੇਸ਼ੱਕ ਮੈਂ ਅਜਮੇਰ ਸਿੰਘ ਦਾ ਵਾਕਫ ਗੁਰਦਿਆਲ ਸਿੰਘ ਬਲ ਰਾਹੀਂ ਹੀ ਹੋਇਆ ਸੀ ਪਰ ਮੇਰੇ ਉਸ ਨਾਲ ਰਿਸ਼ਤੇ ਨੂੰ ਬਲ ਦੇ ਆਸਰੇ ਦੀ ਪਹਿਲੀਆਂ ਇਕ ਦੋ ਮਿਲਣੀਆਂ ਤੋਂ ਬਾਦ ਕਦੇ ਵੀ ਲੋੜ ਨਹੀਂ ਪਈ ਸੀ।

ਅਜਮੇਰ ਸਿੰਘ ਨੇ ਜਿਸ ਸਿੱਖ-ਖੇਤਰ ਵਿਚ ਲਿਖਣਾ ਸ਼ੁਰੂ ਕੀਤਾ, ਉਹ ਮੇਰੀ ਅਕਾਦਮਿਕਤਾ ਨਾਲ ਜੁੜਿਆ ਹੋਇਆ ਹੈ। ਮੈਂ ਜੋ ਕੁਝ ਲੇਖਕ ਦੀ ਪਹਿਲੀ ਪੁਸਤਕ ਬਾਰੇ 2004 ਵਿਚ ਲਿਖਿਆ ਸੀ ਜਾਂ ਚਲ ਰਹੀ ਵਿਚਾਰ-ਚਰਚਾ ਵਿਚ ਲਿਖਿਆ ਹੈ, ਉਸ ਵਿਚ ਇਹੋ ਜਿਹੀ ਕੋਈ ਭਾਵਨਾ ਨਹੀਂ ਸੀ, ਜਿਸ ਤਰ੍ਹਾਂ ਦੀ ਭਾਵਨਾ-ਸਮਝ ਵਿਚੋਂ ਲੇਖਕ ਦੇ ਮੁਦਈਆਂ ਨੇ ਟਿਪਣੀਆਂ ਕੀਤੀਆਂ ਸਨ। ਫਿਰ ਵੀ ਮੇਰਾ ਵਿਸ਼ਵਾਸ ਹੈ ਕਿ ਇਕ ਅਜਿਹੇ ਸਿੱਖ-ਮੁੱਦੇ ਬਾਰੇ ਚਰਚਾ ਤੁਰੀ ਹੈ, ਜਿਸ ਦੀਆਂ ਸੰਭਾਵਨਾਵਾਂ ਬਹੁਤ ਸਾਰੇ ਕਾਰਨਾਂ ਕਰਕੇ ਬਹੁਤ ਘੱਟ ਸਨ। ਇਸ ਵਿਚ ਜੋ ਗੱਲ ਮੈਨੂੰ ਚੁਭੀ ਹੈ, ਉਹ ਲਿਖਤ ਵਿਚ ਤਾਂ ਬੇਸ਼ੱਕ ਅਸਿੱਧੇ ਢੰਗ ਨਾਲ ਹੀ ਆਈ ਹੈ ਪਰ ਚੁੰਝ-ਚਰਚਾ ਵਿਚ ਬਹੁਤ ਖੁਲ੍ਹ ਕੇ ਆਈ ਹੈ। ਗੱਲ ਇਹ ਹੈ ਕਿ ਜਿਨ੍ਹਾਂ ਨੇ ਕਿਤਾਬਾਂ ਬਾਰੇ ਆਲੋਚਨਾਤਮਕ-ਮੁਲਾਂਕਣ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਬਾਰੇ ਇਹ ਭਰਮ ਪਾਲ ਲਿਆ ਗਿਆ ਹੈ ਕਿ ਇਹ ਬਲ ਵਲੋਂ ਅਤੇ ਬਲ ਵਾਸਤੇ ਹੀ ਲਿਖਿਆ ਗਿਆ ਹੈ। ਵਧ ਤੋਂ ਵਧ ਕਹਿਣਾ ਇਹ ਚਾਹੀਦਾ ਸੀ ਕਿ ਇਸ ਪਹੁੰਚ ਵਾਲੀਆਂ ਲਿਖਤਾਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਬਲ ਦੀਆਂ ਭਾਵਨਾਵਾਂ ਦੇ ਕਰੀਬ ਸਨ। ਬਲ ਨੂੰ ਪੁਸਤਕ-ਸਭਿਆਚਾਰ ਨਾਲ ਜੋੜ ਕੇ ਹੀ ਸਮਝਿਆ ਜਾ ਸਕਦਾ ਹੈ। ਜੋ ਪੜ੍ਹਦਾ ਹੈ, ਉਸ ਦੀ ਰਾਏ ਵੀ ਬਣੇਗੀ। ਇਹ ਤਾਂ ਕੋਈ ਦੋਸ਼ ਨਾ ਹੋਇਆ। ਦੂਜੇ ਪਾਸੇ ਜਿਨ੍ਹਾਂ ਨੇ ਪੁਸਤਕਾਂ ਦਾ ਉਸਤਤੀ-ਮੁਲਾਂਕਣ ਕੀਤਾ ਹੈ, ਉਨ੍ਹਾਂ ਬਾਰੇ ਦੂਸਰੇ ਪਾਸੇ ਵਾਲਿਆਂ ਨੂੰ ਇਹ ਮਹਿਸੂਸ ਹੁੰਦਾ ਰਿਹਾ ਹੈ ਕਿ ਉਨ੍ਹਾਂ ਵਿਚੋਂ ਵਧੇਰੇ ਲਿਖਤਾਂ ਅਜਮੇਰ ਸਿੰਘ ਦੇ ਨਿਰਦੇਸ਼ਨ ਜਾਂ ਡਿਕਟੇਸ਼ਨ ਦੀਆਂ ਲਖਾਇਕ ਹਨ। ਦੋਹਾਂ ਹੀ ਹਾਲਤਾਂ ਵਿਚ ਬਲ ਅਤੇ ਅਜਮੇਰ ਨੂੰ ਤਾਂ ਕੀ ਇਤਰਾਜ਼ ਹੋ ਸਕਦਾ ਹੈ ਪਰ ਜਿਨ੍ਹਾਂ ਦੀਆਂ ਮੌਲਿਕ-ਲਿਖਤਾਂ ਨੂੰ ਇਨ੍ਹਾਂ ਦੋਹਾਂ ਦੀਆਂ ਪੈਰ-ਟਿਪਣੀਆਂ ਬਣਾ ਦਿੱਤਾ ਗਿਆ ਹੈ, ਉਨ੍ਹਾਂ ਨਾਲ ਹੋਈ ਵਧੀਕੀ ਦਾ ਜ਼ਿੰਮੇਵਾਰ ਕਿਸ ਨੂੰ ਕਿਹਾ ਜਾਵੇ? ਇਹ ਰੜਕ ਮਹਿਸੂਸ ਤਾਂ ਮੈਨੂੰ ਬਹੁਤ ਪਹਿਲਾਂ ਹੋ ਗਈ ਸੀ ਪਰ ਕਰਮ ਬਰਸਟ ਬਾਰੇ ਹੋ ਰਹੇ ਇਸ ਤਰ੍ਹਾਂ ਦੇ ਦੁਹਰਾਓ ਨੂੰ ਧਿਆਨ ਵਿਚ ਰਖ ਕੇ ਮੈਂ ਇਹ ਖੁਲ੍ਹੀ ਚਿੱਠੀ ਲਿਖ ਰਿਹਾ ਹਾਂ।

ਕਰਮ ਬਰਸਟ ਨੂੰ ਅਜੇ ਮੈਂ ਮਿਲਣਾ ਹੈ ਪਰ ਫੋਨ ਉਤੇ ਉਸ ਨੂੰ ਪਾਏਦਾਰ ਲਿਖਤ ਲਈ ਵਧਾਈ ਦੇ ਚੁੱਕਾ ਹਾਂ। ਜਿਸ ਮਿਹਨਤ ਨਾਲ ਉਸ ਨੇ ਤੱਥਾਂ ਨੂੰ ਆਪਣੀਆਂ ਟਿਪਣੀਆਂ ਦੇ ਸਮਰਥਨ ਵਾਸਤੇ ਵਰਤਿਆ ਹੈ, ਉਸ ਦੀ ਕੋਈ ਰੀਸ ਹੀ ਨਹੀਂ ਹੈ। ਇੰਨਾ ਮਹੀਨ ਕੱਤਣਾ ਹਰੇਕ ਦੇ ਵੱਸ ਵਿਚ ਨਹੀਂ ਹੁੰਦਾ। ਬੇਸ਼ੱਕ ਇਸ ਵਿਚ ਮਿਹਨਤ ਅਤੇ ਸੁਜੱਗਤਾ ਵੀ ਸ਼ਾਮਲ ਹੁੰਦੀ ਹੈ ਪਰ ਮੇਰੇ ਨਜ਼ਦੀਕ ਇਹੋ ਜਿਹੇ ਪਰਾਲਭਧੀ-ਜਿਊੜੇ ਬਣਦੇ ਨਹੀਂ, ਜੰਮਦੇ ਹਨ।

ਸਪਸ਼ਟ ਕਰ ਦਿਆਂ ਕਿ ਇਹ ਲੇਖ ਕਰਮ ਦੇ ਲੇਖਾਂ 'ਤੇ ਟਿਪਣੀ ਵਾਸਤੇ ਨਹੀਂ ਲਿਖਿਆ ਜਾ ਰਿਹਾ? ਮੈਂ ਤਾਂ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਚਲ ਰਹੀ ਚਰਚਾ ਨੂੰ ਬਲ ਬਨਾਮ ਅਜਮੇਰ ਤੱਕ ਸੰਗੋੜਨ ਦੀ ਸਿਆਸਤ ਨਹੀਂ ਕਰਨੀ ਚਾਹੀਦੀ। ਦੋਨੋਂ ਮੇਰੇ ਦੋਸਤ ਹਨ, ਦੋਹਾਂ ਦੋਸਤਾਂ ਨੂੰ ਆਪੋ ਆਪਣੀ ਕਥਿਤ-ਧਿਰ ਦੇ ਮਸੀਹਾਈ-ਬੁਲਾਰੇ ਹੋਣ ਦਾ ਭਰਮ ਪਾਲ ਲੈਣ ਤੋਂ ਬਚਾਏ ਜਾਣ ਦੀ ਲੋੜ ਹੈ। ਚਰਚਾ ਵਿਚ ਸ਼ਾਮਲ ਵਿਦਵਾਨ ਲੇਖਕਾਂ ਨੂੰ ਕੋਟੀਆਂ ਵਿਚ ਗ੍ਰਹਿਣ ਕਰਨ ਦੀ ਥਾਂ, ਮੁੱਦਿਆਂ ਮੁਤਾਬਿਕ ਸਮਝੇ ਜਾਣ ਦੀ ਲੋੜ ਹੈ।

ਅਜਮੇਰ ਸਿੰਘ ਦੀਆਂ ਪੁਸਤਕਾਂ ਮੁਤਾਬਿਕ ਪਹਿਲਾ ਮੁੱਦਾ ਇਹ ਹੈ ਕਿ ਕੀ 1839 ਤੋਂ ਬਾਅਦ ਸਿੱਖ-ਕੌਮ ਲਗਾਤਾਰ ਗੁਲਾਮੀ ਦੇ ਦੌਰ ਵਿਚੋਂ ਲੰਘ ਰਹੀ ਹੈ? ਦੂਜਾ ਹੈ ਕਿ ਕੀ ਸਿੱਖਾਂ ਦੀਆਂ ਦੁਸ਼ਵਾਰੀਆਂ ਦਾ ਕਾਰਨ ਕੇਵਲ ਤੇ ਕੇਵਲ 'ਹਿੰਦੂ' ਹੀ ਹਨ? ਅਜਮੇਰ ਦੀਆਂ ਪੁਸਤਕਾਂ ਵਿਚ ਹੋਰ ਮੁੱਦੇ ਵੀ ਹਨ ਪਰ ਇਥੇ ਇਨ੍ਹਾਂ ਦੋਹਾਂ ਬਾਰੇ ਵਿਚਾਰ ਕੀਤੀ ਜਾ ਰਹੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ "ਗੁਰੁਮਤਿ ਮਾਰਤੰਡ ਭਾਗ ਪਹਿਲਾ" ਦੀ ਭੂਮਿਕਾ ਵਿਚ ਪ੍ਰਾਪਤ ਸਿੱਖ ਸਾਹਿਤ ਨੂੰ ਸਮਝਣ/ਸਮਝਾਉਣ ਲਈ ਕੱਸਵਟੀ ਇਹ ਮੰਨ ਲਈ ਹੈ ਕਿ ਸਿੱਖ ਸਾਹਿਤ ਜਾਂ ਸਿੱਖ-ਇਤਿਹਾਸ ਵਿਚ ਪ੍ਰਾਪਤ ਜਿਹੜੀਆਂ ਰਚਨਾਵਾਂ ਅਸੂਲ ਵਿਰੁਧ ਹਨ, ਇਤਿਹਾਸ ਵਿਰੁਧ ਹਨ ਅਤੇ ਯੁਕਤੀ ਵਿਰੁਧ ਹਨ, ਉਨ੍ਹਾਂ ਨੂੰ 'ਅਪ੍ਰਮਾਣ ਵਚਨ' ਸਮਝਣਾ ਚਾਹੀਦਾ ਹੈ। ਇਨ੍ਹਾਂ ਤਿੰਨਾਂ ਹੀ ਨੁਕਤਿਆਂ ਤੋਂ ਅਜਮੇਰ ਸਿੰਘ ਦੀਆਂ ਪੁਸਤਕਾਂ ਦਾ ਮੁਲਾਂਕਣ ਕਰੀਏ ਤਾਂ ਨਤੀਜੇ ਲੇਖਕ ਦੇ ਹੱਕ ਵਿਚ ਭੁਗਤਦੇ ਨਜ਼ਰ ਨਹੀਂ ਆਉਂਦੇ। ਮਿਸਾਲ ਦੇ ਤੌਰ 'ਤੇ ਗੁਲਾਮੀ ਅਤੇ ਸਿੱਖੀ ਇਕੱਠਿਆਂ ਨਹੀ ਰਹਿ ਸਕਦੀਆਂ। ਜਿਹੋ ਜਿਹੀ ਗੁਲਾਮੀ ਦੀ ਗੱਲ ਅਜਮੇਰ ਸਿੰਘ ਕਰਦਾ ਹੈ, ਉਹੋ ਜਿਹੀ ਗੁਲਾਮੀ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਵੀ ਸੀ। ਖਾਲਸਾ-ਰਾਜ ਵੇਲੇ ਆਮ ਸਿੱਖ ਦੀ ਜਿਸ ਗੁਲਾਮੀ ਦਾ ਕੇਂਦਰੀਕਰਨ ਹੋ ਗਿਆ ਸੀ, ਉਹੀ ਸਰਦਾਰੀਆਂ ਦੇ ਰੂਪ ਵਿਚ ਮਿਸਲਾਂ ਵੇਲੇ ਖਿੱਤਿਆਂ ਵਿਚ ਵੰਡੀ ਹੋਈ ਸੀ।

ਮਿਸਾਲਾਂ ਲੈਣੀਆਂ ਹੋਣ ਤਾਂ ਜਗੀਰਦਾਰੀਆਂ ਤੋਂ ਮਹਿਰੂਮ ਕੀਤੇ ਗਏ ਸਿੱਖ-ਸਰਦਾਰਾਂ ਤੋਂ ਲੈ ਕੇ ਰਾਣੀ ਸਦਾ ਕੌਰ ਤੱਕ ਲਈਆਂ ਜਾ ਸਕਦੀਆਂ ਹਨ। ਇਹੀ ਕਿਉਂ, ਸਿੱਖ-ਸੰਸਥਾਵਾਂ ਵੀ ਸ਼ਾਸਕਾਂ ਦੇ ਪ੍ਰਭਾਵ ਹੇਠ ਆ ਗਈਆਂ ਸਨ (ਵਧੇਰੇ ਵਿਸਥਾਰ ਲਈ ਪ੍ਰੋ. ਪ੍ਰੀਤਮ ਸਿੰਘ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਛਾਪੀ ਪੁਸਤਕ 'ਭਾਈ ਕਾਨ੍ਹ ਸਿੰਘ ਨਾਭਾ:ਪਿਛੋਕੜ, ਰਚਨਾ ਤੇ ਮੁਲਾਂਕਣ' ਵੇਖੀ ਜਾ ਸਕਦੀ ਹੈ)। ਇਹ ਸਾਰਾ ਵਰਤਾਰਾ ਸਿੱਖ-ਸਿਆਸਤ ਦੇ ਹੱਕ ਵਿਚ ਭੁਗਤ ਕੇ ਵੀ ਅਸੂਲ ਵਿਰੋਧੀ ਹੀ ਰਹਿੰਦਾ ਹੈ। ਲੋੜ ਪਈ ਤਾਂ ਰਣਜੀਤ ਸਿੰਘ ਦੀ ਸਿਆਸਤ ਤੋਂ ਲੈਕੇ ਅਜਮੇਰ ਸਿੰਘ ਦੀ ਸਿਆਸਤ ਤਕ ਇਨ੍ਹਾਂ ਤਿੰਨਾਂ ਆਧਾਰਾਂ ਤੇ ਗਲ ਕੀਤੀ ਜਾ ਸਕਦੀ ਹੈ। ਦੂਜਾ, 'ਹਿੰਦੂ' ਵਾਲੇ ਮੁੱਦੇ ਬਾਰੇ ਲੇਖਕ ਦੇ ਇਕ ਸ਼ੁੱਭਚਿੰਤਕ ਯੂਨੀਵਰਸਿਟੀ ਦੇ ਸੇਵਾਮੁਕਤ ਪ੍ਰੋਫੈਸਰ ਦੀ ਉਦਾਸ ਰਾਏ ਹੈ ਕਿ ਬਿਲਕੁਲ ਗਲਤ ਨੂੰ ਠੀਕ ਸਾਬਤ ਕਰਨ ਦੀ ਕੋਸ਼ਿਸ਼ (ਦਣਾਇਨਦ-ਨਿਗ ਟਹਣ ਨਿਦਣਾਇਨਦਬਿਲਣ) ਕਿਵੇਂ ਕੀਤੀ ਜਾ ਸਕਦੀ ਹੈ? ਹਿੰਦੂ ਨੂੰ ਮੁੱਦਾ ਬਣਾ ਕੇ ਪਹਿਲੀ ਪੁਸਤਕ "ਹਮ ਹਿੰਦੂ ਨਹੀਂ" ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖੀ ਸੀ। ਇਹ ਪੁਸਤਕ ਉਨ੍ਹਾਂ ਲੋਕਾਂ ਨੂੰ ਜਵਾਬ ਸੀ ਜਿਹੜੇ ਆਪਣੀਆਂ ਲਿਖਤਾਂ ਵਿਚ ਡੰਕੇ ਦੀ ਚੋਟ 'ਤੇ ਕਹਿੰਦੇ ਸਨ ਕਿ ਸਿੱਖ ਹਿੰਦੂ ਹਨ। ਭਾਈ ਸਾਹਿਬ ਨੇ ਇਸ ਪੁਸਤਕ ਰਾਹੀਂ ਸਾਹਮਣੇ ਲਿਆਂਦਾ ਹੋਇਆ ਹੈ ਕਿ ਲੇਖਕਾਂ ਦੀ ਇਹ ਧਾਰਨਾ ਅਸੂਲ ਵਿਰੁਧ ਵੀ ਹੈ, ਇਤਿਹਾਸ ਵਿਰੁਧ ਅਤੇ ਯੁਕਤੀ ਵਿਰੁਧ ਵੀ। ਇਸ ਨੂੰ ਉਨ੍ਹਾਂ ਨੇ ਕਿਸ ਤਰ੍ਹਾਂ ਸਪਸ਼ਟ ਕੀਤਾ, ਇਸ ਬਾਰੇ ਦੇਵਿੰਦਰ ਸਿੰਘ ਵਿਦਿਆਰਥੀ ਦੀ ਪੁਸਤਕ "ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ" ਦੇ ਪੰਨਾ 77-78 'ਤੇ ਦਿੱਤੀ ਟੂਕ ਹਾਜ਼ਰ ਹੈ:

"ਭਾਈ ਕਾਨ੍ਹ ਸਿੰਘ ਨੇ ਬਹਿਸ ਦੇ ਅੰਤ ਵਿਚ ਲਿਖਿਆ ਹੈ, "ਪਯਾਰੇ ਭਾਈ! ਏਹ ਕਹਾਵਤ ਪਰਸਿੱਧ ਹੈ ਕਿ ਤਾੜੀ (ਤਾਲੀ) ਦੋਹਾਂ ਹੱਥਾਂ ਨਾਲ ਵੱਜਦੀ ਹੈ; ਸੋ ਜੇ ਕੋਈ ਅਕਾਰਣ ਸਿੱਖਾਂ ਨਾਲ ਵਿਰੋਧ ਕਰੇ, ਤਾਂ ਇਸ ਪਾਸਿਓਂ ਸ਼ਾਂਤੀ ਹੋਣ ਕਰਕੇ ਆਪੇ ਹੀ ਵਿਰੋਧ ਸ਼ਾਂਤ ਹੈ।

ਔਰ ਅਸੀਂ ਏਹ ਭੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਹਿੰਦੂਆਂ ਦਾ ਸਾਡੇ ਨਾਲ ਕੋਈ ਵੈਰ ਨਹੀਂ, ਸਗੋਂ ਪ੍ਰੇਮ ਹੈ, ਔਰ ਓਹ ਸਾਡੇ ਸਤਗੁਰਾਂ ਦੇ ਉਪਕਾਰਾਂ ਨੂੰ ਅੱਛੀ ਤਰ੍ਹਾਂ ਜਾਣਦੇ ਹਨ, ਔਰ ਅਸੀਂ ਭੀ ਸਦੈਵ ਉਨ੍ਹਾਂ ਦਾ ਭਲਾ ਚਾਹੁਨੇ ਹਾਂ। ਵਿਰੋਧ ਦਾ ਕਾਰਨ ਸਿਰਫ ਓਹ ਆਦਮੀ ਹਨ, ਜਿਨ੍ਹਾਂ ਨੂੰ ਖੁਦਗਰਜ਼ੀ ਰੂਪੀ ਰੋਗ ਲੱਗਿਆ ਹੋਯਾ ਹੈ। ਔਰ ਜੋ ਸਿੱਖ ਕੌਮ ਨੂੰ ਆਪਣਾ ਦਾਸ ਬਣਾ ਕੇ ਖੀਸੇ ਭਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਭਰੋਸਾ ਹੋ ਗਯਾ ਹੈ ਕਿ ਜੇ ਸਿੱਖ ਕੌਮ ਸਾਡੇ ਹੱਥੋਂ ਜਾਂਦੀ ਰਹੀ ਤਾਂ ਆਮਦਨ ਦਾ ਭਾਰੀ ਹਿੱਸਾ ਮਾਰਿਆ ਜਾਊ। ਏਹੀ ਲੋਕ ਜਗਾ ਜਗਾ ਸ਼ੋਰ ਮਚਾ ਕੇ ਉਪਾਧੀ ਛੋੜ ਰਹੇ ਹਨ ਔਰ ਵਿਰੋਧ ਫੈਲਾ ਰਹੇ ਹਨ। ਜੇ ਵਾਹਿਗੁਰੂ ਇਨ੍ਹਾਂ ਨੂੰ ਸੁਮੱਤਿ ਦੇਵੇ ਤਾਂ ਕਮਾਈ ਕਰਕੇ ਖਾਣ ਨੂੰ ਚੰਗਾ ਸਮਝਣ ਔਰ ਬਿਗਾਨੇ ਹੱਕ ਨੂੰ ਹਰਾਮ ਜਾਣਨ, ਫਿਰ ਆਪ ਹੀ ਸਾਰੇ ਝਗੜੇ ਮਿਟੇ ਪਏ ਹਨ। ...ਇਨ੍ਹਾਂ ਸਵਾਰਥੀ ਲੋਕਾਂ ਨੇ ਹੀ ਪੋਥੀਆਂ ਛਾਪ ਕੇ ਔਰ ਅਖਬਾਰਾਂ ਵਿਚ ਮਜ਼ਮੂਨ ਦੇ ਕੇ ਏਹ ਸਿਧ ਕਰਨ ਦਾ ਯਤਨ ਕੀਤਾ ਹੈ ਕਿ "ਸਿੱਖ ਹਿੰਦੂ ਹਨ।"

ਇਹ ਕਹਿਣ ਦਾ ਯਤਨ ਕਰ ਰਿਹਾ ਹਾਂ ਕਿ ਟਿਪਣੀ ਕਰਨ ਲੱਗਿਆਂ ਭਾਈ ਕਾਨ੍ਹ ਸਿੰਘ ਦੇ ਧਿਆਨ ਵਿਚ ਬਾਣੀ ਅਤੇ ਸਿੱਖ-ਸਾਹਿਤ ਹੈ। ਪਰ ਅਜਿਹੀ ਸਥਿਤੀ ਵਿਚ ਅਜਮੇਰ ਸਿੰਘ ਦੇ ਧਿਆਨ ਵਿਚ ਸੰਤ ਭਿੰਡਰਾਂਵਾਲਾ ਹੈ ਜਾਂ ਅਕਾਲੀ ਸਿਆਸਤਦਾਨ ਹਨ। ਇਸੇ ਕਰਕੇ ਪਹਿਲਾ ਸਿਰ-ਜੋੜਨ ਦੀ ਗੱਲ ਕਰ ਰਿਹਾ ਹੈ ਅਤੇ ਦੂਜਾ ਸਿਰ-ਤੋੜਨ ਦੀ। ਜੇ ਅਜਮੇਰ ਸਿੰਘ ਸਿੱਖਾਂ ਵਾਸਤੇ ਲਿਖ ਰਿਹਾ ਹੈ ਤਾਂ ਇਹ ਤਾਂ ਦਸਣਾ ਹੀ ਪਵੇਗਾ ਕਿ ਕਿਹੜੇ ਸਿੱਖਾਂ ਵਾਸਤੇ ਕੀ ਲਿਖ ਰਿਹਾ ਹੈ? ਜਿਹੜੀ ਨਫਰਤ ਲੇਖਕ ਬੀਜ ਰਿਹਾ ਹੈ, ਇਸ ਨੂੰ ਪਾਲਣਾ ਕਿਨ੍ਹੇ ਹੈ, ਵਢਣਾ ਕਿਸ ਨੇ ਹੈ ਅਤੇ ਵੇਚਣਾ ਕਿਸ ਨੂੰ ਹੈ? ਲੇਖਕ ਦੀਆਂ ਪੁਸਤਕਾਂ ਜਿਹੋ ਜਿਹੇ ਸਵਾਲ ਪੈਦਾ ਕਰਦੀਆਂ ਹਨ, ਉਨ੍ਹਾਂ ਦੇ ਉਤਰ ਪੁਸਤਕਾਂ ਵਿਚੋਂ ਨਹੀਂ ਮਿਲਦੇ। ਬਸ ਇਕ ਹੀ ਨਿਰਦੇਸ਼ ਮਿਲਦਾ ਹੈ ਕਿ ਮਰੋ ਜਾਂ ਮਾਰ ਦਿਓ? ਇਸ ਯੁੱਗ ਵਿਚ ਤਾਂ ਕੀ, ਕਿਸੇ ਵੀ ਸਮੇਂ ਇਹੋ ਜਿਹੀ ਉਲਾਰ-ਸੋਚ ਦਾ ਸਿੱਖ-ਧਰਮ ਨੇ ਸਮਰਥਨ ਨਹੀਂ ਕੀਤਾ। ਗੁਰੂ ਨਾਨਕ ਦੇ ਸੰਦੇਸ਼ ਨੂੰ ਜਨਮ-ਸਾਖੀ ਬੀ-40 ਦਾ ਕਰਤਾ ਇਸ ਤਰ੍ਹਾਂ ਕਹਿੰਦਾ ਹੈ:

"ਤਾਂ ਉਹ ਮੁਲਕੁ ਸਭੋ ਹੀ ਸਿਖ ਹੋਇਆ। ਲਗੇ ਗੁਰੂ ਗੁਰੂ ਜਪਨਿ। ਅਤੇ ਘਰ ਘਰ ਧਰਮਸਾਲਾ ਹੋਇਆ। ਤਾਂ ਗੁਰੂ ਬਾਬੇ ਉਨ੍ਹਾਂ ਨੂੰ ਨਾਮੁ ਦਾਨੁ ਦ੍ਰਿੜਾਇਆ। ਉਸ ਮੁਲਕੁ ਦੇ ਲਗੇ ਆਖਨਿ ਜੋ ਧੰਨੁ ਅਸਾਡੇ ਭਾਗੁ ਜੂ ਤੁਸਾਡਾ ਦਰਸਨੁ ਹੋਇਆ। ਏਤ ਮੁਲਕੁ ਤੁਸਾਡੇ ਚਰਨੁ ਫਿਰੇ।"

ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ "ਪੰਥ ਉਚੇਰਾ" ਲੈ ਜਾਣ ਵਾਸਤੇ ਜੋ ਸਿੱਖਿਆ ਦਿੱਤੀ, ਉਹ ਕਿਸੇ ਵੀ ਧਰਮ ਦੇ ਹਾਕਮਾਂ ਦੇ ਖਿਲਾਫ ਤਾਂ ਭੁਗਤਦੀ ਹੈ ਪਰ ਕਿਸੇ ਜਾਤੀ ਦੇ ਖਿਲਾਫ ਨਹੀਂ। ਗੁਰੂ ਪੰਥ ਨੂੰ ਬਾਣੀ ਦੀ ਅਗਵਾਈ ਵਿਚ ਗੁਰਮਤੇ ਦੀ ਭਾਵਨਾ ਵਿਚ ਕੋਈ ਵੀ ਫੈਸਲਾ ਲੈਣ ਦਾ ਅਧਿਕਾਰ ਹੈ। ਪਰ ਜਿਸ ਫੈਸਲੇ ਦੀ ਵਕਾਲਤ ਅਜਮੇਰ ਸਿੰਘ ਦੀਆਂ ਪੁਸਤਕਾਂ ਵਿਚ ਹੋ ਰਹੀ ਹੈ, ਇਸ ਬਾਰੇ ਪੰਥਕ ਮੁੱਖ-ਧਾਰਾ ਨੇ ਕਦੋਂ ਸੋਚਿਆ ਸੀ ਜਾਂ ਗੁਰਮਤਾ ਕੀਤਾ ਸੀ? ਜੇ ਇਸ ਤਰ੍ਹਾਂ ਕੋਈ ਵੀ ਫੈਸਲਾ ਕਰ ਲੈਣ ਦਾ ਅਧਿਕਾਰ ਕਿਸੇ ਨਿਗੂਣੀ ਗਿਣਤੀ ਵਾਲੇ ਸਿਆਸੀ ਟੋਲੇ ਨੂੰ ਮਿਲ ਗਿਆ ਤਾਂ ਨਿਰਸੰਦੇਹ ਸਿੱਖ ਆਪਣੇ ਦੁਸ਼ਮਣ ਆਪ ਹੀ ਹੋ ਜਾਣਗੇ। ਇਹੋ ਜਿਹੀ ਹਾਲਤ ਵਿਚ ਤਾਂ ਕਹਿਣਾ ਹੀ ਪਵੇਗਾ ਕਿ ਸਿੱਖੀ ਨੂੰ ਸਿੱਖਾਂ ਤੋਂ ਬਚਾਉਣ ਦੀ ਲੋੜ ਪੈ ਗਈ ਹੈ।

ਅਜਮੇਰ ਸਿੰਘ ਵਲੋਂ ਸੁਝਾਏ ਜਾ ਰਹੇ ਰਾਹ ਬਾਰੇ ਜੇ ਸਾਂਝੀ ਪੰਥਕ-ਸਮਝ ਨਾ ਬਣੀ ਤਾਂ ਜਿਵੇਂ ਵਿਅਕਤੀ-ਸਿੱਖਾਂ ਦੇ ਨਾਮ ਤੇ ਅਕਾਲੀ ਦਲ ਬਣੇ ਹੋਏ ਹਨ, ਉਸੇ ਤਰ੍ਹਾਂ ਵਿਅਕਤੀ-ਸਿੱਖਾਂ ਦੇ ਨਾਮ ਤੇ 'ਪੰਥ' ਬਣਨ ਦਾ ਰਾਹ ਪੱਧਰਾ ਹੋ ਜਾਵੇਗਾ? ਜਿਸ 'ਹਿੰਦੂ' ਨੂੰ ਹਊਏ ਵਾਂਗ ਅਜਮੇਰ ਸਿੰਘ ਉਭਾਰ ਰਿਹਾ ਹੈ, ਉਸ ਨੂੰ ਤਾਂ ਸਭ ਕੁਝ ਫਿਰ ਕੀਤਾ ਕਰਾਇਆ ਹੀ ਮਿਲ ਜਾਵੇਗਾ। ਯਾਦ ਰਖਣਾ ਚਾਹੀਦਾ ਹੈ ਕਿ ਉਦਾਸੀਆਂ ਨੂੰ ਪੰਥਕ-ਮਾਨਤਾ ਮਿਲ ਜਾਣ ਨਾਲ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਮੂਰਤੀਆਂ ਟਿਕ ਗਈਆਂ ਸਨ ਅਤੇ ਨਿਰਮਲਿਆਂ ਨੂੰ ਪੰਥਕ ਮਾਨਤਾ ਮਿਲ ਜਾਣ ਨਾਲ ਸਿੱਖੀ ਦਾ ਵੇਦਾਂਤੀਕਰਨ ਹੋ ਗਿਆ ਸੀ। ਸਿਆਸੀ-ਪੈਂਤੜਿਆਂ ਨੂੰ ਪੰਥਕ-ਮਾਨਤਾ ਮਿਲ ਜਾਣ ਨਾਲ ਆਮ ਸਿੱਖ ਨੂੰ ਜੋ ਕੁਝ ਭੁਗਤਣਾ ਪੈ ਰਿਹਾ ਹੈ, ਇਸ ਦੇ ਆਧਾਰ 'ਤੇ ਕਹਿਣਾ ਚਾਹੁੰਦਾ ਹਾਂ ਕਿ ਸਿਆਸੀ-ਜ਼ਹਿਰ ਦੀ ਖੇਤੀ ਕਰੋਗੇ ਤਾਂ ਗੁਰੂ ਵਲੋਂ ਬਖਸ਼ੇ ਹੋਏ ਅੰਮ੍ਰਿਤ-ਆਧਾਰਤ ਪੰਥਕ-ਮਾਰਗ ਦੇ ਪਾਂਧੀ ਹੋ ਸਕਣ ਦੀਆਂ ਸੰਭਾਵਨਾਵਾਂ ਤੋਂ ਦੂਰ ਹੁੰਦੇ ਜਾਓਗੇ?

***-ਬਲਕਾਰ ਸਿੰਘ ਪਟਿਆਲਾ।***

## Partition, Gandhi and the Sikhs

and maintain their identity is wholly legitimate and understandable, it has not remained untainted by the distortions introduced into the historical situation by Partition. Thus, the Sikh definition of identity has been either unclear or conceived on the lines of the two-nation theory, with the negative emphasis on separation, cultural or territorial, from Hindu India. The elementary distinction between *Khalsa raj*, the perfect equivalent of Gandhi's *swaraj*, and *Khalistan* was never clearly apprehended or spelt out. The Sikh ideal of cultural and religious pluralism or the other radical idea of people's power and sovereignty as a counterweight to any arbitrariness and tyranny of the State did not receive due attention and emphasis as the core of Sikh identity and fundamentalism.

But then the Sikh confusion and disorientation, partly the result of the politics of power and partition, was worse confounded by the rising tide of Hindu communalism in independent India. As a matter of fact, it is impossible to understand the Sikh problem except in relation to the Hindu communal response to even the legitimate Sikh aspirations. The Sikhs were included or excluded from the Hindu fold, just like the Dalits and the Dravidians, depending upon the shifting definitions of the Hindus of the *Aryavarta*.

Let us take stock: Partition marked the culmination of a long process of communal polarisation, which had resulted from a complex of factors including the imperialist policy of divide and rule, the positivist logic of social classification (destructive of all mediations) followed by the British, competition among the 'salariat' and other elite groups for scarce jobs and other opportunities that had been thrown up in the wake of the Raj, and so on. Ever since the Subcontinent has been arrested within a communal framework and ever since the Sikhs have felt radically ambivalent and torn between their truth of pluralism and the reality of communalism. At least this is one way of viewing the semiotics of Partition in relation to the continuing Sikh problem.

The Sikh problem today is how to correctly conjoin *piri* and *miri*, or the quest for truth and identity and the quest for power. And the appropriate solution is not for the Sikhs to seek power for themselves alone and thus surrender to the logic of communalism, power and partition once again, but seek a structural solution and strive for a truly federal and decentralised polity, where they can flourish together with other communities. Such a decentralised polity will entail a transfer of power not only from the Centre to the states, but also from the State to the people, on way to the establishment of an authentic *swaraj*, or *Khalsa raj*. To strive for a real federation within India and, beyond that, for a confederation of all States in the Subcontinent - that is the role betting the Sikhs in the present conjuncture.

# ਯਾਦਾਂ ਦੇ ਝਰੋਖੇ ਵਿਚੋਂ ਝਾਕਦਾ ਗੁਰਚਰਨ ਚਾਹਲ ਭੀਖੀ

**ਸਫ਼ਰ ਜ਼ਿੰਦਗੀ ਦਾ**

**ਲਕਸ਼ਮੀ ਨਰਾਇਣ ਭੀਖੀ**

***ਉਹ ਫਿਰਕੂ ਸੋਚ ਦਾ ਕੱਟੜ ਵਿਰੋਧੀ ਸੀ। ਉਸ ਨੂੰ ਮਸੀਤਾਂ, ਮੰਦਰ, ਡੇਰੇ, ਸਾਧੂ ਸੰਤ, ਜੋਤਸ਼ੀ, ਮਹੰਤ ਬਹੁਤ ਹੀ ਪਾਖੰਡੀ ਲਗਦੇ ਸਨ, ਪ੍ਰੰਤੂ ਨਾਸਤਕ ਹੁੰਦਿਆਂ ਵੀ ਉਸ ਦੀ ਆਸਤਕਾਂ ਨਾਲ ਯਾਰੀ ਹੁੰਦੀ। ਗਿਆਨੀ ਈਸ਼ਰ ਸਿੰਘ ਕੋਲ ਉਹ ਅਕਸਰ ਸੰਗਰੂਰ ਜਾਂਦਾ, ਰੱਬ ਬਾਰੇ ਦੋਵਾਂ ਦੀ ਘੰਟਿਆਂਬੱਧੀ ਬਹਿਸ ਹੁੰਦੀ। ਅਲੌਕਿਕ ਤੇ ਗੈਬੀ ਸ਼ਕਤੀਆਂ ਬਾਰੇ ਵਿਵਾਦ ਹੁੰਦਾ ਰਹਿੰਦਾ, ਪ੍ਰੰਤੂ ਭੀਖੀ ਆਪਣੇ ਵਿਚਾਰਾਂ 'ਤੇ ਕਾਇਮ ਰਹਿੰਦਾ।***

ਗੁਰਚਰਨ ਚਾਹਲ ਭੀਖੀ ਕੋਲੋਂ ਮੈਂ ਪੜ੍ਹਿਆ ਘੱਟ ਹਾਂ, ਗੁੜ੍ਹਿਆ ਵੱਧ। ਮੈਂ ਉਸ ਦੀ ਛੋਟੇ ਹੁੰਦਿਆਂ ਰੱਜ ਕੇ ਸੰਗਤ ਮਾਣੀ ਹੈ। ਉਨ੍ਹਾਂ ਦੇ ਘਰ ਜਾ ਕੇ ਨਵੀਆਂ-ਨਕੋਰ ਗੱਲਾਂ ਪੜ੍ਹਨ-ਸੁਣਨ ਨੂੰ ਮਿਲਦੀਆਂ। ਭੀਖੀ ਵਲੋਂ ਖੋਲ੍ਹੇ ਮਾਡਲ ਸਕੂਲ 'ਚ ਵੀ ਮੈਂ ਪੜ੍ਹਦਾ ਰਿਹਾ। ਜਦੋਂ ਸਕੂਲ ਬੰਦ ਹੋਇਆ ਤਾਂ ਉਨ੍ਹਾਂ ਮੈਨੂੰ ਸਰਕਾਰੀ ਹਾਈ ਸਕੂਲ ਭੀਖੀ ਦੀ ਤੀਜੀ ਕਲਾਸ 'ਚ ਦਾਖਲ ਕਰਵਾ ਦਿੱਤਾ। ਭੀਖੀ ਨੇ ਮੈਨੂੰ ਬਚਪਨ ਤੋਂ ਹੀ ਅੱਖਰ ਗਿਆਨ ਤੋਂ ਸਿਆਣੂ ਕਰਾਇਆ ਤੇ ਸਾਹਿਤਕ ਸਿੱਖਿਆ ਦਿੱਤੀ। ਉਸ ਦੀ ਪ੍ਰੇਰਨਾ ਸਦਕਾ ਹੀ ਮੈਂ ਛੇਵੀਂ ਜਮਾਤ 'ਚ ਇਕ ਕਹਾਣੀ 'ਚਲਾਕ ਚੂਹਾ' 'ਪੰਖੜੀਆਂ' 'ਚ ਛਪਵਾ ਦਿੱਤੀ ਸੀ। 1975 'ਚ ਇਕ ਨਾਟਕ ਵੀ ਲਿਖ ਦਿੱਤਾ ਸੀ "ਦੋ ਬੱਚੇ ਹੋਤੇ ਹੈਂ ਘਰ ਮੇਂ ਅੱਛੇ"। ਭੀਖੀ ਮੇਰਾ ਸਾਹਿਤਕ ਗੁਰੂ ਤੇ ਕਲਾਤਮਿਕ ਅਧਿਆਪਕ ਹੈ।

ਮੌਤ ਭਾਵੇਂ ਜ਼ਿੰਦਗੀ 'ਚ ਵਾਪਰਨ ਵਾਲੀ ਅਟੱਲ ਘਟਨਾ ਹੁੰਦੀ ਹੈ ਪਰ ਭੀਖੀ ਨਾਲ ਇਹ ਘਟਨਾ ਸਮੇਂ ਤੋਂ ਪਹਿਲਾਂ ਵਾਪਰ ਗਈ... ਪਰ ਮੌਤ-ਮੌਤ ਅਤੇ ਵੱਖ-ਵੱਖ ਵਿਅਕਤੀਆਂ ਦੀ ਮੌਤ 'ਚ ਫਰਕ ਜ਼ਰੂਰ ਹੁੰਦਾ ਹੈ। ਉਸ ਦੇ ਘਰ ਸਾਹਿਤਕ ਬੇਲੀ ਆਏ ਰਹਿੰਦੇ। ਜਦੋਂ ਕਿਧਰੇ ਦੋਸਤਾਂ ਦੀ ਆਮਦ ਘਟਣ ਲਗਦੀ ਤਾਂ ਉਹ ਦੋਸਤਾਂ ਤੋਂ ਬਿਨਾਂ ਇਉਂ ਤੜਫਣ ਲਗਦਾ ਜਿਵੇਂ ਪਾਣੀ ਤੋਂ ਬਿਨਾਂ ਮੱਛੀ, ਦੋਸਤ ਉਸ ਲਈ ਆਕਸੀਜਨ ਸਨ, ਜਦੋਂ ਵੀ ਮਹਿਫਲ ਲਗਦੀ ਤਾਂ ਉਹ ਆਖਦਾ:

ਖ਼ੁਦਾ ਤੋ ਆਦਮੀ ਖ਼ੁਦ ਹੋਤਾ ਹੈ,
ਖ਼ੁਦਾ ਸੇ ਊਪਰ ਹੋਤੇ ਹੈਂ ਦੋਸਤ।

ਉਹ ਆਪਣੇ ਮਿੱਤਰਾਂ ਨੂੰ ਖ਼ੁਦਾ ਤੋਂ ਉਪਰ ਸਮਝਦਾ, ਮਿੱਤਰਾਂ ਨੂੰ ਅਦਬ ਨਾਲ ਸਤਿਕਾਰਦਾ ਤੇ ਸੌਖੇ ਪਲਾਂ ਵਿਚ ਦੋਸਤਾਂ ਦੇ ਝੁਰਮਟਾਂ ਦੇ ਝੁਰਮਟ ਉਸ ਦੇ ਕੋਲ-ਕੋਲ ਰਿਹਾ ਕਰਦੇ। ਚਾਹਲ ਚਾਹਿਬ, ਚਾਹਲ ਸਾਹਿਬ ਹੋਇਆ ਕਰਦੀ। ਉਸ ਦੀ ਸਵੈ-ਪੜਚੋਲ ਤੋਂ ਬਿਨਾਂ ਭੀਖੀ ਦੀ ਇਹ ਹੱਦੋਂ ਜ਼ਿਆਦਾ ਫੋਕੀ ਉਪਮਾ ਮੈਨੂੰ ਉਸ ਵੇਲੇ ਬਹੁਤ ਹੀ ਓਪਰੀ ਲੱਗਿਆ ਕਰਦੀ ਸੀ। ਪਰ ਜਿਉਂ-ਜਿਉਂ ਉਸ ਦੀ ਬਿਮਾਰੀ ਵਧਦੀ ਗਈ, ਤਿਉਂ-ਤਿਉਂ ਮਿੱਤਰਾਂ ਦੀ ਆਉਣੀ-ਜਾਣੀ ਵੀ ਘਟਦੀ ਗਈ। ਆਖਰੀ ਪਲਾਂ ਵੇਲੇ ਦੋਸਤਾਂ ਦੀ ਘਟਦੀ ਆਮਦ ਉਸ ਨੂੰ ਸਤਾਉਣ ਲੱਗੀ, ਇਕੱਲ ਮੌਤ ਬਣ ਕੇ ਡਰਾਉਣ ਲੱਗੀ। ਇਕਲਾਪੇ ਅਤੇ ਉਦਰੇਵੇਂ ਕਰਕੇ ਦੋਸਤਾਂ 'ਚੋਂ ਉਸ ਦਾ ਵਿਸ਼ਵਾਸ ਖੁਰਦਾ ਗਿਆ। ਫੇਰ ਵੀ ਉਹ ਕਈ ਦੋਸਤਾਂ ਨੂੰ ਹੱਦੋਂ ਵੱਧ ਸ਼ਿੱਦਤ ਨਾਲ ਯਾਦ ਕਰਦਾ ਅਤੇ ਦਿਲੋਂ ਮੋਹ ਕਰਦਾ। 8 ਦਸੰਬਰ 1984 ਨੂੰ ਉਹ ਆਪਣੇ 33 ਦੋਸਤਾਂ ਦੇ ਨਾਂ ਅਤੇ ਪਤੇ ਮੈਨੂੰ ਲਿਖਵਾ ਗਿਆ, ਜਿਵੇਂ ਕਿ ਉਸ ਨੂੰ ਆਪਣੀ ਮੌਤ ਦੇ ਕਾਰਨਾਂ ਦਾ ਪਹਿਲਾਂ ਹੀ ਪਤਾ ਲੱਗ ਗਿਆ ਹੋਵੇ ਅਤੇ ਉਸ ਨੂੰ ਧਰਮਰਾਜ ਦੇ ਜਮਦੂਤ ਪਹਿਲਾਂ ਤੋਂ ਹੀ ਦਿਸਣ ਲੱਗ ਪਏ ਹੋਣ। ਭਾਵੇਂ ਉਹ ਲੰਮੀ ਉਮਰ ਨੂੰ ਪਸੰਦ ਨਹੀਂ ਸੀ ਕਰਦਾ, ਫੇਰ ਵੀ ਉਹ ਵਧੀਆ ਜ਼ਿੰਦਗੀ ਜਿਊਣੀ ਚਾਹੁੰਦਾ ਸੀ ਪਰ ਗੰਭੀਰ ਬਿਮਾਰੀ ਨੇ ਉਸ ਦੀ ਮੌਤ ਨੂੰ ਹੋਰ ਵੀ ਨੇੜੇ ਲੈ ਆਂਦਾ।

ਛੱਲਾਂ ਮਾਰਦੇ ਵਲਵਲੇ, ਜਜ਼ਬਾਤ ਤੇ ਪੰਜਾਬ ਦੀ ਦਹਿਸ਼ਤ ਭਰੀ ਸਥਿਤੀ ਨੇ ਭੀਖੀ ਦੇ ਮਨ 'ਚ ਇਹ ਸੁਆਲ ਜ਼ੋਰਦਾਰ ਢੰਗ ਨਾਲ ਭਰ ਦਿੱਤਾ ਕਿ ਉਹ ਕੁਝ ਚਿਰ ਹੋਰ ਜਿਉਂ ਲਵੇ। ਅਧੂਰੇ ਕਾਰਜਾਂ ਨੂੰ ਦੇਖਦਿਆਂ 'ਹੁਣ ਤਾਂ ਚੋਲਾ ਛੱਡਾਂਗੇ' ਆਖਣ ਵਾਲੇ ਭੀਖੀ ਨੂੰ ਚੋਲਾ ਛੱਡਣ ਤੋਂ ਡਰ ਲੱਗਣ ਲੱਗ ਪਿਆ ਸੀ। ਉਹ ਇਸ ਲਈ ਨਹੀਂ ਸੀ ਜਿਊਣਾ ਚਾਹੁੰਦਾ ਕਿ ਉਹ ਘਰ-ਬਾਰ ਨੂੰ ਸੁਧਾਰੇ ਜਾਂ ਦੁਨੀਆਂਦਾਰੀ ਹੋਰ ਦੇਖ ਲਵੇ। ਉਹ ਕਿਹਾ ਕਰਦਾ ਸੀ ਕਿ ਜ਼ਿੰਦਗੀ ਦੀਆਂ ਕੁਝ ਹਕੀਕਤਾਂ ਦਾ ਤਾਂ ਮੈਨੂੰ ਹੁਣ ਪਤਾ ਲੱਗਿਆ ਹੈ ਤੇ ਸ਼ਾਇਦ ਲਿਖਣ ਬਾਰੇ ਵੀ ਹੁਣੇ ਪਤਾ ਲੱਗਣ ਲੱਗਿਆ ਹੈ। ਮੇਰਾ ਬਹੁਤ ਕੁਝ ਲਿਖਣਾ ਬਾਕੀ ਪਿਐ। 'ਮੈਂ ਤਾਂ ਅਜੇ ਗੋਹੜੇ 'ਚੋਂ ਪੂਣੀ ਵੀ ਨਹੀਂ ਕੱਤੀ।'

"ਜੇਕਰ ਮੈਂ ਤੰਦਰੁਸਤ ਹੋ ਗਿਆ ਤਾਂ ਦੁਨੀਆਂ ਦਾ ਪ੍ਰਸਿੱਧ ਸਾਹਿਤ ਪੜ੍ਹਨਾ ਅਜੇ ਬਾਕੀ ਪਿਐ। ਮੈਂ ਪਹਿਲਾਂ ਨਾਲੋਂ ਜ਼ਿਆਦਾ ਮਿਹਨਤ ਕਰਕੇ ਕਹਾਣੀਆਂ ਅਤੇ ਨਾਵਲ ਲਿਖਾਂਗਾ।" ਇਉਂ ਉਸ ਦੀ ਸੁਪਨਮਈ ਅਤੇ ਕਾਲਪਨਿਕ ਦੁਨੀਆਂ ਬਹੁਤ ਹੀ ਵੱਡੀ ਸੀ, ਤਦ ਵੀ ਉਹ ਸਮਾਜਿਕ ਯਥਾਰਥ ਤੋਂ ਉਪਰਾਮ ਹੋ ਜਾਂਦਾ ਸੀ। ਉਹ ਜਿਵੇਂ ਪਰਿਵਾਰਕ ਵਾਤਾਵਰਣ ਅਤੇ ਸਮਾਜ ਦੀਆਂ ਤੰਗ ਵਲਗਣਾਂ ਤੋਂ ਨਾਖੁਸ਼ ਸੀ, ਉਵੇਂ ਉਹ ਪਿੰਡ ਦੇ ਆਲੇ-ਦੁਆਲੇ ਤੋਂ ਵੀ ਸੰਤੁਸ਼ਟ ਨਹੀਂ ਸੀ, ਨਾ ਹੀ ਉਸ ਦੀ ਸਰਕਾਰੀ ਨੌਕਰੀ 'ਚ ਦਿਲਚਸਪੀ ਸੀ। ਇੱਥੋਂ ਤੱਕ ਕਿ ਉਹ ਸਹੂਲਤਾਂ ਤੋਂ ਵਾਂਝੇ ਭਾਰਤ 'ਚ ਵੀ ਨਹੀਂ ਸੀ ਰਹਿਣਾ ਚਾਹੁੰਦਾ। ਉਹ ਬੇਚੈਨ ਬੰਦਾ ਸੀ। ਉਸ ਨੇ ਕਈ ਵਾਰ ਕੁਵੈਤ ਜਾਂ ਕੈਨੇਡਾ ਜਾਣ ਦਾ ਵਿਚਾਰ ਬਣਾਇਆ ਅਤੇ ਖੁਸ਼ੀ ਦੇ ਮੂਡ 'ਚ ਕਈ ਵਾਰ ਆਖਿਆ ਕਰਦਾ ਸੀ ਕਿ ਮੈਂ ਦੋਸਤਾਂ ਨੂੰ ਵੀ ਵਿਦੇਸ਼ ਹੀ ਲੈ ਜਾਵਾਂਗਾ ਅਤੇ ਕਈ ਵਾਰ ਦਰਸ਼ਨ ਮਿਤਵਾ ਨਾਲ ਮਿਲ ਕੇ ਫਿਲਮਾਂ ਬਣਾਉਣ ਬਾਰੇ ਵੀ ਸੋਚਿਆ। ਉਸ ਦੀ ਸੋਚਣ ਸ਼ਕਤੀ ਜਿੰਨੀ ਤੇਜ਼-ਤਰਾਰ ਸੀ, ਓਨਾ ਹੀ ਉਹ ਸਮਾਜਕ ਅਤੇ ਘਰੇਲੂ ਕੰਮਾਂ 'ਚ ਘੌਲੀ ਸੀ। ਉਸ ਦੀ ਘੌਲ ਅਤੇ ਆਰਥਿਕ ਮਜਬੂਰੀ ਨੇ ਉਸ ਦੇ ਕਈ ਗੂੜ੍ਹੇ ਸੰਕਲਪ ਪੂਰੇ ਨਹੀਂ ਹੋਣ ਦਿੱਤੇ।

ਉਹ ਆਖਦਾ ਕਿ ਕਿਸੇ ਲੇਖਕ ਨੂੰ ਆਪਣੀ ਸਵੈ-ਪ੍ਰਸ਼ੰਸਾ ਦਾ ਫੱਟਾ ਨਹੀਂ ਲਾਉਣਾ ਚਾਹੀਦਾ। ਖੇਖਣਹਾਰੇ ਲੇਖਕਾਂ ਨੂੰ ਉਹ ਸਖਤ ਨਫਰਤ ਕਰਦਾ ਸੀ। ਕੁਰਸੀਧਾਰੀ ਲੇਖਕਾਂ ਤੇ ਚਮਚੇਬਾਜ਼ ਵਿਦਵਾਨਾਂ ਦਾ ਉਹ ਆਲੋਚਕ ਸੀ। ਭੀਖੀ ਆਖਦਾ ਸੀ ਕਿ ਅਸਲੀ-ਨਕਲੀ ਦੀ ਤਾਂ ਪਾਠਕ ਹੀ ਪਛਾਣ ਕਰਿਆ ਕਰਦੇ ਹਨ। ਗਿਆਨ ਦੀ ਹਉਮੈ ਦਾ ਨਕਾਬ ਪਹਿਨ ਕੇ ਕਦੇ ਵੀ ਮਹਾਨ ਨਹੀਂ ਬਣਿਆ ਜਾ ਸਕਦਾ। ਭੀਖੀ ਸਮਾਜਕ ਕ੍ਰਾਂਤੀ ਦਾ ਹਾਮੀ ਸੀ। ਭੀਖੀ ਪਹਿਲਾਂ-ਪਹਿਲਾਂ ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਹੋਇਆ। ਬੇਰੁਜ਼ਗਾਰ ਅਧਿਆਪਕ ਯੂਨੀਅਨ ਦਾ ਜ਼ਿਲ੍ਹਾ ਪ੍ਰਧਾਨ ਵੀ ਰਿਹਾ। ਸਮੇਂ-ਸਮੇਂ ਉਠੀਆਂ ਲਹਿਰਾਂ ਵੀ ਉਸ ਨੂੰ ਪ੍ਰਭਾਵਤ ਕਰਦੀਆਂ ਰਹੀਆਂ। ਉਸ ਦੀ ਕਿਸਾਨ ਅੰਦੋਲਨ ਨਾਲ ਡੂੰਘੀ ਹਮਦਰਦੀ ਸੀ, ਪਰ ਇਸ ਦੇ ਹੱਲ ਪ੍ਰਤੀ ਆਪਣੀ ਸਪੱਸ਼ਟ ਰਾਏ ਦੇਣ ਤੋਂ ਝਿਜਕ ਮਹਿਸੂਸ ਕਰਦਾ ਸੀ ਕਿਉਂਕਿ ਉਹ ਯੁੱਗ ਪਲਟਾਊ ਸ਼ਕਤੀਆਂ ਦੀ ਫੁੱਟ ਤੋਂ ਬਦਜ਼ਨ ਸੀ ਤੇ ਪੰਜਾਬ ਦੇ ਸੰਕਟਮਈ ਹਾਲਾਤ ਤੋਂ ਨਿਰਾਸ਼ ਸੀ। ਕਿਸਾਨ ਪਰਿਵਾਰ ਦਾ ਜੰਮਪਲ ਹੋਣ ਕਰਕੇ ਉਹ ਕਿਸਾਨੀ ਲਈ ਕੰਮ ਕਰਨ ਨੂੰ ਜ਼ਿਆਦਾ ਤਰਜੀਹ ਦਿੰਦਾ ਸੀ। ਜਦੋਂ ਉਸ ਨੂੰ ਭਾਰਤੀ ਕਿਸਾਨ ਯੂਨੀਅਨ, ਭੀਖੀ ਦਾ ਜਨਰਲ ਸਕੱਤਰ ਬਣਾਇਆ ਗਿਆ ਤਾਂ ਉਸ ਨੇ ਹੱਦੋਂ ਵੱਧ ਖੁਸ਼ੀ ਮਨਾਈ ਪਰ ਲੁੱਟ-ਖਸੁੱਟ ਦੇ ਖਿਲਾਫ ਸਮਾਜਵਾਦੀ ਸ਼ਕਤੀਆਂ ਦੇ ਸਿਧਾਂਤਾਂ ਨੂੰ ਉਹ ਵਰਤਮਾਨ ਹਾਲਾਤਾਂ ਵਿਚ ਨਾ ਫਿੱਟ ਹੋਣ ਯੋਗ ਮੰਨਣ ਲੱਗ ਪਿਆ ਸੀ। ਤਦ ਵੀ ਆਖਰੀ ਪਲਾਂ 'ਚ ਕੋਲ ਬੈਠੇ ਰਿਸ਼ਤੇਦਾਰਾਂ ਤੇ ਮਿੱਤਰਾਂ ਨੂੰ ਕਹਿੰਦਾ ਰਿਹਾ, "ਬਾਈ ਹੁਣ ਆਪਾਂ ਜ਼ਰੂਰ ਇਨਕਲਾਬ ਲੈ ਕੇ ਆਉਣੈ। ਆਪਾਂ ਛੇਤੀ ਇਨਕਲਾਬ ਲੈ ਕੇ ਆਉਣੈ।"



ਉਹ ਫਿਰਕੂ ਸੋਚ ਦਾ ਕੱਟੜ ਵਿਰੋਧੀ ਸੀ। ਉਸ ਨੂੰ ਮਸੀਤਾਂ, ਮੰਦਰ, ਡੇਰੇ, ਸਾਧੂ ਸੰਤ, ਜੋਤਸ਼ੀ, ਮਹੰਤ ਬਹੁਤ ਹੀ ਪਾਖੰਡੀ ਲਗਦੇ ਸਨ, ਪ੍ਰੰਤੂ ਨਾਸਤਕ ਹੁੰਦਿਆਂ ਵੀ ਉਸ ਦੀ ਆਸਤਕਾਂ ਨਾਲ ਯਾਰੀ ਹੁੰਦੀ। ਗਿਆਨੀ ਈਸ਼ਰ ਸਿੰਘ ਕੋਲ ਉਹ ਅਕਸਰ ਸੰਗਰੂਰ ਜਾਂਦਾ, ਰੱਬ ਬਾਰੇ ਦੋਵਾਂ ਦੀ ਘੰਟਿਆਂਬੱਧੀ ਬਹਿਸ ਹੁੰਦੀ। ਅਲੌਕਿਕ ਤੇ ਗੈਬੀ ਸ਼ਕਤੀਆਂ ਬਾਰੇ ਵਿਵਾਦ ਹੁੰਦਾ ਰਹਿੰਦਾ, ਪ੍ਰੰਤੂ ਭੀਖੀ ਆਪਣੇ ਵਿਚਾਰਾਂ 'ਤੇ ਕਾਇਮ ਰਹਿੰਦਾ। ਕਰਨੀ ਜਾਂ ਜਾਦੂ-ਮੰਤਰਾਂ ਵਾਲੇ ਸੰਤਾਂ-ਮਹੰਤਾਂ ਨਾਲ ਉਹ ਅਕਸਰ ਹੀ ਖਹਿਬੜ ਪੈਂਦਾ ਪਰ ਭੀਖੀ ਦੇ ਮੋਹਨ ਦਾਸ ਸੰਤ (ਗੁਤਨੀ ਵਾਲੇ ਬਾਬੇ) ਨੂੰ ਉਹ ਅਕਸਰ ਮਿਲਦਾ। ਉਹ ਬਾਬਾ ਜਦੋਂ ਰੱਬ ਦੀ ਹੋਂਦ ਬਾਰੇ ਗੱਲਾਂ ਕਰਦਾ ਤਾਂ ਭੀਖੀ ਉਸ ਨੂੰ ਗਪਟਲੀ ਬਾਬਾ ਆਖਦਾ। ਉਸ ਦਾ ਭੀਖੀ ਵਾਲੇ ਮੌਲਵੀ ਨਾਲ ਵੀ ਪੂਰਾ ਮੇਲ-ਜੋਲ ਸੀ। ਭੀਖੀ ਨੇ ਸਮਾਜ-ਪੱਖੀ ਅਤੇ ਵਿੱਦਿਅਕ ਪੱਖੀ ਸੋਚ 'ਤੇ ਪਹਿਰਾ ਦਿੱਤਾ। ਉਸ ਨੇ ਅਧਿਆਪਕ ਵਰਗ ਦੀ ਮਾੜੀ ਸਿੱਖਿਆ ਦਾ ਵਿਰੋਧ ਕੀਤਾ। ਇਕ ਵਾਰ ਇਕ ਅਣ-ਅਕਾਦਮਿਕ ਅਧਿਆਪਕ ਆਇਆ ਤਾਂ ਭੀਖੀ ਨੇ ਕਵਿਤਾ ਲਿਖੀ:

ਇਹ ਸਕੂਲ ਹੈ ਵਿੱਦਿਆ ਮੰਦਰ,
ਇੱਥੇ ਰਹਿੰਦਾ ਗੰਜਾ ਕੰਜਰ,
ਸਕੂਲ ਨੂੰ ਢਾਹ ਕੇ ਬੰਨ੍ਹ ਡੰਗਰ।

ਗੁਰਚਰਨ ਚਾਹਲ ਭੀਖੀ ਕਲਾਤਮਿਕ ਗੁਣਾਂ ਦਾ ਖਜ਼ਾਨਾ ਸੀ। ਉਹ ਹਾਰਮੋਨੀਅਮ, ਢੋਲਕੀ ਵਜਾਉਣ ਅਤੇ ਗੀਤ ਗਾਉਣ ਦਾ ਸ਼ੌਕੀਨ ਸੀ। ਉਹ ਸਕੂਲ ਵਲੋਂ ਆਯੋਜਿਤ ਪ੍ਰੋਗਰਾਮ 'ਚ ਨਵੀਆਂ ਤੋਂ ਨਵੀਆਂ ਆਈਟਮਾਂ ਪੇਸ਼ ਕਰਦਾ, ਜਿਸ ਤੋਂ ਕੋਈ ਵਿਅਕਤੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਸੀ ਰਹਿ ਸਕਦਾ। ਉਸ ਨੇ ਕਈ ਵਾਰ ਸਟੇਜਾਂ 'ਤੇ ਸਕਿੱਟ, ਨਾਟਕ, ਗੀਤ, ਕਵਾਲੀਆਂ ਦੀ ਪੇਸ਼ਕਾਰੀ ਕੀਤੀ। ਉਸ ਨੂੰ ਗਮ ਕਿੱਧਰੋਂ ਨਾ ਕਿੱਧਰੋਂ ਆ ਕੇ ਘੇਰੀ ਰੱਖਦੇ! ਪਤਾ ਨਹੀਂ ਉਸ ਨੂੰ ਕਾਹਦਾ ਗ਼ਮ ਸੀ। ਉਹ ਆਖਿਆ ਕਰਦਾ ਸੀ ਕਿ ਮੈਂ ਗਮ ਦੇ ਸਾਗਰ ਨੂੰ ਡੀਕ ਜਾਣ ਲਈ ਅਤੇ ਬਿਮਾਰੀ ਦੇ ਦਰਦ ਨੂੰ ਦੂਰ ਕਰਨ ਲਈ, ਨਸ਼ੇ ਦੇ ਮਾਰੂਥਲ 'ਚ ਡੁੱਬ ਜਾਣ ਨੂੰ ਹੀ ਪਸੰਦ ਕਰਦਾ ਹਾਂ।

ਇਲਾਕੇ ਦੇ ਉਭਰਦੇ ਕਲਾਕਾਰ ਉਸ ਦਾ ਹੱਦੋਂ ਵੱਧ ਸਤਿਕਾਰ ਕਰਦੇ। ਕੁਝ ਕਲਾਕਾਰ ਉਸ ਕੋਲ ਸਿੱਖਣ ਅਤੇ ਗਮ ਦੂਰ ਕਰਨ ਲਈ ਆਇਆ ਕਰਦੇ। ਜਿਵੇਂ ਜ਼ਹਿਰ ਨਾਲ ਜ਼ਹਿਰ ਉਤਰਦੀ ਹੈ, ਉਵੇਂ ਭੀਖੀ ਮਿੱਤਰਾਂ ਦੇ ਗ਼ਮਾਂ ਨੂੰ ਆਪਣੇ ਗਮਾਂ ਨਾਲ ਦੂਰ ਕਰਦਾ। ਭੀਖੀ ਡੂੰਘੇਰੇ ਦਿਲ ਵਾਲਾ ਸਮੁੰਦਰ ਸੀ ਪਰ ਅੱਜ ਉਸ ਦੇ ਗੁਣਾਂ ਨੂੰ ਉਸ ਦੀ ਗੈਰ-ਹਾਜ਼ਰੀ 'ਚ ਲਿਖਣਾ ਬਹੁਤ ਔਖਾ ਕਾਰਜ ਹੈ। ਉਹ ਬਹੁਤ ਸਾਰੀਆਂ ਅਣਲਿਖੀਆਂ ਕਹਾਣੀਆਂ ਸਾਥੋਂ ਛੁਪਾ ਕੇ ਤੁਰ ਗਿਆ ਪਰ ਕੁਝ ਪੁਰਾਣੇ ਖਿਆਲਾਂ ਜਾਂ ਜਜ਼ਬੇ ਅੱਧੇ-ਅਧੂਰੇ ਛੱਡ ਗਿਆ। ਸਭ ਕੀਮਤੀ ਵਿਚਾਰ ਅਤੇ ਅਨਮੋਲ ਗਿਆਨ ਦਾ ਭੰਡਾਰ ਲੈ ਕੇ ਤੁਰ ਗਿਆ। ਪਰ ਉਸ ਦਾ ਤਰਾਸ਼ਿਆ ਹੋਇਆ ਸਾਹਿਤਕ ਕਾਫਲਾ ਅੱਜ ਵੀ ਤੁਰ ਰਿਹਾ ਹੈ ਜੋ ਲਗਾਤਾਰ ਯਤਨਸ਼ੀਲ, ਕਰਮਸ਼ੀਲ ਤੇ ਸੰਘਰਸ਼ਸ਼ੀਲ ਵੀ ਹੈ।

ਭੀਖੀ ਦੀਆਂ ਦੋਸਤੀਆਂ ਦਾ ਦਾਇਰਾ ਬਹੁਤ ਫੈਲਿਆ ਹੋਇਆ ਸੀ। ਪ੍ਰਾਇਮਰੀ ਦੇ ਦਿਨਾਂ 'ਚ ਉਸ ਨੇ ਮੇਰੀ ਜਾਣ-ਪਛਾਣ ਬਲਵੰਤ ਚੌਹਾਨ, ਪ੍ਰੇਮ ਗੋਰਖੀ, ਕਿਰਪਾਲ ਕਜ਼ਾਕ, ਬਲਦੇਵ ਚਾਹਲ ਮੱਤੀ, ਦਰਸ਼ਨ ਮਿਤਵਾ, ਅਜੀਤਪਾਲ ਅਤੇ ਦਰਸ਼ਨ ਦਰਵੇਸ਼ ਨਾਲ ਕਰਵਾ ਦਿੱਤੀ ਸੀ। ਉਸ ਵੇਲੇ ਸਿੱਧੂ ਦਮਦਮੀ ਲੋਕ ਸੰਪਰਕ ਵਿਭਾਗ ਵਲੋਂ ਲੋਕਾਂ ਨੂੰ ਪਰਦਿਆਂ 'ਤੇ ਫਿਲਮਾਂ ਦਿਖਾਉਂਦਾ। ਕਦੇ ਉਨ੍ਹਾਂ ਦੀ ਟੀਮ ਨਾਟਕ ਖੇਡਦੀ, ਤਦ ਭੀਖੀ ਉਥੇ ਭਾਸ਼ਣ ਕਰਦਾ, ਕਦੇ ਗੀਤ ਗਾਉਂਦਾ। ਲੋਕ ਸੰਪਰਕ ਵਿਭਾਗ ਦੇ ਸਾਰੇ ਕਰਮਚਾਰੀਆਂ ਦਾ ਭੀਖੀ ਦੇ ਘਰ ਉਤਾਰਾ ਹੁੰਦਾ, ਅਸੀਂ ਨਾਟਕ ਦੇਖਦੇ, ਫਿਲਮਾਂ ਦੇਖਦੇ, ਕਲਾਕਾਰਾਂ ਨੂੰ ਮਿਲਦੇ ਤਾਂ ਦਿਲ ਗਦਗਦ ਹੋ ਜਾਂਦਾ। ਉਸ ਨੇ ਜਦ ਹੈਪੀ ਮਾਡਲ ਸਕੂਲ, ਚਾਂਦੀ ਰਾਮ ਦੇ ਚੁਬਾਰੇ 'ਚ ਖੋਲ੍ਹਿਆ, ਤਦ ਗਰੀਬ ਬੱਚਿਆਂ ਨੂੰ ਮੁਫਤ ਪੜ੍ਹਾਇਆ। ਭੀਖੀ 'ਚ ਮਾਡਲ ਸਕੂਲ ਖੋਲ੍ਹਣ ਦਾ ਮੁੱਢ ਭੀਖੀ ਨੇ ਬੰਨ੍ਹਿਆ, ਬਾਕੀ ਮਾਡਲ ਸਕੂਲ ਭੀਖੀ ਤੋਂ ਪ੍ਰੇਰਨਾ ਲੈ ਕੇ ਖੋਲ੍ਹੇ ਗਏ। ਭੀਖੀ 'ਚ ਇਕ ਹੈਡਮਾਸਟਰ ਆਇਆ ਬਾਵਾ ਸਿੰਘ, ਜੋ ਕਿ ਬਹੁਤ ਭੂਸਰਿਆ ਹੋਇਆ ਸੀ। ਉਹ ਆਪਣੇ-ਆਪ ਨੂੰ ਠਾਣੇਦਾਰ ਸਮਝਦਾ। ਭੀਖੀ ਅਤੇ ਉਸ ਦੇ ਮਿੱਤਰਾਂ ਨੇ ਉਸ ਨੂੰ ਕੁੱਟਿਆ ਤੇ ਉਹ ਇਸ ਤੋਂ ਪਿੱਛੋਂ ਸੰਗਰੂਰ ਗਿਆਨੀ ਈਸ਼ਰ ਸਿੰਘ ਕੋਲ ਪਹੁੰਚ ਗਿਆ। ਗਿਆਨੀ ਜੀ ਨੇ ਉਸ ਨੂੰ ਠਾਣੇ ਦੀ ਹਵਾ ਵੀ ਨਾ ਲੱਗਣ ਦਿੱਤੀ। ਇਉਂ ਭੀਖੀ ਦੀ ਇਲਾਕੇ ਚ ਬੱਲੇ-ਬੱਲੇ ਹੋ ਗਈ। ਇਸ ਐਕਸ਼ਨ ਲਈ ਕਾਮਰੇਡ ਹਾਕਮ ਸਿੰਘ ਸਮਾਓਂ ਨੇ ਉਸ ਦੀ ਕਾਫੀ ਪ੍ਰਸ਼ੰਸਾ ਕੀਤੀ।

ਇਨਕਲਾਬ ਨੂੰ ਦਿਲੋਂ ਚਾਹੁੰਣ ਵਾਲਾ ਭੀਖੀ ਕਮਿਊਨਿਸਟ ਪਾਰਟੀਆਂ ਤੋਂ ਉਦਾਸ ਹੋ ਚੁੱਕਿਆ ਸੀ। ਉਹ ਕਿਸਾਨਾਂ, ਮਜ਼ਦੂਰਾਂ ਪ੍ਰਤੀ ਫਿਕਰਮੰਦ ਸੀ। ਉਸ ਦਾ ਮਾਰਕਸਵਾਦ 'ਚ ਪੂਰਾ ਵਿਸ਼ਵਾਸ ਸੀ। ਉਹ ਕਾਮਰੇਡ ਹਾਕਮ ਸਿੰਘ ਸਮਾਓਂ ਨੂੰ ਜੋਸ਼ੀਲਾ ਤੇ ਦਲੇਰ ਬੰਦਾ ਮੰਨਦਾ ਸੀ ਪਰ ਨਾਲ ਹੀ ਸਮਾਓਂ ਦੀ ਪਾਰਟੀ ਅਤੇ ਸਤਿਆ ਨਰਾਇਣ ਗਰੁਪ ਦੇ ਸਿਧਾਂਤਾਂ ਨੂੰ ਢੁਕਵੇਂ ਨਹੀਂ ਸੀ ਸਮਝਦਾ। ਉਹ ਭਗਤ ਸਿੰਘ ਦੀ ਸੋਚ ਤੋਂ ਪ੍ਰਭਾਵਿਤ ਸੀ। ਗੁਰੂ ਗੋਬਿੰਦ ਸਿੰਘ ਦੀ ਸ਼ਕਤੀ ਅਤੇ ਭਗਤੀ ਤੋਂ ਕਾਇਲ ਤੇ ਪ੍ਰੇਰਿਤ ਸੀ ਜਦੋਂ ਕਿ ਉਹ ਸਿੱਖ ਧਰਮ ਦੇ ਨਾਂਹ-ਪੱਖੀ ਸੰਦਰਭਾਂ ਤੋਂ ਚਿੰਤਤ ਤੇ ਇਨ੍ਹਾਂ ਦਾ ਆਲੋਚਕ ਵੀ ਸੀ। ਪਾਸ਼ ਨੂੰ ਉਹ ਛੋਟੀ ਉਮਰ ਦਾ ਵੱਡਾ ਕਵੀ ਮੰਨਦਾ। ਕਦੇ-ਕਦੇ ਵਜਦ 'ਚ ਆ ਕੇ ਉਦਾਸੀ ਦਾ ਇਹ ਗੀਤ ਸੁਣਾਉਣ ਲਗਦਾ;

ਹੱਸ ਹੱਸ ਡੋਲੀ ਤੋਰ ਮੇਰੀ ਬਾਬਲਾ ਵੇ
ਕਿਹੜੀ ਗੱਲੋਂ ਰਿਹਾ ਹੈਂ ਤੂੰ ਝੂਰ।
ਧਰਤ ਤਿਹਾਈ
ਜਿਉਂ ਪਸੀਨਾ ਮੰਗੇ ਕਾਮਿਆਂ ਦਾ
ਮਾਂਗ ਮੇਰੀ ਮੰਗਦੀ ਸੰਧੂਰ।

ਪਤਾ ਨਹੀਂ ਕਿਉਂ ਸੰਤ ਰਾਮ ਉਦਾਸੀ ਨਾਲ ਉਸ ਦੇ ਕੁਝ-ਕੁਝ ਮੱਤਭੇਦ ਵੀ ਹੋ ਗਏ ਸਨ। ਆਚਾਰੀਆ ਰਜਨੀਸ਼ ਨੂੰ ਉਹ ਬਹੁਤ ਪੜ੍ਹਦਾ ਸੀ। ਭੀਖੀ ਨੇ ਮੈਨੂੰ ਰਜਨੀਸ਼ ਦੀ ਪੁਸਤਕ 'ਜਿਓਤਿਸ਼ ਅਦ੍ਵੈਤ ਕਾ ਵਿਗਿਆਨ' ਪੜ੍ਹਾਈ। ਉਹ ਸਮਾਜ 'ਚ ਤਬਦੀਲੀ ਲਿਆਉਣ ਵਾਲੇ ਹਰ ਇਨਸਾਨ ਤੋਂ ਪ੍ਰਭਾਵਿਤ ਹੁੰਦਾ। ਅਸੀਂ ਜਦੋਂ ਵੀ ਉਸ ਕੋਲ ਜਾਂਦੇ ਤਾਂ ਉਹ ਆਪਣੀ ਕੋਈ ਨਾ ਕੋਈ ਰਚਨਾ ਪੜ੍ਹ ਕੇ ਸੁਣਾਉਂਦਾ। ਸਾਨੂੰ ਨਵੀਆਂ ਤੋਂ ਨਵੀਆਂ ਕਹਾਣੀਆਂ ਦੀਆਂ ਪੁਸਤਕਾਂ ਪੜ੍ਹਨ ਨੂੰ ਦਿੰਦਾ। ਇਕ ਵਾਰ ਉਸ ਨੇ ਅੰਮ੍ਰਿਤਾ ਪ੍ਰੀਤਮ ਵਲੋਂ ਸੰਪਾਦਤ ਹਿੰਦੀ ਪੁਸਤਕ 'ਔਰ ਦੀਆ ਜਲਤਾ ਰਹਾ' ਬੜੀਆਂ ਹੀ ਦਿਲਚਸਪ ਤੇ ਕਮਾਲ ਦੀਆਂ ਕਹਾਣੀਆਂ ਸਨ, ਪੜ੍ਹਨ ਲਈ ਦਿੱਤੀ। ਉਸ ਸੰਗ੍ਰਹਿ 'ਚ ਭੀਖੀ ਦੀ ਕਹਾਣੀ, 'ਥਕੇ ਜਿਸਮੋਂ ਕੀ ਗਾਥਾ', ਰਾਮ ਸਰੂਪ ਅਣਖੀ ਦੀ 'ਸਫੈਦ ਰਾਤ ਕਾ ਜ਼ਖਮ', ਸਿੱਧੂ ਦਮਦਮੀ ਦੀ 'ਸੀਮਿੰਟ ਕਾ ਸ਼ੇਰ' ਆਦਿ ਅਜੇ ਵੀ ਮੇਰੇ ਦਿਮਾਗ ਦੀ ਸਕਰੀਨ 'ਤੇ ਉਕਰੀਆਂ ਪਈਆਂ ਹਨ। ਉਸ ਨੇ ਭੀਖੀ ਦੇ ਕਈ ਵਿਦਿਆਰਥੀਆਂ, ਨਵੇਂ ਕਲਾਕਾਰਾਂ ਅਤੇ ਪਿੰਡ ਦੇ ਲੋਕਾਂ ਨੂੰ ਸਾਹਿਤ ਪੜ੍ਹਨ ਦੀ ਚੇਟਕ ਲਾਈ।

ਅਸੀਂ ਸਿਰਫ ਉਸ ਦੇ ਵਿਦਿਆਰਥੀ ਹੀ ਨਹੀਂ, ਸ਼ਰਨਾਰਥੀ ਵੀ ਸਾਂ। ਕਦੇ ਖੁਸ਼ ਹੁੰਦੇ ਤਾਂ ਭੀਖੀ ਕੋਲ, ਮਾਪੇ ਕੁੱਟਦੇ ਤਾਂ ਡਰਦੇ ਭੀਖੀ ਕੋਲ, ਕਿਸੇ ਨਾਲ ਲੜ ਪੈਂਦੇ ਤਾਂ ਭੀਖੀ ਕੋਲ ਪਹੁੰਚ ਜਾਂਦੇ, ਕੋਈ ਉਲਝਣ ਹੁੰਦੀ ਤਾਂ ਭੀਖੀ ਨੂੰ ਦੱਸਦੇ, ਅਸੀਂ ਜਿੱਥੇ ਉਸ ਦੀਆਂ ਕਹਾਣੀਆਂ ਦੇ ਪਾਠਕ ਸਾਂ, ਉਥੇ ਗੀਤਾਂ ਦੇ ਸਰੋਤੇ ਵੀ ਸਾਂ ਅਤੇ ਉਸ ਦੇ ਨਾਟਕਾਂ ਦੇ ਦਰਸ਼ਕ ਵੀ ਸਾਂ। ਸਾਡੇ ਪਿੰਡ ਕਦੇ-ਕਦੇ ਹੀ ਨਾਟਕ ਹੁੰਦਾ। ਭੀਖੀ ਦਾ ਨਾਟਕ 'ਤੀਜਾ ਵਿਆਹ ਹਵੇਲੀ ਦਾ', ਦੇਖਿਆ ਤਾਂ ਦਰਸ਼ਕ ਨਾਟਕ ਦੇਖ ਕੇ ਜ਼ਾਰੋ-ਜ਼ਾਰ ਰੋਂਦੇ ਰਹੇ ਅਤੇ ਦਰਸ਼ਕਾਂ ਨੂੰ ਜਾਗ੍ਰਤੀ ਦੀ ਚਿਣਗ ਵੀ ਲੱਗੀ ਅਤੇ ਇਹ ਨਾਟਕ ਹੋਰਨਾਂ ਨੂੰ ਵੀ ਪ੍ਰਭਾਵਤ ਕਰ ਗਿਆ। ਭੀਖੀ ਰਾਮ ਲੀਲ੍ਹਾ 'ਚ ਕਾਮੇਡੀ ਨਾਟਕ ਪੇਸ਼ ਕਰਿਆ ਕਰਦਾ, ਸਕਿੱਟ ਖੇਡਦਾ, ਗੀਤ ਗਾਉਂਦਾ ਅਤੇ ਅਸੀਂ ਉਸ ਨੂੰ ਦੇਖਦੇ-ਸੁਣਦੇ। ਉਹ ਦਸਵੀਂ ਦੇ ਵਿਦਿਆਰਥੀਆਂ ਦੀ ਵਿਦਾਇਗੀ ਪਾਰਟੀ 'ਤੇ ਬੋਲਦਾ, ਸਕੂਲ ਦੇ ਸੱਭਿਆਚਾਰਕ ਸਮਾਗਮ 'ਚ ਹਿੱਸਾ ਲੈਂਦਾ ਤਾਂ ਉਸ ਦੇ ਵਿਚਾਰ ਸੁਣ ਕੇ ਸਾਰੇ ਦੰਗ ਰਹਿ ਜਾਂਦੇ ਤੇ ਨਵੇਂ ਤੋਂ ਨਵੇਂ ਲਤੀਫੇ ਸੁਣ ਕੇ ਲੋਟ-ਪੋਟ ਵੀ ਹੁੰਦੇ।

ਭੀਖੀ ਖੁਸ਼-ਤਬੀਅਤ ਮਨੁੱਖ ਸੀ, ਹਾਸਾ-ਠੱਠਾ ਉਸ ਦੀ ਜ਼ਿੰਦਗੀ ਦਾ ਅੰਗ ਸੀ। ਮੇਰੇ ਪਿਤਾ ਨੂੰ ਕਿਹਾ ਕਰਦਾ "ਵੱਡੇ ਭਾਈ ਆਪਾਂ ਨਰੈਣ ਛੜੇ ਦੇ ਵਿਆਹ ਚੱਲਾਂਗੇ। ਪਰ ਵੱਡੇ ਭਾਈ ਮੈਂ ਤਾਂ ਟੈਣੀ ਦੀਆਂ ਲੱਤਾਂ, ਨਛੱਤਰ ਦੀਆਂ ਅੱਖਾਂ, ਹਰਵਿਲਾਸ ਦਾ ਮੱਥਾ ਅਤੇ ਜੀਤੇ ਬੋਲ਼ੇ ਦੇ ਕੰਨ ਲੈ ਕੇ ਜਾਊਂ। ਵੱਡੇ ਭਾਈ ਆਪਾਂ ਵਿਆਹ ਦੇਖਾਂਗੇ ਨਜ਼ਾਰੇ ਨਾਲ, ਗੰਗਾ ਰਾਮ ਦਾ ਲਿਜਾਵਾਂਗੇ ਹੁੱਕਾ। ਵੱਡੇ ਭਾਈ ਬਚਨੇ ਦੀ ਚਿਲਮ ਵੀ ਲੈ ਚੱਲੀਂ ਨਾਲ, ਵੇਹਲੇ ਟੈਮ ਪੀਆਂਗੇ। ਸੱਚ ਹੋਰ ਸੁਣ ਹਰੀਏ ਬਾਣੀਏ ਦੀ ਧੋਤੀ, ਰਘੁਬਰਦਾਸ ਦੀ ਸੋਟੀ ਵੀ ਲੈ ਕੇ ਚੱਲਾਂਗੇ। ਜੇ ਕਿਤੇ ਝਗੜਾ-ਝੁਗੜਾ ਹੋ ਗਿਆ, ਪੂਛਾਂ ਚਕਾ ਦਿਆਂਗੇ ਸਾਲਿਆਂ ਦੀਆਂ ਤੇ ਲਿਆ ਫੇਰ ਵੱਡੇ ਭਾਈ ਧੂਮਰਪਾਨ ਭੱਠਾ ਮਘਾਈਏ।"

ਉਸ ਨੇ ਪਿੰਡ 'ਚ ਅੰਕੁਰ ਸਾਹਿਤ ਸਭਾ ਬਣਾਈ ਤਾਂ ਇਸ ਦੀਆਂ ਮਹਿਫਲਾਂ ਜੁੜਨ ਲੱਗੀਆਂ। ਮਨਿੰਦਰ ਕਾਂਗ, ਰਾਮ ਸਿੰਘ ਚਾਹਲ, ਦਰਸ਼ਨ ਦਰਵੇਸ਼, ਦਰਸ਼ਨ ਮਿਤਵਾ, ਸੁਰਜੀਤ ਭੁੱਲਰ, ਹਰਜਿੰਦਰ ਸੰਧੇ, ਹਰਬੰਸ ਰਿਸ਼ੀ, ਡਾ. ਦੀਪਤੀ, ਡਾ. ਬਿਮਰਾ, ਗਿਆਨੀ ਈਸ਼ਰ ਸਿੰਘ, ਕੁਲਬੀਰ ਹਨੂੰਮਾਨ, ਪ੍ਰਗਟ ਸਿੱਧੂ ਆਪੋ-ਆਪਣੀਆਂ ਰਚਨਾਵਾਂ ਪੜ੍ਹਦੇ, ਬਹਿਸਾਂ ਕਰਦੇ। ਇਕ ਵਾਰ ਉਸ ਨੇ ਸਾਹਿਤਕ ਇਕੱਤਰਤਾ 'ਚ ਮੇਰੀ ਕਵਿਤਾ ਪੜ੍ਹਾ ਕੇ, ਮੇਰੀ ਝਿਜਕ ਦੂਰ ਕਰਵਾਈ। ਬਾਜ਼ਾਰ ਵਾਲੇ ਚੁਬਾਰੇ 'ਚ ਦੇਰ ਰਾਤ ਤੀਕ ਮਹਿਫਲ ਜੁੜੀ ਰਹਿੰਦੀ, ਸਿੰਗ ਫਸੇ ਰਹਿੰਦੇ। ਫੇਰ ਵੀ ਪਤਾ ਨਹੀਂ ਕਿਹੜੇ ਵੇਲੇ ਭੀਖੀ ਕਹਾਣੀ ਬਾਰੇ ਸੋਚਦਾ, ਪਲਾਟ ਬਣਾਉਂਦਾ ਤੇ ਕਹਾਣੀ ਲਿਖ ਲੈਂਦਾ। ਅਸੀਂ ਉਸ ਦੇ ਟਾਇਮ ਕੱਢ ਲੈਣ 'ਤੇ ਹੈਰਾਨ ਹੁੰਦੇ।

ਭੀਖੀ ਦੇ ਇਤਿਹਾਸ 'ਚ ਉਹ ਭੀਖੀ ਦਾ ਮੋੜ੍ਹੀ ਗੱਡ ਲੇਖਕ ਹੈ, ਜਿਸ ਨੇ ਸਾਹਿਤ ਦੇ ਜਗਿਆਸੂ ਪੈਦਾ ਕੀਤੇ, ਗਾਇਕ ਉਭਾਰੇ, ਕਲਾਕਾਰਾਂ ਨੂੰ ਮੰਚ 'ਤੇ ਆਉਣ ਦਾ ਮੌਕਾ ਦਿੱਤਾ। ਵਿਸ਼ਵ ਦੀਆਂ ਪ੍ਰਸਿੱਧ ਰਚਨਾਵਾਂ ਅਤੇ ਲੇਖਕਾਂ ਦਾ ਨਾਂ ਅਕਸਰ ਉਸ ਦੇ ਮੂੰਹੋਂ ਸੁਣਦੇ ਰਹਿੰਦੇ। ਭੀਖੀ, ਸੋਲੋਖ਼ੋਵ ਦੇ 'ਡਾਨ ਵਹਿੰਦਾ ਰਿਹਾ', ਹਾਰਡੀ ਦੇ 'ਟੈਸ', ਮੈਕਸਿਮ ਗੋਰਕੀ ਦੇ ਨਾਵਲ 'ਮਾਂ' ਦਾ ਬਹੁਤ ਜ਼ਿਕਰ ਕਰਦਾ। ਸ਼ਿਵ ਦੀਆਂ ਕਵਿਤਾਵਾਂ, ਉਦਾਸੀ ਦੇ ਗੀਤ, ਪੰਕਜ ਉਦਾਸ ਤੇ ਮਹਿੰਦੀ ਹਸਨ ਦੀਆਂ ਗ਼ਜ਼ਲਾਂ ਦਾ ਉਹ ਕਾਇਲ ਸੀ। ਸਿੱਧੂ ਦਮਦਮੀ ਦੀਆਂ ਇਹ ਸਤਰਾਂ ਤਾਂ ਉਹ ਅਕਸਰ ਗੁਣਗੁਣਾਉਂਦਾ ਰਹਿੰਦਾ:

ਮੇਰੀ ਪੁੜ ਪੁੜੀਆਂ ਦੀ ਪੀੜ
ਸੱਜਣ ਜੀ ਬੰਦ ਨਾ ਹੋਵੇ
ਮੇਰੇ ਮੁੱਖ 'ਤੇ ਛਾਇਆ ਮੋਨ
ਸੱਜਣ ਜੀ ਭੰਗ ਨਾ ਹੋਵੇ।

ਕਾਕਾ ਹਾਥਰਸੀ ਨੂੰ ਉਹ ਬਹੁਤ ਪੜ੍ਹਦਾ। ਉਸ ਨੂੰ ਹਾਸਰਸ ਰਚਨਾ ਪਸੰਦ ਸੀ। ਗਿਰਧਰ ਕਵੀ ਰਾਏ ਉਸ ਦਾ ਮਨਭਾਉਂਦਾ ਕਵੀ ਸੀ। ਉਹ ਨਵੀਆਂ ਤੋਂ ਨਵੀਆਂ ਲਕੋਕਤੀਆਂ ਅਤੇ ਮੁਕਰੀਆਂ ਜੋੜ-ਜੋੜ ਕੇ ਸੁਣਾਉਂਦਾ ਰਹਿੰਦਾ। ਭੀਖੀ ਦੀ ਸਾਹਿਤਕ ਹਾਜ਼ਰ-ਜਵਾਬੀ ਨਵਾਬਾਂ ਵਰਗੀ ਸੀ।

ਉਸ ਦੀ ਰਚਨਾ ਪ੍ਰਕਿਰਿਆ ਅਲਬੇਲੀ ਸੀ। ਭੀਖੀ ਪਿੰਡ ਦੇ ਆਮ ਲੋਕਾਂ 'ਚੋਂ ਆਪਣੇ ਪਾਤਰਾਂ ਨੂੰ ਚੁਣਦਾ, ਫੇਰ ਉਹ ਉਨ੍ਹਾਂ 'ਚ ਘੁਲਮਿਲ ਜਾਂਦਾ, ਉਨ੍ਹਾਂ 'ਚ ਉਠਦਾ-ਬੈਠਦਾ, ਉਨ੍ਹਾਂ ਨਾਲ ਤਾਸ਼ ਖੇਡਦਾ, ਗੱਪਸ਼ੱਪ ਲਾਉਂਦਾ। ਲੋਕਾਂ ਨੂੰ ਨਵੀਆਂ-ਨਵੀਆਂ ਖਬਰਾਂ ਸੁਣਾਉਂਦਾ ਤੇ ਉਨ੍ਹਾਂ ਦੀ ਖੁੰਢ-ਚਰਚਾ ਸੁਣਦਾ। ਇਉਂ ਪਾਤਰਾਂ ਦਾ ਸਾਰਾ ਖਬਰਨਾਮਾ ਭੀਖੀ ਕੋਲ ਹੁੰਦਾ। ਪਿੰਡ ਦੀਆਂ ਘਟਨਾਵਾਂ ਦਾ ਹਰ ਮਹੀਨ ਤੋਂ ਮਹੀਨ ਵੇਰਵਾ ਭੀਖੀ ਦੇ ਦਿਲ-ਦਿਮਾਗ 'ਚ ਉਕਰਿਆ ਹੁੰਦਾ। ਉਹ ਲੋਕਾਂ ਤੋਂ ਪਹਿਲਾਂ ਘਟਨਾ ਸੁਣਦਾ, ਫੇਰ ਉਸ 'ਤੇ ਹੋਈ ਖੁੰਢ-ਚਰਚਾ ਅਤੇ ਫੇਰ ਉਹ ਆਪ ਹੀ ਕੋਈ ਨਾ ਕੋਈ ਨੁਕਤਾ ਉਠਾ ਦਿੰਦਾ, ਤਦ ਹਰ ਬੰਦਾ ਆਪਣੀ-ਆਪਣੀ ਮੱਤ ਅਨੁਸਾਰ ਬਹਿਸ 'ਚ ਹਿੱਸਾ ਲੈਂਦਾ। ਇਉਂ ਕਹਾਣੀ ਲਿਖਣ ਤੋਂ ਪਹਿਲਾਂ ਹੀ ਭੀਖੀ ਕੋਲ ਕਹਾਣੀ ਸਬੰਧੀ ਤਰ੍ਹਾਂ-ਤਰ੍ਹਾਂ ਦੀ ਸਮਗਰੀ ਦਾ ਭੰਡਾਰਾ ਇਕੱਤਰ ਹੋ ਜਾਂਦਾ ਸੀ। ਉਹ ਕਹਾਣੀ ਲਿਖਦਾ ਨਹੀਂ ਸੀ, ਕਹਾਣੀ ਦੀ ਜ਼ੋਰਦਾਰ ਤਾਂਘ ਹੀ ਉਸ ਕੋਲੋਂ ਮੱਲੋਜ਼ੋਰੀ ਹੱਥ ਫੜ ਕੇ, ਕਹਾਣੀ ਲਿਖਵਾ ਲੈਂਦੀ ਸੀ।

'ਉਨੰਜਾ ਦਿਨ' ਨਾਵਲ ਛਾਪਣ ਵੇਲੇ ਮੈਂ ਦੁਲਹਨ ਪ੍ਰਿੰਟਿੰਗ ਪ੍ਰੈਸ, ਬੁਢਲਾਡਾ ਤੋਂ ਕੰਪੋਜ਼ਿੰਗ ਦਾ ਕੰਮ ਸਿੱਖਦਾ ਸਾਂ, ਜਿੱਥੋਂ ਇਹ ਨਾਵਲ ਛਪਦਾ ਸੀ। ਮੈਂ ਕੰਪੋਜ਼ ਹੋਏ ਕਾਗਜ਼ ਭੀਖੀ ਕੋਲ ਲੈ ਆਉਂਦਾ ਤੇ ਭੀਖੀ ਤੋਂ ਉਸ ਦੀਆਂ ਗ਼ਲਤੀਆਂ ਲਵਾ ਕੇ ਦੂਜੇ ਤੀਜੇ ਦਿਨ ਵਾਪਸ ਲੈ ਜਾਂਦਾ। 'ਰੁੱਸੇ ਹੋਏ' ਕਹਾਣੀ ਸੰਗ੍ਰਹਿ ਦੀ ਗੋਸ਼ਟੀ ਵਿਚ ਮੈਂ ਵੀ ਭਾਗ ਲਿਆ। ਮਾਰਚ 1993 'ਚ ਜਦੋਂ ਮੈਂ ਚੋਣਵੀਆਂ ਕਹਾਣੀਆਂ ਦੀ ਕਿਤਾਬ ਰਿਲੀਜ਼ ਕੀਤੀ ਤਾਂ ਯਾਦਵਿੰਦਰ ਸਿੱਧੂ ਦਾ ਫੋਨ ਆਇਆ ਕਿ 'ਚੰਨ ਬੱਦਲਾਂ ਓਹਲੇ' ਦੇ ਸਾਰੇ ਫਰਮੇ ਭਗਤਾਂ ਦੇ ਛਾਪੇਖਾਨੇ 'ਚ 1969 ਤੋਂ ਸੁਰੱਖਿਅਤ ਪਏ ਹਨ। ਉਹ ਆਖਦੇ ਨੇ ਕਿ ਇਹ ਲੈ ਜੋ ਤੇ ਛਪਵਾ ਲਵੋ। ਮੈਂ ਅਤੇ ਪ੍ਰੀਤ ਸਾਗਰ ਬੁਢਲਾਡੇ ਤੋਂ ਖਰੜਾ ਚੁੱਕ ਲਿਆਏ। ਭੀਖੀ ਦੀ ਇਕ ਅਪ੍ਰਕਾਸ਼ਿਤ ਕਹਾਣੀ 'ਖੁਸ਼ਕ ਨਦੀਆਂ ਦੇ ਪਾਣੀ' ਜੋ ਉਸ ਦੀ ਮੌਤ ਤੋਂ ਬਾਅਦ ਕਿੰਤੂ 'ਚ ਛਪੀ ਸੀ ਅਤੇ 'ਨੀਂਹ ਪੱਥਰ ਰੋ ਪਿਆ' ਬਹੁਤ ਸਾਲ ਪਹਿਲਾਂ (ਨਾਗ ਨਿਵਾਸ) 'ਚ ਛਪੀ ਸੀ। ਇਹ ਦੋ ਕਹਾਣੀਆਂ ਸ਼ਾਮਲ ਕਰਕੇ ਮੈਂ 'ਖੁਸ਼ਕ ਨਦੀਆਂ ਦੇ ਪਾਣੀ' ਕਹਾਣੀ ਸੰਗ੍ਰਹਿ 1994 'ਚ ਪ੍ਰਕਾਸ਼ਿਤ ਕੀਤਾ। ਇਸ ਦੀ ਭੂਮਿਕਾ ਪ੍ਰੋ. ਅਜਮੇਰ ਸਿੰਘ ਔਲਖ ਨੇ ਲਿਖੀ ਅਤੇ ਇਹ ਪੁਸਤਕ ਅੰਮ੍ਰਿਤਾ, ਟਿਵਾਣਾ ਤੇ ਭੀਖੀ ਦੀ ਪਤਨੀ ਗੁਰਮੇਲ ਕੌਰ ਮੇਲੋ ਨੂੰ ਸਮਰਪਤ ਕੀਤੀ।

# ਅਜੀਂ ਕੌਮ ਬੂਏ ਬਾਦਸ਼ਾਹੀ ਮੇਂ ਆਇਦ

## ਸਿੱਖ ਸੰਘਰਸ਼-8

ਜਸਵੰਤ ਸਿੰਘ 'ਅਜੀਤ'
ਫੋਨ:91-98689-17739

ਭਾਈ ਮਨੀ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੂੰ ਬੇਦਰਦੀ ਨਾਲ ਸ਼ਹੀਦ ਕਰ ਦਿੱਤੇ ਜਾਣ ਤੋਂ ਬਾਅਦ ਵੀ ਜ਼ਕਰੀਆ ਖਾਨ ਵਲੋਂ ਸਿੱਖਾਂ 'ਤੇ ਕੀਤੇ ਜਾ ਰਹੇ ਜ਼ੁਲਮ ਘਟਣ ਦਾ ਨਾਂ ਨਹੀਂ ਸੀ ਲੈ ਰਹੇ ਸਗੋਂ ਵਧ ਹੀ ਰਹੇ ਸਨ। ਸ੍ਰੀ ਦਰਬਾਰ ਸਾਹਿਬ ਨੂੰ ਪੂਰੀ ਤਰ੍ਹਾਂ ਘੇਰ ਲਿਆ ਗਿਆ, ਤਾਂ ਜੋ ਉਥੇ ਕੋਈ ਪਰਿੰਦਾ ਵੀ ਪਰ ਨਾ ਮਾਰ ਸਕੇ। ਸਿੱਖਾਂ ਨੂੰ ਲਭਣ ਲਈ ਫੌਜੀ ਟੋਲੀਆਂ ਚਹੁੰ ਪਾਸੇ ਭੇਜ ਦਿੱਤੀਆਂ ਗਈਆਂ। ਢੂੰਡ-ਢੂੰਡ ਕੇ ਸਿੱਖਾਂ ਨੂੰ ਕਤਲ ਕੀਤਾ ਜਾਣ ਲੱਗ ਪਿਆ। ਕਿਸੇ ਨੂੰ ਚਰਖੜੀ 'ਤੇ ਚਾੜ੍ਹਿਆ ਜਾਂਦਾ, ਕਿਸੇ ਨੂੰ ਜ਼ਮੀਨ ਵਿਚ ਗੱਡ ਕੇ ਉਸ 'ਤੇ ਕੁੱਤੇ ਛੱਡ ਦਿਤੇ ਜਾਂਦੇ, ਕਿਸੇ ਨੂੰ ਹਾਥੀ ਦੇ ਪੈਰਾਂ ਹੇਠ ਕੁਚਲਵਾਇਆ ਜਾਂਦਾ, ਕਿਸੇ ਦੇ ਬੰਦ-ਬੰਦ ਕੱਟੇ ਜਾਂਦੇ, ਕਿਸੇ ਨੂੰ ਉਬਲਦੀ ਦੇਗ ਵਿਚ ਉਬਾਲਿਆ ਜਾਂਦਾ, ਕਿਸੇ ਨੂੰ ਭੁਖਿਆਂ ਰੱਖ ਮਾਰ ਦਿੱਤਾ ਜਾਂਦਾ, ਕਿਸੇ ਦੇ ਸਿਰ ਵਿਚ ਕਿੱਲਾਂ ਗੱਡੀਆਂ ਜਾਂਦੀਆਂ, ਕਈਆਂ ਨੂੰ ਨਿਸ਼ਾਨੇ 'ਤੇ ਰੱਖ ਗੋਲੀਆਂ ਨਾਲ ਉਡਾ ਦਿਤਾ ਜਾਂਦਾ, ਛੁਰੀਆਂ ਨਾਲ ਕੋਹਣਾ ਅਤੇ ਘਸੀਟ-ਘਸੀਟ ਮਾਰਨਾ ਤਾਂ ਆਮ ਗੱਲਾਂ ਹੋ ਗਈਆਂ ਸਨ। ਮਤਲਬ ਇਹ ਕਿ ਜ਼ਕਰੀਆ ਖਾਨ ਪਾਸ ਕੋਈ ਜ਼ੁਲਮ ਅਜਿਹਾ ਬਾਕੀ ਨਹੀਂ ਸੀ ਰਹਿ ਗਿਆ, ਜੋ ਉਸ ਨੇ ਸਿੱਖਾਂ 'ਤੇ ਢਾਹਿਆ ਨਾ ਹੋਵੇ। 'ਪ੍ਰਾਚੀਨ ਪੰਥ ਪ੍ਰਕਾਸ਼' ਅਨੁਸਾਰ:

ਕਈ ਚਰਖ ਕਈ ਫਾਂਸੀ ਮਾਰੇ।
ਕਈ ਤੋਪਨ ਕਈ ਛੁਰੀ ਕਟਾਰੇ।
ਕਈਅਨ ਕੇ ਸਿਰ ਮੁੰਗਲੀ ਕਟੇ।
ਕਈ ਡੋਬੇ ਕਈ ਘਸੀਟ ਸੁ ਸਿਟੇ।
ਦੇਖੇ ਕਟੇ ਬੰਦੂਖਨ ਦਏ ਮਾਰ।
ਕੌਣ ਗਨੇ ਜੋ ਮਾਰੇ ਹਜ਼ਾਰ।
ਪਾਤ ਪਾਤ ਕਈ ਪਕੜ ਬਹਾਏ।
ਸਾਥ ਤੇਗਨ ਕੇ ਸੀਸ ਉਡਵਾਏ।
ਕਿਸੈ ਹਾਥ ਕਿਸੈ ਟੰਗ ਕਟਵਾਏ।
ਅੱਖ ਕੱਢ ਕਿਸੇ ਖਲ ਕਢਵਾਇ।
ਕੇਸਨ ਵਾਲੇ ਜੋ ਨਰ ਹੋਈ।
ਬਾਲ ਬਿਰਧ ਲਭ ਛੱਡੈ ਨਾ ਕੋਈ।

ਸਿੱਖਾਂ ਵਿਰੁਧ ਜ਼ੁਲਮ ਦਾ ਦੌਰ ਇਤਨਾ ਤੇਜ਼ ਚਲਿਆ ਕਿ ਸਿੱਖਾਂ ਨੂੰ ਮੈਦਾਨੀ ਇਲਾਕਿਆਂ ਨੂੰ ਛੱਡ ਮੁੜ ਪਹਾੜੀਆਂ, ਜੰਗਲਾਂ ਅਤੇ ਰੇਗਿਸਤਾਨਾਂ ਵਿਚ ਜਾ ਸ਼ਰਨ ਲੈਣ 'ਤੇ ਮਜਬੂਰ ਹੋਣਾ ਪੈ ਗਿਆ। ਇਸ ਤਰ੍ਹਾਂ ਛੁਪਾ-ਛਿੱਪੀ ਦੇ ਦੌਰਾਨ ਵੀ ਉਹ ਚੜ੍ਹਦੀਆਂ ਕਲਾਂ ਵਿਚ ਰਹੇ, ਸਮੇਂ-ਸਮੇਂ ਆਪਣੀਆਂ ਛੁਪਣਗਾਹਾਂ ਤੋਂ ਬਾਹਰ ਨਿਕਲ, ਫੌਜਾਂ ਅਤੇ ਖਜ਼ਾਨਿਆਂ 'ਤੇ ਹਮਲੇ ਕਰ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੇ ਰਹਿੰਦੇ ਤਾਂ ਜੋ ਦੁਸ਼ਮਣ ਇਹ ਨਾ ਸਮਝ ਬੈਠੇ ਕਿ ਉਸ ਦੇ ਇੰਤਹਾ ਦੇ ਅਸਹਿ ਤੇ ਅਕਹਿ ਜ਼ੁਲਮਾਂ ਨੇ ਸਿੱਖਾਂ ਨੂੰ ਮਾਰ ਮੁਕਾ ਦਿੱਤਾ ਹੈ ਅਤੇ ਜੋ ਬਾਕੀ ਰਹਿ ਗਏ ਹਨ, ਉਨ੍ਹਾਂ ਦੇ ਹੌਸਲੇ ਪਸਤ ਹੋ ਗਏ ਹਨ।

ਉਧਰ ਦਿੱਲੀ ਦਰਬਾਰ ਸਾਜ਼ਸ਼ਾਂ ਦਾ ਅੱਡਾ ਬਣ ਗਿਆ ਹੋਇਆ ਸੀ। ਹਕੂਮਤ ਦੀ ਸਮੁਚੀ ਤਾਕਤ ਦਰਬਾਰੀਆਂ ਦੇ ਹੱਥਾਂ ਵਿਚ ਕੇਂਦ੍ਰਿਤ ਹੋ ਗਈ ਸੀ। ਉਹ ਜਿਸ ਨੂੰ ਚਾਹੁੰਦੇ ਤਖ਼ਤ 'ਤੇ ਬਿਠਾਂਦੇ ਤੇ ਜਦੋਂ ਚਾਹੁੰਦੇ ਉਸ ਦਾ ਕਤਲ ਕਰਵਾ ਕਿਸੇ ਹੋਰ ਨੂੰ ਤਖ਼ਤ 'ਤੇ ਬਿਠਾ ਦਿੰਦੇ। ਜੋ ਵੀ ਦਿੱਲੀ ਤਖ਼ਤ 'ਤੇ ਬੈਠਦਾ, ਉਹ ਕਿਸੇ ਨਾ ਕਿਸੇ ਦਾ ਗੁਲਾਮ ਹੀ ਬਣਿਆ ਰਹਿੰਦਾ। ਸਯੱਦ ਭਰਾਵਾਂ ਨੇ ਕਾਫੀ ਸਮੇਂ ਤਕ ਰੱਜ ਦੀਆਂ ਚਲਾਈਆਂ। ਫਿਰ ਵਾਰੋ-ਵਾਰੀ ਕੋਕੀ, ਰੋਸ਼ਨ-ਉਦ-ਦੌਲਾ, ਮੁਜ਼ਫਰ ਖਾਨ, ਆਸਫ ਯਾਰ, ਮੁਹੰਮਦ ਇਸਹਾਕ ਆਦਿ ਨੇ ਮੌਕੇ ਦਾ ਲਾਭ ਉਠਾਉਂਦਿਆਂ ਸ਼ਕਤੀ ਪਕੜ, ਹਕੂਮਤ ਆਪਣੇ ਹੱਥਾਂ ਵਿਚ ਰੱਖੀ। ਸਾਜ਼ਸ਼ਾਂ ਦੇ ਚਲਦਿਆਂ ਦਿੱਲੀ ਹਕੂਮਤ ਲਗਾਤਾਰ ਕਮਜ਼ੋਰ ਹੁੰਦੀ ਗਈ ਅਤੇ ਇਸ ਦਾ ਲਾਭ ਉਠਾ ਸੂਬੇਦਾਰ ਦਿੱਲੀ ਤੋਂ ਆਜ਼ਾਦ ਹੋ ਆਪੋ-ਆਪਣੇ ਸੂਬੇ ਦੇ ਖ਼ੁਦ-ਮੁਖ਼ਤਿਆਰ ਹਾਕਮ ਬਣ ਬੈਠੇ।

ਹਿੰਦੁਸਤਾਨ ਦੇ ਇਨ੍ਹਾਂ ਅਰਾਜਕਤਾ ਭਰੇ ਹਾਲਾਤ ਨੇ ਬਾਹਰਲੇ ਹਮਲਾਵਰਾਂ ਦਾ ਧਿਆਨ ਆਪਣੇ ਵਲ ਖਿੱਚਣਾ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਈਰਾਨ ਦੇ ਸ਼ਾਹ ਨਾਦਰ ਦੀਆਂ ਨਜ਼ਰਾਂ ਨੂੰ ਵੀ ਹਿੰਦੁਸਤਾਨ ਵਿਚਲੀ ਅਰਾਜਕਤਾ ਵਾਲੀ ਹਾਲਤ ਨੇ ਆਪਣੇ ਵੱਲ ਖਿਚਿਆ। ਉਸ ਨੇ ਇਨ੍ਹਾਂ ਹਾਲਾਤ ਨੂੰ ਆਪਣੇ ਪੱਖ ਵਿਚ ਮਹਿਸੂਸ ਕਰਦਿਆਂ, ਹਿੰਦੁਸਤਾਨ 'ਤੇ ਹਮਲਾ ਕਰ ਦਿੱਤਾ। ਜਿਉਂ ਹੀ ਉਹ ਪੰਜਾਬ ਵਿਚ ਦਾਖਲ ਹੋਇਆ, ਪਹਿਲਾਂ ਤਾਂ ਜ਼ਕਰੀਆ ਖਾਨ ਨੇ ਉਸ ਦਾ ਮੁਕਾਬਲਾ ਕਰਨਾ ਚਾਹਿਆ ਪਰ ਜਦੋਂ ਉਸ ਵੇਖਿਆ ਕਿ ਉਸ ਦੀਆਂ ਫੌਜਾਂ ਨਾਦਰ ਸ਼ਾਹ ਦੀਆਂ ਫੌਜਾਂ ਦਾ ਮੁਕਾਬਲਾ ਕਰਨ ਦੇ ਸਮਰਥ ਨਹੀਂ, ਉਸ ਨੇ ਸਿਆਣਪ ਤੋਂ ਕੰਮ ਲੈਂਦਿਆਂ ਨਾਦਰ ਸ਼ਾਹ ਦੇ ਪੰਜਾਬ ਵਿਚ ਦਾਖਲ ਹੁੰਦਿਆਂ ਹੀ ਉਸ ਦਾ ਸ਼ਾਹਾਨਾ ਸੁਆਗਤ ਕੀਤਾ ਅਤੇ ਉਸ ਨੂੰ ਤੀਹ ਲੱਖ ਰੁਪਏ ਨਜ਼ਰਾਨੇ ਵਜੋਂ ਭੇਟ ਕਰ, ਨਾ ਕੇਵਲ ਲਾਹੌਰ ਨੂੰ ਉਸ ਦੀ ਲੁੱਟ ਦਾ ਸ਼ਿਕਾਰ ਹੋਣ ਤੋਂ ਬਚਾ ਲਿਆ ਸਗੋਂ ਉਸ ਦੀ ਈਨ ਮੰਨ ਆਪਣੀ ਲਾਹੌਰ ਦੀ ਸੂਬੇਦਾਰੀ ਵੀ ਕਾਇਮ ਰੱਖ ਲਈ। ਲਾਹੌਰ ਤੋਂ ਅੱਗੇ ਨਾਦਰ ਸ਼ਾਹ ਨੂੰ ਕੋਈ ਰੋਕ ਨਾ ਸਕਿਆ। ਲੁੱਟ-ਮਾਰ ਕਰਦਿਆਂ ਦਿੱਲੀ ਦਾਖਲ ਹੁੰਦਿਆਂ ਹੀ ਉਸ ਨੇ ਮੁਹੰਮਦ ਸ਼ਾਹ ਪਾਸੋਂ 25 ਕਰੋੜ ਰੁਪਏ ਤਾਵਾਨ (ਜੰਗੀ ਖਰਚੇ) ਵਜੋਂ ਵਸੂਲ ਕਰ ਲਏ।

ਉਨ੍ਹਾਂ ਦਿਨਾਂ ਵਿਚ ਦਿੱਲੀ ਵਿਚ ਈਦ ਮਨਾਈ ਜਾ ਰਹੀ ਸੀ ਅਤੇ ਉਸ ਦੀ ਗਹਿਮਾ-ਗਹਿਮੀ ਦੌਰਾਨ ਦਿੱਲੀ ਵਿਚ ਇਹ ਅਫਵਾਹ ਫੈਲ ਗਈ ਕਿ ਮੁਹੰਮਦ ਸ਼ਾਹ ਨੇ ਧੋਖੇ ਨਾਲ ਨਾਦਰ ਸ਼ਾਹ ਦਾ ਕਤਲ ਕਰ ਦਿੱਤਾ ਹੈ। ਇਹ ਅਫਵਾਹ ਫੈਲਦਿਆਂ ਹੀ ਮੁਗ਼ਲ ਫੌਜੀਆਂ ਨੇ ਨਾਦਰ ਸ਼ਾਹ ਦੀਆਂ ਫੌਜਾਂ 'ਤੇ ਹਮਲਾ ਕਰ ਦਿੱਤਾ। ਜਿਸ ਦੇ ਫਲਸਰੂਪ ਲਗਭਗ ਤਿੰਨ ਹਜ਼ਾਰ ਈਰਾਨੀ ਫੌਜੀ ਮਾਰੇ ਗਏ। ਨਾਦਰ ਸ਼ਾਹ ਨੇ ਹਾਲਾਤ ਦੀ ਗੰਭੀਰਤਾ ਨੂੰ ਸਮਝਦਿਆਂ ਮੌਕਾ ਸੰਭਾਲ ਲਿਆ ਪਰ ਅਗਲੇ ਹੀ ਦਿਨ ਕਿਸੇ ਨੇ ਨਾਦਰ ਸ਼ਾਹ 'ਤੇ ਗੋਲੀ ਚਲਾ ਦਿਤੀ। ਨਾਦਰ ਸ਼ਾਹ ਤਾਂ ਬਚ ਗਿਆ ਪਰ ਕੋਲ ਖੜਾ ਉਸ ਦਾ ਸਿਪਾਹ ਸਾਲਾਰ ਮਾਰਿਆ ਗਿਆ।


ਨਾਦਰ ਸ਼ਾਹ ਦੁਰਾਨੀ

ਬਸ ਫਿਰ ਕੀ ਸੀ, ਈਰਾਨੀ ਫੌਜੀ ਮੁਗ਼ਲ ਫੌਜਾਂ ਦੇ ਨਾਲ ਹੀ ਸ਼ਹਿਰੀਆਂ 'ਤੇ ਵੀ ਟੁੱਟ ਪਏ। ਆਦਮੀਆਂ, ਔਰਤਾਂ, ਬੱਚਿਆਂ, ਬੁਢਿਆਂ ਮਤਲਬ ਇਹ ਕਿ ਹਰ ਕਿਸੇ ਨੂੰ ਫੜ ਉਨ੍ਹਾਂ ਮਾਰਨਾ ਸ਼ੁਰੂ ਕਰ ਦਿਤਾ। ਇਕ ਅਨੁਮਾਨ ਅਨੁਸਾਰ ਇਸ ਕਤਲੇਆਮ ਦੌਰਾਨ ਦਿੱਲੀ ਵਿਚ ਇਕ ਲੱਖ ਤੋਂ ਵੱਧ ਸ਼ਹਿਰੀ ਮਾਰੇ ਗਏ। ਨਾਦਰ ਸ਼ਾਹ ਦੀਆਂ ਫੌਜਾਂ ਨੇ ਬਿਨਾਂ ਉਮਰ ਤੇ ਧਰਮ ਦੇ ਭੇਦਭਾਵ ਦੇ, ਹਿੰਦੂਆਂ-ਮੁਸਲਮਾਨਾਂ ਦਾ ਅੰਨ੍ਹੇਵਾਹ ਕਤਲੇਆਮ ਕੀਤਾ।

ਇਤਿਹਾਸ ਵਿਚ ਆਉਂਦਾ ਹੈ ਕਿ ਨਾਦਰ ਸ਼ਾਹ ਦਿੱਲੀ ਤੋਂ ਆਪਣੇ ਦੇਸ਼ ਮੁੜਦਾ ਹੋਇਆ ਲੁਟ ਦਾ ਸੱਤਰ ਕਰੋੜ ਰੁਪਿਆ ਨਕਦ, ਮਣਾਂ-ਮੂੰਹੀ ਸੋਨਾ, ਚਾਂਦੀ, ਹੀਰੇ-ਜਵਾਹਰਾਤ ਤਾਂ ਲੈ ਹੀ ਤੁਰਿਆ, ਇਸ ਦੇ ਨਾਲ ਹੀ ਉਸ ਨੇ ਤਾਵਾਨ (ਜੰਗੀ ਖਰਚੇ) ਵਜੋਂ ਵੀਹ ਕਰੋੜ ਰੁਪਏ, 1000 ਹਾਥੀ, 7000 ਘੋੜੇ, 10,000 ਊਠ, 2000 ਕਾਰੀਗਰਾਂ ਤੋਂ ਇਲਾਵਾ 2000 ਤੋਂ ਵੱਧ ਔਰਤਾਂ, ਕੋਹਿਨੂਰ ਹੀਰਾ, ਤਖ਼ਤੇ-ਤਾਊਸ ਵੀ ਲੈ ਤੁਰਿਆ। ਦਿੱਲੀਓਂ ਤੁਰਨ ਦੇ ਨਾਲ ਹੀ ਉਸ ਨੇ ਜ਼ਕਰੀਆ ਖਾਨ ਨੂੰ ਵੀ ਸੁਨੇਹਾ ਭੇਜ ਦਿਤਾ ਕਿ ਉਹ ਉਸ ਦੇ ਲਾਹੌਰ ਪਹੁੰਚਣ ਤਕ ਇਕ ਕਰੋੜ ਰੁਪਿਆ ਤਾਵਾਨ ਵਜੋਂ ਦੇਣ ਲਈ ਤਿਆਰ ਰੱਖੇ।

ਜਦੋਂ ਉਹ ਦਿੱਲੀ ਤੋਂ ਜੇਤੂ ਜਰਨੈਲ ਵਜੋਂ ਵਾਪਸ ਮੁੜਿਆ ਤਾਂ ਉਸ ਨੂੰ ਇਸ ਗੱਲ ਦਾ ਮਾਣ ਸੀ ਕਿ ਉਸ ਨੇ ਆਪਣੇ ਹਮਲੇ ਦੌਰਾਨ ਜੋ ਜ਼ੁਲਮ ਢਾਹੇ ਹਨ, ਉਸ ਕਾਰਨ ਹਿੰਦੁਸਤਾਨ ਵਿਚ ਡਰ-ਭਉ ਦਾ ਅਜਿਹਾ ਵਾਤਾਵਰਣ ਬਣਿਆ ਹੈ ਜਿਸ ਕਾਰਨ ਕੋਈ ਵੀ ਉਸ ਨੂੰ ਚੁਨੌਤੀ ਦੇਣ ਦਾ ਹੀਆ ਨਹੀਂ ਕਰ ਸਕੇਗਾ। ਮੁੜਦਾ ਹੋਇਆ ਵੀ ਉਹ ਲੁੱਟ-ਮਾਰ ਕਰਦਾ ਜਾ ਰਿਹਾ ਸੀ। ਆਖਰ ਅਖਨੂਰ ਪਹੁੰਚ ਉਸ ਨੇ ਡੇਰਾ ਕੀਤਾ।

ਜਦੋਂ ਸਿੱਖਾਂ ਤਕ ਇਹ ਖਬਰ ਪੁਜੀ ਕਿ ਨਾਦਰ ਸ਼ਾਹ ਹਿੰਦੁਸਤਾਨ ਦੀ ਦੌਲਤ ਤੇ ਇਜ਼ਤ ਲੁਟ ਕੇ ਆਪਣੇ ਦੇਸ਼ ਵਾਪਸ ਪਰਤ ਰਿਹਾ ਹੈ ਤਾਂ ਉਨ੍ਹਾਂ ਦਾ ਆਤਮ-ਸਨਮਾਨ ਅਤੇ ਗ਼ਰੀਬ-ਮਜ਼ਲੂਮ ਦੀ ਰਖਿਆ ਦਾ ਉਨ੍ਹਾਂ ਦਾ ਆਦਰਸ਼ ਇਸ ਗੱਲ ਨੂੰ ਬਰਦਾਸ਼ਤ ਨਾ ਕਰ ਸਕਿਆ। ਬਹੁਤ ਹੀ ਸੋਚ-ਵਿਚਾਰ ਕੇ ਬਣਾਈ ਰਣਨੀਤੀ ਅਨੁਸਾਰ ਉਨ੍ਹਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਸੁਚੱਜੀ ਅਗਵਾਈ ਵਿਚ ਵੱਖ-ਵੱਖ ਜੱਥੇ ਬਣਾ ਲਏ। ਇਕ ਜਥੇ ਨੇ ਅਚਾਨਕ ਹੀ ਉਸ ਕੈਂਪ 'ਤੇ ਹਮਲਾ ਕਰ ਦਿਤਾ ਜਿਸ ਵਿਚ ਫੜ ਕੇ ਲਿਆਂਦੀਆਂ ਔਰਤਾਂ ਰਖੀਆਂ ਗਈਆਂ ਸਨ। ਉਨ੍ਹਾਂ ਨੂੰ ਛੁਡਾ ਉਹ ਵਾਪਸ ਨਿਕਲ ਗਏ। ਇਸੇ ਦੌਰਾਨ ਦੂਜੇ ਜਥੇ ਨੇ ਕਾਫਲੇ ਦੇ ਪਿਛਲੇ ਹਿੱਸੇ 'ਤੇ ਹਮਲਾ ਕਰ ਉਥੇ ਰੱਖੀ ਦੌਲਤ ਲੁਟ ਲਈ। ਇਸ ਤਰ੍ਹਾਂ ਸਿੱਖਾਂ ਨੇ ਇਕ ਪਾਸੇ ਨਾਦਰ ਸ਼ਾਹ ਦੀ ਲੁਟ ਵਿਚੋਂ ਆਪਣਾ ਹਿੱਸਾ ਵੰਡਾਇਆ ਅਤੇ ਦੂਜੇ ਪਾਸੇ ਹਿੰਦੁਸਤਾਨ ਦੀ ਇਜ਼ਤ, ਔਰਤਾਂ ਨੂੰ ਛੁਡਾ ਕੇ ਉਨ੍ਹਾਂ ਦੇ ਘਰ ਜਾ ਪਹੁੰਚਾਇਆ।

ਜਦੋਂ ਨਾਦਰ ਸ਼ਾਹ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਹੀ ਹੈਰਾਨ-ਪ੍ਰੇਸ਼ਾਨ ਹੋਇਆ। ਉਸ ਨੇ ਜ਼ਕਰੀਆ ਖਾਨ ਨੂੰ ਪੁਛਿਆ ਕਿ ਇਹ ਲੋਕ ਕੌਣ ਹਨ ਜਿਨ੍ਹਾਂ ਉਸ ਦੀ ਤਾਕਤ ਨੂੰ ਵੰਗਾਰਿਆ ਹੈ, ਕਿਥੇ ਰਹਿੰਦੇ ਹਨ? ਇਨ੍ਹਾਂ ਦਾ ਮੁਲਕ ਕਿਹੜਾ ਹੈ? ਤੂੰ ਇਨ੍ਹਾਂ ਨੂੰ ਮਾਰ ਕਿਉਂ ਨਹੀਂ ਮੁਕਾਂਦਾ? ਉਨ੍ਹਾਂ ਦੇ ਘਰ-ਘਾਟ ਸਾੜ ਕੇ ਸੁਆਹ ਕਿਉਂ ਨਹੀਂ ਕਰ ਦਿੰਦਾ? 'ਪੰਥ ਪ੍ਰਕਾਸ਼' ਦੇ ਕਰਤਾ ਦੇ ਸ਼ਬਦਾਂ ਵਿਚ:

ਪੂਛਯੋ ਨਾਦਰ ਖਾਨ ਕੋ ਆਇ।
ਹਮ ਕੋ ਲੂਟਨ ਕਾਰ ਬਤਾਇ।
ਜਿਨ ਲੂਟ ਖਾਯੋ ਹਮਰੋ ਰਾਹੁ।
ਮੁਲਕ ਉਸੈ ਕੀ ਉਡਾ ਦਿਉ ਸਵਾਹਿ।

ਇਹ ਸੁਣ ਜ਼ਕਰੀਆ ਖਾਨ ਨੇ ਕਿਹਾ ਕਿ ਇਹ ਫ਼ਕੀਰਾਂ ਦਾ ਟੋਲਾ ਹੈ, ਹਵਾ ਵਾਂਗ ਆਉਂਦੇ ਹਨ ਤੇ ਹਨੇਰੀ ਵਾਂਗ ਉਡ ਜਾਂਦੇ ਹਨ। ਇਨ੍ਹਾਂ ਦਾ ਨਾ ਤਾਂ ਕੋਈ ਘਰ ਹੈ ਅਤੇ ਨਾ ਹੀ ਕੋਈ ਮੁਲਕ। ਇਨ੍ਹਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਹਨ, ਇਨ੍ਹਾਂ ਦਾ ਮੁਰਸ਼ਦ ਕੋਈ ਵਲੀ ਹੋਇਆ ਹੈ, ਜਿਸ ਨੇ ਇਨ੍ਹਾਂ ਨੂੰ ਅਜਿਹਾ ਆਬੇ-ਹਯਾਤ ਪਿਲਾਇਆ ਹੈ, ਜਿਸ ਨੂੰ ਜੇ ਕੋਈ ਬੁਜ਼ਦਿਲ ਵੀ ਪੀ ਲਏ ਤਾਂ ਉਹ ਸ਼ੇਰ ਹੋ ਜਾਂਦਾ ਹੈ। ਇਨ੍ਹਾਂ ਦਾ ਨਾਂ ਸਿੰਘ ਹੈ ਅਤੇ ਇਹ ਖਾਲਸਾ ਅਖਵਾਉਂਦੇ ਹਨ। ਇਨ੍ਹਾਂ ਨੇ ਸੰਸਾਰ ਦੀ ਸਾਰੀ ਲਾਲਸਾ ਦਾ ਤਿਆਗ ਕੀਤਾ ਹੋਇਆ ਹੈ। ਇਨ੍ਹਾਂ ਦੀ ਜਾਇਦਾਦ ਕੇਵਲ ਲਕ ਜਾਂਘੀਆ ਅਤੇ ਸਿਰ ਦਾ ਪਟਕਾ ਹੀ ਹੈ। ਜੋ ਕੁਝ ਵੀ ਮਿਲ ਜਾਏ ਮਿਲ-ਜੁਲ ਕੇ ਛਕ ਲੈਂਦੇ ਹਨ ਅਤੇ ਇਤਨੇ ਵਿਚ ਹੀ ਖ਼ੁਸ਼ ਰਹਿੰਦੇ ਹਨ। ਇਹੀ ਆਖ ਕੇ ਸੰਤੁਸ਼ਟ ਹੋ ਜਾਂਦੇ ਹਨ ਕਿ ਜੋ ਗੁਰੂ ਕਰਦਾ ਹੈ, ਉਹੀ ਹੁੰਦਾ ਹੈ:

ਨਾਮ ਸਿੰਘ ਬਨ ਮਜ਼੍ਹਬ ਖਾਲਸਾ।
ਛੋਡ ਦੇਤ ਸਭ ਜਗਤ ਲਾਲਸਾ।
ਕਮਰ ਜਾਂਘੀਆ ਇਕ ਸਿਰ ਪਟਕਾ।
ਜੋ ਵਸਤ ਕਿਸੀ ਕੋ ਪਾ ਹੈਂ।
ਪੰਥ ਤਈ ਖੁਸ਼ ਹੋਤ ਛਕੇ ਹੈਂ।
ਬਾਤ ਬਾਤ ਮੇਂ ਇਹੋ ਅਲੈ ਹੈਂ।
ਜੋ ਗੁਰੁ ਕਰੇ ਸੋਈ ਥੈ ਹੈਂ।

ਉਸ ਦੀ ਇਹ ਗੱਲ ਸੁਣ ਨਾਦਰ ਸ਼ਾਹ ਸੋਚਾਂ ਵਿਚ ਪੈ ਗਿਆ। ਕੁਝ ਦੇਰ ਸੋਚ, ਫਿਰ ਗੰਭੀਰ ਹੋ ਕੇ ਕਹਿਣ ਲੱਗਾ:


ਨਾਦਰ ਕਾਦਰ ਸੋਚ ਪੁਨ
ਕਹਿਯੋ ਨਵਾਬਹਿ ਐਸਾ,
ਜੇ ਕਰ ਹੈ ਸ਼ਹਿ ਐਸਾ ਹੀ
ਭਾਖਤ ਹੋ ਤੁਮ ਜੈਸਾ।
ਤੋ ਇਹ ਮਾਰੇ ਨਾ ਮਰੈ,
ਜੀਤੈ ਇਨੈ ਕੌਣ।
ਨਾਹਕ ਸਹਿਤ ਨਦੋਸ਼ ਤੁਮ,
ਦੁਖ ਦੇਤ ਇਨ ਜੋਨ।
ਮਾਰਤ ਹੀ ਤੁਮ ਆਪ ਹੀ
ਆਪਨੈ ਪੈਰ ਕੁਠਾਰ।
ਕੁਛ ਦਿਨ ਕੋ ਸਿੰਘ ਹੋਇ ਹੈ
ਭੂਪਤ ਮੁਲਕ ਮਝਾਰ।

ਇਸਦੇ ਨਾਲ ਹੀ ਉਸ ਨੇ ਕਿਹਾ 'ਅਜੀਂ ਕੌਮ ਬੂਏ ਬਾਦਸ਼ਾਹੀ ਮੇਂ ਆਇਦ'। ਅਰਥਾਤ ਇਨ੍ਹਾਂ ਪਾਸੋਂ ਬਾਦਸ਼ਾਹੀ ਦੀ ਬੂ ਆਉਂਦੀ ਹੈ। ਨਾਦਰ ਸ਼ਾਹ ਤਾਂ ਇਹ ਕਹਿ ਕੇ ਆਪਣੇ ਦੇਸ਼ ਪਰਤ ਗਿਆ। ਪਰ ਇਹ ਭਵਿਖਵਾਣੀ ਸੁਣ ਜ਼ਕਰੀਆਂ ਖਾਨ ਦੀ ਨੀਂਦਰ ਹਰਾਮ ਹੋ ਗਈ। ਉਸ ਨੂੰ ਇਹੀ ਚਿੰਤਾ ਖਾਣ ਲਗ ਪਈ ਕਿ ਪਤਾ ਨਹੀਂ ਇਹ ਸਿੱਖ ਕਦੋਂ ਉਸ ਪਾਸੋਂ ਹਕੂਮਤ ਖੋਹ ਲੈਣਗੇ।

# ਕੈਂਚੀ



## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਜਦ ਕਿਸੇ ਕਪੜੇ ਨੂੰ ਕੈਂਚੀ ਨਾਲ ਕੱਟਿਆ ਜਾਂਦਾ ਹੈ ਤਾਂ ਕਚਰ ਕਚਰ ਦੀ ਆਵਾਜ਼ ਆਉਂਦੀ ਹੈ। ਸੁਭਾਵਕ ਹੀ ਖਿਆਲ ਆਉਂਦਾ ਹੈ ਕਿ ਸ਼ਾਇਦ ਕੈਂਚੀ ਸ਼ਬਦ ਕਚਰ ਕਚਰ ਦੀ ਆਵਾਜ਼ ਤੋਂ ਹੀ ਬਣਿਆ ਹੋਵੇ। ਅਜਿਹੇ ਸ਼ਬਦਾਂ ਨੂੰ ਧੁਨੀ-ਅਨੁਕਰਮਣਕ ਸ਼ਬਦ ਆਖਿਆ ਜਾਂਦਾ ਹੈ ਜਿਵੇਂ ਕਾਂ-ਕਾਂ ਦੀ ਆਵਾਜ਼ ਤੋਂ ਇਕ ਪੰਛੀ ਦਾ ਨਾਂ ਕਾਂ, ਚਿੜ ਚਿੜ ਤੋਂ ਚਿੜੀ ਆਦਿ ਬਣੇ। ਕੈਂਚੀ ਸਬੰਧੀ ਇਸ ਵਰਤਾਰੇ ਦੀ ਪੜਤਾਲ ਕਰਨ ਦੀ ਜ਼ਰੂਰਤ ਹੈ। ਵਾਸਤਵ ਵਿਚ ਬਹੁਤ ਸਾਰੇ ਸ਼ਬਦਾਂ ਦੇ ਮੂਲ ਪਿਛੇ ਵਸਤੂਆਂ ਦੀਆਂ ਧੁਨੀਆਂ ਹੀ ਹੁੰਦੀਆਂ ਹਨ। ਅਜਿਹੀ ਹਾਲਤ ਵਿਚ ਜਦ ਦੋ ਦੂਰ-ਦੂਰ ਦੀਆਂ ਭਾਸ਼ਾਵਾਂ ਵਿਚ ਮਿਲਦਾ-ਜੁਲਦਾ ਸ਼ਬਦ ਉਪਲਬਧ ਹੁੰਦਾ ਹੈ ਤਾਂ ਇਹ ਨਿਰਣਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਹ ਸ਼ਬਦ ਇਕ ਭਾਸ਼ਾ ਤੋਂ ਦੂਜੀ ਵਿਚ ਗਿਆ ਜਾਂ ਸੁਤੰਤਰ ਤੌਰ 'ਤੇ ਉਦਭਵ ਹੋਇਆ। ਜਿਵੇਂ ਪੰਜਾਬੀ ਕਾਂ ਤੇ ਅੰਗਰੇਜ਼ੀ 'ਕਰੋ' ਬਾਰੇ ਕਿਹਾ ਜਾ ਸਕਦਾ ਹੈ।

ਭਾਰਤੀ ਆਰੀਅਨ ਬੋਲੀਆਂ ਉਤੇ ਧਿਆਨ ਮਾਰਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਕੈਂਚੀ ਸ਼ਬਦ ਪੁਰਾਣੇ ਸਮੇਂ ਤੋਂ ਮੌਜੂਦ ਨਹੀਂ ਸੀ। ਗੁਰੂ ਗ੍ਰੰਥ ਸਾਹਿਬ ਵਿਚ ਕੈਂਚੀ ਸ਼ਬਦ ਨਹੀਂ ਹੈ ਹਾਲਾਂ ਕਿ ਕੈਂਚੀ ਦਾ ਇਕ ਹੋਰ ਰੂਪ ਕਾਤੀ ਸ਼ਬਦ ਨੌਂ ਵਾਰੀ ਆਇਆ ਹੈ। ਇਹ ਵੀ ਦਿਲਚਸਪ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਕਾਤੀ ਸ਼ਬਦ ਦੋ ਵੱਖ ਵੱਖ ਅਰਥਾਂ, ਕਟਾਰ ਅਤੇ ਕੈਂਚੀ ਲਈ ਵਰਤਿਆ ਗਿਆ ਹੈ। ਕਟਾਰ ਦੇ ਅਰਥਾਂ ਵਿਚ ਦੇਖੋ:

ਰਿਦ ਅੰਦਰ ਕਰ ਤਲ ਕਾਤੀ॥
-ਭਗਤ ਸੈਨ

ਫਰੀਦਾ ਕੰਨਿ ਮੁਸਲਾ ਸੂਫ ਗਲਿ
ਦਿਲਿ ਕਾਤੀ ਗੁੜੁ ਵਾਤਿ॥
-ਬਾਬਾ ਸ਼ੇਖ ਫਰੀਦ

ਕੈਂਚੀ ਦੇ ਅਰਥਾਂ ਵਿਚ:

ਸੇ ਸਿਰ ਕਾਤੀ ਮੁੰਨੀਅਨਿ
ਗਲਿ ਵਿਚਿ ਆਵੈ ਧੂੜਿ॥
-ਗੁਰੂ ਨਾਨਕ ਦੇਵ

ਸਾਡੀਆਂ ਬੋਲੀਆਂ ਵਿਚ ਸਦੀਆਂ ਤੋਂ ਕਤਰਨੀ, ਕਤਾਰੀ ਆਦਿ ਸ਼ਬਦ ਕੈਂਚੀ ਲਈ ਵਰਤੇ ਗਏ ਹਨ। ਇਸਲਾਮੀ ਦੇਸ਼ਾਂ ਨਾਲ ਸਾਡੇ ਸੰਪਰਕ ਕਾਰਨ ਘਟੋ ਘਟ ਹਜ਼ਾਰ ਸਾਲ ਤੋਂ ਬਹੁਤ ਸਾਰੇ ਸ਼ਬਦ ਅਰਬੀ, ਫਾਰਸੀ, ਤੁਰਕੀ ਤੋਂ ਸਾਡੀਆਂ ਭਾਸ਼ਾਵਾਂ ਵਿਚ ਆ ਗਏ ਹਨ। ਕੈਂਚੀ ਵੀ ਇਕ ਅਜਿਹਾ ਹੀ ਸ਼ਬਦ ਹੈ ਜਿਸ ਦਾ ਮੂਲ ਤੁਰਕੀ ਮੰਨਿਆ ਜਾਂਦਾ ਹੈ ਹਾਲਾਂ ਕਿ ਅਜੋਕੀ ਤੁਰਕੀ ਵਿਚ ਕੈਂਚੀ ਦੀ ਜਗ੍ਹਾ 'ਮਕਸ' ਸ਼ਬਦ ਦੀ ਵਰਤੋਂ ਹੁੰਦੀ ਹੈ। ਅਰਬੀ ਅਤੇ ਸੈਮਿਟਿਕ ਵਿਚ ਇਕ ਧਾਤੂ ਕ-ਸ-ਰ ਹੈ ਜਿਸ ਦਾ ਅਰਥ ਕੱਟਣਾ, ਤਰਾਸ਼ਣਾ ਆਦਿ ਹੈ ਤੇ ਸਮਝਿਆ ਜਾਂਦਾ ਹੈ ਕਿ ਕੈਂਚੀ ਸ਼ਬਦ ਪਿਛੇ ਏਹੀ ਮੂਲ ਕਾਰਜਸ਼ੀਲ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਅਰਬੀ ਸ਼ਬਦ ਅਲ-ਕਰਸ (ਮਹੱਲ) ਪਿਛੇ ਵੀ ਏਹੀ ਮੂਲ ਹੈ ਕਿਉਂਕਿ ਮਹਲ ਵੀ ਪੱਥਰ ਕੱਟ-ਤਰਾਸ਼ ਕੇ ਬਣਾਈ ਇਮਾਰਤ ਹੀ ਹੈ। ਦਰਅਸਲ ਕੈਂਚੀ ਲਈ ਅੰਗਰੇਜ਼ੀ ਸ਼ਬਦ 'ਸਿਜ਼ਰ' ਕਤਰਨੀ ਦਾ ਸੁਜਾਤੀ ਹੈ। ਇਕ ਭਾਰੋਪੀ ਮੂਲ ਹੈ ker ਜਿਸ ਤੋਂ ਪ੍ਰਾਚੀਨ ਲਾਤੀਨੀ ਸ਼ਬਦ ਬਣਿਆ caedere. ਇਸ ਮੂਲ ਦਾ ਅਰਥ ਕੱਟਣਾ ਤਰਾਸ਼ਣਾ ਹੁੰਦਾ ਹੈ। ਇਹ ਮੂਲ ਪੁਰਾਣੀ ਫਰਾਂਸੀਸੀ ਵਿਚੀਂ ਲੰਘਦਾ ਹੋਇਆ ਦੋ ਅੰਗਰੇਜ਼ੀ ਸ਼ਬਦਾਂ ਦਾ ਨਿਰਮਾਤਾ ਬਣਿਆ: shears ਅਤੇ scissors. ਸਕਾਟਲੈਂਡ ਵਿਚ shears ਹਰ ਕਿਸਮ ਜਾਂ ਆਕਾਰ ਦੀ ਕੈਂਚੀ ਨੂੰ ਕਹਿੰਦੇ ਹਨ ਜਦ ਕਿ ਇੰਗਲੈਂਡ ਵਿਚ ਸਿਰਫ਼ ਵੱਡੀ ਕੈਂਚੀ ਲਈ ਹੀ ਇਹ ਸ਼ਬਦ ਵਰਤਿਆ ਜਾਂਦਾ ਹੈ ਜਿਸ ਨੂੰ ਅਸੀਂ ਪੰਜਾਬੀ ਵਿਚ ਕੈਂਚ ਆਖ ਸਕਦੇ ਹਾਂ ਹਾਲਾਂ ਕਿ ਭਲਵਾਨਾਂ ਦੀ ਕਾਟਵੀਂ ਚੱਡੀ ਨੂੰ ਵੀ ਕੈਂਚ ਆਖਿਆ ਜਾਂਦਾ ਹੈ। ਸਭ ਤੋਂ ਦਿਲਚਸਪ ਗੱਲ ਹੈ ਕਿ ਪ੍ਰਾਚੀਨ ਰੋਮ ਦੇ ਜੂਲੀਅਸ ਸੀਜ਼ਰ, ਜਰਮਨੀ ਦੇ ਸਮਰਾਟ ਕੈਸਰ, ਰੂਸ ਦੇ ਜ਼ਾਰ, ਪੋਲੈਂਡ ਦੇ ਕਰੋਲ ਅਤੇ ਹੰਗਰੀ ਦੇ ਕਰੋਲ ਦੀ ਇਸ ਸ਼ਬਦ ਨਾਲ ਸਾਂਝ ਦਰਸਾਈ ਜਾਂਦੀ ਹੈ ਪਰ ਇਹ ਇਕ ਵਿਵਾਦੀ ਮੁੱਦਾ ਹੈ ਜਿਸ ਬਾਰੇ ਕਿਸੇ ਹੋਰ ਲੇਖ ਵਿਚ ਵੱਖਰੇ ਤੌਰ 'ਤੇ ਚਰਚਾ ਕੀਤੀ ਜਾਵੇਗੀ।

ਭਾਰੋਪੀ ਧਾਤੂ ker ਦੇ ਮੁਕਾਬਲੇ ਵਿਚ ਸੰਸਕ੍ਰਿਤ ਧਾਤੂ ਹੈ 'ਕ੍ਰ' ਜਿਸ ਤੋਂ ਕਰਤਨਾ ਜਾਂ ਕੱਟਣਾ ਸ਼ਬਦ ਉਤਪੰਨ ਹੋਏ। ਕਾਤੀ ਜਾਂ ਕਤਰਨੀ ਸ਼ਬਦ ਹੋਰ ਅਗਲੇਰਾ ਪੜਾਅ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਅੰਗਰੇਜ਼ੀ 'ਸਿਜ਼ਰ' ਸਾਡੀ ਕਾਤੀ ਦੀ ਸਕੀ-ਸੋਧਰੀ ਹੈ। ਕਾਤਰ ਜਾਂ ਕਤਰਾ ਸ਼ਬਦ ਵੀ ਇਸੇ ਤੋਂ ਬਣੇ। ਪੌਦੇ ਦੀਆਂ ਕਰੂੰਬਲਾਂ ਕੱਟ ਸੁੱਟਣ ਵਾਲੇ ਇਕ ਕੀੜੇ ਕਾਤਰੋ ਦਾ ਨਾਂ ਵੀ ਇਸੇ ਮੂਲ ਤੋਂ ਬਣਿਆ। ਸੰਭਵ ਹੈ ਕਾਤਰੋ ਪਿੰਡ ਦਾ ਨਾਂ ਵੀ ਇਸੇ ਤੋਂ ਪਿਆ ਹੋਵੇ। ਕਾਤਰੋ ਨੂੰ ਪੰਜਾਬੀ ਵਿਚ ਤੋਕਾ ਵੀ ਆਖਦੇ ਹਨ।

ਅਸੀਂ ਮੁੜ ਕੈਂਚੀ 'ਤੇ ਆਉਂਦੇ ਹਾਂ। ਅਰਬੀ 'ਕਸਰ' ਤੁਰਕੀ ਵਿਚ ਗਿਆ ਤਾਂ ਇਸ ਦੀ 'ਸ' ਧੁਨੀ 'ਚ' ਵਿਚ ਪਲਟ ਗਈ ਅਤੇ 'ਰ' ਧੁਨੀ ਅਲੋਪ ਹੋ ਗਈ। ਇਸ ਵਰਤਾਰੇ ਦੌਰਾਨ ਸ਼ਬਦ ਵਿਚ ਅਨੁਨਾਸਿਕਤਾ ਵੀ ਆ ਗਈ। ਭਾਰਤ ਤੇ ਇਸਲਾਮ ਦੀ ਚੜ੍ਹਤ ਦੌਰਾਨ ਬੇਸ਼ੁਮਾਰ ਅਰਬੀ, ਫਾਰਸੀ ਤੇ ਤੁਰਕੀ ਦੇ ਸ਼ਬਦ ਭਾਰਤ ਦੀਆਂ ਭਾਸ਼ਾਵਾਂ ਵਿਚ ਸ਼ਾਮਿਲ ਹੋ ਗਏ। ਪੜ੍ਹੇ-ਲਿਖੇ ਜਾਂ ਉਚ ਵਰਗ ਦੇ ਲੋਕ ਆਮ ਤੌਰ 'ਤੇ ਸਭ ਤੋਂ ਪਹਿਲਾਂ ਸ਼ਾਸਕਾਂ ਦੀ ਭਾਸ਼ਾ ਦੇ ਸ਼ਬਦ ਅਪਨਾਉਂਦੇ ਹਨ। ਅੰਗਰੇਜ਼ਾਂ ਵੇਲੇ ਮੰਮੀ-ਡੈਡੀ ਇਸੇ ਵਰਗ ਨੇ ਪਹਿਲਾਂ ਅਪਨਾਏ। ਸੋ, ਫਾਰਸੀ ਵਿਚ ਆ ਚੁਕੇ ਕੈਂਚੀ ਸ਼ਬਦ ਨੇ ਪਹਿਲਾਂ ਪਹਿਲਾਂ ਭਾਰਤੀ ਕਤਰਨੀ ਨਾਲ ਕਾਟੇ ਦੀ ਟੱਕਰ ਲਈ ਹੋਵੇਗੀ ਪਰ ਅੰਤ ਜਿੱਤ ਕੈਂਚੀ ਦੀ ਹੀ ਹੋਈ। ਪੁਰਾਣੀ ਪੰਜਾਬੀ ਵਿਚ ਕੈਂਚੀ ਦਾ ਕਾਤੀ ਰੂਪ ਪ੍ਰਚਲਤ ਹੋਇਆ ਜਿਵੇਂ ਗੁਰਬਾਣੀ ਤੋਂ ਗਵਾਹੀ ਮਿਲਦੀ ਹੈ। ਸੰਭਵ ਹੈ ਪੰਜਾਬੀ ਦੇ ਅਜਿਹੇ ਰੂਪ ਪਿਛੇ ਕਤਰਨੀ ਸ਼ਬਦ ਦਾ ਪ੍ਰਭਾਵ ਹੋਵੇ। ਉਂਜ ਅਰਬੀ ਫਾਰਸੀ ਆਦਿ ਦਾ 'ਚ' ਜਾਂ 'ਜ' ਪੰਜਾਬੀ ਵਿਚ 'ਤ' ਵਿਚ ਬਦਲ ਜਾਂਦਾ ਹੈ ਜਿਵੇਂ ਕਾਗਜ਼ ਤੋਂ ਕਾਗਤ ਬਣਿਆ। ਪਰ ਹੌਲੀ ਹੌਲੀ ਪੰਜਾਬੀ ਵਿਚ ਵੀ ਕੈਂਚੀ ਨੇ ਹੀ ਪੈਰ ਜਮਾਏ। ਇਉਂ ਲਗਦਾ ਹੈ ਕਿ ਦਰਜ਼ੀਆਂ ਦਾ ਪੇਸ਼ਾ ਇਸਲਾਮੀ ਸਭਿਅਤਾ ਦੀ ਦੇਣ ਹੈ (ਦਰਜ਼ੀ ਸ਼ਬਦ ਵੀ ਫਾਰਸੀ ਤੋਂ ਆਇਆ ਹੈ). ਇਸ ਲਈ ਇਸ ਨਾਲ ਸਬੰਧਤ ਬਹੁਤੀ ਸ਼ਬਦਾਵਲੀ ਏਧਰੋਂ ਹੀ ਆਈ। ਕੈਂਚੀ ਵਾਂਗ ਜ਼ਬਾਨ ਚੱਲਣਾ ਮੁਹਾਵਰਾ ਵੀ ਇਸੇ ਸ਼ਬਦ ਤੋਂ ਪ੍ਰਚਲਤ ਹੋਇਆ। ਕੁਸ਼ਤੀ ਜਾਂ ਕਬੱਡੀ ਵਿਚ ਲੱਤਾਂ ਦੀ ਕਰੰਘੜੀ ਪਾਉਣ ਨੂੰ ਕੈਂਚੀ ਮਾਰਨਾ ਆਖਿਆ ਜਾਂਦਾ ਹੈ।

## ਪੁਰਾਣਾ ਮਾਖਿਓਂ

# ਨਵੇਂ ਦੇਵਤੇ

**ਦੇਵਿੰਦਰ ਸਤਿਆਰਥੀ**

ਗਾਜਰ ਦੇ ਗਰਮ ਹਲਵੇ ਦੀ ਖ਼ੁਸ਼ਬੂ ਨਾਲ ਸਾਰਾ ਕਮਰਾ ਮਹਿਕ ਉਠਿਆ ਸੀ ਤੇ ਜੇ ਕਿਸੇ ਦਾਅਵਤ ਦੀ ਸਭ ਤੋਂ ਵੱਡੀ ਖ਼ੂਬੀ ਏਹੀ ਹੈ ਕਿ ਹਰ ਖਾਣਾ ਬੜੇ ਸਲੀਕੇ ਨਾਲ ਤਿਆਰ ਕੀਤਾ ਜਾਏ ਤੇ ਸਾਧਾਰਨ ਤੋਂ ਸਾਧਾਰਨ ਚੀਜ਼ ਵਿਚ ਵੀ ਇਕ ਨਵਾਂ ਹੀ ਸੁਆਦ ਪੈਦਾ ਕਰ ਦਿੱਤਾ ਜਾਏ ਤਾਂ ਨਿਰਸੰਦੇਹ ਦਿੱਲੀ ਦੀ ਉਹ ਦਾਅਵਤ ਮੈਨੂੰ ਰਹਿੰਦੀ ਦੁਨੀਆਂ ਤੀਕ ਯਾਦ ਰਹੇਗੀ।

ਇਤਨੀ ਵੀ ਕੀ ਖ਼ੁਸ਼ੀ ਹੈ? ਮੈਂ ਸੋਚ ਰਿਹਾ ਸਾਂ, ਇਤਨੀ ਤਾਂ ਨਫ਼ਾਸਤ ਹਸਨ ਪਹਿਲਾਂ ਵੀ ਕਮਾ ਲੈਂਦਾ ਹੋਵੇਗਾ। ਸਵਾ ਸੌ ਰੁਪਏ ਲਈ ਉਸ ਨੇ ਆਪਣੀ ਆਜ਼ਾਦੀ ਵੇਚ ਦਿੱਤੀ ਤੇ ਹੁਣ ਖ਼ੁਸ਼ ਹੋ ਰਿਹਾ ਹੈ। ਉਹ ਤਾਂ ਸ਼ੁਰੂ ਤੋਂ ਬਾਗੀ ਸੁਭਾ ਦਾ ਆਦਮੀ ਮਸ਼ਹੂਰ ਹੈ। ਉਸ ਦੀਆਂ ਕਹਾਣੀਆਂ ਅਗਾਂਹ-ਵਧੂ ਸਾਹਿਤ ਵਿਚ ਖ਼ਾਸ ਥਾਂ ਪਾਉਂਦੀਆਂ ਰਹੀਆਂ ਹਨ। ਫਿਰ ਇਹ ਨੌਕਰੀ ਉਸ ਨੇ ਕਿਵੇਂ ਕਰ ਲਈ? ਗਰੀਬਾਂ 'ਤੇ ਜ਼ੁਲਮ ਕੀਤੇ ਜਾਂਦੇ ਹਨ, ਜੀਵਨ ਦੀ ਹੱਤਕ ਕੀਤੀ ਜਾਂਦੀ ਹੈ, ਸਰਮਾਏਦਾਰੀ ਨਿਜ਼ਾਮ ਮੱਕੜੀ ਵਾਂਗ ਬਰਾਬਰ ਆਪਣਾ ਜਾਲ ਬੁਣਦਾ ਰਹਿੰਦਾ ਹੈ ਤੇ ਗਰੀਬ ਕਿਸਾਨ ਮਜ਼ਦੂਰ ਆਪਣੇ ਆਪ ਇਸ ਜਾਲ ਵਿਚ ਫਸਦੇ ਚਲੇ ਜਾਂਦੇ ਹਨ। ਇਨ੍ਹਾਂ ਖ਼ਿਆਲਾਂ ਦਾ ਮਾਲਕ ਅੱਜ ਆਪੇ ਮੱਖੀ ਵਾਂਗ ਇਸ ਜਾਲੇ ਵਿਚ ਫਸ ਗਿਆ ਤੇ ਇਸ ਖ਼ੁਸ਼ੀ ਵਿਚ ਯਾਰਾਂ ਦੋਸਤਾਂ ਨੂੰ ਦਾਅਵਤ ਦੇ ਰਿਹਾ ਹੈ! ਪਰ ਮੈਂ ਆਪਣੇ ਖ਼ਿਆਲਾਂ ਦਾ ਅਸਰ ਚਿਹਰੇ ਉਤੇ ਜ਼ਾਹਰ ਨਾ ਹੋਣ ਦਿੱਤਾ।

ਦਾਅਵਤ ਵਿਚ ਕਈ ਲਿਖਾਰੀ ਸ਼ਾਮਲ ਸਨ। ਹਿੰਦੁਸਤਾਨ ਦੀ ਆਜ਼ਾਦੀ ਬਾਰੇ ਇਨ੍ਹਾਂ ਹੈਟ ਪਹਿਨਣ ਵਾਲੇ ਲਿਖਾਰੀਆਂ ਕੋਲੋਂ ਜ਼ਿਆਦਾ ਮਦਦ ਦੀ ਉਮੀਦ ਨਹੀਂ ਰਖਣੀ ਚਾਹੀਦੀ, ਮੈਂ ਸੋਚਣ ਲੱਗਾ, ਤੇ ਬਰਾਉਨਿੰਗ ਦਾ ਖ਼ਿਆਲ, "ਕੁਝ ਚਾਂਦੀ ਦੇ ਸਿੱਕਿਆਂ ਪਿਛੇ ਸਾਨੂੰ ਉਹ ਛੱਡ ਗਿਆ!" ਮੇਰੇ ਮਨ ਵਿਚ ਫੈਲਦਾ ਚਲਾ ਗਿਆ। ਇਨ੍ਹਾਂ ਪਿਛਾਂਹ-ਖਿਚੂਆਂ ਨੂੰ ਇਹ ਗੁਮਾਨ ਕਿਵੇਂ ਹੋ ਗਿਆ ਕਿ ਉਹ ਅਗਾਂਹਵਧੂ ਸਾਹਿਤ ਦੀ ਚਰਚਾ ਕਰ ਕੇ ਸੁਣਨ ਵਾਲਿਆਂ ਦੀਆਂ ਅੱਖਾਂ ਵਿਚ ਘੱਟਾ ਪਾ ਸਕਦੇ ਹਨ? ਕਿਥੇ ਅਗਾਂਹ-ਵਧੂ ਸਾਹਿਤ ਤੇ ਆਜ਼ਾਦੀ ਦਾ ਅਸਲੀ ਆਦਰਸ਼ ਤੇ ਕਿਥੇ ਇਹ ਚਾਂਦੀ ਦੀ ਗੁਲਾਮੀ! ਨਫ਼ਾਸਤ ਹਸਨ ਦੇ ਗੋਰੇ ਚਿਹਰੇ 'ਤੇ ਹਾਸਾ ਨੱਚ ਰਿਹਾ ਸੀ। ਸੱਚ ਪੁਛੋ ਤਾਂ ਇਹ ਹਾਸਾ ਮੈਨੂੰ ਬੜਾ ਭਿਆਨਕ ਜਾਪਦਾ ਸੀ।

ਗਾਜਰ ਦਾ ਹਲਵਾ ਸੱਚੀ ਮੁੱਚੀਂ ਸੀ ਬਹੁਤ ਸੁਆਦਲਾ ਤੇ ਉਹ ਮੇਰੇ ਖ਼ਿਆਲਾਂ ਉਤੇ ਸਵਾਰ ਹੋ ਰਿਹਾ ਸੀ-ਮਿਕਨਾਤੀਸ ਇਤਨਾ ਕੋਲ ਹੋਵੇ ਤੇ ਲੋਹਚੂਨ ਦੇ ਪਰਮਾਣੂ ਖਿਚੇ ਨਾ ਚਲੇ ਆਉਣ, ਇਹ ਕਿਵੇਂ ਹੋ ਸਕਦਾ ਹੈ। ਭਾਵ ਇਹ ਕਿ ਜੇ ਹਲਵਾ ਨਾ ਹੁੰਦਾ ਤਾਂ ਮੈਂ ਨਫ਼ਾਸਤ ਹਸਨ ਨੂੰ ਹੋਰ ਵੀ ਪੜਚੋਲੀਆ ਨੁਕਤੇ ਤੋਂ ਵੇਖਦਾ।

ਬਹੁਤਿਆਂ ਦੇ ਨਾਂਵਾਂ ਤੋਂ ਮੈਂ ਜਾਣੂ ਨਹੀਂ ਸੀ। ਇਹ ਵੱਖਰੀ ਗੱਲ ਹੈ ਕਿ ਕਈ ਚਿਹਰੇ ਮੇਰੇ ਲਈ ਨਵੇਂ ਨਹੀਂ ਸਨ ਪਰ ਮੌਲਾਨਾ ਨੂਰ ਹਸਨ ਆਰਜ਼ੂ ਨੂੰ ਤਾਂ ਪਹਿਲਾਂ ਕਦੀ ਫੋਟੋ ਵਿਚ ਵੀ ਨਹੀਂ ਸੀ ਵੇਖਿਆ। ਉਨ੍ਹਾਂ ਦੀ ਆਵਾਜ਼ ਮੈਨੂੰ ਬਹੁਤ ਪਿਆਰੀ ਲੱਗੀ। ਬਹੁਤ ਛੇਤੀ ਮੈਂ ਉਨ੍ਹਾਂ ਦੀ ਖ਼ੁਸ਼-ਬਿਆਨੀ ਦਾ ਸਿੱਕਾ ਮੰਨ ਲਿਆ। ਇਹ ਮਹਿਸੂਸ ਹੁੰਦਿਆਂ ਵੀ ਦੇਰ ਨਾ ਲੱਗੀ ਕਿ ਉਨ੍ਹਾਂ ਨੂੰ ਅਜਿਹੀਆਂ ਦਲੀਲਾਂ ਆਉਂਦੀਆਂ ਹਨ ਕਿ ਮੌਕਾ ਪੈਣ ਉਤੇ ਉਹ ਆਪਣੇ ਨਾਲ ਟੱਕਰ ਲੈਣ ਵਾਲੇ ਨੂੰ ਘਾਹ ਦੇ ਤਿਣਕੇ ਵਾਂਗ ਆਪਣੇ ਰਾਹ ਤੋਂ ਉਡਾ ਦੇਣ। ਉਮਰ ਵਿਚ ਉਹ ਕੋਈ ਬੁੱਢੇ ਨਹੀਂ ਸਨ, ਅਧਖੜ ਹੀ ਸਨ ਪਰ ਨਵੇਂ ਜ਼ਮਾਨੇ ਨਾਲ ਇਤਨਾ ਹੀ ਸੰਬੰਧ ਰਖਦੇ ਸਨ ਕਿ ਸਰਕਾਰੀ ਨੌਕਰੀ ਦੇ ਕਾਰਨ ਪਜਾਮੇ ਤੇ ਸ਼ੇਰਵਾਨੀ ਨੂੰ ਸਲਾਮ ਕਹਿ ਕੇ ਅੰਗਰੇਜ਼ੀ ਸੂਟ ਪਹਿਨਣਾ ਸ਼ੁਰੂ ਕਰ ਦਿੱਤਾ ਸੀ।

ਬਰਫ਼ ਵਿਚ ਲੱਗੀਆਂ ਗੰਡੇਰੀਆਂ ਦੇ ਢੇਰ ਉਤੇ ਸਾਰੇ ਲਿਖਾਰੀ ਮਿੱਤਰ ਵਧ ਵਧ ਕੇ ਹੱਥ ਮਾਰ ਰਹੇ ਸਨ। ਜਿਉਂ ਹੀ ਗੰਡੇਰੀ ਦਾ ਗੁਲਾਬ ਵਿਚ ਰਸਿਆ ਹੋਇਆ ਰਸ ਸੰਘੋਂ ਹੇਠਾਂ ਉਤਰਦਾ, ਮੌਲਾਨਾ ਆਰਜ਼ੂ ਦੀਆਂ ਅੱਖਾਂ ਵਿਚ ਇਕ ਨਵੀਂ ਹੀ ਚਮਕ ਆ ਜਾਂਦੀ।

ਨਫ਼ਾਸਤ ਹਸਨ ਆਖ ਰਿਹਾ ਸੀ, "ਇਹ ਗੰਡੇਰੀਆਂ ਤਾਂ ਖ਼ਾਸ ਤੌਰ 'ਤੇ ਮੌਲਾਨਾ ਲਈ ਮੰਗਵਾਈਆਂ ਗਈਆਂ ਹਨ।"

"ਖ਼ੂਬ" ਮੌਲਾਨਾ ਬੋਲੇ, 'ਤੇ ਸ਼ਾਇਦ ਗਾਜਰ ਦਾ ਹਲਵਾ ਵੀ ਖ਼ਬਰੇ ਮੇਰੇ ਲਈ ਹੀ ਬਣਵਾਇਆ ਗਿਆ ਸੀ।"

"ਜੀ ਹਾਂ।"

ਨਫ਼ਾਸਤ ਹਸਨ ਦੀਆਂ ਬੇਬਾਕ ਨਿਗਾਹਾਂ ਮੌਲਾਨਾ ਦੀਆਂ ਸ਼ੋਖ਼ ਅੱਖਾਂ ਵਿਚ ਗੜੀਆਂ ਰਹਿ ਗਈਆਂ। ਕੁਝ ਲੋਕਾਂ ਦਾ ਖ਼ਿਆਲ ਸੀ ਕਿ ਆਪਣੇ ਮਹਿਕਮੇ ਵਿਚ ਇਹ ਨੌਕਰੀ ਦਿਵਾਉਣ ਵਿਚ ਮੌਲਾਨਾ ਦਾ ਬਹੁਤ ਹੱਥ ਸੀ ਪਰ ਆਪ ਨਫ਼ਾਸਤ ਹਸਨ ਅਜਿਹਾ ਆਦਮੀ ਨਹੀਂ ਸੀ ਜੋ ਕਿਸੇ ਦੀ ਅਹਿਸਾਨਮੰਦੀ ਦੀ ਕਲਪਨਾ ਵੀ ਕਰ ਸਕੇ। ਉਸ ਦਾ ਖ਼ਿਆਲ ਸੀ ਕਿ ਖ਼ੁਦ ਸਮੇਂ ਦੀ ਕਰਵਟ ਸਦਕਾ ਹੀ ਉਹ ਇਹ ਨੌਕਰੀ ਲਭ ਸਕਿਆ ਸੀ ਤੇ ਗਾਜਰ ਦਾ ਸੁਆਦਲਾ ਹਲਵਾ ਤੇ ਗੁਲਾਬ ਵਿਚ ਵਸੀਆਂ ਹੋਈਆਂ ਠੰਢੀਆਂ ਗੰਡੇਰੀਆਂ ਕਿਸੇ ਮੌਲਾਨਾ ਦਾ ਅਹਿਸਾਨ ਉਤਾਰਨ ਲਈ ਉਕੀਆਂ ਹੀ ਨਹੀਂ ਸਨ ਪਰੋਸੀਆਂ ਗਈਆਂ।

ਮੌਲਾਨਾ ਇਹਨੀਂ ਦਿਨੀਂ ਬਹੁਤ ਮੋਟੇ ਹੋ ਗਏ ਸਨ ਤੇ ਉਹ ਹੈਰਾਨ ਸਨ ਕਿ ਹਿੰਦੁਸਤਾਨ ਦੇ ਸਭ ਤੋਂ ਵੱਡੇ ਸ਼ਹਿਰ ਬੰਬਈ ਵਿਚ ਕੁਝ ਵਰ੍ਹੇ ਗੁਜ਼ਾਰਨ ਦੇ ਬਾਵਜੂਦ ਨਫ਼ਾਸਤ ਹਸਨ ਨੇ ਆਪਣੀ ਬੈਠਕ ਵਿਚ ਇਕ ਅੱਧੀ ਵੱਡੀ ਕੁਰਸੀ ਰੱਖਣ ਦੀ ਲੋੜ ਕਿਉਂ ਨਹੀਂ ਸੀ ਮਹਿਸੂਸ ਕੀਤੀ। ਹਾਲੇ ਤੀਕ ਤਰਖਾਣਾਂ ਨੇ ਵੱਡੀਆਂ ਕੁਰਸੀਆਂ ਬਣਾਉਣੀਆਂ ਛੱਡੀਆਂ ਤੇ ਨਹੀਂ। ਇਹ ਵੱਖਰੀ ਗੱਲ ਹੈ ਕਿ ਨਵੇਂ ਜ਼ਮਾਨੇ ਵਿਚ ਖ਼ਬਰੇ ਲੋਕ ਕਦੀ ਇਤਨੇ ਮੋਟੇ ਨਹੀਂ ਹੋਇਆ ਕਰਨਗੇ। ਆਪਣੀਆਂ ਗੋਲ ਘੁੰਮਦੀਆਂ ਹੋਈਆਂ ਅੱਖਾਂ ਉਨ੍ਹਾਂ ਨੇ ਮੇਰੇ ਵਲ ਫੇਰੀਆਂ। ਮੈਂ ਵੇਖਿਆ ਕਿ ਉਨ੍ਹਾਂ ਵਿਚ ਹੰਕਾਰ ਤੇ ਵੇਦਨਾ ਗਲੇ ਮਿਲ ਰਹੇ ਹਨ ਤੇ ਉਹ ਬੀਤੇ ਵੇਲਿਆਂ ਨੂੰ ਮੁੜ ਪਰਤਦਿਆਂ ਵੇਖਣ ਲਈ ਵਿਆਕੁਲ ਹੋ ਰਹੇ ਹਨ।


ਹੌਲੀ ਹੌਲੀ ਮਹਿਫਲ ਵਿਰਲੀ ਹੁੰਦੀ ਗਈ। ਨਵੇਂ ਮਿੱਤਰ ਇਹ ਖ਼ਿਆਲ ਲੈ ਕੇ ਪਰਤੇ ਕਿ ਨਫ਼ਾਸਤ ਹਸਨ ਇਕ ਐਸ਼ਪਸੰਦ ਆਦਮੀ ਹੈ, ਨਾਲੇ ਮਿੱਤਰਾਂ ਦਾ ਮਿੱਤਰ। ਇਹ ਵੱਖਰੀ ਗੱਲ ਹੈ ਕਿ ਉਹ ਪ੍ਰਾਹੁਣਚਾਰੀ ਦੀ ਰਸਮੀ ਪੁਛਗਿੱਛ ਦਾ ਕੋਈ ਵੱਡਾ ਪਾਬੰਦ ਨਹੀਂ ਦਿਸਦਾ। ਹੈ ਵੀ ਠੀਕ, ਮਿੱਤਰਤਾ ਹੋਣੀ ਚਾਹੀਦੀ ਹੈ ਆਜ਼ਾਦ ਕਵਿਤਾ ਜਹੀ-ਕਾਫ਼ੀਏ ਤੇ ਰਦੀਫ ਦੀ ਕੈਦ ਤੋਂ ਆਜ਼ਾਦ।

ਮੌਲਾਨਾ ਬਰਾਬਰ ਜੰਮੇ ਬੈਠੇ ਸਨ। ਮੈਨੂੰ ਸੰਬੋਧਨ ਕਰ ਕੇ ਬੋਲੇ, "ਕਿਉਂ ਜੀ, ਸਮਰਸੈਟ ਮਾਮ ਨੂੰ ਪੜ੍ਹਿਆ ਹੈ ਤੁਸਾਂ?"

ਉਨ੍ਹਾਂ ਨੇ ਇਹ ਗੱਲ ਅਜਿਹੇ ਲਹਿਜੇ ਵਿਚ ਪੁੱਛੀ ਸੀ ਕਿ ਮੈਨੂੰ ਗੋਲ ਮੋਲ ਜੁਆਬ ਦੇਣਾ ਪਿਆ, "ਜੀ, ਕਿੱਥੋਂ ਤੀਕ ਪੜ੍ਹਿਆ ਜਾਏ? ਅਣਗਿਣਤ ਪੁਸਤਕਾਂ ਹਨ ਤੇ ਅਣਗਿਣਤ ਲਿਖਾਰੀ। ਹੁਣ ਮੈਂ ਸਮਰਸੈਟ ਮਾਮ ਦਾ ਖ਼ਾਸ ਧਿਆਨ ਰਖਾਂਗਾ।"

"ਤਾਂ ਇਹ ਆਖੋ ਨਾ ਕਿ ਤੁਸੀਂ ਸਮਰਸੈਟ ਮਾਮ ਦੀ ਕੋਈ ਕਿਤਾਬ ਨਹੀਂ ਪੜ੍ਹੀ।"

ਹੁਣ ਮੈਂ ਸਮਝਿਆ ਕਿ ਸਮਰਸੈਟ ਮਾਮ ਕੋਈ ਲਿਖਾਰੀ ਹੈ। ਮੈਂ ਛਿੱਥਾ ਜਿਹਾ ਪੈ ਕੇ ਆਖਿਆ, "ਜੀ



ਹਾਂ, ਏਹੀ ਸਮਝ ਲਉ।"

"ਤਾਂ ਇਸ ਦਾ ਏਹੀ ਭਾਵ ਹੋਇਆ ਨਾ ਕਿ ਤੁਸੀਂ ਹੁਣ ਤੀਕ ਉਂਜ ਹੀ ਉਮਰਾ ਗੰਵਾ ਛੱਡੀ ਹੈ?"

ਇਹ ਸੁਣ ਕੇ ਨਫ਼ਾਸਤ ਹਸਨ ਵਿਗੜ ਪਿਆ। ਗਰਮਾਗਰਮ ਬਹਿਸ ਛਿੜ ਪਈ। ਪਤਾ ਲੱਗਾ ਕਿ ਮੌਲਾਨਾ ਨੇ ਨਫ਼ਾਸਤ ਹਸਨ ਨੂੰ ਚਿੜਾਉਣ ਲਈ ਹੀ ਸਮਰਸੈਟ ਮਾਮ ਦਾ ਜ਼ਿਕਰ ਤੋਰਿਆ ਸੀ। ਇਕ ਦਿਨ ਆਪੇ ਨਫ਼ਾਸਤ ਹਸਨ ਨੇ ਇਹ ਸਵਾਲ ਮੌਲਾਨਾ ਨੂੰ ਕੀਤਾ ਸੀ ਤੇ ਜਦ ਉਨ੍ਹਾਂ ਨੇ ਮੇਰੀ ਤਰ੍ਹਾਂ ਗੱਲ ਟਾਲਣੀ ਚਾਹੀ ਤਾਂ ਉਸ ਨੇ ਆਖਿਆ ਸੀ, "ਤਾਂ ਇਸ ਦਾ ਏਹੀ ਭਾਵ ਹੋਇਆ ਨਾ ਕਿ ਤੁਸੀਂ ਹੁਣ ਤੀਕ ਉਂਜ ਹੀ ਉਮਰ ਗੰਵਾ ਛੱਡੀ ਹੈ?"

ਮੌਲਾਨਾ ਇਹਨੀਂ ਦਿਨੀਂ ਅੰਗਰੇਜ਼ੀ ਸਾਹਿਤ ਨਾਲ ਜਾਣ ਪਛਾਣ ਵਧਾ ਰਹੇ ਸਨ। ਪਰ ਨਫ਼ਾਸਤ ਹਸਨ ਪਹਿਲਾਂ ਵਾਂਗ ਏਹੀ ਸਮਝਦਾ ਸੀ ਕਿ ਇਹ ਕੇਵਲ ਇਕ ਵਿਖਾਵਾ ਹੈ ਤੇ ਅੰਗਰੇਜ਼ੀ ਸਾਹਿਤ ਦੀਆਂ ਨਵੀਆਂ ਰੁਚੀਆਂ ਨੂੰ ਉਹ ਉਕਾ ਹੀ ਨਹੀਂ ਜਾਣਦੇ। ਜਦ ਵੀ ਉਹ ਉਨ੍ਹਾਂ ਦੇ ਹੱਥ ਵਿਚ ਕੋਈ ਅੰਗਰੇਜ਼ੀ ਪੁਸਤਕ ਵੇਖਦਾ, ਉਸ ਦੇ ਮਨ ਵਿਚ ਵਿਅੰਗ ਜਾਗ ਪੈਂਦਾ ਜਿਵੇਂ ਸੱਪ ਦੇ ਸਿਰ ਵਿਚ ਜ਼ਹਿਰ ਜਾਗ ਪੈਂਦਾ ਹੈ। ਇਸ ਵਿਖਾਵੇ ਦੀ ਆਖ਼ਰ ਕੀ ਲੋੜ ਹੈ?... ਨਵਾਂ ਰੰਗ ਤਾਂ ਚਿੱਟੇ ਕੱਪੜੇ 'ਤੇ ਹੀ ਠੀਕ ਫੱਬਦਾ ਹੈ।

ਮੌਲਾਨਾ ਕਵੀ ਸਨ। ਉਨ੍ਹਾਂ ਦੀ ਬੋਲੀ ਬੜੀ ਸਾਦਾ ਤੇ ਅਸਰ-ਭਰੀ ਸੀ। ਉਹ ਲੇਖ ਵੀ ਲਿਖਦੇ ਸਨ। ਕਹਾਣੀਆਂ ਲਿਖਣ ਵਲ ਉਨ੍ਹਾਂ ਦਾ ਧਿਆਨ ਨਹੀਂ ਸੀ ਗਿਆ। ਹਾਂ, ਜਦ ਉਹ ਕੋਈ ਗੱਲ ਸੁਣਾਉਂਦੇ ਤਾਂ ਇੰਜ ਲਗਦਾ ਕਿ ਕੋਈ ਕਹਾਣੀ ਜਨਮ ਲੈ ਰਹੀ ਹੈ। ਜੇ ਉਸ ਵੇਲੇ ਕੋਈ ਉਨ੍ਹਾਂ ਦੀ ਪ੍ਰਸ਼ੰਸਾ ਕਰ ਦਿੰਦਾ ਤਾਂ ਉਹ ਆਦਮੀ ਸਹਿਜ ਸੁਭਾ ਹੀ ਉਨ੍ਹਾਂ ਦੀਆਂ ਨਿਗਾਹਾਂ ਵਿਚ ਬਹੁਤ ਉਚਾ ਉਠ ਜਾਂਦਾ। ਪ੍ਰਸ਼ੰਸਾ ਸੁਣ ਕੇ ਹੀ ਪ੍ਰਸ਼ੰਸਾ ਕਰ ਸਕਦੇ ਹੋਣ, ਇਹ ਗੱਲ ਨਹੀਂ ਸੀ। ਅਕਸਰ ਉਹ ਕਿਸੇ ਅਜਿਹੇ ਵਟਾਂਦਰੇ ਤੋਂ ਬਿਨਾਂ ਵੀ ਨੌਜਵਾਨ ਲਿਖਾਰੀਆਂ ਨੂੰ ਥਾਪੀਆਂ ਦਿੰਦੇ ਰਹਿੰਦੇ ਸਨ। ਉਨ੍ਹਾਂ ਦਾ ਇਹ ਸਰਪ੍ਰਸਤਾਨਾ ਸੁਭਾ ਹੀ ਨਫ਼ਾਸਤ ਹਸਨ ਦੀ ਨਿਗਾਹ ਵਿਚ ਉਹ ਐਬ ਸੀ ਜਿਸ ਕਰਕੇ, ਜਿਹਾ ਕਿ ਉਸ ਦਾ ਖ਼ਿਆਲ ਸੀ, ਨਾ ਉਹ ਪੁਰਾਣੇ ਯੁੱਗ ਦੇ ਪ੍ਰਤੀਨਿਧ ਬਣ ਸਕੇ ਸਨ ਤੇ ਨਾ ਨਵੇਂ ਯੁਗ ਨਾਲ ਹੀ ਸੰਬੰਧ ਜੋੜ ਸਕੇ ਸਨ।

ਜਦੋਂ ਵੀ ਨਫ਼ਾਸਤ ਹਸਨ ਮੌਲਾਨਾ ਦੇ ਵਿਰੁਧ ਜ਼ਹਿਰ ਘੋਲਦਾ, ਮੈਨੂੰ ਇੰਜ ਮਹਿਸੂਸ ਹੁੰਦਾ ਕਿ ਸਾਹਿਤ ਦਾ ਨਵਾਂ ਯੁੱਗ ਆਪਣੇ ਤੋਂ ਪਹਿਲੇ ਯੁੱਗ ਦੀ ਹੱਤਕ ਕਰ ਰਿਹਾ ਹੈ। ਇਹ ਤਾਂ ਆਪਣੀ ਹੀ ਹੱਤਕ ਹੈ। ਉਪਰੋਂ ਉਪਰੋਂ ਭਾਵੇਂ ਇਸ ਦਾ ਕੋੜਾ-ਪਣ ਅੱਖੋਂ ਉਹਲੇ ਰਹੇ ਪਰ ਜਦ ਇਹ ਗੱਲ ਸਮਝ ਵਿਚ ਆ ਜਾਂਦੀ ਹੈ ਕਿ ਸਾਹਿਤ ਇਕ ਵਿਕਾਸਵਾਨ ਚੀਜ਼ ਹੈ ਤਾਂ ਕੋਈ ਵੀ ਲਿਖਾਰੀ ਆਪਣਾ ਇਹ ਵਤੀਰਾ ਜਾਰੀ ਨਹੀਂ ਰਖ ਸਕਦਾ।

ਹਾਂ, ਤਾਂ ਸਮਰਸੈਟ ਮਾਮ ਵਾਲਾ ਮਖੌਲ ਨਫ਼ਾਸਤ ਹਸਨ ਨਾ ਸਹਾਰ ਸਕਿਆ। ਤੇ ਮੌਲਾਨਾ ਆਰਜ਼ੂ ਬੋਲੇ, "ਇਤਨਾ ਕਿਉਂ ਗਰਮ ਹੁੰਨਾ ਏਂ ਮੀਆਂ? ਉਮਰ ਵਿਚ ਹੀ ਸਹੀ, ਮੈਂ ਤੇਰੇ ਪਿਉ ਬਰਾਬਰ ਹਾਂ!"

"ਬੱਸ ਬੱਸ, ਇਹ ਸ਼ਾਂਤੀ ਹੁਣ ਆਪਣੇ ਕੋਲ ਹੀ ਰਖੋ। ਮੈਨੂੰ ਨਹੀਂ ਚਾਹੀਦੀ ਇਹ ਕਮੀਨੀ ਸ਼ਾਂਤੀ... ਇਹ ਸਰਪ੍ਰਸਤਾਨਾ ਸ਼ਾਂਤੀ, ਵੱਡੇ ਆਏ ਹਨ ਮੇਰੇ ਪਿਉ...ਪਿਉ... ਇਤਨੀ ਜ਼ਬਾਨ-ਦਰਾਜ਼ੀ!"

ਮੌਲਾਨਾ ਨੇ ਹੁਣ ਤੀਕ ਇਹੋ ਸਮਝਿਆ ਸੀ ਕਿ ਉਹ ਮਖੌਲ ਦੀ ਸਰਹੱਦ 'ਤੇ ਖੜ੍ਹੇ ਹਨ। ਗੱਲ ਤਾਂ ਹੋਰ ਹੀ ਰੰਗ ਪਕੜ ਚੁਕੀ ਸੀ। ਉਨ੍ਹਾਂ ਦੇ ਚਿਹਰੇ 'ਤੇ ਗੁੱਸੇ ਦੀ ਤਹਿ ਚੜ੍ਹ ਗਈ। ਬੋਲੇ, "ਇਸ ਸੌਹਰੇ ਸਮਰਸੈਟ ਮਾਮ ਦੀ ਖ਼ਾਤਰ ਕਿਉਂ ਮੇਰੀ ਹੱਤਕ ਕਰਨ ਤੇ ਤੁਲ ਪਿਆ ਏਂ, ਮੀਆਂ? ਸਾਲਾ ਸਮਰਸੈਟ ਮਾਮ!"

ਗੱਲ ਨੇ ਕੁਝ ਇਤਨੀ ਤੂੰ ਤੂੰ ਮੈਂ ਮੈਂ ਦੀ ਸ਼ਕਲ ਫੜ ਲਈ ਕਿ ਮੈਨੂੰ ਤਾਂ ਇਹੀ ਖ਼ਤਰਾ ਹੋ ਗਿਆ ਕਿ ਦੋਨੋਂ ਲਿਖਾਰੀ ਹੱਥੋਪਾਈ ਵਿਚ ਨਾ ਰੁਝ ਪੈਣ।

ਨਫ਼ਾਸਤ ਹਸਨ ਉਸ ਦਿਨ ਮੇਜ਼ਬਾਨ ਸੀ ਤੇ ਘਰ ਆਏ ਕਿਸੇ ਮਹਿਮਾਨ ਦੀ ਸ਼ਾਨ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਬਾਨਦਰਾਜ਼ੀ ਕਰਨ ਤੋਂ ਉਸ ਨੂੰ ਸੰਕੋਚ ਕਰਨਾ ਚਾਹੀਦਾ ਸੀ ਤੇ ਫਿਰ ਇਹ ਮਹਿਮਾਨ ਕੋਈ ਸਧਾਰਨ ਆਦਮੀ ਨਹੀਂ ਸੀ, ਉਸ ਦਾ ਸਮਕਾਲੀ ਲਿਖਾਰੀ ਸੀ-ਉਮਰ ਵਿਚ ਉਸ ਤੋਂ ਕਿਤੇ ਵੱਡਾ ਤੇ ਜ਼ਬਾਨਦਾਨੀ ਵਿਚ ਉਸ ਤੋਂ ਕਿਤੇ ਸਿਆਣਾ। ਮੈਂ ਸੋਚਣ ਲੱਗਾ ਕਿ ਸਮਰਸੈਟ ਮਾਮ ਉਤੇ ਨਫ਼ਾਸਤ ਹਸਨ ਇਤਨਾ ਕਿਉਂ ਰੀਝ ਪਿਆ ਹੈ। ਉਹ ਵੀ ਮੌਲਾਨਾ ਆਰਜ਼ੂ ਨਫ਼ਾਸਤ ਹਸਨ ਦੇ ਕਮਰੇ ਵਿਚ ਪਈ ਹੋਈ ਕਿਸੇ ਵੀ ਲੱਕੜ ਦੀ ਭੂਰੇ ਰੰਗ ਦੀ ਕੁਰਸੀ ਨਾਲੋਂ ਕਿਤੇ ਕੀਮਤੀ ਸਨ। ਨਫ਼ਾਸਤ ਹਸਨ ਇਤਨਾ ਗਰਮ ਕਿਉਂ ਹੋ ਗਿਆ ਸੀ? ਉਹ ਖ਼ਬਰੇ ਆਪਣੇ ਮਹਿਮਾਨ ਨੂੰ ਕੁਰਸੀ ਤੋਂ ਉਠਾ ਦੇਣਾ ਚਾਹੁੰਦਾ ਸੀ। ਇਹ ਠੀਕ ਹੈ ਕਿ ਮੌਲਾਨਾ ਦਾ ਵਿਅੰਗ ਜ਼ਰਾ ਤਿੱਖਾ ਸੀ ਪਰ ਸੀ ਤੇ ਵਿਅੰਗ ਹੀ। ਇਸ ਦਾ ਜੁਆਬ ਵਿਅੰਗ ਵਿਚ ਦਿੱਤਾ ਜਾਂਦਾ ਤਾਂ ਇਤਨੀ ਦਿਲ ਦੁਖੀ ਕਰਨ ਵਾਲੀ ਝਾਕੀ ਤਾਂ ਨਾ ਵੇਖਣੀ ਪੈਂਦੀ।

ਸਮਰਸੈਟ ਮਾਮ ਆਖ਼ਰ ਕੀ ਲਿਖਦਾ ਹੋਵੇਗਾ? ਕੀ ਉਸ ਨੂੰ ਆਪਣੇ ਦੇਸ਼ ਇੰਗਲੈਂਡ ਵਿਚ ਵੀ ਨਫ਼ਾਸਤ ਹਸਨ ਜਿਹਾ ਕੋਈ ਗੂੜ੍ਹਾ ਆਸ਼ਕ ਮਿਲਿਆ ਹੋਵੇਗਾ? ਮੈਨੂੰ ਇਹ ਸ਼ੱਕ ਪਿਆ ਕਿ ਨਫ਼ਾਸਤ ਹਸਨ ਦੇ ਬਹੁਤ ਸਾਰੇ ਫਿਕਰੇ ਜਿਨ੍ਹਾਂ ਨੂੰ ਸਮੇਂ ਸਮੇਂ ਉਹ ਬੜੀ ਸ਼ਾਨ ਨਾਲ ਆਪਣੀ ਗੱਲਬਾਤ ਤੇ ਲਿਖਤ ਵਿਚ ਨਗੀਨਿਆਂ ਵਾਂਗ ਜੜਨ ਵਿਚ ਹੁਸ਼ਿਆਰ ਸੁਨਿਆਰਾ ਬਣ ਚੁਕਿਆ ਹੈ, ਜ਼ਰੂਰ ਵਲੈਤ ਦੀ ਕਿਸੇ ਫੈਕਟਰੀ ਤੋਂ ਬਣ ਕੇ ਆਏ ਹਨ, ਉਸ ਦੀ ਆਪਣੀ ਰਚਨਾ ਬਿਲਕੁਲ ਨਹੀਂ। ਪਹਿਲਾਂ ਪਹਿਲ ਕਦ ਸਮਰਸੈਟ ਮਾਮ ਦੀ ਕਲਮ ਨੇ ਉਸ ਉਤੇ ਜਾਦੂ ਜਿਹਾ ਕਰ ਦਿੱਤਾ ਸੀ ਤੇ ਕੀ ਕਦੀ ਇਹ ਜਾਦੂ ਮੁਕ ਵੀ ਜਾਵੇਗਾ?

ਇਕ ਦਿਨ ਉਸ ਨੇ ਮੈਨੂੰ ਪੁਛਿਆ, "ਤੀਵੀਂ ਕਿਸ ਵੇਲੇ ਸੁੰਦਰ ਲਗਦੀ ਹੈ?"

ਮੈਨੂੰ ਕੁਝ ਜਵਾਬ ਨਾ ਸੁਝਿਆ। ਮੈਂ ਆਖਿਆ, "ਤੁਸੀਂ ਹੀ ਦਸੋ।"

ਉਸ ਨੇ ਆਖਿਆ, "ਹਾਂ ਤਾਂ ਸੁਣੋ... ਜਦ ਉਸ ਨੂੰ ਤਿੰਨ ਦਿਨ ਤੋਂ ਬੁਖ਼ਾਰ ਆਉਂਦਾ ਹੋਵੇ ਤੇ ਉਸ ਦੇ ਹੱਥ ਦੀਆਂ ਰਗਾਂ ਨੀਲੀਆਂ ਪੈ ਜਾਣ ਤਦ ਤੀਵੀਂ ਕਿਤਨੀ ਸੁੰਦਰ ਲਗਦੀ ਹੈ, ਕਿਤਨੀ ਸੁੰਦਰ!"

ਮੈਂ ਸੋਚਿਆ, ਸ਼ਾਇਦ ਇਹ ਨਗੀਨਾ ਵੀ ਸਮਰਸੈਟ ਮਾਮ ਦੀ ਫੈਕਟਰੀ ਤੋਂ ਆਇਆ ਹੋਵੇ।

ਮੈਂ ਨਫ਼ਾਸਤ ਹਸਨ ਨੂੰ ਸੰਬੋਧਨ ਕਰ ਕੇ ਆਖਿਆ, "ਕਰੋਧ ਛਡ ਮੀਆਂ! ਸਮਰਸੈਟ ਮਾਮ ਤਾਂ ਇਕ ਦੇਵਤਾ ਹੈ।"

ਉਹ ਬੋਲਿਆ, "ਤੇ ਮੈਂ?"

"ਤੂੰ ਵੀ ਦੇਵਤਾ ਹੈਂ, ਮੀਆਂ!"

ਮੈਂ ਉਸ ਨੂੰ ਦੱਸਿਆ ਕਿ ਦੇਵਤਿਆਂ ਵਿਚ ਤਿੰਨ ਵੱਡੇ ਦੇਵਤੇ ਹਨ-ਬ੍ਰਹਮਾ, ਵਿਸ਼ਨੂੰ ਤੇ ਸ਼ਿਵ। ਆਪਣੇ ਵੱਖੋ-ਵੱਖ ਵਿਸ਼ੇਸ਼ਤਾ ਸਦਕਾ ਉਹ ਲੋਕਪ੍ਰਿਅ ਬਣ ਗਏ ਹਨ। ਬ੍ਰਹਮਾ ਜਨਮ ਦਿੰਦਾ ਹੈ, ਵਿਸ਼ਨੂੰ ਪਾਲਨਾ ਕਰਦਾ ਹੈ ਤੇ ਸ਼ਿਵ ਠਹਿਰਿਆ ਮੌਤ ਦਾ ਨਾਚ ਨੱਚਣ ਵਾਲਾ-ਨਟਰਾਜ!

ਨਫ਼ਾਸਤ ਹਸਨ ਦਾ ਧਿਆਨ ਮੇਰੇ ਵਲ ਖਿਚਿਆ ਗਿਆ। ਮੌਲਾਨਾ ਦੀਆਂ ਅੱਖਾਂ ਵਿਚ ਵੀ ਕਰੋਧ ਮੱਠਾ ਪੈ ਗਿਆ ਸੀ। ਉਹ ਵੀ ਮੇਰੀ ਗੱਲ ਵਿਚ ਰਸ ਲੈ ਰਹੇ ਸਨ। ਮੈਂ ਦੱਸਿਆ ਕਿ ਹਰ ਲਿਖਾਰੀ ਵਖੋ-ਵੱਖ ਵੇਲਿਆਂ ਵਿਚ ਵਾਰੀ ਵਾਰੀ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਹੁੰਦਾ ਹੈ।

ਜਦ ਇਕ ਆਦਮੀ ਕੋਈ ਚੀਜ਼ ਲਿਖਣ ਵਿਚ ਸਫਲ ਹੋ ਜਾਂਦਾ ਹੈ, ਮੈਂ ਉਸ ਨੂੰ ਬ੍ਰਹਮਾ ਆਖਾਂਗਾ। ਉਹ ਉਸ ਨੂੰ ਸੰਭਾਲ ਸੰਭਾਲ ਕੇ ਰਖਦਾ ਹੈ, ਇਸ ਦੀ ਦਰੁਸਤੀ ਕਰਦਾ ਰਹਿੰਦਾ ਹੈ, ਉਸ ਵੇਲੇ ਉਹ ਵਿਸ਼ਨੂੰ ਦੇ ਸਮਾਨ ਹੁੰਦਾ ਹੈ। ਤੇ ਜਦ ਉਹ ਆਪਣੇ ਹੀ ਹੱਥ ਨਾਲ ਕਿਸੇ ਲਿਖਤ ਦੇ ਟੋਟੇ ਟੋਟੇ ਕਰ ਸੁਟਦਾ ਹੈ ਤਾਂ ਉਹ ਸੌ ਫੀਸਦੀ ਸ਼ਿਵ ਦਾ ਰੂਪ ਧਾਰ ਲੈਂਦਾ ਹੈ।

ਮੌਲਾਨਾ ਬੋਲੇ, "ਬਹੁਤ ਖ਼ੂਬ! ਤੁਹਾਡੀ ਕਲਪਨਾ ਸ਼ਕਤੀ ਤਾਂ ਮਿਸਾਲ ਦੇ ਤੌਰ 'ਤੇ ਪੇਸ਼ ਕੀਤੀ ਜਾ ਸਕਦੀ ਹੈ।"

ਮੈਂ ਝੱਟ ਆਖ ਦਿੱਤਾ, "ਮੇਰੀ ਕਲਪਨਾ ਸ਼ਕਤੀ! ਨਹੀਂ, ਮੌਲਾਨਾ, ਨਹੀਂ, ਇਹ ਮੇਰੀ ਕਲਪਨਾ ਨਹੀਂ, ਭਾਵ ਇਹ ਕਿ ਇਹ ਮੇਰਾ ਮੌਲਿਕ ਖ਼ਿਆਲ ਨਹੀਂ ਹੈ।"

"ਇਹ ਤਾਂ ਬੰਬਈ ਦੀ ਪੀ.ਈ.ਐਨ. ਸੁਸਾਇਟੀ ਵਿਚ ਬੁਲਬਲੇ-ਹਿੰਦ ਮਿਸਿਜ਼ ਸਰੋਜਨੀ ਨਾਈਡੋ ਨੇ ਮੇਰੇ ਇਸ ਲੈਕਚਰ ਤੇ ਪ੍ਰਧਾਨਗੀ ਕਰਦਿਆਂ ਇਹ ਖ਼ਿਆਲ ਪੇਸ਼ ਕੀਤਾ ਸੀ।"

"ਬਹੁਤ ਖ਼ੂਬ! ਬੁਲਬਲੇ ਹਿੰਦ ਨੇ ਤੁਹਾਡੇ ਲੈਕਚਰ ਉਤੇ ਪ੍ਰਧਾਨਗੀ ਕੀਤੀ ਸੀ! ਹਾਂ ਤਾਂ ਹੁਣ ਕੋਈ ਮੌਲਿਕ ਖ਼ਿਆਲ ਸੁਣਾਓ।"

"ਮੌਲਿਕ! ਮੌਲਿਕ ਦੀ ਵੀ ਖ਼ੂਬ ਆਖੀ। ਮੈਨੂੰ ਤਾਂ ਏਧਰ ਇਹੀ ਸ਼ੱਕ ਹੋ ਰਿਹਾ ਹੈ ਕਿ ਮੌਲਿਕ ਨਾਂ ਦੀ ਕੋਈ ਚੀਜ਼ ਹੁੰਦੀ ਵੀ ਹੈ ਯਾ ਨਹੀਂ।"

ਨਫ਼ਾਸਤ ਹਸਨ ਝੁੰਜਲਾਇਆ, "ਕੀ ਆਖ ਰਿਹਾ ਏਂ, ਮੀਆਂ! ਸੁਣੋ, ਮੈਂ ਇਕ ਖ਼ਿਆਲ ਪੇਸ਼ ਕਰਦਾ ਹਾਂ-ਜਿਉਂ ਹੀ ਸਵੇਰ ਦੀ ਪਹਿਲੀ ਕਿਰਨ ਅੱਖਾਂ ਮਲਦੀ ਧਰਤੀ 'ਤੇ ਤੁਰੀ, ਕੋਲ ਦੀ ਕੱਚੀ ਕੰਧ ਅੰਗੜਾਈ ਲੈ ਰਹੀ ਸੀ।"

ਮੈਂ ਆਖਿਆ, "ਇਸ ਵੇਲੇ ਨਫ਼ਾਸਤ ਹਸਨ ਇਕ ਬ੍ਰਹਮਾ ਹੈ, ਮੌਲਾਨਾ!"

"ਬ੍ਰਹਮਾ?"

"ਜੀ ਹਾਂ, ਬ੍ਰਹਮਾ... ਤੇ ਪਤਾ ਨਹੀਂ ਕਦ ਤੀਕ ਉਹ ਵਿਸ਼ਨੂੰ ਬਣਿਆ ਇਹ ਖ਼ਿਆਲ ਸਾਂਭ ਸਾਂਭ ਕੇ ਰਖੇਗਾ। ਤੇ ਫਿਰ ਇਕ ਦਿਨ ਉਹ ਸ਼ਿਵ ਬਣ ਜਾਏਗਾ ਜਦੋਂ ਆਪੇ ਆਪਣੇ ਹੱਥੀਂ ਇਸ ਖ਼ਿਆਲ ਦਾ ਸੰਘ ਘੁਟ ਸੁਟੇਗਾ। ਉਸ ਨੂੰ ਆਪੇ ਆਪਣੀ ਰਚਨਾ ਉਤੇ ਹਾਸਾ ਆਵੇਗਾ-ਕੇਵਲ ਹਾਸਾ, ਤੇ ਇਹ ਖ਼ਿਆਲ ਉਸ ਦਾ ਸੌ ਫ਼ੀ ਸਦੀ ਮੌਲਿਕ ਖ਼ਿਆਲ ਨਹੀਂ ਹੈ ਤੇ ਪੂਰੀ ਪੂਰੀ ਸ਼ਰਮ ਜੇ ਇਹ ਸੱਚੀ ਮੁਚੀਂ ਉਸ ਦਾ ਸੌ ਫੀਸਦੀ ਮੌਲਿਕ ਖ਼ਿਆਲ ਹੈ।"

ਨਫ਼ਾਸਤ ਹਸਨ ਚਾਹੁੰਦਾ ਤਾਂ ਝੱਟ ਮੇਰੇ ਖ਼ਿਆਲ ਨੂੰ ਰੱਦ ਕਰ ਸੁਟਦਾ ਪਰ ਉਹ ਚੁੱਪ ਬੈਠਾ ਰਿਹਾ। ਖ਼ਬਰੇ ਉਹ ਕੁਝ ਕੁਝ ਛਿੱਥਾ ਪੈ ਗਿਆ ਸੀ ਤੇ ਆਪਣੇ ਘਟੀਆਪਣ ਦੇ ਜਜ਼ਬੇ ਨੂੰ ਲੁਕਾਣ ਦਾ ਯਤਨ ਕਰ ਰਿਹਾ ਸੀ।

ਮੌਲਾਨਾ ਬੋਲੇ, "ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਬਾਰੇ ਅੱਜ ਮੈਂ ਕੁਝ ਹੋਰ ਵੀ ਸੁਣਨਾ ਚਾਹੁੰਦਾ ਹਾਂ।"

ਮੈਂ ਆਖਿਆ, "ਸੁਣੋ, ਵਿਸ਼ਨੂੰ ਤੇ ਸ਼ਿਵ ਦੇ ਹਜ਼ਾਰਾਂ ਮੰਦਰ ਹਨ ਤੇ ਬ੍ਰਹਮਾ ਦਾ ਇਕ ਵੀ ਮੰਦਰ ਨਹੀਂ ਹੈ ਕਿਤੇ।"

"ਬ੍ਰਹਮਾ ਦਾ ਇਕ ਵੀ ਮੰਦਰ ਨਹੀਂ?"

"ਜੀ ਹਾਂ, ਸੁਣੋ ਤਾਂ ਸਹੀ। ਬੜੀ ਸੁਆਦਲੀ ਕਹਾਣੀ ਹੈ। ਇਕ ਵੇਰਾਂ ਵਿਸ਼ਨੂੰ ਤੇ ਬ੍ਰਹਮਾ ਵਿਚ ਮੁਕਾਬਲਾ ਹੋ ਗਿਆ ਕਿ ਕੌਣ ਪਹਿਲਾਂ ਸ਼ਿਵਲਿੰਗ ਦੀ ਡੂੰਘਾਈ ਤੇ ਉਚਾਈ ਦਾ ਪਤਾ ਕਰ ਸਕਦਾ ਹੈ। ਵਿਸ਼ਨੂੰ ਜੜ੍ਹ ਵਲ ਤੁਰ ਪਿਆ ਤੇ ਬ੍ਰਹਮਾ ਚੋਟੀ ਵਲ। ਬ੍ਰਹਮਾ ਉਪਰ ਚੜ੍ਹਦਾ ਗਿਆ ਪਰ ਸ਼ਿਵਲਿੰਗ ਦੀ ਚੋਟੀ ਕਿਧਰੇ ਨਜ਼ਰ ਨਹੀਂ ਸੀ ਆਉਂਦੀ। ਉਪਰੋਂ ਚੰਬੇਲੀ ਦਾ ਇਕ ਫੁੱਲ ਡਿਗਦਾ ਆ ਰਿਹਾ ਸੀ। ਬ੍ਰਹਮਾ ਨੇ ਪੁਛਿਆ, "ਕਿਧਰੋਂ ਆਉਣਾ ਹੋਇਆ?" ਫੁੱਲ ਬੋਲਿਆ, "ਸ਼ਿਵਲਿੰਗ ਦੀ ਚੋਟੀ ਤੋਂ!" ਬ੍ਰਹਮਾ ਨੇ ਪੁਛਿਆ, "ਕਿਤਨੀ ਦੂਰ ਹੈ ਉਹ ਚੋਟੀ?" ਫੁੱਲ ਨੇ ਕਿਹਾ, "ਦੂਰ ਬਹੁਤ ਦੂਰ।" ਬ੍ਰਹਮਾ ਫੁੱਲ ਦੇ ਨਾਲ ਮੁੜ ਪਿਆ। ਰਾਹ ਵਿਚ ਉਸ ਨੇ ਇਸ ਫੁੱਲ ਨੂੰ ਇਤਨਾ ਝੂਠ ਬੋਲਣ ਲਈ ਰਾਜ਼ੀ ਕਰ ਲਿਆ ਕਿ ਉਹ ਵਿਸ਼ਨੂੰ ਦੇ ਸਾਹਮਣੇ ਆਖ ਦੇਵੇ ਕਿ ਉਹ ਦੋਵੇਂ ਖ਼ਾਸ ਸ਼ਿਵਲਿੰਗ ਦੀ ਚੋਟੀ ਤੋਂ ਹੁੰਦੇ ਆ ਰਹੇ ਹਨ ਪਰ ਸ਼ਿਵ ਤਾਂ ਠਹਿਰਿਆ ਅੰਤਰਜਾਮੀ। ਬ੍ਰਹਮਾ ਤੇ ਚੰਬੇਲੀ ਨੂੰ ਬੜੀ ਭਾਰੀ ਸਜ਼ਾ ਦਿੱਤੀ ਗਈ-ਰਹਿੰਦੀ ਦੁਨੀਆਂ ਤੀਕ ਬ੍ਰਹਮਾ ਦਾ ਕਿਤੇ ਮੰਦਰ ਨਹੀਂ ਬਣੇਗਾ, ਚੰਬੇਲੀ ਕਿਸੇ ਮੰਦਰ ਵਿਚ ਪੂਜਾ ਵਿਚ ਚੜ੍ਹਾਈ ਨਹੀਂ ਜਾ ਸਕੇਗੀ।"

ਨਫ਼ਾਸਤ ਹਸਨ ਬੋਲਿਆ, "ਪਰ ਇਹ ਤਾਂ ਨਵਾਂ ਜ਼ਮਾਨਾ ਹੈ। ਹੁਣ ਤਾਂ ਬ੍ਰਹਮਾ ਦਾ ਵੀ ਮੰਦਰ ਬਣ ਜਾਵੇਗਾ ਕਿਤੇ। ਤੇ ਮੇਰਾ ਯਕੀਨ ਹੈ ਕਿ ਜੇ ਬ੍ਰਹਮਾ ਉਤੇ ਕੋਈ ਫੁੱਲ ਚੜ੍ਹੇਗਾ ਤਾਂ ਉਹ ਚੰਬੇਲੀ ਦਾ ਫੁੱਲ ਹੀ ਹੋਵੇਗਾ।"

ਨਫ਼ਾਸਤ ਹਸਨ ਨੇ ਉਸ ਵੇਲੇ ਇਹੀ ਸੋਚਿਆ ਹੋਵੇਗਾ ਕਿ ਭਾਵੇਂ ਹੁਣ ਤੀਕ ਉਹ ਆਪ ਇਕ ਬ੍ਰਹਮਾ ਹੀ ਹੈ ਕਿਉਂਕਿ ਦੇਰ ਚਿਰ ਦੀ ਇਸ਼ਤਿਹਾਰਬਾਜ਼ੀ ਦੇ ਬਾਵਜੂਦ ਉਸ ਦੇ ਪਬਲਿਸ਼ਰ

ਨੇ ਉਸ ਦੀਆਂ ਕਹਾਣੀਆਂ ਦਾ ਵੱਡਾ ਸੰਗ੍ਰਿਹ ਛਾਪਣ ਤੋਂ ਹੁਣ ਤੀਕ ਸੰਕੋਚ ਹੀ ਕੀਤਾ ਹੈ, ਪਰ ਜਦੋਂ ਇਹ ਕਿਤਾਬ ਛਪੇਗੀ, ਉਸ ਦੀ ਮਸ਼ਹੂਰੀ ਦਾ ਅਸਲੀ ਮੰਦਰ ਬਣਦਿਆਂ ਦੇਰ ਨਾ ਲਗੇਗੀ ਤੇ ਇਸ ਮੰਦਰ ਵਿਚ ਚੰਬੇਲੀ ਦੇ ਫੁੱਲ ਹੀ ਚੜ੍ਹਾਏ ਜਾਇਆ ਕਰਨਗੇ।

ਆਪਣੇ ਬਾਰੇ ਇਤਨੀ ਗ਼ਲਤਫਹਿਮੀ ਰਖਣ ਵਿਚ ਉਸ ਦੇ ਦੋ ਚਾਰ ਨੇੜੇ-ਤੇੜੇ ਦੇ ਮਿੱਤਰਾਂ ਦਾ ਹੀ ਹੱਥ ਸੀ। ਉਨ੍ਹਾਂ ਦਾ ਖਿਆਲ ਸੀ ਕਿ ਊਸ਼ਾ ਦੇ ਘੁੰਡ ਲਾਹੁਣ ਤੋਂ ਪਹਿਲਾਂ ਦੀ ਸਾਰੀ ਸਿਆਹੀ ਤੇ ਲਾਲੀ-ਹਨੇਰੇ ਦੇ ਪ੍ਰਕਾਸ ਦੀਆਂ ਗੰਗਾ-ਜਮਨੀ ਘੁਸਰ ਮੁਸਰਾਂ-ਉਸ ਦੀ ਤਬੀਅਤ ਵਿਚ ਝਲਕਦੀਆਂ ਹਨ। ਜੇ ਉਸ ਨੇ ਸ਼ੁਰੂ ਵਿਚ ਰੂਸੀ ਕਹਾਣੀਆਂ ਦੇ ਅਨੁਵਾਦ ਵਿਚ ਆਪਣੀ ਉਠਦੀ ਜਵਾਨੀ ਦਾ ਜ਼ੋਰ ਲਗਾਉਣ ਦੀ ਥਾਂ ਮੌਲਿਕ ਕਹਾਣੀ ਲਿਖਣ ਵਲ ਧਿਆਨ ਦਿੱਤਾ ਹੁੰਦਾ ਤਾਂ ਅੱਜ ਉਸ ਦਾ ਨਾਂ ਨਿਰਸੰਦੇਹ ਪਹਿਲੀ ਕਤਾਰ ਦੇ ਅਗਾਂਹ-ਵਧੂ ਕਹਾਣੀ ਲੇਖਕਾਂ ਵਿਚ ਗਿਣਿਆ ਜਾਂਦਾ। ਉਨ੍ਹਾਂ ਦਾ ਇਹ ਵੀ ਖਿਆਲ ਸੀ ਕਿ ਹੁਣ ਵੀ ਡੁੱਲ੍ਹੇ ਹੋਏ ਬੇਰਾਂ ਦਾ ਕੁਝ ਨਹੀਂ ਵਿਗੜਿਆ। ਜੇ ਇਹ ਸੌ ਫੀਸਦੀ ਅਗਾਂਹਵਧੂ ਕਹਾਣੀ ਲੇਖਕ ਸੌ ਫੀਸਦੀ ਵਸੀਲਾਸਾਜ਼ ਵੀ ਹੁੰਦਾ ਗਿਆ ਤਾਂ ਯਕੀਨਨ ਉਹ ਹਿੰਦੁਸਤਾਨ ਭਰ ਦੇ ਕਹਾਣੀ ਸਾਹਿਤ ਦੀ ਟੀਸੀ 'ਤੇ ਨਜ਼ਰ ਆਏਗਾ ਤੇ ਫਿਰ ਨੋਬਲ ਪ੍ਰਾਈਜ਼ ਮਿਲਣ ਦੀ ਪੂਰੀ ਆਸ ਬੱਝ ਜਾਏਗੀ-ਸੌ ਫੀਸਦੀ ਆਸ!

ਇਕ ਵੇਰ ਮਿੱਤਰਾਂ ਨੇ ਉਸ ਨੂੰ ਦਸਿਆ ਕਿ ਉਹ ਇਕ ਸਾਫ ਸਾਫ ਆਖ ਸੁਣਾਉਣ ਵਾਲਾ ਆਦਮੀ ਹੈ। ਸੁਫਨਿਆਂ ਵਿਚ ਵੀ ਇਹ ਖਿਆਲ ਉਸ ਦਾ ਪਿੱਛਾ ਕਰਨ ਲੱਗਾ। ਸੱਚੀ ਮੁਚੀਂ ਉਹ ਸਾਫ ਸਾਫ ਆਖ ਸੁਣਾਉਣ ਵਾਲਾ ਆਦਮੀ ਹੈ ਤੇ ਇਹੀ ਉਹ ਸਿਫਤ ਹੈ ਜੋ ਇਕ ਸੌ ਫੀਸਦੀ ਮੌਲਿਕ ਕਹਾਣੀ-ਲੇਖਕ ਨੂੰ ਜ਼ਿੰਦਗੀ ਦੇ ਮੁਤਾਲੇ ਵਿਚ ਸਹਾਇਤਾ ਦੇ ਸਕਦੀ ਹੈ।

ਜਦ ਇਸ ਨੌਕਰੀ ਲਈ ਉਸ ਨੇ ਦਰਖਾਸਤ ਭੇਜੀ ਤਾਂ ਉਸ ਨੂੰ ਪੁਛਿਆ ਗਿਆ ਕਿ ਉਸ ਨੇ ਕਿਸ ਮਜ਼ਮੂਨ ਵਿਚ ਆਪਣੀ ਵਿਦਿਆ ਸਿਰੇ ਚਾੜ੍ਹੀ ਹੈ।

ਬਿਨਾ ਕਿਸੇ ਝਿਜਕ ਦੇ ਉਸ ਨੇ ਲਿਖ ਘਲਿਆ ਕਿ ਉਸ ਨੇ ਆਪਣੀ ਬਹੁਤੀ ਉਮਰ ਵੇਸਵਾਵਾਂ ਦਾ ਮੁਤਾਲਾ ਕਰਨ ਵਿਚ ਲੰਘਾਈ ਹੈ। ਭਾਵੇਂ ਇਹ ਸਾਫਗੋਈ ਤੋਂ ਕਿਤੇ ਵਧੇਰੇ ਕਿਸੇ ਵੱਡੇ ਆਦਮੀ ਦੀ ਸਿਫਾਰਸ਼ ਨੇ ਹੀ ਉਸ ਨੂੰ ਇਹ ਨੌਕਰੀ ਦਿਲਾਣ ਵਿਚ ਮਦਦ ਦਿੱਤੀ ਸੀ ਪਰ ਉਹ ਬਰਾਬਰ ਨਵੇਂ ਮਿਲਣ ਵਾਲਿਆਂ ਦੇ ਰੂਬਰੂ ਇਸ ਦਾ ਜ਼ਿਕਰ ਬੜੇ ਮਾਣ ਨਾਲ ਕੀਤਾ ਕਰਦਾ ਹੈ। ਸਾਫਗੋਈ - ਸੌ ਫੀਸਦੀ ਸਾਫ਼ਗੋਈ! ਹਾਲੇ ਤੀਕ ਖਬਰੇ ਇਸ ਸਾਫਗੋਈ ਦੀ ਸਰਹੱਦ ਨੇ ਉਸ ਦੀ ਪਤਨੀ ਨੂੰ ਤਾਂ ਨਾ ਛੂਹਿਆ ਹੋਵੇਗਾ। ਘਰ ਵਿਚ ਆ ਕੇ ਤਾਂ ਅਕਸਰ ਵੱਡੇ ਵੱਡੇ ਅਗਾਂਹਵਧੂ ਲੇਖਕ ਵੀ ਮੀਸਣੇ ਬਣਨ ਲਈ ਮਜਬੂਰ ਹੋ ਜਾਂਦੇ ਹਨ।

ਇਹ ਠੀਕ ਹੈ ਕਿ ਉਸ ਦਾ ਅਗਾਂਹਵਧੂਪਣ ਬਹੁਤ ਹੱਦ ਤੀਕ ਨੰਗੇ ਵਲਵਲੇ ਨਾਲ ਘਿਰਿਆ ਰਹਿੰਦਾ ਸੀ ਪਰ ਕੁਝ ਚਿਰ ਤੋਂ ਉਸ ਦੇ ਮਨ ਵਿਚ ਇਹ ਵਹਿਮ ਆ ਗਿਆ ਸੀ ਕਿ ਉਹ ਕਿਸੇ ਵੀ ਸਜੀਵ ਯਾ ਨਿਰਜੀਵ ਚੀਜ਼ ਦੇ ਦੁਆਲੇ ਆਪਣੀ ਕਹਾਣੀ ਨੂੰ ਘੁਮਾ ਸਕਦਾ ਹੈ। ਆਪਣੀ ਇਕ ਕਹਾਣੀ ਵਿਚ ਉਸ ਨੇ ਇਕ ਪੱਥਰ ਦਾ ਹਾਲ ਲਿਖਿਆ ਸੀ ਜੋ ਅਚਾਨਕ ਕਿਸੇ ਕੁਆਰੀ ਦੀ ਉਠਦੀ ਮਚਲਦੀ ਹੋਈ ਛਾਤੀ ਨਾਲ ਟਕਰਾਣ ਲਈ ਵਿਆਕੁਲ ਹੋ ਉਠਿਆ ਸੀ। ਆਦਮੀ ਪਹਿਲਾਂ ਵਾਂਗ ਆਦਮੀ ਹੈ ਪਰ ਪੱਥਰ ਹੁਣ ਪੱਥਰ ਹੀ ਨਹੀਂ, ਇਹ ਗੱਲ ਉਸ ਨੇ ਬੜੇ ਵਿਚਾਰ ਨਾਲ ਲਿਖੀ ਸੀ। ਮਨੋਵਿਗਿਆਨ ਦੀਆਂ ਸਰਹੱਦਾਂ ਹੁਣ ਸੁਕੜੀਆਂ ਨਾ ਰਹਿਣਗੀਆਂ। ਪੱਥਰ ਹੁਣ ਪੱਥਰ ਹੀ ਨਹੀਂ ਹੈ, ਨਾ ਬਿਜਲੀ ਦਾ ਖੰਭਾ ਬਿਜਲੀ ਦਾ ਖੰਭਾ ਹੀ। ਉਹ ਚਾਹੁੰਦਾ ਤਾਂ ਆਪਣੇ ਸਿਗਰਟ ਕੇਸ ਵਿਚ ਵੀ ਦਿਲ ਪਾ ਦੇਂਦਾ ਤੇ ਉਸ ਦੇ ਦੁਆਲੇ ਭਾਵਾਂ ਦਾ ਇਕ ਬਾਰੀਕ ਜਾਲ ਬੁਣ ਦੇਂਦਾ।

ਉਸ ਦੀ ਬੋਲੀ ਨਾ ਬਹੁਤੀ ਔਖੀ ਸੀ ਨਾ ਬਹੁਤੀ ਸੁਖਾਲੀ। ਇਥੇ ਉਥੇ ਨਵੀਆਂ ਨਵੀਆਂ ਤੁਲਨਾਵਾਂ ਰੋਹਬ ਪਾਉਣ ਲਈ ਹਾਜ਼ਰ ਰਹਿੰਦੀਆਂ ਸਨ। ਹੁਣੇ ਉਸ ਨੂੰ ਕਿਸੇ ਦਾ ਫੁਲਿਆ ਹੋਇਆ ਥੈਲਾ ਵੇਖ ਕੇ ਕਿਸੇ ਗਰਭਵਤੀ ਇਸਤਰੀ ਦੇ ਢਿੱਡ ਦਾ ਧਿਆਨ ਆ ਗਿਆ, ਹੁਣੇ ਕਿਸੇ ਦੀ ਕੋਈ ਮਾਨਸਿਕ ਕਮਜ਼ੋਰੀ ਉਸ ਮੁਟਿਆਰ ਜੇਹੀ ਨਜ਼ਰ ਆਈ ਜੋ ਹਨ੍ਹੇਰੀ ਵਿਚ ਆਪਣੀ ਸਾੜ੍ਹੀ ਸੰਭਾਲ ਕੇ ਨਾ ਰੱਖ ਸਕਦੀ ਹੋਵੇ। ਕਿਸੇ ਦੇ ਬੁਲ ਮੋਟੇ ਤੇ ਬੁਲਬੁਲੇ ਸਨ ਤੇ ਕਿਸੇ ਦਾ ਨੱਕ ਚੀਨੀ ਦੀ ਪਿਆਲੀ ਦੀ ਨੂੰਠਣੀ ਜਿਹਾ।

ਜਿਤਨੀ ਸ਼ਕਤੀ ਨਾਲ ਉਹ ਕਿਸੇ ਚੀਜ਼ ਦੇ ਹੱਕ ਵਿਚ ਬੋਲ ਜਾਂ ਲਿਖ ਸਕਦਾ ਸੀ, ਖ਼ਬਰੇ ਉਤਨੀ ਹੀ ਤਾਕਤ ਨਾਲ ਤੇ ਉਨੀ ਹੀ ਦਿਲਚਸਪੀ ਨਾਲ ਉਸ ਦੇ ਵਿਰੁਧ ਵੀ ਆਪਣਾ ਬਿਆਨ ਦੇ ਸਕਦਾ ਸੀ। ਇਸ ਨੂੰ ਕਹਿੰਦੇ ਹਨ-ਫਰਕ ਫਰਕ ਲਈ। ਸਾਹਿਤ ਸਾਹਿਤ ਲਈ ਤੇ ਮਸਲੇ ਦਾ ਵਿਰੋਧ ਤੇ ਫਰਕ ਫਰਕ ਲਈ ਦਾ ਪੱਖ-ਵਾਹ ਨੀ ਅਗਾਂਹ-ਵਧੂ ਬਿਰਤੀਏ!

ਸ਼ਾਮ ਹੋ ਚੱਲੀ ਸੀ। ਨਫਾਸਤ ਹਸਨ ਉਠ ਕੇ ਖੜੋ ਗਿਆ ਤੇ ਹੱਥਾਂ ਦੀਆਂ ਉਂਗਲੀਆਂ ਨਾਲ ਵਾਲਾਂ ਵਿਚ ਕੰਘੀ ਕਰਦਾ ਹੋਇਆ ਛੱਜੇ 'ਤੇ ਆ ਗਿਆ। ਨਿਕਲਸਨ ਰੋਡ ਉਤੇ ਕੋਲ ਦੇ ਟੇਲਰ ਮਾਸਟਰ ਦੀ ਦੁਕਾਨ ਦੇ ਬਿਜਲੀ ਦੇ ਬਲਬ ਰੌਸ਼ਨ ਹੋ ਚੁੱਕੇ ਸਨ। ਛੱਜੇ 'ਤੇ ਖੜਾ ਖੜਾ ਨਫਾਸਤ ਹਸਨ ਪਲਟਦਾ ਹੋਇਆ ਬੋਲਿਆ, "ਮੌਲਾਨਾ! ਚਲੋ ਲਗਦੇ ਹੱਥ ਸਰਦਾਰ ਜੀ ਨੂੰ ਹੀ ਮਿਲਦੇ ਆਈਏ!"

ਮੈਂ ਹੈਰਾਨੀ ਨਾਲ ਆਪਣੀ ਸੀਟ ਉਤੇ ਦੁਬਕਿਆ ਬੈਠਾ ਸਾਂ। ਮੈਂ ਸੋਚਿਆ, ਇਹ ਸਰਦਾਰ ਜੀ ਕੌਣ ਹਨ ਜਿਨ੍ਹਾਂ ਨੂੰ ਮਿਲਣ ਲਈ ਨਫਾਸਤ ਹਸਨ ਇਤਨਾ ਮੁਸ਼ਤਾਕ ਨਜ਼ਰ ਆਉਂਦਾ ਹੈ? ਫਿਰ ਮੈਨੂੰ ਖ਼ਿਆਲ ਆਇਆ ਕਿ ਉਹ ਕੇਵਲ ਆਪਣੇ ਫਰਕ ਫਰਕ ਲਈ ਦੇ ਨਜ਼ਰੀਏ ਅਨੁਸਾਰ ਹੀ ਕਿਸੇ ਦਾਹੜੀ ਵਾਲੇ ਨੂੰ ਮਿਲਣਾ ਚਾਹੁੰਦਾ ਹੈ। ਹਾਲਾਂਕਿ ਖੁਦ ਉਹਦੇ ਮੂੰਹ ਤੇ ਦਾਹੜੀ ਮੁਛਾਂ ਤੀਕ ਦਾ ਨਾਂ ਨਿਸ਼ਾਨ ਵੀ ਦੂਜੇ ਤੀਸਰੇ ਦਿਨ ਮਿਟਾ ਸੁਟਿਆ ਜਾਂਦਾ ਸੀ। ਇਸ ਤੋਂ ਪਹਿਲਾਂ ਵੀ ਉਸ ਨੇ ਇਕ ਜਲਸੇ ਵਿਚ ਇਕ ਲਿਖਾਰੀ ਦੀਆਂ ਮੁਛਾਂ ਨੂੰ ਕੇਵਲ ਇਸੇ ਲਈ ਪਸੰਦ ਕੀਤਾ ਸੀ ਕਿ ਉਹ ਮੁਛਾਂ ਕੇਵਲ ਮੌਲਾਨਾ ਨੂੰ ਨਹੀਂ ਸਨ ਭਾਈਆਂ। ਮੇਰਾ ਵਿਸ਼ਵਾਸ ਸੀ ਕਿ ਜੇ ਮੌਲਾਨਾ ਨੇ ਉਨ੍ਹਾਂ ਮੁਛਾਂ ਦੀ ਪ੍ਰਸੰਸਾ ਵਿਚ ਇਕ ਅੱਧ ਗੱਲ ਆਖੀ ਹੁੰਦੀ ਤਾਂ ਉਹ ਝੱਟ ਕਹਿ ਉਠਦਾ, "ਮੌਲਾਨਾ, ਤੁਹਾਡੀ ਅੰਨ੍ਹੇਵਾਹ ਪਸੰਦ ਦੀ ਤਾਂ ਹੱਦ ਹੋ ਚੁੱਕੀ ਹੈ। ਲਾਹੌਲ ਵਲਾ ਕੁਵੱਤ, ਤੁਸੀਂ ਖੂਬ ਆਦਮੀਆਂ ਵਿਚੋਂ ਆਦਮੀ ਚੁਣਿਆ।"

ਇਹ ਸਰਦਾਰ ਜੀ ਕੌਣ ਹਨ? ਇਹ ਸਵਾਲ ਮੇਰੇ ਮਨ ਵਿਚ ਫੈਲਦਾ ਗਿਆ। ਉਨ੍ਹਾਂ ਨਾਲ ਜਾਣ-ਪਛਾਣ ਕਰਨ ਦੀ ਖਾਹਸ਼ ਵੇਖ ਕੇ ਨਫਾਸਤ ਹਸਨ ਨੇ ਮੈਨੂੰ ਵੀ ਆਪਣੇ ਨਾਲ ਲੈ ਲਿਆ। ਉਹ ਇਕ ਅਜਬ ਮਸਤੀ ਦੀ ਹਾਲਤ ਵਿਚ ਪੌੜੀਆਂ ਤੋਂ ਉਤਰ ਰਿਹਾ ਸੀ।

ਆਪਣੇ ਪੈਰਾਂ ਨੂੰ ਉਹ ਲੋੜ ਤੋਂ ਕਿਤੇ ਵਧੇਰੇ ਜ਼ਮੀਨ 'ਤੇ ਸੁਟਦਾ ਸੀ ਤੇ ਫਟ ਫਟ ਦੀ ਆਵਾਜ ਨਾਲ ਸ਼ੋਰ ਪੈਦਾ ਕਰਦਾ ਹੋਇਆ ਗਵਾਂਢੀਆਂ ਦੇ ਆਰਾਮ ਵਿਚ ਵਿਘਨ ਪਾ ਰਿਹਾ ਸੀ। ਇਕ ਕਿਸਮ ਦੀ ਬੇਹੂਦਗੀ ਨੂੰ ਉਹ ਸ਼ਖਸੀ ਆਜ਼ਾਦੀ ਖਿਆਲ ਕਰਦਾ ਸੀ ਤੇ ਉਸ ਨੂੰ ਕਿਸੇ ਕੀਮਤ 'ਤੇ ਵੀ ਛੱਡਣ ਨੂੰ ਤਿਆਰ ਨਹੀਂ ਸੀ। ਉਸ ਦੀ ਇਹ ਸ਼ਖਸੀ ਆਜ਼ਾਦੀ ਹਰ ਭਲੇਮਾਣਸ ਦੀ ਪਗੜੀ ਉਛਾਲ ਦੇਣ ਤੀਕ ਪਹੁੰਚ ਗਈ ਸੀ।

ਇਕ ਬੜੇ ਲੰਮੇ ਚੌੜੇ ਬਾਜ਼ਾਰ ਵਿਚ ਘੁੰਮਦੇ ਘੁਮਾਉਂਦੇ ਅਸੀਂ ਆਖਰ ਸਰਦਾਰ ਜੀ ਦੀ ਦੁਕਾਨ 'ਤੇ ਪਹੁੰਚ ਗਏ। ਪਤਾ ਲੱਗਾ ਕਿ ਨਫਾਸਤ ਹਸਨ ਦਾ ਨਾਂ ਉਸ ਦੇ ਆਪਣੇ ਜੀਵਨ ਦੇ ਨਾਲ ਨਾਲ ਤੁਰਦਾ ਸੀ ਕਿਉਂਕਿ ਸ਼ਰਾਬ ਦੀ ਦੁਕਾਨ ਜਿਥੇ ਉਸ ਨੇ ਸਰਦਾਰ ਜੀ ਨਾਲ ਮੁਲਾਕਾਤ ਦਾ ਵਕਤ ਤੈ ਕੀਤਾ ਸੀ, ਇਕ ਬਦਬੂਦਾਰ ਥਾਂ ਸੀ। ਮੇਜ਼ ਉਤੇ ਸੰਗਮਰਮਰ ਦੀਆਂ ਸਿਲਾਂ ਤੇ ਸੋਡਾ ਤੇ ਵਿਸਕੀ ਪਈ ਹੋਈ ਸੀ। ਸਾਡੀਆਂ ਸੀਟਾਂ ਦੇ ਕੋਲ ਹੀ ਟੁਟੇ ਹੋਏ ਕਸੋਰਿਆਂ ਦਾ ਢੇਰ ਲੱਗ ਰਿਹਾ ਸੀ। ਕੋਲ ਹੀ ਇਕ ਅਧਖੜ ਉਮਰ ਦਾ ਆਦਮੀ ਆਪਣੀਆਂ ਟੰਗਾਂ ਇਕ ਭੱਜੀ ਟੁੱਟੀ ਅਲਮਾਰੀ ਦੇ ਉਪਰ ਟਿਕਾਈ ਆਪਣਾ ਮੂੰਹ ਪੂਰੀ ਤਰ੍ਹਾਂ ਖੋਲ੍ਹੀ ਬੇਹੋਸ਼ ਪਿਆ ਸੀ। ਉਸ ਦਾ ਖੁਲ੍ਹਾ ਹੋਇਆ ਮੂੰਹ ਕਸੋਰਿਆਂ ਦੇ ਇਤਨਾ ਨੇੜੇ ਹੋਣ ਦੇ ਕਾਰਨ ਇਕ ਕਸੋਰਾ ਹੀ ਤਾਂ ਜਾਪਦਾ ਸੀ। ਇਸ ਆਦਮੀ ਦੀ ਵੀ ਦਾੜ੍ਹੀ ਸੀ, ਇਕ ਪਲ ਲਈ ਮੈਨੂੰ ਇੰਜ ਜਾਪਿਆ ਕਿ ਨਫਾਸਤ ਹਸਨ ਇਸੇ ਆਦਮੀ ਨੂੰ ਮਿਲਣ ਆਇਆ ਹੈ। ਭਾਵ ਆਪਣੇ ਆਪ ਨਾਲ, ਆਪਣੇ ਸੁੰਦਰ ਨਾਂ ਨਾਲ ਇਨਸਾਫ ਕਰਨ ਆਇਆ ਹੈ। ਥੋੜ੍ਹੇ ਚਿਰ ਪਿਛੋਂ ਆਪਣੀ ਖਰ੍ਹਵੀਂ ਆਵਾਜ਼ ਨਾਲ ਜਿਸ ਤੋਂ ਸਦਾ ਵਾਂਗ ਖ਼ਾਹ-ਮਖਾਹ ਰੰਦਾ ਚਲਣ ਦਾ ਝਾਵਲਾ ਪੈਂਦਾ ਸੀ, ਉਹ ਬੋਲਿਆ, "ਓ ਭਈ ਮੀਆਂ ਜੁੰਮਿਆਂ! ਲਿਆ ਤਾਂ ਜ਼ਰਾ ਸਰਦਾਰ ਜੀ ਨੂੰ।"

ਮੀਆਂ ਜੁੰਮਾ ਇਕ ਝਾੜਨ ਨਾਲ ਬੋਤਲ ਸਾਫ ਕਰ ਰਿਹਾ ਸੀ। ਦਿਨ ਵੇਲੇ ਉਹ ਇਸੇ ਝਾੜਨ ਨਾਲ ਸੜਕ ਤੋਂ ਉਡ ਕੇ ਆਉਣ ਵਾਲੀ ਮਿੱਟੀ ਨੂੰ ਸ਼ੀਸ਼ਿਆਂ ਵਿਚ ਪਈ ਹੋਈ ਪੇਸਟਰੀ ਤੋਂ ਝਾੜਿਆ ਕਰਦਾ ਸੀ ਯਾ ਕਸੋਰਿਆਂ ਦੇ ਵਿਚਕਾਰ ਤਣੇ ਹੋਏ ਜਾਲਿਆਂ ਨੂੰ ਸਾਫ ਕਰਦਾ ਰਹਿੰਦਾ ਸੀ। ਕੁਝ ਚਿਰ ਪਿਛੋਂ ਮੀਆਂ ਜੁੰਮੇ ਨੇ ਵਿਸਕੀ ਦੀ ਇਕ ਬੋਤਲ ਤੇ ਸੋਡੇ ਦੀਆਂ ਦੋ ਬੋਤਲਾਂ ਮੇਜ਼ ਉਤੇ ਲਿਆ ਰੱਖੀਆਂ।

ਸਰਦਾਰ ਜੀ ਦੀ ਸ਼ਖਸੀਅਤ ਤੋਂ ਵਾਕਫ ਹੁੰਦਿਆਂ ਦੇਰ ਨਾ ਲੱਗੀ। ਪਰ ਮੈਂ ਪਹਿਲਾਂ ਵਾਂਗ ਕਹਾਣੀਆਂ ਦੀ ਦੁਨੀਆਂ ਵਿਚ ਘੁੰਮ ਰਿਹਾ ਸਾਂ। ਫਿਰ ਮੈਂ ਬੇਮੌਕਾ ਹੀ ਨਫਾਸਤ ਹਸਨ ਨੂੰ ਪੁਛਿਆ, "ਤੁਹਾਡੇ ਅਫਸਾਨੇ ਤਾਂ ਬਹੁਤ ਜਮ੍ਹਾਂ ਹੋ ਗਏ ਹੋਣਗੇ।"

ਤਦ ਤੀਕ ਉਹ ਸੋਡਾ ਤੇ ਵਿਸਕੀ ਨੂੰ ਮਿਲਾ ਚੁਕਿਆ ਸੀ। ਮੈਂ ਸਰਦਾਰ ਜੀ ਨਾਲ ਜਾਣ ਪਛਾਣ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਲਈ ਉਸ ਨੇ ਤੇ ਮੌਲਾਨਾ ਨੇ ਗਲਾਸ ਟਕਰਾਏ ਤੇ ਆਪਣੇ ਆਪਣੇ ਮੂੰਹ ਨਾਲ ਲਾ ਲਏ। ਇਕ ਘੁਟ ਨਫਾਸਤ ਹਸਨ ਆਪਣੇ ਸੰਘੋਂ ਹੇਠਾਂ ਉਤਾਰਦਿਆਂ ਹੋਇਆਂ ਬੋਲਿਆ, "ਮੈਂ ਅਫਸਾਨੇ ਕਦੀ ਇਕੱਠੇ ਨਹੀਂ ਕਰਦਾ। ਮੇਰੇ ਅਫਸਾਨੇ ਕਬੂਤਰ ਦੇ ਬੱਚੇ ਹਨ ਜਿਨ੍ਹਾਂ ਨੂੰ ਮੈਂ ਲਿਖਦਾ ਹਾਂ ਤੇ ਆਖਦਾ ਹਾਂ-ਲਓ ਕਬੂਤਰ ਦਿਓ ਬੱਚਿਓ, ਉਡ ਜਾਓ-ਤੇ ਉਹ ਉਡ ਜਾਂਦੇ ਹਨ।"

ਇਸ ਤੁਲਨਾ ਦੇ ਢੰਗ ਦੀ ਮੈਂ ਬਹੁਤ ਪ੍ਰਸ਼ੰਸਾ ਕੀਤੀ। ਸੱਚ ਪੁਛੋ ਤਾਂ ਮੇਰੇ ਮਨ ਵਿਚ ਆਈਨਸਟਾਈਨ ਦਾ ਅਜ਼ਾਫੀਅਤ ਦਾ ਨਜ਼ਰੀਆ ਉਜਾਗਰ ਹੋ ਗਿਆ ਸੀ। ਹਰ ਕਿਸੇ ਚੀਜ਼ ਦਾ ਦੂਸਰੀ ਚੀਜ਼ ਨਾਲ ਸੰਬੰਧ ਹੈ, ਅਫਸਾਨੇ ਦਾ ਕਬੂਤਰ ਦੇ ਬੱਚੇ ਨਾਲ, ਵੇਸਵਾ ਦੀ ਮੁਸਕਰਾਹਟ ਦਾ ਗੰਦੇ ਨਾਲੇ ਵਿਚ ਫਟਦੇ ਹੋਏ ਬੁਲਬਲੇ ਨਾਲ, ਸਵੇਰ ਦੀ ਪਹਿਲੀ ਕਿਰਨ ਦਾ ਅੰਗੜਾਈ ਲੈਂਦੀ ਕੰਧ ਨਾਲ, ਨਫਾਸਤ ਹਸਨ ਦਾ ਚਰਖੇ ਨਾਲ...।

ਉਸ ਵੇਲੇ ਮੈਂ ਸੋਚਣ ਲੱਗਾ ਕਿ ਇਹ ਤੁਲਨਾਵਾਂ, ਅਨੋਖੀਆਂ ਤੇ ਦੁਰੇਡੀਆਂ ਤੁਲਨਾਵਾਂ ਇਸ ਵੱਡੀ ਸ਼ਾਨ ਵਾਲੇ ਲਿਖਾਰੀ ਦੇ ਦਿਮਾਗ ਵਿਚ ਪੈਦਾ ਕਿੱਥੋਂ ਹੁੰਦੀਆਂ ਹਨ। ਫਿਰ ਮੈਨੂੰ ਝਟ ਖਿਆਲ ਆਇਆ ਕਿ ਇਹ ਤਾਂ ਇਕ ਸਿੱਧੀ ਸਾਦੀ ਕਿਰਿਆ ਹੈ। ਖੁਦ ਨਫਾਸਤ ਹਸਨ ਨੇ ਇਕ ਵੇਰ ਮੈਨੂੰ ਦਸਿਆ ਸੀ ਕਿ ਉਸ ਨੂੰ ਕਬਜ਼ ਦੀ ਸ਼ਿਕਾਇਤ ਕਦੀ ਨਹੀਂ ਹੁੰਦੀ। ਕੁਝ ਲਿਖਾਰੀਆਂ ਨੂੰ ਤਾਂ ਸਖਤ ਕਬਜ਼ ਹੋਈ ਜਾਪਦੀ ਹੈ। ਵਿਚਾਰੇ ਬਹੁਤ ਜ਼ੋਰ ਲਾ ਕੇ ਲਿਖਦੇ ਹਨ। ਮੈਂ ਸੋਚਿਆ ਕਿ ਇਸ ਲਿਹਾਜ਼ ਨਾਲ ਤਾਂ ਨਫਾਸਤ ਹਸਨ ਹਰ ਰੋਜ਼ ਦੁੱਧ ਨਾਲ ਅਤਰੀਫਲ ਜ਼ਮਾਨੀ ਖਾਂਦਾ ਹੈ। ਇਹੀ ਕਾਰਨ ਹੈ ਕਿ ਉਹ ਪੱਥਰ, ਬੁਲਬਲ, ਰਘਬੀਰ ਪਹਿਲਵਾਨ, ਪੁਸਤਕ, ਮੇਜ਼ ਕੁਰਸੀ, ਕਲਮ ਦੁਆਤ, ਹਰ ਚੀਜ਼ ਬਾਰੇ ਲਿਖ ਕੇ ਉਨ੍ਹਾਂ ਦੇ ਸੰਗ੍ਰਿਹਾਂ ਦੇ ਨਾਂ ਦੌੜੇ, ਭੱਜੇ, ਰੋਵੋ, ਪਿੱਟੋ ਰਖ ਸਕਦਾ ਹੈ। ਮੈਂ ਸੋਚਿਆ, ਖਬਰੇ ਉਹ ਲੈਟਰੀਨ ਬਾਰੇ ਵੀ ਲਿਖਦਾ ਰਿਹਾ ਹੈ ਕਿਉਂਕਿ ਉਸ ਦੀਆਂ ਕਹਾਣੀਆਂ ਵਿਚੋਂ ਸਦਾ ਕੁਝ ਅਜਿਹੀ ਬੂ ਆਉਂਦੀ ਹੈ।

ਪਰ ਮੈਂ ਬਹੁਤ ਚਿਰ ਤੀਕ ਇਨ੍ਹਾਂ ਕਹਾਣੀਆਂ ਦੀ ਦੁਨੀਆਂ ਵਿਚ ਨਾ ਰਹਿ ਸਕਿਆ। ਉਸ ਵੇਲੇ ਤਕ ਦੋਵੇਂ ਲਿਖਾਰੀ ਵਿਸਕੀ ਦੀ ਬੋਤਲ ਅਧੀ ਦੇ ਲਗਪਗ ਮੁਕਾ ਚੁਕੇ ਸਨ। ਅਚਾਨਕ ਇਨ੍ਹਾਂ ਨੂੰ ਕਿਸਮ ਕਿਸਮ ਦੀ ਸ਼ਰਾਬ ਮਿਲਾ ਕੇ ਪੀਣ ਦੀ ਧੁਨ ਸਮਾਈ। ਜੁੰਮਨ ਮੀਆਂ ਨੇ ਬਹੁਤ ਸਾਰੀਆਂ ਬੋਤਲਾਂ ਵਿਚੋਂ ਇਕ ਇਕ ਪੈਗ ਕੱਢਿਆ ਤੇ ਫੇਰ ਸਾਰਿਆਂ ਨੂੰ ਵਿਸਕੀ ਵਿਚ ਪਾ ਦਿੱਤਾ। ਉਸ ਵੇਲੇ ਮੌਲਾਨਾ ਸ਼ਰਾਬ ਵਿਚ ਆਪਣੇ ਆਪ ਨੂੰ ਗਵਾ ਰਹੇ ਸਨ। ਸ਼ਾਇਦ ਉਨ੍ਹਾਂ ਨੇ ਇਸੇ ਲਈ ਨਫਾਸਤ ਹਸਨ ਦੀਆਂ ਸਾਹਿਤਕ ਖੂਬੀਆਂ ਨੂੰ ਸਲਾਹੁਣਾ ਚਾਹਿਆ ਤੇ ਪੈਗ ਸੰਘੋਂ ਹੇਠਾਂ ਉਤਾਰਦਿਆਂ ਉਨ੍ਹਾਂ ਨੇ ਨਫਾਸਤ ਹਸਨ ਨੂੰ ਇਕ ਥਾਪੀ ਦਿੱਤੀ ਤੇ ਕਿਹਾ, "ਸ਼ਾਬਾਸ਼, ਬਰਖੁਰਦਾਰ, ਲਿਖੀ ਜਾ।"

ਨਫਾਸਤ ਹਸਨ ਜੋ ਸਰਦਾਰ ਜੀ ਦੇ ਮਕਾਨ ਦੀ ਫਿਜ਼ਾ ਤੋਂ ਖੂਬ ਜਾਣੂ ਸੀ ਤੇ ਜੋ ਬਿਨਾਂ ਘਬਰਾਏ ਬਹੁਤ ਸਾਰੇ ਪੈਗ ਪੀ ਸਕਦਾ ਸੀ, ਬੋਲਿਆ, "ਬਸ ਬਸ! ਬਹੁਤ ਸੁਣ ਲਿਆ... ਹੁਣ ਇਸ ਤਰ੍ਹਾਂ ਮੂੰਹ ਨਾ ਖੋਲ੍ਹਣਾ... ਇਹੀ ਇਕ ਗੱਲ ਹੈ ਜੋ ਮੈਨੂੰ ਸਿਰੇ ਤੋਂ ਨਾਪਸੰਦ ਹੈ। ਇਹ ਬੇਹੂਦਾ ਸਰਪ੍ਰਸਤੀ ਦੀ ਮੈਨੂੰ ਉਕੀ ਲੋੜ ਨਹੀਂ। ਤੁਹਾਡੀ ਪ੍ਰਸ਼ੰਸਾ ਜਾਂ ਨਿੰਦਿਆਂ ਦੀ ਮੈਨੂੰ ਉਕੀ ਹੀ ਪ੍ਰਵਾਹ ਨਹੀਂ। ਸਮਝ ਲਿਆ ਜੇ! ਜੇ ਤੁਸਾਂ ਮੇਰੇ ਅਫਸਾਨੇ ਪੜ੍ਹੇ ਤਾਂ ਇਸ ਨਾਲ ਮੇਰਾ ਕੁਝ ਸੌਰ ਨਹੀਂ ਗਿਆ ਤੇ ਜੇ ਨਹੀਂ ਪੜ੍ਹੇ ਤਾਂ ਕੁਝ ਵਿਗੜਿਆ ਨਹੀਂ।"

ਮੌਲਾਨਾ ਨੂੰ ਇਹ ਅਯੋਗ ਗੱਲਾਂ ਸੁਣ ਕੇ ਬਹੁਤ ਹੈਰਾਨੀ ਹੋਈ। ਆਪਣੇ ਮੇਜ਼ਬਾਨ ਦੇ ਮੋਢਿਆਂ ਤੇ ਹੱਥ ਰੱਖ ਕੇ ਬੋਲੇ, "ਬਰਖੁਰਦਾਰ! ਜੇ ਤੂੰ ਅਫਸਾਨੇ ਲਿਖਣ ਦੀ ਥਾਂ ਮਿੱਟੀ ਦਾ ਤੇਲ ਵੀ ਵੇਚਦਾ ਹੁੰਦਾ ਤਾਂ ਵੀ ਮੇਰੇ ਦਿਲ ਵਿਚ ਤੇਰੀ ਇਹੋ ਇੱਜ਼ਤ ਹੁੰਦੀ।" ਇਹ ਦੋਵੇਂ ਲਿਖਾਰੀ ਆਪਸ ਵਿਚ ਬੜੀ ਸੰਜੀਦਗੀ ਨਾਲ ਗੱਲਬਾਤ ਕਰ ਰਹੇ ਸਨ। ਪਰ ਮੈਂ ਇਸ ਵਾਤਾਵਰਣ ਵਿਚ ਕੁਝ ਘਬਰਾ ਜਿਹਾ ਗਿਆ। ਫਿਰ ਮੈਨੂੰ ਇੰਜ ਲੱਗਾ ਕਿ ਇਹ ਲਿਖਾਰੀ ਮੇਰੇ ਵਾਂਗ ਪ੍ਰਹੇਜ਼ਗਾਰ ਹਨ ਤੇ ਸ਼ਰਾਬ ਅਸਲ ਵਿਚ ਮੈਂ ਪੀ ਰਿਹਾ ਹਾਂ।

ਇਕ ਹੋਰ ਪੈਗ ਸੰਘੋਂ ਹੇਠਾਂ ਲੰਘਾ ਕੇ ਨਫਾਸਤ ਹਸਨ ਨੇ ਪਾਪੜ ਦਾ ਇਕ ਟੁਕੜਾ ਮੂੰਹ ਵਿਚ ਪਾਇਆ ਤੇ ਬੋਲਿਆ, "ਮੌਲਾਨਾ! ਮੈਂ ਲਿਖਣਾ ਚਾਹੁੰਦਾ ਹਾਂ, ਬਹੁਤ ਕੁਝ ਲਿਖਣਾ ਚਾਹੁੰਦਾ ਹਾਂ। ਮੇਰੀ ਕਿਸੇ ਚੀਜ਼ ਤੋਂ ਤਸੱਲੀ ਨਹੀਂ ਹੁੰਦੀ।"

ਤੇ ਹਾਲੇ ਨਫਾਸਤ ਹਸਨ ਨੇ ਆਪਣੀ ਗੱਲ ਮੁਕਾਈ ਵੀ ਨਹੀਂ ਸੀ ਕਿ ਮੈਨੂੰ ਖਿਆਲ ਆਇਆ ਕਿ ਤਸੱਲੀ ਹੋ ਵੀ ਕਿਵੇਂ ਸਕਦੀ ਹੈ ਕਿਉਂਕਿ ਉਸ ਦੇ ਅਫਸਾਨੇ ਤਾਂ ਕਬੂਤਰ ਦੇ ਬੱਚੇ ਹਨ। ਜਦ ਤੱਕ ਉਹ ਕਬੂਤਰ ਦੇ ਬੱਚੇ ਰਹਿਣਗੇ, ਉਹ ਫੁਰਰ ਕਰ ਕੇ ਨਫਾਸਤ ਹਸਨ ਕੋਲੋਂ ਉਡ ਜਾਣਗੇ। ਆਖਰ ਨਫਾਸਤ ਹਸਨ ਨੇ ਕੋਈ ਸ਼ਤਨਾਰਾ ਵੀ ਤਾਂ ਕਾਇਮ ਨਹੀਂ ਕੀਤਾ ਤਾਂ ਜੋ ਵਿਚਾਰੇ ਕਦੀ ਕਦੀ ਉਸ ਉਤੇ ਹੀ ਆ ਬੈਠਿਆ ਕਰਨ ਤੇ ਆਪਣੇ ਪਹਿਲੇ ਮਾਲਕ ਨੂੰ ਵੇਖ ਲਿਆ ਕਰਨ। ਹੁਣ ਉਹ ਅਣਗਿਣਤ ਆਵਾਰਾ ਰੂਹਾਂ ਵਾਂਗ ਇਕ ਖਿਆਲੀ ਅਸਮਾਨ ਵਿਚ ਪੰਖ ਫੜਫੜਾਂਦੇ ਘੁੰਮ ਰਹੇ ਹਨ।

ਨਫ਼ਾਸਤ ਹਸਨ ਆਪਣੀ ਬਾਤਚੀਤ ਨੂੰ ਜਾਰੀ ਰਖਦਿਆਂ ਹੋਇਆਂ ਬੋਲਿਆ, "ਬੱਸ ਇਕ ਚੀਜ਼ ਲਿਖ ਲਵਾਂਗਾ, ਇਕ ਚੀਜ਼, ਤਾਂ ਮੇਰੀ ਤਸੱਲੀ ਹੋ ਜਾਵੇਗੀ। ਫੇਰ ਭਾਵੇਂ ਮੈਂ ਮਰ ਜਾਵਾਂ, ਮੈਂ ਸਮਝਾਂਗਾ ਕਿ ਮੈਂ ਜ਼ਿੰਦਗੀ ਵਿਚ ਇਕ ਬਹੁਤ ਵੱਡਾ ਕੰਮ ਕੀਤਾ ਹੈ।"

ਮੌਲਾਨਾ ਦੇ ਤੇ ਮੇਰੇ ਅਸਲੀ ਤੇ ਖਿਆਲੀ ਨਸ਼ੇ ਉਡ ਪੁਡ ਗਏ। ਸਾਡੇ ਦੋਹਾਂ ਦਾ ਧਿਆਨ ਉਸ ਕਹਾਣੀ ਦਾ ਪਲਾਟ ਸੁਣਨ ਲਈ ਨਫਾਸਤ ਹਸਨ ਦੇ ਪਤਲੇ ਤੇ ਮਾੜਚੂ ਚਿਹਰੇ ਵਲ ਹੋ ਗਿਆ। ਨਫਾਸਤ ਹਸਨ ਬੋਲਿਆ, "ਮੈਂ ਉਨ੍ਹੀਂ ਦਿਨੀਂ ਬੰਬੀ ਵਿਚ ਰਹਿੰਦਾ ਸਾਂ। ਜਿਸ ਮਕਾਨ ਵਿਚ ਮੇਰੀ ਰਿਹਾਇਸ਼ ਸੀ, ਉਸ ਦਾ ਇਕ ਦਰਵਾਜ਼ਾ ਇਕ ਗੁਸਲਖਾਨੇ ਵਿਚ ਖੁਲ੍ਹਦਾ ਸੀ। ਇਸ ਗੁਸਲਖਾਨੇ ਵਿਚ ਇਕ ਦਰਜ ਸੀ। ਬਸ ਇਸ ਦਰਜ ਵਿਚ ਦੀ ਮੈਂ ਕਵਾਰੀਆਂ ਕੁੜੀਆਂ ਨੂੰ ਨਹਾਉਂਦਿਆਂ ਵੇਖਦਾ ਸਾਂ। ਅਧਖੜ ਉਮਰ ਦੀਆਂ ਤੇ ਬੁੱਢੀਆਂ ਔਰਤਾਂ ਨੂੰ ਵੀ। ਇਸ ਤੋਂ ਇਲਾਵਾ ਨੌਜਵਾਨ ਮਰਦ ਵੀ ਨਹਾਉਣ ਲਈ ਆਇਆ ਕਰਦੇ ਸਨ ਤੇ ਜਿਸ ਤਰ੍ਹਾਂ ਤੁਹਾਨੂੰ ਪਤਾ ਹੈ, ਆਦਮੀ ਆਮ ਜੀਵਨ ਵਿਚ ਉਹ ਹਰਕਤਾਂ ਨਹੀਂ ਕਰਦਾ ਜੋ ਗੁਸਲਖਾਨੇ ਵਿਚ ਕਰਦਾ ਹੈ।"

ਮੈਂ ਇਸ ਗੱਲ ਨੂੰ ਸਮਝ ਨਾ ਸਕਿਆ ਪਰ ਮੇਰੇ ਸਾਹਮਣੇ ਆਈਨਸਟਾਈਨ ਦੀ ਅਜ਼ਾਫੀਅਤ ਦੀ ਫਲਾਸਫੀ ਸੀ। ਇਸ ਲਈ ਮੈਂ ਕੋਈ ਖਾਸ ਪਰਵਾਹ ਨਾ ਕੀਤੀ ਤੇ ਸੁਣਦਾ ਚਲਾ ਗਿਆ। ਨਫਾਸਤ ਹਸਨ ਬੋਲਿਆ, "ਬੱਸ, ਇਨ੍ਹਾਂ ਗੁਸਲਖਾਨੇ ਵਿਚ ਨਹਾਣ ਵਾਲੀਆਂ ਤੇ ਨਹਾਣ ਵਾਲਿਆਂ ਦੇ ਬਾਰੇ ਮੈਂ ਲਿਖ ਕੇ ਮਰ ਜਾਵਾਂ ਤੇ ਮੈਨੂੰ ਕੋਈ ਅਫਸੋਸ ਨਹੀਂ ਹੋਵੇਗਾ। ਇਸ ਕਹਾਣੀ ਦਾ ਨਾਂ ਰੱਖਾਂਗਾ, "ਇਕ ਦਰਜ ਵਿਚ ਦੀ'... ਤੇ ਮਰ ਜਾਵਾਂਗਾ।"

ਮੈਨੂੰ ਨਫਾਸਤ ਹਸਨ ਦੀ ਬੇਹੂਦਗੀ ਤੇ ਬਹੁਤ ਹਾਸਾ ਆਇਆ ਅਤੇ ਮੇਰਾ ਜੀ ਚਾਹੁਣ ਲੱਗਾ ਕਿ ਜੇ ਮੈਂ ਇਸ ਦੀ ਬੇਹੂਦਗੀ ਦਾ ਇਹ ਹਾਲ ਲਿਖ ਕੇ ਮਰ ਜਾਵਾਂ ਤਾਂ ਮੈਨੂੰ ਵੀ ਜੀਵਨ ਵਿਚ ਕੋਈ ਹਸਰਤ ਨਹੀਂ ਰਹੇਗੀ।

ਮੌਲਾਨਾ ਜੋ ਨਫਾਸਤ ਹਸਨ ਦੀਆਂ ਬੇ-ਤੁਕੀਆਂ ਨੂੰ ਬੜੇ ਗਹੁ ਨਾਲ ਸੁਣ ਰਹੇ ਸਨ, ਕੁਝ ਨਾ ਬੋਲੇ। ਪਤਾ ਨਹੀਂ ਕਿਉਂ ਨਫਾਸਤ ਹਸਨ ਦੇ ਦਿਲ ਵਿਚ ਖੁਦ ਹੀ ਖਿਆਲ ਆਇਆ ਕਿ ਉਸ ਨੇ ਮੌਲਾਨਾ ਦੀ ਹੱਤਕ ਕੀਤੀ ਹੈ। ਉਹ ਆਪਣੀ ਜਗ੍ਹਾ ਤੋਂ ਉਠ ਖਲੋਤਾ ਤੇ ਬੋਸੇ ਲਈ ਉਸ ਨੇ ਆਪਣੀ ਸੱਜੀ ਗਲ੍ਹ ਮੌਲਾਨਾ ਦੇ ਪੇਸ਼ ਕੀਤੀ। ਮੌਲਾਨਾ ਨੇ ਤਵਰਕ ਵਜੋਂ ਇਕ ਬੋਸਾ ਲੈ ਲਿਆ। ਫਿਰ ਨਫਾਸਤ ਹਸਨ ਨੇ ਖੱਬੀ ਗਲ੍ਹ ਪੇਸ਼ ਕਰ ਦਿੱਤੀ। ਮੌਲਾਨਾ ਦੇ ਸਾਹਮਣੇ ਹੁਣ ਤਵਰਕ ਦਾ ਮਸਲਾ ਨਹੀਂ ਰਿਹਾ ਸੀ ਪਰ ਉਨ੍ਹਾਂ ਨੇ ਬੋਸਾ ਲੈ ਲਿਆ।

ਮੇਰਾ ਖ਼ਿਆਲ ਸੀ ਕਿ ਉਹ ਗੁੱਥਮ-ਗੁਥਾ ਹੋ ਪੈਣਗੇ ਪਰ ਅਚਾਨਕ ਮੌਲਾਨਾ ਨੇ ਉਠ ਕੇ ਬੜੇ ਖ਼ਲੂਸ ਨਾਲ ਛਾਤੀ 'ਤੇ ਹੱਥ ਰਖਦਿਆਂ ਹੋਇਆ ਕਿਹਾ, "ਵੇਖ ਬਈ, ਹੁਣ ਤੂੰ ਮੰਨੇਗਾ, ਮੈਂ ਸਮਰਸੈਟ ਮਾਮ ਹਾਂ।"

ਨਫਾਸਤ ਹਸਨ ਨੇ ਆਪਣੀ ਛਾਤੀ 'ਤੇ ਹੱਥ ਰਖਦਿਆਂ ਕਿਹਾ, "ਮੈਂ ਸਮਰਸੈਟ ਮਾਮ ਹਾਂ।"

ਮੌਲਾਨਾ ਨੇ ਕੋਈ ਰੋਕ ਟੋਕ ਨਾ ਕੀਤੀ ਸਗੋਂ ਆਪਣੀ ਛਾਤੀ 'ਤੇ ਹੱਥ ਰੱਖਦੇ ਹੋਏ ਬੋਲੇ, "ਮੈਂ ਸਮਰਸੈਟ ਮਾਮ ਹਾਂ।"

ਫਿਰ ਨਫਾਸਤ ਹਸਨ ਵਲ ਇਸ਼ਾਰਾ ਕਰਦੇ ਹੋਏ ਉਹ ਬੋਲੇ, "ਤੂੰ ਸਮਰਸੈਟ ਮਾਮ ਹੈਂ-ਅਸੀਂ ਦੋਵੇਂ ਸਮਰਸੈਟ ਮਾਮ ਹਾਂ... ਜੋ ਹੈ, ਸਮਰਸੈਟ ਮਾਮ ਹੈ। ਜੋ ਨਹੀਂ ਹੈ, ਉਹ ਵੀ ਸਮਰਸੈਟ ਮਾਮ ਹੈ... ਸਮਰਸੈਟ ਮਾਮ ਵੀ ਸਮਰਸੈਟ ਮਾਮ ਹੈ!

## ਕੀ ਜਾਣਾਂ ਮੈਂ ਕੌਣ?

**'ਹੜੱਪਾ, ਸੰਘੋਲ ਧਲੇਵਾਂ' ਦੇ ਥੇਹ ਕਿਹੜੇ ਜ਼ਿਲ੍ਹਿਆਂ ਵਿਚ ਹਨ?**
-ਸਾਹੀਵਾਲ, ਫਤਿਹਗੜ੍ਹ ਸਾਹਿਬ, ਮਾਨਸਾ।

**'ਕਟਾਸ ਰਾਜ ਤੀਰਥ' ਦਾ ਜ਼ਿਲਾ ਕਿਹੜਾ ਹੈ ਤੇ ਇਥੇ ਕੀਹਦਾ ਮੰਦਰ ਹੈ?**
-ਜ਼ਿਲਾ ਚਕਵਾਲ, ਸ਼ਿਵ ਮੰਦਰ।

**'ਤਕਸ਼ਿਲਾ' ਦੀ ਮਹੱਤਤਾ ਕਿਉਂ ਹੈ?**
-ਬੁੱਧ ਧਰਮ ਦੀ ਯੂਨੀਵਰਸਿਟੀ ਸੰਸਾਰ ਦਾ ਪਹਿਲਾ ਵਿਦਿਆ ਕੇਂਦਰ।

**ਰਾਜਾ ਪੋਰਸ ਕਿਹੜੇ ਧਾੜਵੀ ਕੋਲੋਂ ਹਾਰ ਕੇ ਵੀ ਜਿੱਤਿਆ ਸੀ?**
-ਸਕੰਦਰ ਕੋਲੋਂ, ਜਿਹੜਾ ਮਕਦੂਨੀਆਂ ਯੂਨਾਨ ਦਾ ਧਾੜਵੀ ਸੀ।

**ਸ੍ਰੀ ਰਾਮ ਚੰਦਰ ਦੀ ਮਾਤਾ ਕੁਸ਼ਲਿਆ ਦਾ ਜਨਮ ਸਥਾਨ ਕਿਸ ਥਾਂ ਹੈ?**
-ਘੁੜ੍ਹਾਮ, ਜ਼ਿਲਾ ਪਟਿਆਲਾ।

**ਰਾਮ ਤੀਰਥ ਕਿਥੇ ਹੈ ਅਤੇ ਇਥੇ ਕਿਹੜੇ ਰਿਸ਼ੀ ਦਾ ਆਸ਼ਰਮ ਸੀ?**
-ਜ਼ਿਲਾ ਅੰਮ੍ਰਿਤਸਰ, ਮਹਾਂਰਿਸ਼ੀ ਬਾਲਮੀਕ ਜੀ।

**ਲਵ ਅਤੇ ਕੁਸ਼ ਦੇ ਨਾਂ 'ਤੇ ਵਸੇ ਸ਼ਹਿਰ ਦੱਸੋ?**
-ਲਾਹੌਰ, ਕਸੂਰ।

**ਬਾਬਾ ਸ਼ੱਕਰਗੰਜ ਕਿਹੜੇ ਸੂਫੀ ਦਰਵੇਸ਼ ਨੂੰ ਕਿਹਾ ਜਾਂਦਾ ਹੈ?**
-ਬਾਬਾ ਫਰੀਦ-ਉਦ-ਦੀਨ ਮਸਊਦ ਸ਼ੇਖ।

**ਕਲਾਨੌਰ ਕਸਬੇ ਦੀ ਮਹਾਨਤਾ ਕੀ ਹੈ?**
-ਅਕਬਰ ਦੀ ਤਾਜਪੋਸ਼ੀ, ਜ਼ਿਲਾ ਗੁਰਦਾਸਪੁਰ।

**ਗੁਰੂ ਕੀ ਮਸੀਤ ਕਿਥੇ ਹੈ?**
-ਸ੍ਰੀ ਹਰਗੋਬਿੰਦਪੁਰ, ਜ਼ਿਲਾ ਗੁਰਦਾਸਪੁਰ।

**ਨੂਰਮਹਿਲ ਕਿਸ ਦੀ ਯਾਦ 'ਚ ਵੱਸਿਆ?**
-ਨੂਰਜਹਾਂ ਬੇਗਮ, ਜ਼ਿਲਾ ਜਲੰਧਰ।

**ਵਜੀਦ ਖਾਂ ਕਿੱਥੋਂ ਦਾ ਸੂਬੇਦਾਰ ਸੀ?**
-ਸਰਹਿੰਦ ਜ਼ਿਲਾ ਫਤਿਹਗੜ੍ਹ ਸਾਹਿਬ।

**ਕਾਲੀ ਵੇਈਂ ਨੂੰ ਪਵਿੱਤਰ ਕਿਉਂ ਮੰਨਿਆ ਜਾਂਦਾ ਹੈ?**
-ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਵੇਈਂ ਵਿਚ ਟੁੱਭੀ ਲਾ ਕੇ ਹੀ ਮੂਲਮੰਤਰ ਦਾ ਉਚਾਰਣ ਕਰਕੇ ਸਿੱਖ ਫਲਸਫੇ ਦੀ ਨੀਂਹ ਰੱਖੀ।

**ਖਾਲਸੇ ਦੀ ਸਿਰਜਣਾ ਕਦੋਂ, ਕਿਥੇ ਹੋਈ?**
-1699 ਈ. ਵਿਸਾਖੀ ਵਾਲੇ ਦਿਨ ਕੇਸਗੜ੍ਹ-ਆਨੰਦਪੁਰ ਸਾਹਿਬ।

**ਗੁਰਮੁਖੀ ਲਿਪੀ ਨੂੰ ਮਾਨਤਾ ਅਤੇ ਤਰਤੀਬ ਕਿਹੜੇ ਅਸਥਾਨ 'ਤੇ ਮਿਲੀ?**
-ਖਡੂਰ ਸਾਹਿਬ, ਜ਼ਿਲਾ ਤਰਨਤਾਰਨ।

**ਸ਼ੇਰੇ ਪੰਜਾਬ ਦਾ ਜਨਮ ਮਾਤਾ ਰਾਜ ਕੌਰ ਦੀ ਕੁੱਖੋਂ ਕਿਥੇ ਹੋਇਆ?**
-ਪਿੰਡ ਬੱਡਰੁੱਖਾਂ, ਜ਼ਿਲਾ ਸੰਗਰੂਰ।

**ਬੀਬੀ ਰਜਨੀ ਦਾ ਪਤੀ ਕੀ ਕਰਦਾ ਸੀ?**
-ਪਿੰਗਲਾ ਹੋਣ ਕਰਕੇ ਕੋਈ ਕੰਮ ਕਰਨ ਜੋਗ ਨਹੀਂ ਸੀ।

**ਮਾਈ ਭਾਗੋ ਨੇ ਕਿਹੜੀ ਢਾਬ ਕੰਢੇ ਜੰਗੀ ਜੌਹਰ ਦਿਖਾਏ?**
-ਖਿਦਰਾਣੇ ਦੀ ਢਾਬ, ਅੱਜਕਲ ਦਾ ਮੁਕਤਸਰ।

**ਬਾਬਾ ਖੁਸ਼ਹਾਲ ਸਿੰਘ ਸਿੱਖਾਂ ਦੀ ਕਿਹੜੀ ਮਿਸਲ ਨਾਲ ਸੰਬੰਧਤ ਸੀ?**
-ਸਿੰਘ ਪੁਰੀਆ ਜਾਂ ਫੈਜਲਪੁਰੀਆ।

**'ਸ਼ਾਹਮੁਖੀ' ਲਿਪੀ ਕਿਹੜੀ ਬੋਲੀ ਲਿਖਣ ਲਈ ਵਰਤੀ ਜਾਂਦੀ ਹੈ?**
-ਪੰਜਾਬੀ ਲਿਖਣ ਲਈ ਵਰਤੇ ਜਾਂਦੇ ਫਾਰਸੀ ਅੱਖਰ।

**ਦੁੱਲਾ ਭੱਟੀ ਦੀ ਬਾਰ ਕਿਹੜੀ ਸੀ?**
-ਸਾਂਦਲਬਾਰ, ਦਰਿਆ ਰਾਵੀ ਤੇ ਝਨਾਂ ਵਿਚਕਾਰ ਰਚਨਾ ਦੁਆਬਾ।

**ਲਹਿੰਦੀ ਉਪ ਬੋਲੀ ਦਾ ਇਲਾਕਾ ਕਿਹੜਾ ਸੀ?**
-ਮੁਲਤਾਨ, ਬਹਾਵਲਪੁਰ, ਝੰਗ, ਸ਼ਾਹਪੁਰ, ਮੁਜ਼ੱਫਰਗੜ੍ਹ, ਲੀਆਹ।

**ਰਿਆੜਕੀ ਦਾ ਖੇਤਰ ਕਿੱਥੇ ਹੈ?**
-ਦਰਿਆ ਬਿਆਸ ਦੇ ਪੱਛਮ ਵਲ ਸ੍ਰੀ ਹਰਗੋਬਿੰਦਪੁਰ ਘੁਮਾਣ ਹਰਚੋਵਾਲ ਕਾਦੀਆਂ, ਕਾਹਨੂੰਵਾਨ ਦਾ ਖੇਤਰ ਜ਼ਿਲਾ ਗੁਰਦਾਸਪੁਰ।

**ਅੰਬੀਆਂ ਦਾ ਦੇਸ ਕਿਸ ਇਲਾਕੇ ਨੂੰ ਆਖਦੇ ਨੇ?**
-ਦੁਆਬਾ ਬਿਸਤ ਜਾਂ ਹੁਸ਼ਿਆਰਪੁਰ, ਨਵਾਂਸ਼ਹਿਰ, ਜਲੰਧਰ, ਕਪੂਰਥਲਾ ਦੇ ਜ਼ਿਲੇ।

*-ਡਾ. ਨਿਰਮਲ ਸਿੰਘ*

# ਰਿਜ਼ਕ ਲੱਭਦੇ ਬੰਦਿਆਂ ਦੀਆਂ ਬਾਤਾਂ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

"ਸੁਣਾ ਤਾਇਆ, ਅੱਜ ਸਵੇਰੇ-ਸਵੇਰੇ ਹੀ ਪੋਚਵੀਂ ਪੱਗ ਬੰਨ੍ਹੀ ਫਿਰਦਾਂ। ਕਿਸੇ ਦਾ ਅੰਗੂਠਾ ਲਵਾਉਣ ਜਗਰਾਉਂ ਨੂੰ ਤਾਂ ਨਹੀਂ ਜਾਣਾ," ਬੱਗੇ ਨੇ ਸ਼ਰਾਰਤੀ ਬੋਲਾਂ ਨਾਲ ਦਲੀਪ ਸਿੰਘ ਕਨੇਡੀਅਨ ਨੂੰ ਪੁੱਛਿਆ।

"ਪੁੱਤਰਾ, ਅੱਜ-ਕੱਲ੍ਹ ਅੰਗੂਠਾ ਲਵਾਉਣਾ ਖਾਲਾ ਜੀ ਦਾ ਵਾੜਾ ਨਹੀਂ। ਇਕ ਕਿੱਲਾ ਹੀ ਸਾਰੇ ਖਾਤੇ ਸਾਫ਼ ਕਰ ਦਿੰਦਾ ਹੈ।" ਜ਼ਮੀਨਾਂ ਦੇ ਲੋੜੋਂ ਵਧੇ ਰੇਟ 'ਤੇ ਟਕੋਰ ਕਰਦਿਆਂ ਦਲੀਪ ਸਿੰਘ ਨੇ ਉਤਰ ਦਿੱਤਾ।

"ਜਦੋਂ ਦਾ ਸ਼ਹਿਰਾਂ ਨੇੜਲੇ ਪਿੰਡਾਂ ਨੂੰ ਵਪਾਰੀ ਤਬਕੇ ਨੇ ਸ਼ਹਿਰੀ ਰੂਪ ਦੇਣਾ ਸ਼ੁਰੂ ਕੀਤਾ ਹੈ, ਉਸ ਸਮੇਂ ਤੋਂ ਸਾਡੇ ਪਿੰਡਾਂ ਦੀਆਂ ਜ਼ਮੀਨਾਂ ਦੇ ਭਾਅ ਤੇਜ਼ ਹੋ ਗਏ ਹਨ। ਸ਼ਹਿਰਾਂ ਨੇੜਲੇ ਪਿੰਡਾਂ ਦੇ ਇਕ ਕਿੱਲੇ ਦਾ ਭਾਅ ਇਕ ਕਰੋੜ ਤੋਂ ਦੋ ਕਰੋੜ ਰੁਪਏ ਤੱਕ ਹੋਇਆ ਪਿਆ ਹੈ। ਅਗਲਾ ਇਕ ਕਿੱਲਾ ਵੇਚ ਕੇ ਸਾਡੇ ਪਿੰਡਾਂ ਵਿਚ ਪੰਜ-ਛੇ ਕਿੱਲੇ ਬਣਾ ਲੈਂਦਾ ਹੈ।" ਕਰਮੇ ਪਟਵਾਰੀ ਨੇ ਗੱਲ ਵਿਚਾਲਿਓਂ ਕੱਟਦਿਆਂ ਆਪਣੀ ਹੀ ਸੁਣਾ ਦਿੱਤੀ।

"ਹੁਣ ਤਾਂ ਤਾਏ ਵਰਗੇ ਬਾਹਰਲੇ ਬੰਦੇ ਵੀ ਹੱਥੇ ਖੜ੍ਹੇ ਕਰ ਗਏ। ਪਹਿਲਾਂ ਇਨ੍ਹਾਂ ਦਾ ਵੀ ਰੋਕਾ ਹੁੰਦਾ ਸੀ। ਹੁਣ ਤਾਂ ਤਾਇਆ ਕਹਿੰਦਾ, ਕਨੇਡਾ ਵਿਚ ਵੀ ਮਸੀਂ ਸਰਦਾ। ਜ਼ਮੀਨਾਂ ਕਿੱਥੇ ਲੈ ਹੋਣੀਆਂ।" ਬੱਗੇ ਨੇ ਗੱਲ ਤਾਏ ਵੱਲ ਤੋਰਦਿਆਂ ਕਿਹਾ।

"ਬੱਗਿਆ, ਵੀਹ ਲੱਖ ਇਕ ਕਿੱਲੇ 'ਤੇ ਲਾ ਕੇ ਮਾਮਲਾ ਤੀਹ ਹਜ਼ਾਰ ਆਉਣਾ। ਹੁਣ ਕੋਈ ਫਾਇਦਾ ਨਹੀਂ ਪੈਸੇ ਲਾਉਣ ਦਾ। ਮੇਰੇ ਪੋਤਿਆਂ ਨੇ ਪਿੰਡ ਆਉਣਾ ਨਹੀਂ। ਮੇਰੇ ਮਰੇ ਤੋਂ ਬਾਅਦ ਪੁੱਤਾਂ ਨੇ ਖੁਦ ਜ਼ਮੀਨ ਬੈਅ ਕਰ ਜਾਣੀ ਹੈ। ਇਹ ਤਾਂ ਮੇਰੀ ਸ਼ਰਮ ਕਰਕੇ ਰੁਕੇ ਨੇ। ਨਹੀਂ ਤਾਂ ਕਦੋਂ ਦੇ ਬੈਅ ਕਰ ਜਾਂਦੇ।" ਦਲੀਪ ਸਿੰਘ ਨੇ ਪੁੱਤਾਂ ਦੀ ਸੋਚ ਦੀ ਭਵਿੱਖਵਾਣੀ ਕੀਤੀ।

"ਹੁਣ ਤਾਂ ਬਾਹਰਲੇ ਬੰਦੇ ਆਪਣੀਆਂ ਜ਼ਮੀਨਾਂ, ਘਰ, ਕੋਠੀਆਂ ਵੇਚਣ ਨੂੰ ਪਹਿਲ ਦੇਣ ਲੱਗੇ ਗਏ ਨੇ। ਪਹਿਲਾਂ ਜੇ ਕੋਈ ਘੋਨ-ਮੋਨ ਬੰਦਾ ਵੇਖਦੇ ਸੀ ਤਾਂ ਅਸੀਂ ਅੰਦਾਜ਼ਾ ਲਾਉਂਦੇ ਸੀ ਕਿ ਅਮਰੀਕਾ, ਕਨੇਡਾ ਵਾਲਾ ਹੈ। ਕਿਸੇ ਦਾ ਚੁੱਲ੍ਹਾ ਟੈਕਸ ਮੁਆਫ਼ ਕਰਨ ਆਇਆ ਹੈ। ਹੁਣ ਜੇ ਕਿਸੇ ਬਾਹਰਲੇ ਨੂੰ ਵੇਖੀਦਾ ਹੈ ਤਾਂ ਸੋਚੀਦਾ ਹੈ ਕਿ ਜ਼ਮੀਨ ਵੇਚਣ ਆਇਆ ਹੋਊ।" ਕਰਮੇ ਪਟਵਾਰੀ ਨੇ ਕਚਹਿਰੀਆਂ ਦਾ ਹਾਲ ਦੱਸਿਆ।

"ਬਾਹਰ ਡਾਲਰ ਝਾੜੀਆਂ ਨੂੰ ਨਹੀਂ ਲੱਗਦੇ ਕਿ ਸੋਟੀ ਮਾਰ ਕੇ ਝਾੜ ਲਈਏ ਅਤੇ ਬੋਰੀ ਭਰ ਲਈਏ। ਗੋਰੇ ਕੰਮ ਕਰਵਾ ਕੇ ਕੰਨਾਂ ਥਾਈਂ ਸੇਕ ਕੱਢ ਦਿੰਦੇ ਨੇ। ਫਿਰ ਕਿਤੇ ਜਾ ਕੇ ਡਾਲਰ ਦਾ ਮੂੰਹ ਵੇਖ ਹੁੰਦਾ। ਉਥੇ ਜਨਾਨੀਆਂ ਦੀ ਅੱਡ ਮੱਤ ਬੱਜੀ ਪਈ ਹੈ। ਟਰੱਕਾਂ ਵਾਲੇ ਵੇਖ ਲਵੋ, ਭਾਵੇਂ ਟੈਕਸੀਆਂ ਵਾਲੇ ਤੇ ਸਟੋਰਾਂ ਵਾਲੇ; ਸਾਰੇ ਫਸੇ ਮਾਰ ਖਾਈ ਜਾਂਦੇ ਹਨ। ਡੀਜ਼ਲ ਨੇ ਟਰੱਕਾਂ ਵਾਲਿਆਂ ਦਾ ਧੂੰਆਂ ਕੱਢਿਆ ਪਿਆ ਹੈ। ਮੁਸਾਫਿਰਾਂ ਦੀ ਆਵਾਜਾਈ ਘੱਟਣ ਨਾਲ ਟੈਕਸੀ ਵਾਲਿਆਂ ਦਾ ਮੰਦਾ ਹੈ। ਲੋਕਾਂ ਨੂੰ ਰੋਟੀ ਦਾ ਫ਼ਿਕਰ ਪਿਆ ਹੈ। ਉਨ੍ਹਾਂ ਨੇ ਬੀਅਰ, ਸ਼ਰਾਬ ਲੈਣ ਕਦੋਂ ਸਟੋਰਾਂ 'ਤੇ ਜਾਣਾ ਹੈ? ਖੇਤਾਂ ਵਾਲੇ ਅੱਡ ਦੁਖੀ ਹੋਏ ਪਏ ਨੇ। ਕੰਪਨੀਆਂ, ਫੈਕਟਰੀਆਂ ਰੋਜ਼ ਹੀ ਲੇ-ਔਟ ਕਹੀ ਜਾਂਦੀਆਂ ਹਨ। ਮੰਦੇ ਦੇ ਦੌਰ ਵਿਚ ਸਾਰਿਆਂ ਨੂੰ ਪਰਿਵਾਰ ਪਾਲਣ ਦਾ ਫ਼ਿਕਰ ਲੱਗਿਆ ਹੋਇਆ ਹੈ।" ਦਲੀਪ ਸਿੰਘ ਨੇ ਕਨੇਡਾ, ਅਮਰੀਕਾ ਦਾ ਸਾਂਝਾ ਹਾਲ ਸੁਣਾ ਦਿੱਤਾ।

"ਬਾਈ, ਜਿਹੜਾ ਇਕ ਵਾਰ ਚਲਿਆ ਜਾਂਦਾ, ਫਿਰ ਵਾਪਸ ਤਾਂ ਆਉਂਦਾ ਨਹੀਂ।" ਕਰਮੇ ਪਟਵਾਰੀ ਨੇ ਦਲੀਪ ਸਿੰਘ ਤੋਂ ਪੁੱਛਿਆ।

"ਪਟਵਾਰੀ ਜੀ, ਤੁਹਾਡੀ ਗੱਲ ਠੀਕ ਹੈ। ਉਥੇ ਜਾ ਕੇ ਵੀ ਬੰਦਾ ਫਸ ਜਾਂਦਾ। ਜੇ ਉਨ੍ਹਾਂ ਦੇਸ਼ਾਂ ਵਿਚ ਇਕੱਲਾ ਬੰਦਾ ਗਿਆ, ਤੇ ਵਿਆਹਿਆ ਹੋਇਆ ਤਾਂ ਆਪ ਪੱਕਾ ਹੋ ਕੇ ਬੱਚੇ ਬੁਲਾ ਲੈਂਦਾ। ਜੇ ਕੁਆਰਾ ਗਿਆ ਤਾਂ ਉਥੇ ਹੀ ਵਿਆਹ ਕਰਵਾ ਕੇ ਸੈਟ ਹੋ ਜਾਂਦਾ। ਜਿਹੜਾ ਪਰਿਵਾਰਾਂ ਨੂੰ ਲੈ ਕੇ ਜਾਂਦਾ, ਉਹ ਪਹਿਲਾਂ ਇੱਥੋਂ ਸਭ ਵੇਚ ਵੱਟ ਲੈਂਦਾ। ਪਿੱਛੇ ਕੁਝ ਦਿਸਦਾ ਨਹੀਂ। ਫਿਰ ਉਥੇ ਹੀ ਸੱਪ ਵਾਂਗ ਜ਼ਹਿਰ ਘੋਲੀ ਜਾਂਦਾ ਹੈ।" ਦਲੀਪ ਸਿੰਘ ਨੇ ਪਟਵਾਰੀ ਦੀ ਗੱਲ ਦਾ ਜਵਾਬ ਦਿੱਤਾ।

"ਤਾਇਆ, ਪੋਚਵੀਂ ਦੱਸੀ ਨਹੀਂ ਫਿਰ ਕਿਵੇਂ ਸਜਾਈ ਹੈ?" ਬੱਗਾ ਫਿਰ ਆਪਣੀ ਪੁੱਛੀ ਹੋਈ ਗੱਲ 'ਤੇ ਆ ਗਿਆ।

"ਬੱਗਿਆ! ਪਿੰਡਾਂ ਵਿਚ ਮੰਗਣੇ, ਵਿਆਹ, ਅਖੰਡ ਪਾਠਾਂ ਦੇ ਪ੍ਰੋਗਰਾਮ ਨਹੀਂ ਮੁੱਕਦੇ। ਨਿੱਤ ਕੋਈ ਨਾ ਕੋਈ ਸੱਦਾ ਪੱਤਰ ਆਇਆ ਹੀ ਰਹਿੰਦਾ ਹੈ।" ਦਲੀਪ ਸਿੰਘ ਨੇ ਉਤਰ ਦਿੱਤਾ, "ਅੱਜ ਵੀ ਮਿਸਤਰੀਆ ਦੇ ਅਖੰਡ ਪਾਠ ਦਾ ਭੋਗ ਹੈ, ਮੈਂ ਉਥੇ ਚੱਲਿਆਂ।"

"ਦਲੀਪ ਸਿਆਂ, ਵੇਖ ਲੈ ਮਿਸਤਰੀਆਂ ਨੇ ਇੱਥੇ ਹੀ ਕਨੇਡਾ ਬਣਾਈ ਹੋਈ ਹੈ।" ਸੂਬੇਦਾਰ ਅੰਦਰੋਂ ਮੁੱਛਾਂ ਨੂੰ ਤਾਅ ਦਿੰਦਾ ਬਾਹਰ ਨਿਕਲਦਾ ਬੋਲਿਆ।

"ਸੂਬੇਦਾਰਾ, ਇਹ ਤਾਂ ਮਿਹਨਤ ਦਾ ਨਤੀਜਾ।" ਦਲੀਪ ਸਿੰਘ ਨੇ ਜਵਾਬ ਦਿੱਤਾ।

"ਤਾਇਆ! ਮਿਸਤਰੀ ਪੰਜ ਕਿੱਲੇ ਬੈਅ ਲੈ ਗਏ। ਸਣੇ ਜਵਾਕ ਸੱਤ ਬੰਦੇ ਹਨ। ਕੋਈ ਖਰਾਦ ਚਲਾਈ ਜਾਂਦੈ, ਕੋਈ ਬਿਲਡਿੰਗ ਖੜ੍ਹੀ ਕਰੀ ਜਾਂਦੈ, ਇਕ ਮਿੰਟ ਵੀ ਵਿਹਲੇ ਨਹੀਂ ਬੈਠਦੇ। ਵੇਖ ਲੈ ਕਿੰਨੀ ਵੱਡੀ ਕੋਠੀ ਪਾਈ ਹੈ। ਸਾਰੇ ਗੁਰਸਿੱਖ ਹਨ। ਆਂਡਾ-ਸ਼ਰਾਬ ਘਰ ਨਹੀਂ ਵਾੜਦੇ। ਨਾ ਕਿਸੇ ਪਾਰਟੀ ਨਾਲ ਸਬੰਧ ਰੱਖਦੇ ਨੇ। ਮਿੱਠੇ ਇੰਨੇ ਨੇ, ਅਗਲੇ ਦੇ ਅੰਦਰ ਵੜ ਜਾਂਦੇ ਹਨ। ਹਰ ਸਾਲ ਅਖੰਡ ਪਾਠ ਕਰਵਾਉਂਦੇ ਨੇ। ਬਈ, ਇਨ੍ਹਾਂ ਨੇ ਸਾਰੇ ਜੱਟ ਕਰਜ਼ੇ ਥੱਲੇ ਕੀਤੇ ਹੋਏ ਹਨ।" ਬੱਗੇ ਨੇ ਮਿਸਤਰੀਆਂ ਦੀ ਵਡਿਆਈ ਦੇ ਪੁਲ ਬੰਨ੍ਹ ਦਿੱਤੇ।"

"ਤੁਸੀਂ ਉਹ ਨਹੀਂ ਵੇਖਿਆ, ਜਿਹੜਾ ਮੁੱਲਾਂਪੁਰ ਮੋੜ 'ਤੇ ਜੂਸ ਦੀ ਰੇੜ੍ਹੀ ਲਾਉਂਦਾ ਸੀ। ਅੱਜ ਉਸ ਕੋਲ ਦੋ ਦੁਕਾਨਾਂ ਨੇ। ਵਧੀਆ ਕੋਠੀ ਪਾਈ ਹੋਈ ਹੈ। ਦੋਵੇਂ ਮੁੰਡੇ ਪੜ੍ਹਾ ਲਿਖਾ ਕੇ ਅਫ਼ਸਰ ਲਾ ਦਿੱਤੇ ਹਨ। ਵਿਚਾਰਾ ਕਾਨਪੁਰ ਵਿਖੇ ਹੋਏ ਸਿੱਖ ਕਤਲੇਆਮ ਵਿਚ ਆਪਣਾ ਸਭ ਕੁਝ ਲੁਟਾ ਆਇਆ ਸੀ। ਇਕ ਪੈਸੇ ਤੋਂ ਕੰਮ ਸ਼ੁਰੂ ਕੀਤਾ ਸੀ। ਸਾਰੇ ਕਹਿੰਦੇ ਹੁੰਦੇ ਸੀ ਕਿ ਲੋਕਾਂ ਦੇ ਝੂਠੇ ਭਾਂਡੇ ਮਾਂਜੀ ਜਾਂਦਾ ਹੈ।" ਸੂਬੇਦਾਰ ਨੇ ਜੂਸ ਵਾਲੇ ਦੀ ਮਿਹਨਤ ਦੇ ਬਾਰੇ ਦੱਸਿਆ।

"ਸੂਬੇਦਾਰਾ, ਇੱਥੇ ਹੀ ਭਾਂਡੇ ਮਾਂਜਣ ਦੀ ਸ਼ਰਮ ਮੰਨਦੇ ਨੇ। ਆਪਣੇ ਪਿੰਡ ਦੇ ਕਿੰਨੇ ਬੰਦੇ ਗਿਣਾਵਾਂ ਜਿਹੜੇ ਰੈਸਟੋਰੈਂਟਾਂ ਵਿਚ ਭਾਂਡੇ ਮਾਂਜਦੇ ਨੇ। ਆਹ ਪਿਛਲੇ ਸਾਲ ਆਪਣੇ ਪਿੰਡ ਵਾਲਾ ਸੱਤੋ ਕਨੇਡਾ ਗਿਆ। ਮੁੰਡਿਆਂ ਨੇ ਰੈਸਟੋਰੈਂਟ 'ਤੇ ਲਾ ਦਿੱਤਾ। ਅਗਲੇ ਨੇ ਭਾਂਡੇ ਮਾਂਜਣ ਦਾ ਕੰਮ ਦੇ ਦਿੱਤਾ। ਅਸੀਂ ਸੱਤੋ ਨੂੰ ਮਿਲਣ ਚਲੇ ਗਏ। ਸਾਨੂੰ ਵੇਖ ਪਿਛਲੇ ਗੇਟ ਥਾਈਂ ਬਾਹਰ ਨਿਕਲ ਕੇ ਲੁਕ ਗਿਆ। ਮੁੰਡੇ ਦੋ ਵੀਕਾਂ ਬਾਅਦ ਚੈਕ ਲੈਣ ਗਏ। ਮਾਲਕ ਕਹਿੰਦਾ, ਬਾਪੂ ਨੇ ਭਾਂਡੇ ਘੱਟ ਮਾਂਜੇ ਨੇ, ਮੇਰੀਆਂ ਪਲੇਟਾਂ, ਕੌਲੀਆਂ ਜ਼ਿਆਦਾ ਤੋੜੀਆਂ ਹਨ। ਮੇਰੇ ਪੈਸੇ ਤੁਹਾਡੇ ਵੱਲ ਨਿਕਲਦੇ ਹਨ। ਮਸਾਂ ਬਰਾਬਰ 'ਤੇ ਕੰਮ ਮੁੱਕਿਆ। ਫਿਰ ਸੱਤੋ ਐਸਾ ਟਰੇਨ ਹੋਇਆ, ਅੱਜ ਚੋਟੀ ਦਾ ਡਿੱਸ਼-ਵਾਸ਼ਰ ਬਣਿਆ ਹੋਇਆ ਹੈ।" ਦਲੀਪ ਸਿੰਘ ਨੇ ਕਨੇਡਾ ਵਿਚ ਹੁੰਦੀ ਕਮਾਈ ਦਾ ਵਰਣਨ ਕੀਤਾ।

"ਮੁੱਲਾਂਪੁਰ ਸ਼ਹਿਰ ਵਿਚ ਜਿੰਨਾ ਰੇੜ੍ਹੀਆਂ ਵਾਲਾ ਸਾਰਾ, ਯੂ.ਪੀ., ਬਿਹਾਰ ਦਾ ਭਈਆ। ਕੋਈ ਸਬਜ਼ੀ ਵੇਚੀ ਜਾਂਦਾ, ਕੋਈ ਫਲ-ਫਰੂਟ। ਸ਼ਾਮ ਨੂੰ ਪੰਜ ਸੌ ਦਿਹਾੜੀ ਪਾਉਂਦੇ ਨੇ। ਸਾਡੇ ਬੰਦਿਆਂ ਕੋਲੋਂ ਘਰ-ਖਾਣ ਵਾਸਤੇ ਵੀ ਸਬਜ਼ੀ ਨਹੀਂ ਉਗਾਈ ਜਾਂਦੀ। ਤੀਵੀਆਂ ਨੂੰ ਸਾਬਣ, ਤੌਲੀਏ ਤੱਕ ਭਈਏ ਫੜਾਉਂਦੇ ਨੇ। ਫਿਰ ਲੋਕ ਕਹਿੰਦੇ ਨੇ, ਅੱਜ ਦੇ ਜਵਾਨਾਂ ਦੇ ਨੱਕ ਬੜੇ ਚੌੜੇ ਹੋਣ ਲੱਗ ਪਏ ਨੇ। ਬਾਹਰ ਜਾ ਕੇ ਸਾਡੇ ਬੰਦੇ ਸਭ ਕੁਝ ਕਰਦੇ ਨੇ ਪਰ ਇੱਥੇ ਰਹਿ ਕੇ ਕੰਮ ਕਰਨਾ ਸ਼ਰਮ ਮੰਨਦੇ ਨੇ।" ਸੂਬੇਦਾਰ ਨੇ ਵਿਹਲੜਾਂ 'ਤੇ ਤੋੜਾਂ ਝਾੜਦੇ ਹੋਏ ਮੁੱਛਾਂ ਨੂੰ ਤਾਅ ਦੇ ਦਿੱਤਾ।

"ਲੁਧਿਆਣਾ ਸ਼ਹਿਰ ਅੱਜ ਚੱਲਦਾ ਹੀ ਭਈਆਂ ਸਿਰ 'ਤੇ ਹੈ। ਸਾਡੇ ਬੰਦੇ ਬਾਹਰ ਜਾ ਕੇ ਭਈਆਂ ਵਾਲੇ ਕੰਮ ਕਰਦੇ ਹਨ। ਇੱਥੇ ਕਿਸੇ ਨੂੰ ਕਹੀਦਾ, ਫਲਾਣਾ ਕੰਮ ਕਰ ਲੈ; ਬਹੁਤ ਪੈਸੇ ਬਣਦੇ ਨੇ; ਜਵਾਬ ਨਾਂਹ ਵਿਚ ਮਿਲਦਾ ਹੈ। ਉਥੇ ਘਰਾਂ ਵਿਚ ਕੁਲਫੀਆਂ ਵੇਚਦੇ ਫਿਰਦੇ ਨੇ। ਪੰਜਾਬ ਆ ਕੇ ਕਹਿਣਗੇ, "ਸਾਡਾ ਆਈਸਕ੍ਰੀਮ ਦਾ ਬਿਜਨੈਸ ਹੈ।" ਕਰਮਾ ਪਟਵਾਰੀ ਆਪਣੀ ਸੁਣਾ ਗਿਆ।

"ਪਟਵਾਰੀ ਜੀ, ਤੁਸੀਂ ਤਾਂ ਆਪ ਇਕ ਗੇੜਾ ਲਾ ਕੇ ਸਭ ਕੁੱਝ ਵੇਖ ਆਏ ਹੋ। ਚੰਗੇ ਰਹੇ, ਉਥੇ ਕੰਮ 'ਤੇ ਨਹੀਂ ਲੱਗੇ। ਨਹੀਂ ਤਾਂ ਡਾਲਰਾਂ ਦੇ ਚੱਕਰਾਂ ਵਿਚ ਪੈ ਜਾਣਾ ਸੀ। ਫਿਰ ਨੌਕਰੀਆਂ ਹੀ ਗਿਣੀ ਜਾਣੀਆਂ ਸੀ।" ਦਲੀਪ ਸਿੰਘ ਨੇ ਕਰਮੇ ਨੂੰ ਕਨੇਡਾ ਦਾ ਗੇੜਾ ਯਾਦ ਕਰਾਇਆ।

"ਦਲੀਪ ਸਿਆਂ, ਮੁੰਡੇ ਨੇ ਬਥੇਰਾ ਜ਼ੋਰ ਲਾਇਆ ਸੀ ਪਰ ਮੈਨੂੰ ਮਿੱਠੀ ਕੈਦ ਪਸੰਦ ਨਹੀਂ। ਇੱਥੇ ਵੀਹ ਬੰਦੇ ਸ਼ਾਮ ਤੱਕ "ਸਤਿ ਸ੍ਰੀ ਅਕਾਲ" ਬਲਾਉਂਦੇ ਨੇ। ਸ਼ਾਮ ਨੂੰ ਦੋ ਪੈਗ ਲਾ ਕੇ ਗਰਮ ਰੋਟੀ ਛਕ ਕੇ ਸੌਂ ਜਾਈਦਾ ਹੈ। ਆਪਣੀ ਇੱਥੇ ਹੀ ਕਨੇਡਾ ਹੈ।" ਕਰਮੇ ਨੇ ਆਪਣੀ ਨੌਕਰੀ ਦੀ ਧੌਂਸ ਵਿਖਾਉਂਦਿਆਂ ਉਤਰ ਦਿੱਤਾ।

"ਸੱਚੀ ਗੱਲ ਹੈ ਪਟਵਾਰੀ ਜੀ। ਕੁੱਝ ਮਰਜ਼ੀ ਕਹਿ ਲਵੋ, ਮੌਜਾਂ ਪਿੰਡਾਂ ਵਾਲੇ ਹੀ ਕਰਦੇ ਨੇ। ਹਾਜ਼ਰੀ ਛਕ ਕੇ ਪੱਤੇ ਕੁੱਟੀ ਜਾਂਦੇ ਨੇ। ਕਣਕ ਬੀਜ ਕੇ ਵਿਹਲੇ ਹੋ ਜਾਂਦੇ ਨੇ। ਹਰ ਪਿੰਡ ਖੇਡਾਂ ਹੁੰਦੀਆਂ ਨੇ। ਰੋਜ਼ ਹੀ ਖੇਡਾਂ ਵੇਖਣ ਤੁਰੇ ਰਹਿੰਦੇ ਨੇ।" ਬੱਗੇ ਨੇ ਖੇਸ ਦੀ ਬੁੱਕਲ ਮਾਰਦਿਆਂ ਪਟਵਾਰੀ ਦਾ ਪੱਖ ਪੂਰਿਆ।

"ਸੂਬੇਦਾਰਾ! ਚੱਲੀਏ ਫਿਰ। ਅਰਦਾਸ ਸ਼ੁਰੂ ਹੋ ਗਈ। ਨਹੀਂ ਅਗਲਿਆਂ ਕਹਿਣਾ, ਜਲੇਬੀਆਂ ਖਾਣ ਆ ਗਏ।" ਦਲੀਪ ਸਿੰਘ ਨੇ ਕਿਹਾ। ਦੋਵੇਂ ਮਿਸਤਰੀਆਂ ਦੇ ਘਰ ਵੱਲ ਤੁਰ ਪਏ।

"ਸੂਬੇਦਾਰਾ, ਆਹ ਨਾਲੀਆਂ ਤੇ ਗਲੀਆਂ ਦਾ ਹਾਲ ਪਹਿਲਾਂ ਨਾਲੋਂ ਵੀ ਮੰਦਾ ਹੋਇਆ ਪਿਆ। ਤੁਸੀਂ ਸਰਪੰਚ ਆਪਣੀ ਪੱਤੀ ਦਾ ਬਣਾਇਆ। ਫਿਰ ਵੀ ਆਹ ਹਾਲ ਕਰੀ ਬੈਠੇ ਹੋ।" ਦਲੀਪ ਸਿੰਘ ਗੁੱਝਾ ਵਾਰ ਕਰ ਗਿਆ।

"ਦਲੀਪ ਸਿਆਂ, ਸਾਨੂੰ ਸਾਡੇ ਦੂਜੇ ਲਾਣੇ ਨੇ ਮਾਰਿਆ। ਵੋਟਾਂ ਤੋਂ ਦੋ ਦਿਨ ਪਹਿਲਾਂ ਦੂਜੀ ਪਾਰਟੀ ਨਾਲ ਰਲ ਗਏ। ਉਸ ਜਿੱਤ ਵਿਚ ਸਰਪੰਚ ਨੇ ਸਾਡੇ ਰਾਹ ਦਾ ਆਹ ਹਾਲ ਕੀਤਾ। ਕਦੇ ਕਸ਼ਮੀਰੀਏ ਲਾ ਦਿੰਦਾ ਫੋਨਾਂ ਦੀਆਂ ਤਾਰਾਂ ਪਵਾਉਣ ਲਈ, ਕਦੇ ਸੀਵਰੇਜ ਲਈ ਪਾਈਪਾਂ ਦੱਬਣ ਲਈ। ਸਾਰੇ ਰਾਹ ਚਾਰ-ਚਾਰ ਵਾਰੀ ਪਟਾ ਚੁੱਕਿਐ। ਸਾਡੀਆਂ ਪਾਈਆਂ ਵੋਟਾਂ ਵੀ ਖੂਹ ਵਿਚ ਗਈਆਂ।" ਸੂਬੇਦਾਰ ਨੇ ਸਰਪੰਚ ਦੀ ਪੱਖਵਾਦੀ ਸੋਚ ਨੂੰ ਨਿੰਦਿਆ।

"ਸਰਪੰਚ ਦਾ ਬਾਪੂ ਪਿਛਲੇ ਤੀਹ ਸਾਲਾਂ ਤੋਂ ਗੁਰਦੁਆਰਾ ਸਾਹਿਬ ਵਿਚ ਚੌਰ ਸਾਹਿਬ ਦੀ ਸੇਵਾ ਕਰਦਾ ਆ ਰਿਹਾ ਹੈ। ਬਿਨਾ ਨਾਗਾ ਕਥਾ ਦੇ ਸਮੇਂ ਅੱਖਾਂ ਮੀਚ ਕੇ ਚੌਰ ਸਾਹਿਬ ਘੁਮਾਈ ਜਾਂਦਾ ਹੈ। ਜੇ ਕੋਈ ਚੌਰ ਸਾਹਿਬ ਦੀ ਸੇਵਾ ਮੰਗੇ ਤਾਂ ਭੱਜੇ ਕੇ ਪੈਂਦਾ ਹੈ। ਭਲਾ ਕੋਈ ਪੁੱਛੇ ਉਸ ਨੂੰ, ਬਈ ਤੇਰੇ ਦਿਲ ਵਿਚ ਭੋਰਾ ਜਿੰਨੀ ਵੀ ਦਿਆਲਤਾ ਨਹੀਂ ਆਈ। ਪੁੱਤ ਸਰਪੰਚ ਬਣ ਕੇ ਲੋਕਾਂ ਨਾਲ ਧੱਕੇਸ਼ਾਹੀ ਕਰੀ ਜਾਂਦਾ।" ਸੂਬੇਦਾਰ ਨੇ ਦੁਖੀ ਦਿਲ ਨਾ ਕਿਹਾ।

"ਸੂਬੇਦਾਰਾ! ਇਹ ਸਭ ਵਿਖਾਵੇ ਨੇ। ਰਾਮ-ਰਾਮ ਕਰਿਆਂ ਰੱਬ ਨਹੀਂ ਮਿਲਦਾ। ਹੁਣ ਤਾਂ ਬਾਹਰਲੇ ਮੁਲਕਾਂ ਵਿਚ ਵੀ ਸਰਿਆ ਪਿਆ। ਗੁਰਦੁਆਰਿਆਂ ਵਿਚ ਰੱਬ ਪਾਉਣ ਦੀ ਨਹੀਂ, ਪ੍ਰਧਾਨਗੀਆਂ ਦੀਆਂ ਲੜਾਈਆਂ ਨੇ। ਹਰ ਗੁਰੂ ਘਰ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਬਿਨਾ ਵੋਟਾਂ ਤੇ ਬਿਨਾ ਲੜਾਈਆਂ ਨਹੀਂ ਹੁੰਦੀ। ਭਲਾ ਇਨ੍ਹਾਂ ਨੂੰ ਪੁੱਛੇ, ਬਈ ਕਰਨੀ ਤਾਂ ਗੁਰੂ ਘਰ ਸੇਵਾ ਹੈ, ਫਿਰ ਇਹ ਲੜਾਈਆਂ ਅਤੇ ਵੋਟਾਂ ਕਿਉਂ? ਜਿਹੜਾ ਬੰਦਾ ਸੇਵਾ ਕਰਨੀ ਚਾਹੁੰਦਾ ਹੈ, ਉਸ ਨੂੰ ਮੌਕਾ ਦਿਓ। ਜੇ ਉਸ ਦੀ ਸੇਵਾ 'ਤੇ ਗਿਲਾ-ਸ਼ਿਕਵਾ ਹੈ ਤਾਂ ਫਿਰ ਰਜ਼ਾਮੰਦੀ ਨਾਲ ਕਿਸੇ ਦੂਜੇ ਨੂੰ ਮੌਕਾ ਦੇ ਦਿਓ। ਦਸਤਾਰਾਂ ਲਈ ਬਾਹਰਲੀਆਂ ਸਰਕਾਰਾਂ ਨਾਲ ਲੜਦੇ ਨੇ ਕਿ "ਸਾਡੀਆਂ ਪੱਗਾਂ ਏਅਰਪੋਰਟ 'ਤੇ ਲੁਹਾਈਆਂ ਜਾਂਦੀਆਂ ਨੇ। ਜਦੋਂ ਇਹ ਆਪ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ-ਦੂਜੇ ਦੀਆਂ ਪੱਗਾਂ ਲਾਹੁੰਦੇ ਨੇ, ਵਾਲ ਪੁੱਟਦੇ ਨੇ; ਉਦੋਂ ਨਹੀਂ ਬੇਅਦਬੀ ਹੁੰਦੀ। ਫਿਰ ਪੁਲਿਸ ਆਉਂਦੀ ਹੈ। ਜੁੱਤੀਆਂ ਸਣੇ ਗੁਰਦੁਆਰਾ ਸਾਹਿਬ ਵਿਚ ਵੜ ਜਾਂਦੀ ਹੈ-ਉਦੋਂ ਨਹੀਂ ਬੇਅਦਬੀ ਹੁੰਦੀ। ਏਅਰਪੋਰਟਾਂ 'ਤੇ ਸਾਡੀ ਹੀ ਸੁਰੱਖਿਆ ਵਾਸਤੇ ਸਾਡੀ ਤਲਾਸ਼ੀ ਲਈ ਜਾਂਦੀ ਹੈ। ਕੀ ਪਤਾ ਕੌਣ ਸਿੱਖਾਂ ਦੇ ਬਾਣੇ ਵਿਚ ਕੋਈ ਨੁਕਸਾਨ ਕਰ ਦੇਵੇ?" ਦਲੀਪ ਸਿੰਘ ਨੇ ਅਮਰੀਕਾ, ਕਨੇਡਾ ਵਿਚ ਗੁਰਦੁਆਰਿਆਂ ਅਤੇ ਏਅਰਪੋਰਟਾਂ ਦਾ ਹਾਲ ਵਰਣਨ ਕੀਤਾ।

"ਦਲੀਪ ਸਿਆਂ, ਦਸਮੇਸ਼ ਪਿਤਾ ਇਨ੍ਹਾਂ ਨੂੰ ਸੁਮੱਤ ਬਖ਼ਸ਼ੇ। ਇਨ੍ਹਾਂ ਵਿਚ ਏਕਾ ਹੋ ਜਾਵੇ, ਫਿਰ ਹੀ ਸਾਰੀ ਕੌਮ ਦਾ ਭਲਾ ਹੈ।" ਸੂਬੇਦਾਰ ਨੇ ਵਿੰਨ੍ਹੇ ਪਏ ਦਿਲ ਨਾਲ ਕਿਹਾ।

"ਸੂਬੇਦਾਰ ਜੀ, ਸਾਡੇ ਬੰਦੇ ਚੌਧਰ ਦੇ ਭੁੱਖੇ ਹਨ। ਜੇ ਕਿਸੇ ਅੰਗਰੇਜ਼ ਨੂੰ ਗੁਰਦੁਆਰੇ ਬੁਲਾਉਂਦੇ ਹਨ ਤਾਂ ਉਸ ਦੇ ਅੱਗੇ-ਪਿੱਛੇ ਭੱਜੇ ਫਿਰਦੇ ਹਨ। ਭੱਜ-ਭੱਜ ਉਸ ਨਾਲ ਫੋਟੋਆਂ ਕਰਵਾਉਂਦੇ ਨੇ। ਸੇਵਾ ਭਾਵਨਾ ਨਾਲ ਅੱਗੇ ਨਹੀਂ ਆਉਂਦੇ, ਧੱਕੇ ਨਾਲ ਹੀ ਚੌਧਰੀ ਬਣੇ ਫਿਰਦੇ ਹਨ। ਮੇਰੇ ਮੁੰਡੇ ਦਾ ਇਕ ਮਿੱਤਰ ਗੋਰਾ ਹੈ। ਇਕੱਠੇ ਕੰਮ ਕਰਦੇ ਹਨ। ਉਹ ਮੇਰੇ ਮੁੰਡੇ ਨਾਲ ਕਈ ਵਾਰ ਗੁਰਦੁਆਰੇ ਜਾ ਆਇਆ ਹੈ। ਥੋੜ੍ਹੀ ਬਹੁਤੀ ਪੰਜਾਬੀ ਵੀ ਬੋਲ ਲੈਂਦਾ ਹੈ। ਇਕ ਦਿਨ ਉਹ ਮੁੰਡੇ ਨੂੰ ਕਹਿੰਦਾ-ਚੱਲ ਮੇਰੇ ਨਾਲ ਚਰਚ। ਉਥੇ ਸਪੀਚ ਸੁਣ ਕੇ ਆਈਏ। ਮੁੰਡੇ ਨੇ ਜਵਾਬ ਦੇ ਦਿੱਤਾ। ਉਹ ਕਹਿੰਦਾ-ਜੇ ਤੂੰ ਮੇਰੇ ਗੌਡ ਦੀ ਇੱਜ਼ਤ ਨਹੀਂ ਕਰਦਾ, ਮੈਂ ਵੀ ਤੇਰੇ ਨਾਲ ਗੁਰਦੁਆਰੇ ਨਹੀਂ ਜਾਣਾ। ਧਰਮਾਂ ਦੇ ਏਕੇ ਦੀ ਥਾਂ ਅਸੀਂ ਲੜ ਕੇ ਅਨੇਕ ਕਰੀ ਜਾ ਰਹੇ ਹਾਂ। ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ।" ਕੀ ਗੱਲਾਂ ਕਰਦੇ ਸੀ ਕਿੱਧਰ ਨੂੰ ਤੁਰ ਪਏ, ਦਲੀਪ ਸਿੰਘ ਨੂੰ ਲੱਗਿਆ ਜਿਵੇਂ ਉਹ ਲੋੜੋਂ ਵੱਧ ਬੋਲ ਗਿਆ ਹੋਵੇ।


ਫਿਰ ਸੂਬੇਦਾਰ ਬੋਲਿਆ, "ਦਲੀਪ ਸਿਆਂ! ਕੋਈ ਆਵੇ, ਸਾਡੀ ਭੜਕੀ ਹੋਈ ਕੌਮ ਨੂੰ ਟਿਕਾਵੇ। ਆਪਾਂ ਵੀ ਰਲ ਕੇ ਸਾਰੀ ਕੌਮ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ। ਸੱਚੇ ਮਨੋ ਕੀਤੀ ਅਰਦਾਸ ਕਦੇ ਬੇਅਰਥੀ ਨਹੀਂ ਜਾਂਦੀ।...ਦੋਵੇਂ ਅੰਦਰ ਲੰਘ ਕੇ ਮੱਥਾ ਟੇਕਣ ਲੱਗ ਪਏ। ਰੱਬ ਰਾਖਾ।

# ਖੇਡ ਸਾਹਿਤ 'ਚ ਡਾ. ਸੁਖਦਰਸ਼ਨ ਸਿੰਘ ਚਹਿਲ ਦੀ ਹੈਟ੍ਰਿਕ-'ਜੱਗ ਜੇਤੂ ਕਬੱਡੀ ਖਿਡਾਰੀ'

ਦੁਨੀਆਂ ਦੇ ਕੋਨੇ-ਕੋਨੇ 'ਚ ਪੁੱਜ ਚੁੱਕੀ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਜਿਸ ਤੇਜ਼ੀ ਨਾਲ ਨਵੇਂ ਮੁਕਾਮ ਹਾਸਲ ਕਰ ਰਹੀ ਹੈ, ਉਸ ਦੇ ਸਮਾਨੰਤਰ ਹੀ ਇਸ ਨਾਲ ਸਬੰਧਤ ਸਾਹਿਤਕ ਸਮੱਗਰੀ ਲਿਖਣ ਵਾਲੇ ਸ਼ਖ਼ਸ ਵੀ ਕਾਰਜਸ਼ੀਲ ਹਨ। ਇਨ੍ਹਾਂ ਵਿਚੋਂ ਇੱਕ ਹੈ ਡਾ. ਸੁਖਦਰਸ਼ਨ ਸਿੰਘ ਚਹਿਲ ਜਿਸ ਨੇ ਆਪਣੀਆਂ ਦੋ ਪੁਸਤਕਾਂ 'ਜਦ ਖੇਡੇ ਪੰਜੇ ਆਬ' ਅਤੇ 'ਕਰੋੜਾਂ ਦੀ ਕਬੱਡੀ' ਰਾਹੀਂ ਪੰਜਾਬੀ ਖੇਡ ਸਾਹਿਤ ਪ੍ਰੇਮੀਆਂ ਦੇ ਦਿਲਾਂ ਵਿਚ ਡੂੰਘੀ ਥਾਂ ਬਣਾ ਲਈ ਹੈ। ਉਸ ਨੇ ਆਪਣੀ ਤੀਸਰੀ ਰਚਨਾ 'ਜੱਗ ਜੇਤੂ ਕਬੱਡੀ ਖਿਡਾਰੀ' ਨਾਲ ਇੱਕ ਵਾਰ ਫਿਰ ਦਸਤਕ ਦਿੱਤੀ ਹੈ।

ਡਾ. ਚਹਿਲ ਦੀ ਪੁਸਤਕ 'ਜੱਗ ਜੇਤੂ ਕਬੱਡੀ ਖਿਡਾਰੀ' ਪਿਛਲੇ ਵਰ੍ਹੇ ਪੰਜਾਬ ਦੀ ਧਰਤੀ 'ਤੇ ਹੋਏ ਪਲੇਠੇ ਵਿਸ਼ਵ ਕਬੱਡੀ ਕੱਪ 'ਚ ਚੈਂਪੀਅਨ ਬਣੀ ਭਾਰਤੀ ਟੀਮ ਦੇ ਖਿਡਾਰੀਆਂ ਤੇ ਕੋਚਾਂ ਦੇ ਰੇਖਾ ਚਿੱਤਰਾਂ 'ਤੇ ਆਧਾਰਤ ਹੈ। ਇਸ ਪੁਸਤਕ 'ਚ 17 ਖਿਡਾਰੀਆਂ ਅਤੇ ਤਿੰਨ ਕੋਚਾਂ ਬਾਰੇ ਵਡਮੁੱਲੀ ਜਾਣਕਾਰੀ ਖ਼ੂਬਸੂਰਤ ਤਰੀਕੇ ਨਾਲ ਪੇਸ਼ ਕੀਤੀ ਗਈ ਹੈ। ਪੁਸਤਕ ਦੇ ਹਰੇਕ ਅਧਿਆਏ ਨੂੰ ਖਿਡਾਰੀਆਂ ਦੇ ਸੁਭਾਅ, ਸ਼ੈਲੀ ਅਤੇ ਪ੍ਰਾਪਤੀਆਂ ਦੇ ਆਧਾਰ 'ਤੇ ਨਾਂ ਦਿੱਤਾ ਗਿਆ ਹੈ। ਇਸ ਦੇ ਆਕਰਸ਼ਕ ਸਿਰਲੇਖ ਸਮੁੱਚੇ ਅਧਿਆਏ ਦਾ ਨਿਚੋੜ ਸਾਬਤ ਹੁੰਦੇ ਹਨ। ਕਬੱਡੀ ਜਗਤ 'ਚ ਇਨ੍ਹਾਂ ਖਿਡਾਰੀਆਂ ਨੂੰ ਪਹਿਲਾਂ ਕਦੇ ਵੀ ਅਜਿਹੇ ਨਾਂਵਾਂ ਜਾਂ ਵਿਸ਼ੇਸ਼ਣਾਂ ਨਾਲ ਵਡਿਆਇਆ ਨਹੀਂ ਗਿਆ। ਇਸ ਕਰਕੇ ਇਹ ਸਿਰਲੇਖ ਖਿਡਾਰੀਆਂ ਦੇ ਲਕਬ ਦੇ ਰੂਪ 'ਚ ਉਭਰਨ ਦੀ ਸੰਭਾਵਨਾ ਪੈਦਾ ਕਰਦੇ ਹਨ।

ਖਿਡਾਰੀਆਂ ਦੀ ਖੇਡ ਅਤੇ ਉਨ੍ਹਾਂ ਦੇ ਸਮਾਜਿਕ ਜੀਵਨ 'ਚ ਆਏ ਉਤਰਾਅ-ਚੜ੍ਹਾਅ ਨੂੰ ਲੇਖਕ ਨੇ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਕੁਝ ਖਿਡਾਰੀਆਂ ਦੀ ਜ਼ਿੰਦਗੀ ਦੇ ਅਜਿਹੇ ਪੱਖ ਪੇਸ਼ ਕੀਤੇ ਗਏ ਹਨ ਜੋ ਉਨ੍ਹਾਂ ਦੇ ਅਕਸ ਦੇ ਬਿਲਕੁਲ ਉਲਟ ਹਨ। ਇਹ ਪੱਖ ਉਨ੍ਹਾਂ ਦੀ ਧਾਰਮਿਕ ਆਸਥਾ, ਸ਼ੌਕ ਅਤੇ ਲਗਾਓ ਨਾਲ ਸਬੰਧਤ ਹਨ। ਮਿਸਾਲ ਵਜੋਂ ਭਾਰਤੀ ਕਬੱਡੀ ਟੀਮ ਦੇ ਕਪਤਾਨ ਮੰਗਤ ਸਿੰਘ ਮੰਗੀ ਦੀ ਗੰਭੀਰਤਾ ਦੇ ਰਾਜ ਪਿੱਛੇ ਛੁਪੀਆਂ ਘਰੇਲੂ ਜ਼ਿੰਮੇਵਾਰੀਆਂ ਤੇ ਜ਼ਿੰਦਗੀ 'ਚ ਵਪਾਰੀਆਂ ਕੁਝ ਅਣਹੋਣੀਆਂ ਘਟਨਾਵਾਂ ਨੂੰ ਲੇਖਕ ਨੇ ਬਖ਼ੂਬੀ ਚਿਤਰਿਆ ਹੈ। ਇਸੇ ਤਰ੍ਹਾਂ ਨਰਿੰਦਰ ਕੁਮਾਰ ਬਿੱਟੂ




ਦੁਗਾਲ ਤੇ ਗੁਲਜ਼ਾਰੀ ਮੂਣਕ ਦੀ ਧਾਰਮਿਕ ਸ਼ਰਧਾ ਵਾਲੇ ਪੱਖ ਰਾਹੀਂ ਉਨ੍ਹਾਂ ਨੂੰ ਬਿਲਕੁਲ ਹੀ ਵਿਲੱਖਣ ਰੂਪ 'ਚ ਪੇਸ਼ ਕੀਤਾ ਗਿਆ ਹੈ ਜੋ ਇੱਕ ਖਿਡਾਰੀ ਵਜੋਂ ਉਨ੍ਹਾਂ 'ਚ ਦਿਖਾਈ ਨਹੀਂ ਦਿੰਦਾ। ਇਸ ਪੁਸਤਕ 'ਚ ਲੇਖਕ ਨੇ ਖਿਡਾਰੀਆਂ ਦੀ ਜੀਵਨਸ਼ੈਲੀ ਦੇ ਬਹੁਤ ਸਾਰੇ ਅਜਿਹੇ ਪੱਖ ਉਭਾਰੇ ਹਨ ਜਿਨ੍ਹਾਂ ਬਾਰੇ ਪਹਿਲਾਂ ਕੁਝ ਵੀ ਨਹੀਂ ਲਿਖਿਆ ਗਿਆ। ਲੇਖਕ ਨੇ ਨਾਮਵਰ ਖਿਡਾਰੀਆਂ ਦੇ ਮੌਜੂਦਾ ਮੁਕਾਮ ਤੱਕ ਪੁੱਜਣ ਲਈ ਕੀਤੀ ਗਈ ਮਿਹਨਤ, ਤਿਆਗ ਅਤੇ ਲਗਨ ਨੂੰ ਇੰਨੇ ਸੁਚੱਜੇ ਢੰਗ ਨਾਲ ਉਭਾਰਿਆ ਹੈ ਕਿ ਇੱਕ ਵਾਰ ਹਰੇਕ ਪਾਠਕ ਦੇ ਮਨ 'ਚ ਖਿਡਾਰੀ ਬਣਨ ਦੀ ਲਾਲਸਾ ਪੈਦਾ ਹੋ ਜਾਂਦੀ ਹੈ। ਸੰਗਮ ਪਬਲੀਕੇਸ਼ਨਜ ਸਮਾਣਾ ਵੱਲੋਂ ਛਾਪੀ ਗਈ ਸੌ ਤੋਂ ਵਧੇਰੇ ਸਫ਼ਿਆਂ ਦੀ ਇਹ ਪੁਸਤਕ ਖੇਡ ਸਾਹਿਤ ਪ੍ਰੇਮੀਆਂ ਲਈ ਅਨਮੋਲ ਤੋਹਫ਼ਾ ਸਾਬਿਤ ਹੋਣ ਦੀ ਸਮਰੱਥਾ ਰੱਖਦੀ ਹੈ।

ਖ਼ੂਬਸੂਰਤ ਸਰਵਰਕ ਵਾਲੀ ਇਸ ਪੁਸਤਕ 'ਚ ਲੇਖਕ ਨੇ ਖਿਡਾਰੀਆਂ ਦੁਆਰਾ ਆਪਣੀ ਖੇਡ ਕਲਾ ਦੇ ਬਲਬੂਤੇ ਹਾਸਿਲ ਕੀਤੇ ਇਨਾਮ-ਸਨਮਾਨ ਨੂੰ ਅਜਿਹੇ ਤਰੀਕੇ ਨਾਲ ਪੇਸ਼ ਕੀਤਾ ਹੈ ਕਿ ਨਵੀਂ ਪੀੜ੍ਹੀ ਇਹ ਪੁਸਤਕ ਪੜ੍ਹ ਕੇ ਖੇਡਾਂ ਨਾਲ ਜੁੜਨ ਲਈ ਜ਼ਰੂਰ ਉਤਸ਼ਾਹਿਤ ਹੋਵੇਗੀ। ਇਸ ਪੁਸਤਕ 'ਚ ਸ਼ਾਮਲ ਖਿਡਾਰੀਆਂ ਦੇ ਪਰਿਵਾਰਾਂ, ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਹੋਰ ਅਹਿਮ ਤੇ ਯਾਦਗਾਰੀ ਪਲਾਂ ਦੀਆਂ ਤਸਵੀਰਾਂ ਪੁਸਤਕ ਦੀ ਸ਼ਾਨ 'ਚ ਹੋਰ ਵਾਧਾ ਕਰਦੀਆਂ ਹਨ ਅਤੇ ਪਾਠਕਾਂ ਦੀ ਦਿਲਚਸਪੀ ਵੀ ਵਧਾਉਂਦੀਆਂ ਹਨ। ਪੰਜਾਬੀ ਸਾਹਿਤ 'ਚ ਇੱਕ ਪੁਸਤਕ ਨੂੰ ਦੋ ਰੂਪਾਂ 'ਚ ਪੇਸ਼ ਕਰਨ ਦਾ ਸਿਲਸਿਲਾ ਡਾ. ਚਹਿਲ ਨੇ ਇਸ ਪੁਸਤਕ ਰਾਹੀਂ ਸ਼ੁਰੂ ਕੀਤਾ ਹੈ। ਲੇਖਕ ਨੇ ਸਮੇਂ ਦੀ ਮੰਗ ਨੂੰ ਧਿਆਨ 'ਚ ਰੱਖਦਿਆਂ ਇਸ ਪੁਸਤਕ ਨੂੰ ਈ-ਬੁੱਕ (ਇੰਟਰਨੈਟ) ਦੇ ਰੂਪ 'ਚ www.chakdekabaddi.com ਰਾਹੀਂ ਵੀ ਪੇਸ਼ ਕੀਤਾ ਹੈ। ਨੈਟ ਵਰਜ਼ਨ 'ਚ ਇਹ ਪੁਸਤਕ ਪੂਰੀ ਤਰ੍ਹਾਂ ਰੰਗੀਨ ਅਤੇ ਵਧੇਰੇ ਤਸਵੀਰਾਂ ਨਾਲ ਪੇਸ਼ ਕੀਤੀ ਗਈ ਹੈ। ਖੇਡ ਸਾਹਿਤ 'ਚ ਹੈਟ੍ਰਿਕ ਪੂਰੀ ਕਰਨ ਵਾਲੇ ਡਾ. ਚਹਿਲ ਤੋਂ ਆਸ ਬੱਝਦੀ ਹੈ ਕਿ ਉਹ ਜਿਸ ਪੱਧਰ 'ਤੇ ਪੰਜਾਬ ਦੇ ਖਿਡਾਰੀ ਨਾਮ ਬਣਾ ਚੁੱਕੇ ਹਨ ਉਸੇ ਪੱਧਰ ਤੱਕ ਖੇਡ ਸਾਹਿਤ ਨੂੰ ਲੈ ਜਾਣ ਵਿਚ ਵੀ ਵਡਮੁੱਲਾ ਯੋਗਦਾਨ ਪਾਵੇਗਾ।

-ਸੁਖਵੀਰ ਗਰੇਵਾਲ, ਫੋਨ:403-402-0770



ਜੀਵਨ ਜਾਚ

ਅਜੈ ਤਨਵੀਰ

# ਨਾ ਤਿੜਕੇ ਨਾ ਟੁੱਟੇ ਸੱਚਾ ਪਿਆਰ ਕਦੇ

ਪਿਆਰ ਮਨੁੱਖ ਦੇ ਜੀਵਨ ਦਾ ਅੰਗ ਏ। ਉਹ ਪਿਆਰ, ਪਿਆਰ ਨਹੀਂ ਹੁੰਦਾ ਜਿਹੜਾ ਕਿਸੇ ਤਬਦੀਲੀ ਕਾਰਨ ਬਦਲ ਜਾਵੇ। ਸੱਚਾ ਪਿਆਰ ਕਿਸੇ ਦਾ ਗੁਲਾਮ ਨਹੀਂ ਹੁੰਦਾ ਸਗੋਂ ਤੁਸੀਂ ਉਸ ਦੇ ਗੁਲਾਮ ਹੁੰਦੇ ਹੋ। ਜੇਕਰ ਅਸੀਂ ਪਿਆਰ ਦੀ ਤਹਿ ਤੱਕ ਜਾਈਏ ਤਾਂ ਪਤਾ ਨਹੀਂ ਸਾਨੂੰ ਕਿੰਨੀਆਂ ਪਰਿਭਾਸ਼ਾਵਾਂ ਵਿਚੋਂ ਗੁਜ਼ਰਨਾ ਪਵੇ। ਜੇ ਅਸੀਂ ਸੁੱਖ ਵੇਲੇ ਪਿਆਰ ਦਾ ਆਨੰਦ ਲੈ ਰਹੇ ਹਾਂ ਤਾਂ ਸਾਨੂੰ ਦੁੱਖ ਵਿਚ ਵੀ ਇਸ ਤੋਂ ਪਾਸਾ ਨਹੀਂ ਵੱਟਣਾ ਚਾਹੀਦਾ, ਕਿਉਂਕਿ ਜੇ ਫੁੱਲਾਂ ਵਾਂਗ ਟਹਿਕਣਾ ਅਤੇ ਮਹਿਕਣਾ ਲੋਚਦੇ ਹੋ ਤਾਂ ਕੰਡਿਆਂ ਨਾਲ ਵੀ ਹੱਸ ਹੱਸ ਕੇ ਸਮਾਂ ਗੁਜ਼ਾਰਨਾ ਪਵੇਗਾ:

ਫੁੱਲਾਂ ਦੀ ਰਾਖੀ ਕਰਦੇ ਨੇ ਕੰਡੇ।
ਨਦੀਆਂ ਲਈ ਸਦਾ ਖਰਦੇ ਕੰਢੇ।

ਕਿਨਾਰੇ ਹਰ ਪਲ ਪਾਣੀ ਦੀਆਂ ਛੱਲਾਂ ਨਾਲ ਖਰ ਰਹੇ ਹਨ ਕਿਉਂਕਿ ਉਹ ਨਦੀਆਂ ਨੂੰ ਪਿਆਰ ਕਰਦੇ ਹਨ। ਪਿਆਰ ਤਾਂ ਡੰਗਰਾਂ ਨੂੰ ਵੀ ਨੱਚਣ ਲਾ ਦਿੰਦਾ ਏ। ਜ਼ਿੰਦਗੀ ਜਿਉਣ ਦਾ ਢੰਗ ਪਿਆਰ ਨਾਲ ਹੀ ਸਿੱਖਿਆ ਜਾ ਸਕਦਾ ਏ। ਸ਼ੇਕਸਪੀਅਰ ਆਖਦਾ ਏ ਕਿ ਜਿਹੜੇ ਪਿਆਰ ਦਾ ਇਜ਼ਹਾਰ ਨਹੀਂ ਕਰਦੇ, ਉਹ ਕਦੇ ਵੀ ਪਿਆਰ ਨਹੀਂ ਕਰ ਸਕਦੇ। ਸੋਚਾਂ ਵਿਚ ਡੁੱਬਿਆ ਮਨੁੱਖ ਫੈਸਲਿਆਂ ਤੋਂ ਸਦਾ ਹੀ ਡਰਦਾ ਰਹਿੰਦਾ ਏ ਕਿਉਂਕਿ ਉਸ ਦੀ ਮੁਹੱਬਤ ਚੁਰਸਤੇ ਵਿਚ ਖੜ੍ਹੇ ਆਦਮੀ ਦੀ ਤਰ੍ਹਾਂ ਹੁੰਦੀ ਹੈ। ਰਾਹ ਚਾਰ ਨੇ, ਮੰਜ਼ਿਲ ਇਕ ਏ ਪਰ ਕਿਹੜੇ ਰਾਹੇ ਜਾਵਾਂ? ਪਿਆਰ ਵਿਚ ਬੇਸ਼ਕ ਕਲਪਨਾ ਭਾਰੂ ਏ ਪਰ ਸਫ਼ਲਤਾ ਉਸ ਨੂੰ ਹੀ ਨਸੀਬ ਹੁੰਦੀ ਏ ਜੋ ਆਪਣੀ ਮੰਜ਼ਿਲ ਦੀ ਤਲਾਸ਼ ਵਿਚ ਭਟਕਦਾ ਨਹੀਂ। ਜਦੋਂ ਤੁਸੀਂ ਆਪਣੇ ਆਪ ਨੂੰ ਚੰਗੀ ਤਰ੍ਹਾਂ ਘੋਖ ਲਵੋਗੇ ਤਾਂ ਤੁਸੀਂ ਆਪਣੇ ਆਪ ਪਿਆਰ ਦੇ ਗੁਲਾਮ ਬਣ ਜਾਵੋਗੇ। ਜੇਕਰ ਤੁਸੀਂ ਫੁੱਲ ਦੀ ਤਰ੍ਹਾਂ ਖਿੜ ਨਹੀਂ ਸਕਦੇ ਤਾਂ ਜ਼ਿੰਦਗੀ ਦੇ ਰਾਹਾਂ ਵਿਚ ਨਫ਼ਰਤ, ਈਰਖਾ, ਘ੍ਰਿਣਾ ਦੇ ਕੰਡੇ ਨਾ ਖਿਲਾਰੋ:

ਪਿੰਡ ਦੀਆਂ ਗਲੀਆਂ ਮੋੜ ਚੁਰਸਤੇ
ਮਿੱਤਰਾਂ ਦੇ ਪਿੰਡਾਂ ਨੂੰ ਰਸਤੇ।

ਗਿਣਤੀ ਨਹੀਂ ਕਰ ਸਕਦੇ ਕਿ ਇਹ ਰਾਹ ਕਿੰਨੇ ਸੱਜਣਾਂ-ਮਿੱਤਰਾਂ ਦੇ ਪਿੰਡਾਂ ਨੂੰ ਜਾ ਰਹੇ ਹਨ। ਪਿਆਰ ਤਾਂ ਸਾਗਰ ਦੀ ਤਰ੍ਹਾਂ ਏ ਜਿਸ ਵਿਚ ਆ ਕੇ ਨਦੀਆਂ ਅਤੇ ਦਰਿਆ ਪਨਾਹ ਲੈਂਦੇ ਹਨ। ਮਾਂ ਪੁੱਤ ਦਾ ਪਿਆਰ, ਭੈਣ ਭਰਾ ਦਾ ਪਿਆਰ, ਪਤਾ ਨਹੀਂ ਇਸ ਦੇ ਕਿੰਨੇ ਰੰਗ ਹਨ। ਰੰਗ ਪਿਆਰ ਦੇ ਹੀ ਹੁੰਦੇ ਹਨ, ਨਫ਼ਰਤ ਦੇ ਨਹੀਂ। ਉਮਰ ਆਦਮੀ ਦੀ ਭਾਵੇਂ 80 ਸਾਲ ਦੀ ਹੋਵੇ ਪਰ ਉਹ ਪਿਆਰ ਦੀ ਤਾਂਘ ਵਿਚ ਤੜਫਦਾ ਜ਼ਰੂਰ ਏ। ਇਸ ਵਿਚ ਐਸਾ ਨਸ਼ਾ ਹੁੰਦਾ ਹੈ ਜੋ ਦੁੱਖ ਸੁੱਖ, ਮੁਸੀਬਤਾਂ ਨੂੰ ਕਦੇ ਮਹਿਸੂਸ ਨਹੀਂ ਹੋਣ ਦਿੰਦਾ। ਸੱਚੇ ਪਿਆਰ ਵਿਚ ਅਜਿਹਾ ਜਜ਼ਬਾ, ਅਜਿਹੀ ਤਾਂਘ, ਅਜਿਹੀ ਖਿੱਚ ਹੁੰਦੀ ਏ ਜਿਸ ਨੂੰ ਕਿਸੇ ਗਵਾਹ ਦੀ ਲੋੜ ਨਹੀਂ ਪੈਂਦੀ ਕਿਉਂਕਿ ਉਹ ਆਪਣਾ ਗਵਾਹ ਆਪ ਹੁੰਦਾ ਏ। ਸੱਚਾ ਪਿਆਰ ਤਾਂ ਦੋ ਪ੍ਰਤੀਸ਼ਤ ਹੀ ਬਹੁਤ ਏ ਪਰ ਹੋਵੇ ਸੱਚਾ। ਵਿਦਵਾਨ ਲੋਕਾਂ ਦਾ ਕਹਿਣਾ ਏ ਕਿ ਪਿਆਰ ਅੰਨ੍ਹਾ ਹੁੰਦਾ ਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਆਰ ਅੰਨ੍ਹਾ ਹੁੰਦਾ ਏ ਕਿਉਂਕਿ ਸੱਚਾ ਪਿਆਰ ਕਰਨ ਵਾਲਿਆਂ ਨੂੰ ਆਪਣੇ ਅਤੇ ਆਪਣੇ ਦੋਸਤ ਵਿਚ ਕੋਈ ਵੀ ਬੁਰਾਈ ਨਜ਼ਰ ਨਹੀਂ ਆਉਂਦੀ। ਬੁਰਾਈਆਂ ਉਸ ਸਮੇਂ ਹੀ ਨਜ਼ਰ ਆਉਂਦੀਆਂ ਹਨ ਜਦੋਂ ਤੁਹਾਡੇ ਮਨ ਵਿਚ, ਦਿਲ ਵਿਚ ਕਿਸੇ ਪ੍ਰਕਾਰ ਦਾ ਸ਼ੱਕ ਪ੍ਰਵੇਸ਼ ਕਰ ਜਾਂਦਾ ਏ। ਇਹ ਸ਼ੱਕ ਹੌਲੀ-ਹੌਲੀ ਅਜਿਹੀ ਤ੍ਰੇੜ ਨੂੰ ਜਨਮ ਦਿੰਦਾ ਏ ਜੋ ਕਈ ਵਾਰੀ ਸਾਰੀ ਜ਼ਿੰਦਗੀ ਹੀ ਨਹੀਂ ਭਰਦੀ। ਫਿਰ ਸਾਡੇ ਵਿਚਾਰ ਸਾਡੇ ਰਾਹ ਵੱਖਰੇ-ਵੱਖਰੇ ਮਹਿਸੂਸ ਹੁੰਦੇ ਹਨ, ਭਾਵੇਂ ਇਕੱਠੇ ਤੁਰ ਰਹੇ ਹੋਈਏ। ਫਿਰ ਆਖਰ ਦਿਲ ਇਹ ਹੀ ਆਖਦਾ ਏ-ਤੇਰੇ ਵਿਚ ਚਿਹਰਾ ਕਿੰਜ ਤੱਕੀਏ, ਤੂੰ ਸ਼ੀਸ਼ੇ ਵਾਂਗੂ ਤਿੜਕ ਗਈ। ਜਾਂ ਫਿਰ ਸੋਚਦਾ ਏ:

ਟੁਕੜੇ ਟੁਕੜੇ ਹੋ ਗਏ ਮੇਰੇ ਖਾਬ ਦੇ
ਜਦ ਸੀ ਚਿਹਰਾ ਵੇਖਿਆ ਹੇਠ ਨਕਾਬ ਦੇ।

ਮਾਂ ਦੇ ਪਿਆਰ ਦਾ ਰੁਤਬਾ ਐਨਾ ਉਚਾ ਏ ਕਿ ਇਸ ਦੀ ਉਚਾਈ ਨੂੰ ਮਾਪਣਾ ਮੂਰਖਤਾ ਹੋਵੇਗੀ। ਬਾਲ ਅਵਸਥਾ ਵਿਚ ਬੱਚੇ ਅੰਦਰ ਵੀ ਪਿਆਰ ਦਾ ਸਾਗਰ ਠਾਠਾਂ ਮਾਰਦਾ ਏ, ਬੇਸ਼ਕ ਅੱਗੇ ਜਾ ਕੇ ਉਹ ਪਿਆਰ ਕਈ ਹਿੱਸਿਆਂ ਵਿਚ ਵੰਡਿਆ ਜਾਂਦਾ ਏ, ਪਰ ਮਾਂ ਦਾ ਪਿਆਰ ਕਦੇ ਵੀ ਵੰਡਿਆ ਨਹੀਂ ਜਾਂਦਾ। ਮਾਂ ਦੇ ਪਿਆਰ ਦੀ ਖਿੱਚ ਹੀ ਬੱਚੇ ਨੂੰ ਟਿਕਣ ਨਹੀਂ ਦਿੰਦੀ; ਤਾਂ ਹੀ ਬੱਚਾ ਮਾਂ ਮਾਂ ਕਰਦਾ ਏ। ਛੋਟੀਆਂ ਕਲਾਸਾਂ ਵਿਚ ਪੜ੍ਹਦੇ ਬੱਚੇ ਨੂੰ ਜਦੋਂ ਸਕੂਲ ਵਿਚ ਕੋਈ ਇਨਾਮ ਮਿਲਦਾ ਏ ਤਾਂ ਸਭ ਤੋਂ ਪਹਿਲਾਂ ਆਪਣੀ ਮਾਂ ਕੋਲ ਹੀ ਆਉਂਦਾ ਏ। ਇਸ ਤਰ੍ਹਾਂ ਜੇ ਅਸੀਂ ਦਰਖਤਾਂ ਨੂੰ ਘੋਖੀਏ ਤਾਂ ਰੁੱਖ ਆਪਣੇ 'ਕੱਲੇ 'ਕੱਲੇ ਅੰਗ ਨੂੰ ਪਿਆਰ ਕਰਦਾ ਏ; ਜਿਵੇਂ ਪੱਤੇ ਟਹਾਣੀਆਂ ਨੂੰ, ਟਾਹਣੀਆਂ ਰੁੱਖ ਨੂੰ, ਰੁੱਖ ਜੜ੍ਹਾਂ ਨੂੰ, ਜੜ੍ਹਾਂ ਧਰਤੀ ਨੂੰ। ਅਖੀਰ ਤੱਕ ਇਹ ਇਕ ਦੂਜੇ ਨਾਲ ਨਿਭਾਉਂਦੇ ਹਨ। ਪੱਤੇ ਵਿਚਾਰੇ ਪੱਤਝੜ ਦੀਆਂ ਮਾਰਾਂ ਝਲਦੇ ਰੋ ਰੋ ਕੇ ਵਿਛੜਦੇ ਹਨ ਅਤੇ ਵਿਛੜਨ ਤੋਂ ਪਹਿਲਾਂ ਆਪਸ ਵਿਚ ਗੱਲਾਂ ਵੀ ਕਰਦੇ ਹਨ:

ਪੱਤੇ ਕਰਦੇ ਗੱਲਾਂ ਪੱਤਝੜ ਆਊਗੀ
ਸੂਰਜ ਦੇ ਨਾਲ ਰਲ ਕੇ ਜ਼ੁਲਮ ਕਮਾਊਗੀ।
ਰੰਗ ਬਰੰਗਿਆਂ ਦਾ ਰੰਗ ਪੀਲਾ ਫਿਰ ਜਾਣਾ
ਰੋਂਦਿਆਂ ਨੇ ਫਿਰ ਟਾਹਣੀ ਨਾਲੋਂ ਕਿਰ ਜਾਣਾ।

ਪਿਆਰ ਨਾਲ ਹੱਲ ਕੀਤੇ ਮਸਲਿਆਂ ਦੀ ਉਮਰ ਕੁਦਰਤੀ ਹੀ ਬਹੁਤ ਲੰਬੀ ਹੁੰਦੀ ਏ ਕਿਉਂਕਿ ਇਹ ਅਜਿਹੀ ਸ਼ਕਤੀ ਏ ਜੋ ਪੱਥਰਾਂ ਨੂੰ ਵੀ ਮੋਮ ਕਰ ਦਿੰਦੀ ਏ ਪਰ ਕਈ ਵਿਚਾਰਿਆਂ ਨੂੰ ਇਹ ਨਸੀਬ ਹੀ ਨਹੀਂ ਹੁੰਦਾ। ਸਾਰੀ ਜ਼ਿੰਦਗੀ ਕੋਰੇ ਕਾਗ਼ਜ਼ ਦੀ ਤਰ੍ਹਾਂ ਲੰਘ ਜਾਂਦੀ ਏ। ਆਪਣੇ ਆਪਣੇ ਨਸੀਬਾਂ ਦੀ ਕਹਾਣੀ ਏ। ਕੋਈ ਮਹਿਲਾਂ ਵਿਚ ਰਹਿ ਕੇ ਵੀ ਖੁਸ਼ ਨਹੀਂ; ਕੋਈ ਕੁੱਲੀਆਂ ਵਿਚ ਸੁੱਤਾ ਵੀ ਦਿਨ-ਰਾਤ ਲੁੱਡੀਆਂ ਪਾਉਂਦਾ ਏ। ਜੇ ਕੋਈ ਮੈਨੂੰ ਪੁੱਛੇ-ਤੂੰ ਕਿਸ ਨੂੰ ਪਿਆਰ ਕਰਦਾ ਏ, ਤਾਂ ਮੈਂ ਕਹਾਂਗਾ ਕਿ ਮੈਂ ਆਪਣੀ ਮਾਂ ਨੂੰ ਸਭ ਤੋਂ ਜ਼ਿਆਦਾ ਪਿਆਰ ਕਰਦਾ ਹਾਂ, ਉਸ ਤੋਂ ਬਾਅਦ ਪੰਜਾਬੀ ਸਾਹਿਤ ਨੂੰ, ਬਾਅਦ ਵਿਚ ਬਾਕੀ ਸਾਰਿਆਂ ਨੂੰ। ਪਿਆਰ ਰੂਹਾਂ ਦਾ ਮੇਲ ਏ। ਜਦੋਂ ਲੋਭ ਆ ਜਾਵੇ ਤਾਂ ਪਿਆਰ ਪਿਆਰ ਨਹੀਂ ਰਹਿੰਦਾ। ਪਿਆਰ ਕਰਨ ਵਾਲਿਆਂ ਬਾਰੇ ਅੱਜ ਮੈਂ ਤੁਹਾਡੇ ਨਾਲ ਇਕ ਵਾਕਿਆ ਸਾਂਝਾ ਕਰਦਾ ਹਾਂ:

ਸਆਦਤ ਹਸਨ ਮੰਟੋ ਨੂੰ ਇਕ ਟਾਂਗੇ ਵਾਲਾ ਬਹੁਤ ਪਿਆਰ ਕਰਦਾ ਸੀ। ਮੰਟੋ ਹਰ ਰੋਜ਼ ਉਸ ਦੇ ਟਾਂਗੇ ਵਿਚ ਬਹਿ ਕੇ ਬਾਜ਼ਾਰ ਜਾਇਆ ਕਰਦੇ। ਹੌਲੀ ਹੌਲੀ ਪਿਆਰ ਦਾ ਰੰਗ ਗੂੜ੍ਹਾ ਹੁੰਦਾ ਗਿਆ। ਕਾਫ਼ੀ ਦਿਨ ਮੰਟੋ ਬਾਜ਼ਾਰ ਨਾ ਗਿਆ ਤਾਂ ਟਾਂਗੇ ਵਾਲਾ ਸੋਚਣ ਲੱਗਾ, ਪਤਾ ਨਹੀਂ ਕੀ ਗੱਲ ਹੋਈ ਕਿ ਸਾਹਬ ਜੀ ਨਜ਼ਰ ਨਹੀਂ ਆਉਂਦੇ। ਦਿਮਾਗ ਵਿਚ ਸੋਚ ਦਾ ਸਫ਼ਰ ਸ਼ੁਰੂ ਹੋ ਗਿਆ, ਤੇ ਇਕ ਦਿਨ ਉਸ ਦੇ ਟਾਂਗੇ ਵਿਚ ਕ੍ਰਿਸ਼ਨ ਚੰਦਰ ਬੈਠਾ ਆਪਣੇ ਦੋਸਤ ਨਾਲ ਗੱਲਾਂ ਕਰ ਰਿਹਾ ਸੀ ਕਿ ਮੰਟੋ, ਮੰਟੋ ਹੀ ਸੀ। ਉਸ ਦੀ ਥਾਂ ਸਦਾ ਹੀ ਖਾਲੀ ਰਹੇਗੀ। ਉਸ ਨੂੰ ਕੋਈ ਨਹੀਂ ਭਰ ਸਕਦਾ, ਤਾਂ ਟਾਂਗੇ ਵਾਲਾ ਸੋਚੀਂ ਪੈ ਗਿਆ ਕਿ ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ? ਉਨ੍ਹਾਂ ਤੋਂ ਪਤਾ ਲੱਗਿਆ ਕਿ ਮੰਟੋ ਇਸ ਦੁਨੀਆਂ ਨੂੰ ਅਲਵਿਦਾ ਆਖ ਗਿਆ ਏ। ਉਸੇ ਵਕਤ ਹੀ ਟਾਂਗੇ ਵਾਲੇ ਨੇ ਟਾਂਗਾ ਰੋਕ ਦਿੱਤਾ ਅਤੇ ਧਾਹਾਂ ਮਾਰ ਕੇ ਕਿਹਾ, "ਹੁਣ ਇਹ ਟਾਂਗਾ ਅੱਗੇ ਨਹੀਂ ਜਾਵੇਗਾ। ਮੈਂ ਜਿਸ ਦੇ ਲਈ ਟਾਂਗਾ ਚਲਾਉਂਦਾ ਸੀ, ਜਦ ਉਹ ਹੀ ਇਸ ਦੁਨੀਆਂ ਵਿਚ ਨਹੀਂ ਰਿਹਾ ਤਾਂ ਮੈਂ ਕੀ ਕਰਨਾ ਇਸ ਦੁਨੀਆਂ ਵਿਚ ਰਹਿ ਕੇ।" ਇਹ ਸੀ ਪਿਆਰ। ਜਦੋਂ ਆਪਣਾ ਪਿਆਰ ਤੁਰ ਜਾਂਦਾ ਏ ਤਾਂ ਪਿਆਰ ਕਰਨ ਵਾਲੇ ਹੀ ਸਮਝ ਸਕਦੇ ਹਨ ਇਸ ਦੀਆਂ ਰਮਜਾਂ। ਗੁੰਗੇ ਦੀਆਂ ਰਮਜ਼ਾਂ ਗੁੰਗੇ ਹੀ ਮਾਂ ਹੀ ਸਮਝ ਸਕਦੀ ਏ। ਜਿਸ 'ਤੇ ਗੁਜ਼ਰਦੀ ਏ ਉਹ ਹੀ ਜਾਣਦਾ ਏ। ਲੋਕਾਂ ਦੀਆਂ ਜੀਭਾਂ ਨੂੰ ਕੋਈ ਅਜੇ ਤੱਕ ਜਿੰਦਰਾ ਨਹੀਂ ਮਾਰ ਸਕਿਆ। ਸ਼ਰਮ ਖਾਮੋਸ਼ ਕਰਦੀ ਏ। ਡਰ ਬੇਚੈਨੀ ਪੈਦਾ ਕਰਦਾ ਏ। ਪਿਆਰ ਸਾਡੇ ਵਿਚਾਰਾਂ ਨੂੰ ਵਿਸ਼ਾਲਤਾ ਦਿੰਦਾ ਹੈ। ਸਾਨੂੰ ਅਜਿਹੇ ਅਨੁਭਵ ਕਰਾਉਂਦਾ ਏ ਜਿਸ ਨਾਲ ਸਾਡਾ ਸਿਰ ਤਾਂ ਨਿਮਰਤਾ ਨਾਲ ਨੀਵਾਂ ਵੀ ਰਹੇਗਾ ਅਤੇ ਸਾਡੀ ਸੋਚ, ਸਾਡੇ ਇਰਾਦਿਆਂ ਵਿਚ ਕਦੇ ਵੀ ਖੋਖਲਾਪਨ ਨਹੀਂ ਆਵੇਗਾ। ਜਿਹੜਾ ਤੁਹਾਨੂੰ ਲੋੜ ਤੋਂ ਬਿਨਾਂ ਪਿਆਰ ਕਰੇ, ਅਸਲ ਵਿਚ ਉਹੀ ਪਿਆਰ ਹੁੰਦਾ ਏ। ਸੱਚੇ ਮਿੱਤਰ ਸੱਚੇ ਪਿਆਰੇ ਉਹ ਹੁੰਦੇ ਹਨ ਜਿਨ੍ਹਾਂ ਦੇ ਸਰੀਰ ਤਾਂ ਦੋ ਹੁੰਦੇ ਹਨ ਪਰ ਆਤਮਾ ਇਕ ਹੁੰਦੀ ਏ।

ਸੱਚਾ ਪਿਆਰ ਸਾਨੂੰ ਜ਼ਿੰਦਗੀ ਵਿਚ ਵਿਚਰਨ ਦੇ ਅਜਿਹੇ ਢੰਗ ਤਰੀਕੇ ਸਿਖਾਉਂਦਾ ਏ ਜਿਸ ਨਾਲ ਦੂਸਰੇ ਦੀਆਂ ਨਜ਼ਰਾਂ ਵਿਚ ਸਤਿਕਾਰ ਵਧਦਾ ਏ। ਆਪਣੇ ਪਿਆਰੇ ਦਾ ਸਤਿਕਾਰ, ਪਿੱਠ ਪਿੱਛੇ ਪ੍ਰਸ਼ੰਸਾ ਅਤੇ ਲੋੜ ਸਮੇਂ ਸਹਾਇਤਾ, ਇਹ ਸਾਰੇ ਗੁਣ ਸੱਚੇ ਪਿਆਰ ਵਿਚੋਂ ਹੀ ਨਿਕਲਦੇ ਹਨ। ਜਦੋਂ ਬੰਦੇ ਵਿਚੋਂ ਪਿਆਰ ਦਾ ਨਿੱਘ ਖ਼ਤਮ ਹੋ ਜਾਵੇ, ਉਹ ਉਸ ਰੋਗੀ ਵਾਂਗ ਹੁੰਦਾ ਏ ਜਿਸ ਦੇ ਰੋਗ ਦਾ ਇਲਾਜ ਡਾਕਟਰ ਵੀ ਨਹੀਂ ਕਰ ਸਕਦੇ:

ਜੇ ਪਿਆਰ ਨਾਲ ਬੁਲਾਇਆ
ਨੰਗੇ ਪੈਰੀਂ ਆਵਾਂਗਾ,
ਧੁੱਪਾਂ ਚੀਰ ਕੇ ਮੈਂ
ਸਿਖਰ ਦੁਪਹਿਰੀਂ ਆਵਾਂਗਾ।

ਪਾਠਕਾਂ ਦੀ ਰਾਏ

# ਹੋਂਦ ਚਿੱਲੜ ਕਾਂਡ:ਸਿਆਸੀ ਰੋਟੀਆਂ ਸੇਕਣ ਦਾ ਯਤਨ

**ਪਰਦੀਪ ਕੌਰ ਗਿੱਲ**

26 ਸਾਲਾਂ ਬਾਅਦ ਉਠੇ ਵਾ-ਵਰੋਲੇ "ਹੋਂਦ ਚਿੱਲੜ ਕਾਂਡ" ਨੇ ਇਕ ਵਾਰ ਫਿਰ ਉਹ ਸਾਰਾ ਦਿਲ-ਕੰਬਾਊ ਮਾਹੌਲ ਅੱਖਾਂ ਸਾਹਮਣੇ ਲੈ ਆਂਦਾ ਜਦੋਂ ਮੈਂ ਹਿਸਾਰ ਵਿਚ ਨਰਸਿੰਗ ਦਾ ਕੋਰਸ ਕਰਦੀ ਸਾਂ। ਵੇਖਦਿਆਂ ਵੇਖਦਿਆਂ ਹਿਸਾਰ ਦੇ ਗੌਰਮਿੰਟ ਹਸਪਤਾਲ ਸਾਹਮਣੇ ਲੁਧਿਆਣੇ ਦੇ ਸਰਦਾਰਾਂ ਦਾ ਚੱਲ ਰਿਹਾ ਰੈਸਟੋਰੈਂਟ ਅਤੇ ਪੈਟਰੋਲ ਪੰਪ ਅੱਗ ਦੀ ਭੇਟ ਹੋ ਗਏ। ਉਸ ਵੇਲੇ ਜਬਰ ਦੀ ਹੱਦ ਹੋ ਗਈ ਜਦੋਂ ਮਨੁੱਖਤਾ ਤੋਂ ਭਟਕੇ ਮੌਤ ਦੇ ਦਰਿੰਦੇ ਬਣੇ ਹਿੰਦੂਆਂ ਦੇ ਇਕ ਹਜੂਮ ਨੇ ਬੱਸਾਂ ਵਿਚੋਂ ਲਾਹ-ਲਾਹ ਕੇ ਬੇਕਸੂਰ ਸਿੱਖਾਂ ਅਤੇ ਉਨ੍ਹਾਂ ਦੇ ਮਾਸੂਮ ਬੱਚਿਆਂ ਨੂੰ ਤੇਲ ਪਾ ਕੇ ਜਿਉਂਦਿਆਂ ਸਾੜਨਾ ਸ਼ੁਰੂ ਕਰ ਦਿਤਾ। ਅਤਿ ਦੇ ਇਸ ਕਹਿਰ ਦੌਰਾਨ ਉਸ ਵਕਤ ਦੀ ਨਰਸਿੰਗ ਸਕੂਲ ਦੀ ਪ੍ਰਿੰਸੀਪਲ ਹਨੇਰੇ ਵਿਚ ਆਪਣੇ ਬੱਚਿਆਂ ਦੇ ਵਾਲ ਆਪ ਕੱਟ ਕੇ ਬਚ ਨਿਕਲਣ ਵਿਚ ਕਾਮਯਾਬ ਹੋ ਗਈ। ਇਸੇ ਤਰ੍ਹਾਂ ਸਰਕਾਰੀ ਛਤਰ ਛਾਇਆ ਹੇਠ ਸੀ.ਐਮ.ਓ. ਜਗਦੀਪ ਸਿੰਘ ਜੋ ਸਰਦਾਰ ਸੀ, ਖੂਨੀ ਦਰਿੰਦਿਆਂ ਤੋਂ ਬਚ ਨਿਕਲਣ ਵਿਚ ਸਫਲ ਰਿਹਾ ਪਰ ਹੋਸਟਲ ਵਿਚ ਰਹਿੰਦੀਆਂ ਸਿੱਖ ਲੜਕੀਆਂ ਦੀ ਰੱਖਿਆ ਦਾ ਕਿਸੇ ਵੀ ਨਾ ਸੋਚਿਆ। ਆਖਿਰ ਇਕ ਹਿੰਦੂ ਡਾਕਟਰ ਰਾਜਿੰਦਰ ਪ੍ਰਸਾਦ ਸਿੰਗਲਾ ਨੇ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਸਾਨੂੰ ਸਾਰੀਆਂ ਸਿੱਖ ਲੜਕੀਆਂ ਨੂੰ ਆਪਣੇ ਪਾਸ ਰੱਖਿਆ। ਹੈ ਤਾਂ ਉਹ ਵੀ ਹਿੰਦੂ ਸੀ ਪਰ ਕੰਮ ਸਿੱਖ ਜਰਨੈਲਾਂ ਵਰਗਾ ਕੀਤਾ।

ਮੈਂ 26 ਸਾਲ ਬਾਅਦ ਚਾਹੁੰਦਿਆਂ ਹੋਇਆਂ ਵੀ ਉਸ ਦਇਆਵਾਨ ਡਾਕਟਰ ਨੂੰ ਨਾ ਤਾਂ ਲੱਭ ਸਕੀ ਅਤੇ ਨਾ ਹੀ ਉਹ ਸਮਾਂ, ਉਹ ਦੁਖਾਂਤ ਭੁੱਲ ਸਕੀ ਪਰ ਹੈਰਾਨ ਹਾਂ ਕਿ 26 ਸਾਲ ਬਾਅਦ ਸ਼੍ਰੋਮਣੀ ਕਮੇਟੀ ਨੇ ਹੋਂਦ ਚਿੱਲੜ ਪਿੰਡ ਨੂੰ ਕਿਵੇਂ ਜਾ ਲੱਭਿਆ ਅਤੇ ਲੋਕਾਂ ਦੀ ਸਾਰ ਲੈ ਲਈ। ਇਹ ਬਹੁਤ ਵਧੀਆ ਕੰਮ ਹੈ ਅਤੇ ਇਨ੍ਹਾਂ ਦੇ ਧੰਨਭਾਗ ਨੇ ਪਰ ਹੋਂਦ ਚਿੱਲੜ ਪਿੰਡ ਦਾ ਲੱਭਣਾ, ਆਪਣੇ ਆਪ ਹੀ ਕਈ ਪ੍ਰਸ਼ਨ ਖੜ੍ਹੇ ਕਰਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕਿੰਨੀ ਵਾਰ ਚੋਣਾਂ ਹੋਈਆਂ? ਕਿੰਨੀ ਵਾਰ 84 ਦੇ ਜਾਨੀ ਜਾਂ ਮਾਲੀ ਨੁਕਸਾਨ ਦੀਆਂ ਰਿਪੋਰਟਾਂ ਤਿਆਰ ਹੋਈਆਂ? ਜਾਂਚਾਂ ਹੋਈਆਂ? ਉਦੋਂ ਵੀ ਇਹ ਪਤਾ ਨਹੀਂ ਲੱਗ ਸਕਿਆ ਕਿ ਹਰਿਆਣੇ ਦੀ ਵੋਟਰ ਸੂਚੀ ਵਿਚ ਜਾਂ ਸ਼੍ਰੋਮਣੀ ਕਮੇਟੀ ਦੀ ਵੋਟਰ ਸੂਚੀ ਵਿਚ ਕੋਈ ਹੋਂਦ ਚਿੱਲੜ ਪਿੰਡ ਵੀ ਆਉਂਦਾ ਹੈ; ਜਾਂ ਉਥੇ ਕੋਈ ਨਾ-ਭੁੱਲਣ ਯੋਗ ਦੁਖਾਂਤ ਵੀ ਵਾਪਰਿਆ ਹੈ? ਤੇ ਹੁਣ ਜਦ ਹਰਿਆਣਾ ਦੇ ਸਿੱਖ ਵੱਖਰੀ ਕਮੇਟੀ ਬਣਾਉਣ ਦੀ ਗੱਲ ਕਰ ਰਹੇ ਹਨ ਤਾਂ ਉਨ੍ਹਾਂ ਨੂੰ ਪੰਜਾਬ ਅਤੇ ਖਾਸ ਕਰ ਸ਼੍ਰੋਮਣੀ ਕਮੇਟੀ ਦੇ ਆਗੂਆਂ ਦੇ ਹੱਥ ਆਪਣੇ ਮੁਫ਼ਾਦ ਲਈ ਇਹ ਇਕ ਹੋਰ ਮੁੱਦਾ ਮਿਲ ਗਿਆ ਹੈ।

ਬੀਤੇ ਸਮੇਂ ਦੌਰਾਨ ਇਹ ਵੀ ਕਿਹਾ ਗਿਆ ਸੀ ਕਿ ਲੰਡਨ ਤੋਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੀ ਕਲਗੀ ਆਈ ਹੈ ਜਿਸ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਇਕੱਲੇ ਹੀ ਰਾਜਾਸਾਂਸੀ ਹਵਾਈ ਅੱਡੇ ਤੋਂ ਜਾ ਕੇ ਲੈ ਆਏ। ਕਲਗੀ ਲੈ ਕੇ ਆਉਣ ਵਾਲੇ ਪਰਿਵਾਰ ਨੂੰ ਸਿਰੋਪਾਓ ਦੇ ਕੇ ਨਿਵਾਜਿਆ ਗਿਆ ਅਤੇ ਟੀ ਵੀ ਤੋਂ ਦੇਸ਼ਾਂ ਵਿਦੇਸ਼ਾਂ ਦੀਆਂ ਸਭ ਸੰਗਤਾਂ ਨੇ ਇਹ ਸਭ ਕੁਝ ਦੇਖਿਆ। ਇਹ ਘਟਨਾ ਵੀ ਸਿੱਖ ਜਗਤ ਵਿਚ ਚਰਚਾ ਅਤੇ ਆਲੋਚਨਾ ਦਾ ਕਾਰਨ ਬਣੀ ਕਿ ਕੀ ਵਿਚਾਰੀ ਸਿੱਖ ਸੰਗਤ ਨਿੱਤ ਦਿਹਾੜੇ ਅਜਿਹੇ ਭੰਬਲਭੂਸਿਆਂ ਦਾ ਸ਼ਿਕਾਰ ਹੁੰਦੀ ਰਹੇਗੀ ਅਤੇ ਸਾਡੇ ਆਗੂ ਧਰਮ ਦੀ ਆੜ ਹੇਠ ਅਜਿਹੇ ਮੁੱਦੇ ਉਛਾਲ ਕੇ ਆਪਣੀਆਂ ਰੋਟੀਆਂ ਸੇਕਦੇ ਰਹਿਣਗੇ? ਸਭ ਤੋਂ ਪਹਿਲਾਂ ਤਾਂ ਸ਼੍ਰੋਮਣੀ ਕਮੇਟੀ ਇਸ ਗੱਲ ਦੀ ਜਵਾਬਦੇਹ ਹੈ ਕਿ ਉਸ ਨੂੰ ਆਪਣੇ ਪੰਥ ਪ੍ਰਤੀ ਕਿਉਂ ਨਹੀਂ ਪਤਾ ਲੱਗਾ? 1984 ਵਿਚ ਵਾਪਰੇ ਸਿੱਖ ਵਿਰੋਧੀ ਖੂਨੀ ਕਾਂਡ ਵਿਚ ਕਿੰਨੇ ਸਿੱਖ ਮਰੇ, ਕਿੰਨਾ ਜਾਨੀ ਤੇ ਮਾਲੀ ਨੁਕਸਾਨ ਹੋਇਆ; ਉਹ ਰਿਪੋਰਟ ਕਿੱਧਰ ਗਈ ਅਤੇ ਕਿੱਥੇ ਤੇ ਕਿਉਂ ਲੁਕਿਆ ਰਿਹਾ ਇਹ ਹੋਂਦ ਚਿੱਲੜ ਪਿੰਡ।

ਅੱਜ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ਼੍ਰੋਮਣੀ ਕਮੇਟੀ ਦੀ ਦੇਖ-ਰੇਖ ਹੇਠ ਹੋਂਦ ਚਿੱਲੜ ਪਿੰਡ ਦੀ ਮਿੱਟੀ ਅਸਥੀਆਂ ਦੇ ਰੂਪ ਵਿਚ ਕੀਰਤਪੁਰ ਸਾਹਿਬ ਲਿਜਾਈ ਗਈ ਹੈ। ਕੀ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਵਾਬਦੇਹ ਨਹੀਂ? ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਅਤੇ ਪੰਥ ਪ੍ਰਵਾਨਿਤ ਰਹਿਤ ਮਰਿਆਦਾ, ਜਿਸ ਵਿਚ ਪ੍ਰਾਣੀ ਦੇ ਜਨਮ ਤੋਂ ਲੈ ਕੇ ਮਰਨ ਤੱਕ, ਅਤੇ ਮੌਤ ਉਪਰੰਤ ਕੀਤੀਆਂ ਜਾਣ ਵਾਲੀਆਂ ਧਾਰਮਿਕ ਰਸਮਾਂ (ਸੰਸਕਾਰ) ਦਰਜ ਹਨ, ਇਹ ਉਸ ਦੀ ਉਲੰਘਣਾ ਨਹੀਂ ਕਰ ਰਹੇ। ਠੀਕ ਹੈ, ਪੀੜਤ ਪਰਿਵਾਰਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ। ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਆਗੂਆਂ ਨੂੰ ਮਿੱਟੀ ਰੂਪੀ ਅਸਥੀਆਂ ਨੂੰ ਕੀਰਤਪੁਰ ਸਾਹਿਬ ਦੇ ਅਸਥਘਾਟ ਵਿਖੇ ਜਲ ਪ੍ਰਵਾਹ ਕਰਨ ਤੋਂ ਪਹਿਲਾਂ ਖੁਦ ਵੀ ਸਿੱਖ ਰਹਿਤ ਮਰਿਆਦਾ ਨੂੰ ਪੜ੍ਹ ਲੈਣਾ ਚਾਹੀਦਾ ਸੀ ਅਤੇ ਲੋਕਾਂ ਨੂੰ ਦੱਸਣਾ ਚਾਹੀਦਾ ਸੀ ਕਿ ਸਿੱਖ ਜੀਵਨ ਮੁਕਤ ਹੈ, ਮਰਨ ਮੁਕਤ ਨਹੀਂ। ਪੰਥ ਦੇ ਅਜਿਹੇ ਆਗੂਆਂ ਨੂੰ ਅਜਿਹੇ ਸ਼ੋਸ਼ਿਆਂ 'ਤੇ ਸਿੱਖ ਜਗਤ ਦਾ ਪੈਸਾ ਅਤੇ ਸਮਾਂ ਬਰਬਾਦ ਕਰਕੇ ਝੂਠੀ ਸ਼ੋਹਰਤ ਖੱਟਣ ਦੀ ਬਜਾਏ ਗੁਰੂ ਨਾਨਕ ਦੇਵ ਦਾ ਉਪਦੇਸ਼ ਦੇਣਾ ਚਾਹੀਦਾ ਹੈ। ਲੋਕ ਵੀ ਉਸ ਚਿੜੀ ਤੋਂ ਹੀ ਕੁਝ ਸਿੱਖਣ ਜੋ ਜੰਗਲ ਵਿਚ ਲੱਗੀ ਅੱਗ ਨੂੰ ਬੁਝਾਉਣ ਲਈ ਨਿੱਕੀ ਜਿਹੀ ਚੁੰਝ ਵਿਚ ਪਾਣੀ ਭਰਕੇ ਲਿਆਉਂਦੀ ਹੈ ਅਤੇ ਦੱਸਦੀ ਹੈ ਕਿ ਮੈਂ ਆਪਣਾ ਯੋਗਦਾਨ ਪਾ ਰਹੀ ਹਾਂ। ਅਸੀਂ ਵੀ ਜਾਗੀਏ ਅਤੇ ਆਪਣਾ ਯੋਗਦਾਨ ਪਾਈਏ; ਨਹੀਂ ਤਾਂ ਪੰਥ ਨੂੰ ਨਿੱਤ ਦਿਹਾੜੇ ਅਜਿਹੇ ਖੋਰੇ ਲੱਗਦੇ ਰਹਿਣਗੇ। ਕੀ ਸਾਡੇ ਆਗੂ ਇਸੇ ਤਰ੍ਹਾਂ ਕਦੇ ਪਗੜੀ ਦੇ ਮਸਲੇ ਨੂੰ, ਕਦੇ 84 ਦੇ ਇਤਿਹਾਸ ਨੂੰ ਦੁਹਰਾ ਦੁਹਰਾ ਕੇ ਆਪਣੀਆਂ ਰੋਟੀਆਂ ਸੇਕਦੇ ਰਹਿਣਗੇ? ਅਤੇ ਵਡਮੁੱਲੇ ਪੰਥ ਦੀਆਂ ਅਗਲੀਆਂ ਪੀੜ੍ਹੀਆਂ ਲਈ ਇਹੋ ਜਿਹੇ ਪ੍ਰਸ਼ਨ ਛੱਡ ਕੇ ਜਾਣਗੇ ਕਿ ਉਹ ਆਪਣੇ ਇਸ ਉਚੇ ਅਤੇ ਸੁੱਚੇ ਧਰਮ ਨੂੰ ਆਪਣਾ ਕਹਿਣ ਤੋਂ ਵੀ ਮੂੰਹ ਛੁਪਾਉਣ?

# ਆਓ ਜਪਾਨ ਦੇ ਲੋਕਾਂ ਦੇ ਦੁੱਖ 'ਚ ਸ਼ਾਮਲ ਹੋਈਏ

ਸਾਰੇ ਹੀ ਸੰਸਾਰ ਨੇ ਜਪਾਨ ਵਿਚ ਵਾਪਰਿਆ ਦੁਖਾਂਤ ਆਪਣੀਆਂ ਅੱਖਾਂ ਨਾਲ ਵੇਖਿਆ ਹੈ। ਪੱਥਰ ਤੋਂ ਪੱਥਰ ਦਿਲ ਵੀ ਕੰਬ ਉਠਿਆ ਹੋਵੇਗਾ, ਇਹ ਭਿਆਨਕ ਦ੍ਰਿਸ਼ ਵੇਖਕੇ। ਕਿਸ ਤਰ੍ਹਾਂ ਇਕੋ ਵੇਲੇ ਹੀ ਦੋ ਵੱਖ-ਵੱਖ ਹਾਦਸੇ ਹੋ ਗਏ। ਜਿਥੇ ਅਜੇ ਜ਼ਬਰਦਸਤ ਭੁਚਾਲ ਨਾਲ ਧਰਤੀ ਕੰਬ ਹੀ ਰਹੀ ਸੀ, ਉਥੇ ਨਾਲ ਹੀ ਸਮੁੰਦਰੀ ਤੂਫ਼ਾਨ ਨੇ ਵੀ ਆਪਣਾ ਕਹਿਰ ਚੁੱਕ ਢਾਇਆ ਅਤੇ ਮਿੰਟਾਂ-ਸਕਿੰਟਾਂ ਵਿਚ ਹੀ ਉਹ ਸਮੁੰਦਰੀ ਤੂਫ਼ਾਨ ਜਿਨ੍ਹਾਂ ਰਾਹਾਂ ਤੋਂ ਲੰਘਦਾ ਗਿਆ, ਸਭ ਕੁਝ ਤਹਿਸ-ਨਹਿਸ ਕਰਦਾ ਤੁਰੀ ਗਿਆ ਅਤੇ ਆਪਣੀ ਭਿਆਨਕਤਾ ਵੀ ਦੁਨੀਆ ਨੂੰ ਦਿਖਾਈ ਗਿਆ।

ਬਰਬਾਦੀ ਦਾ ਇਹੋ ਜਿਹਾ ਮੰਜ਼ਰ ਪਹਿਲੀ ਵਾਰ ਦੇਖਣ ਕਰਕੇ ਦਿਲ ਅਤੇ ਦਿਮਾਗ ਅਜੇ ਤਕ ਵੀ ਸੁੰਨ ਹੈ। ਸੰਸਾਰ ਵਿਚ ਜ਼ੁਲਮ ਅਤੇ ਜ਼ਾਲਿਮ ਤਾਂ ਪਹਿਲਾਂ ਹੀ ਬੇਖੌਫ ਹੋ ਕੇ ਇਨਸਾਨੀਅਤ ਦਾ ਘਾਣ ਕਰ ਰਹੇ ਹਨ। ਇਨਸਾਨ, ਇਨਸਾਨ ਨਾ ਹੋ ਕੇ ਜੰਗਲੀ ਪਸ਼ੂ ਬਣਦਾ ਜਾ ਰਿਹਾ ਹੈ ਅਤੇ ਇਕ-ਦੂਜੇ ਨੂੰ ਮਾਰਨ ਲਈ ਹਰ ਵੇਲੇ ਤਿਆਰ ਰਹਿੰਦਾ ਹੈ। ਸਾਰੇ ਸੰਸਾਰ ਵਿਚ ਹੀ ਬਦ-ਅਮਨੀ ਛਾ ਰਹੀ ਹੈ। ਕਿਸੇ ਨੂੰ ਕੁਝ ਪਤਾ ਨਹੀਂ ਕਿ ਉਹ ਆਪਣਾ ਬਚਾਅ ਕਿਵੇਂ ਕਰੇ। ਅਜ ਹਰ ਮੁਲਕ ਵਿਚ ਹੀ ਅਸ਼ਾਂਤੀ ਫੈਲ ਰਹੀ ਹੈ। ਸੰਸਾਰ ਵਿਚ ਸ਼ੈਤਾਨ ਨੰਗਾ ਨਾਚ ਨੱਚ ਰਿਹਾ ਹੈ। ਦਿਨ-ਬਦਿਨ ਬੇਕਸੂਰ ਅਤੇ ਨੇਕ ਮਨੁੱਖਾਂ ਦਾ ਜੀਣਾ ਦੁਸ਼ਵਾਰ ਹੋ ਰਿਹਾ ਹੈ; ਅਤੇ ਉਪਰੋਂ ਇਹ ਰੱਬੀ ਕਹਿਰ ਜਪਾਨ 'ਤੇ ਟੁੱਟ ਪਿਆ ਹੈ।

ਤੂਫ਼ਾਨ ਤਾਂ ਪਹਿਲਾਂ ਵੀ ਦੁਨੀਆਂ ਵਿਚ ਆਉਂਦੇ ਰਹਿੰਦੇ ਹਨ ਪਰ ਇਹ ਸੁਨਾਮੀ ਤਾਂ ਭੁੱਖੇ ਰਾਖ਼ਸ਼ ਵਾਂਗ ਆਇਆ। ਜਿੱਧਰ ਵੀ ਆਇਆ, ਉਥੇ ਗਿਣਤੀ ਕਰਨ ਵਾਲੀ ਤਾਂ ਕੋਈ ਚੀਜ਼ ਬਚੀ ਹੀ ਨਹੀਂ। ਗਿਣਤੀ ਕਾਹਦੀ ਕੀਤੀ ਜਾਵੇਗੀ? ਕਿਸੇ ਪਰਿਵਾਰ ਦਾ ਇਕ ਜੀਅ ਬਚ ਗਿਆ ਹੈ ਅਤੇ ਉਹ ਬਰਬਾਦੀ ਦੇ ਢੇਰਾਂ 'ਤੇ ਬੈਠਾ ਇਕੱਲਾ ਰੋ ਰਿਹਾ ਹੈ ਕਿ ਉਸਦਾ ਸਭ ਕੁਝ, ਕਿਵੇਂ ਉਸ ਦੀਆਂ ਅੱਖਾਂ ਦੇ ਸਾਹਮਣੇ ਪਲਾਂ ਵਿਚ ਹੀ ਉਜੜ ਗਿਆ ਹੈ ਅਤੇ ਉਹ ਕੁਝ ਵੀ ਨਹੀਂ ਕਰ ਸਕਿਆ। ਇਕ ਵਿਚਾਰੀ ਬੇਸਹਾਰਾ ਔਰਤ ਕਿਸੇ ਦਰੱਖਤ ਦੀਆਂ ਟਾਹਣੀਆਂ ਵਿਚ ਅੜਕੇ ਬਚ ਗਈ ਸੀ ਪਰ ਉਸ ਦੇ ਸਾਹਮਣੇ ਉਸ ਦੀ ਧੀ ਉਸ ਨੂੰ ਆਵਾਜ਼ਾਂ ਮਾਰਦੀ-ਮਾਰਦੀ ਮੌਤ ਦੇ ਖੂਹ ਵਿਚ ਚਲੀ ਗਈ।

ਜਾਪਾਨ ਵਿਚ ਇਸ ਵੇਲੇ ਲਾਸ਼ਾਂ ਦੀ ਗਿਣਤੀ ਕਰਨੀ ਵੀ ਮੁਸ਼ਕਿਲ ਹੈ। ਹਰ ਪਾਸੇ ਲਾਸ਼ਾਂ। ਰੁੜ੍ਹ ਗਿਆਂ ਜਾਂ ਇਸ ਦੁਨੀਆਂ ਤੋਂ ਟੁਰ ਗਿਆਂ ਤੋਂ ਪਿੱਛੇ ਜੋ ਬਚ ਗਏ ਹਨ, ਉਨ੍ਹਾਂ ਦੇ ਦੁੱਖ ਕੌਣ ਵੰਡਾਵੇਗਾ? ਉਹ ਕਿਵੇਂ ਜਿਉਣਗੇ? ਕਿਸ ਆਸ ਨਾਲ ਜਿਉਣਗੇ? ਇਸ ਸਮੇਂ ਤਾਂ ਸਾਰਾ ਹੀ ਸੰਸਾਰ ਆਪਣੇ-ਆਪਣੇ ਤੌਰ 'ਤੇ ਜਪਾਨ ਦੀ ਸਹਾਇਤਾ ਕਰ ਰਿਹਾ ਹੈ ਪਰ ਇਹ ਸਹਾਇਤਾ ਕਿੰਨੇ ਕੁ ਦਿਨ ਜਾਂ ਹਫ਼ਤੇ ਅਤੇ ਮਹੀਨੇ ਹੋਵੇਗੀ। ਆਖਿਰ ਸਭ ਨੇ ਹਾਰ ਹੰਭਕੇ ਬੈਠ ਜਾਣਾ ਹੈ ਅਤੇ ਬਚੇ ਹੋਏ ਦੁਖਿਆਰੇ ਲੋਕ ਉਨ੍ਹਾਂ ਖੰਡਰਾਂ ਅਤੇ ਬਰਬਾਦੀ ਨੂੰ ਵੇਖ-ਵੇਖ ਕੇ ਰੋਇਆ ਕਰਨਗੇ। ਅੱਜ ਇੱਥੇ ਇਹ ਸ਼ਬਦ ਮੂੰਹੋਂ ਨਿਕਲਦੇ ਹਨ, ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ। ਅਕਾਲ ਪੁਰਖ ਪਿਤਾ ਦੀ ਮਹਿਮਾ ਬੇਅੰਤ ਹੈ। ਸਭ ਤਾਕਤਾਂ/ਸ਼ਕਤੀਆਂ ਦਾ ਮਾਲਿਕ ਉਹ ਪ੍ਰਭੂ ਆਪ ਹੈ। ਉਸ ਨੂੰ ਕੌਣ ਸਵਾਲ ਕਰੇ ਕਿ ਇਹ ਤੂੰ ਕਿਉਂ ਕੀਤਾ ਹੈ? ਉਸ ਦਾ ਹੁਕਮ ਹੈ।

ਇਥੇ ਇਹ ਵਿਚਾਰ ਵੀ ਕਰਨੀ ਬਣਦੀ ਹੈ ਕਿ ਕੁਦਰਤ ਇਵੇਂ ਕਿਉਂ ਕਰ ਰਹੀ ਹੈ? ਬਹੁਤ ਲੋਕ ਆਖ ਰਹੇ ਹਨ ਕਿ ਰੱਬ ਦੁਨੀਆਂ 'ਤੇ ਗੁੱਸੇ ਹੋ ਕੇ ਆਪਣਾ ਕਹਿਰ ਵਰਸਾ ਰਿਹਾ ਹੈ। ਜੇਕਰ ਸਚਮੁੱਚ ਹੀ ਰੱਬ ਗੁੱਸੇ ਹੈ ਤਾਂ ਇਸ ਦਾ ਉਪਾਅ ਤਾਂ ਬੰਦੇ ਦੇ ਕੋਲ ਹੈ। ਅੱਜ ਅਸੀਂ ਇਨਸਾਨੀਅਤ ਦੇ ਮੁੱਦਈ ਬਣਦੇ ਹਾਂ ਪਰ ਅਸੀਂ ਕਿੰਨਾ ਕੁ ਇਨਸਾਨ ਬਣਕੇ ਵਿਚਰ ਰਹੇ ਹਾਂ, ਸਾਨੂੰ ਖੁਦ ਨੂੰ ਪਤਾ ਹੈ; ਤੇ ਆਓ ਫਿਰ ਉਸ ਰੁੱਸੇ ਹੋਏ ਰੱਬ ਨੂੰ ਮਨਾਉਣ ਲਈ ਆਪਣੇ ਗੁਰੂ ਦਾ ਕਹਿਣਾ ਮੰਨਕੇ ਸੇਵਾ ਅਤੇ ਸਿਮਰਨ ਕਰੀਏ ਅਤੇ ਆਪਣੇ ਧੁਰ ਅੰਦਰੋਂ ਉਸ ਨੂੰ ਪੁਕਾਰੀਏ ਅਤੇ ਉਸਦੀ ਸ੍ਰਿਸ਼ਟੀ ਨੂੰ, ਉਸ ਦੀ ਰਚਨਾ ਨੂੰ, ਉਸ ਦੀ ਹੋਂਦ ਨੂੰ ਪਿਆਰ ਕਰੀਏ। ਅੱਜ ਅਸੀਂ ਜਿਹੜੇ ਧਰਮ-ਕਰਮ ਕਰਦੇ ਹਾਂ, ਉਹ ਸਭ ਦਿਖਾਵੇ ਹਨ; ਪਾਖੰਡ ਹਨ। ਅਸੀਂ ਰੱਬ ਜਾਂ ਗੁਰੂ ਨੂੰ ਧੋਖਾ ਨਹੀਂ ਦੇ ਰਹੇ, ਆਪਣੇ ਆਪ ਨੂੰ ਧੋਖਾ ਦੇ ਰਹੇ ਹਾਂ। ਅਪਣੀ ਸ਼ਰਮ ਅਤੇ ਧਰਮ-ਕਰਮ ਨੂੰ ਛਿਕੇ ਟੰਗ ਕੇ ਆਪਣੇ ਲਈ ਸੁਨਾਮੀਆਂ ਨੂੰ ਆਵਾਜ਼ਾਂ ਦੇ ਰਹੇ ਹਾਂ। ਆਓ ਉਸ ਮਾਲਿਕ ਤੋਂ ਡਰੀਏ, ਸਤਿਗੁਰੂ ਉਚਾਰਨ ਕਰਦੇ ਹਨ:

ਪਾਰੋਸੀ ਕੇ ਜੋ ਹੂਆ, ਤੂੰ ਅਪਣੇ ਭੀ ਜਾਨ॥

ਹੇ ਬੰਦੇ! ਅੱਜ ਜੋ ਤੂਫ਼ਾਨ ਗੁਆਂਢੀ ਦੇ ਘਰ ਆਇਆ ਹੈ ਕੱਲ੍ਹ ਨੂੰ ਤੇਰੇ ਵਿਹੜੇ ਵੀ ਆ ਸਕਦਾ ਹੈ। ਸੋ ਰੱਬ ਤੋਂ ਆਕੀ ਨਾ ਹੋਈਏ, ਜਪਾਨ ਸਾਥੋਂ ਬਹੁਤ ਦੂਰ ਨਹੀਂ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਆਸ਼ਾ ਭੌਂਸਲੇ ਹੁਣ ਗਾਏਗੀ ਅਦਾਕਾਰੀ ਦਾ ਗੀਤ

ਵੱਡੀ ਭੈਣ ਲਤਾ ਮੰਗੇਸ਼ਕਰ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਸਮੇਂ ਫ਼ਿਲਮਾਂ ਵਿਚ ਅਦਾਕਾਰੀ ਕੀਤੀ ਸੀ। ਫਿਰ ਅਨਿਲ ਕਪੂਰ ਦੀ ਫ਼ਿਲਮ 'ਪੁਕਾਰ' ਵਿਚ ਵੀ ਉਹ ਪਰਦੇ 'ਤੇ ਪੇਸ਼ ਹੋਈ ਸੀ। ਹੁਣ ਛੋਟੀ ਭੈਣ ਆਸ਼ਾ ਭੌਂਸਲੇ ਵੀ ਵੱਡੇ ਪਰਦੇ 'ਤੇ ਆ ਰਹੀ ਹੈ। ਆਸ਼ਾ ਨੂੰ ਇਕ ਮਰਾਠੀ ਫ਼ਿਲਮ 'ਭਾਈ' ਲਈ ਇਕਰਾਰਬੱਧ ਕੀਤਾ ਗਿਆ ਹੈ। ਇਸ ਫ਼ਿਲਮ ਵਿਚ ਮਾਂ-ਬੇਟੀ ਦੀ ਕਹਾਣੀ ਪੇਸ਼ ਕੀਤੀ ਜਾਵੇਗੀ। ਮਾਂ ਦੀ ਭੂਮਿਕਾ ਆਸ਼ਾ ਭੌਂਸਲੇ ਵੱਲੋਂ ਨਿਭਾਈ ਜਾਵੇਗੀ ਜਦੋਂਕਿ ਪਦਮਿਨੀ ਕੋਹਲਾਪੁਰੀ ਬੇਟੀ ਦੀ ਭੂਮਿਕਾ ਵਿਚ ਹੋਵੇਗੀ। ਉਮਰ ਦੇ 71ਵੇਂ ਸਾਲ ਵਿਚ ਅਭਿਨੈ ਵੱਲ ਰੁਖ ਕਰਨ ਬਾਰੇ ਆਸ਼ਾ ਭੌਂਸਲੇ ਦਾ ਕਹਿਣਾ ਹੈ, 'ਕੁਝ ਵੀਡੀਓ ਐਲਬਮਾਂ ਵਿਚ ਕੰਮ ਕਰਨ ਤੋਂ ਬਾਅਦ ਮੇਰੇ ਵਿਚ ਇਹ ਆਤਮ-ਵਿਸ਼ਵਾਸ ਆ ਹੀ ਗਿਆ ਸੀ ਕਿ ਮੈਂ ਅਭਿਨੈ ਵੀ ਕਰ ਸਕਦੀ ਹਾਂ। ਇਸ ਫ਼ਿਲਮ ਦੇ ਨਿਰਦੇਸ਼ਕ ਮਹੇਸ਼ ਕੋਡਿਆਲ ਨੇ ਜਦੋਂ ਮੈਨੂੰ ਇਹ ਰੋਲ ਪੇਸ਼ਕਸ਼ ਕੀਤਾ ਤਾਂ ਲੱਗਿਆ ਕਿ ਅਭਿਨੈ ਕਰਨ ਦੀ ਇੱਛਾ ਇਸ ਫ਼ਿਲਮ ਦੀ ਬਦੌਲਤ ਪੂਰੀ ਹੋ ਸਕਦੀ ਹੈ। ਮੇਰੇ ਪਰਿਵਾਰ ਵਾਲਿਆਂ ਨੇ ਵੀ ਫ਼ਿਲਮ ਵਿਚ ਕੰਮ ਕਰਨ ਲਈ ਮੈਨੂੰ ਪ੍ਰੇਰਿਤ ਕੀਤਾ। ਇਸ ਵਿਚ ਮੈਂ ਮੱਧ ਵਰਗੀ ਆਮ ਮਹਾਰਾਸ਼ਟਰੀਅਨ ਔਰਤ ਬਣੀ ਹਾਂ ਤੇ ਹਾਂ, ਮੈਂ ਇਹ ਸਫਾਈ ਦੇਣਾ ਵੀ ਚਾਹਾਂਗੀ ਕਿ ਇਸ ਫ਼ਿਲਮ ਦੀ ਕਹਾਣੀ ਮੇਰੀ ਜ਼ਿੰਦਗੀ 'ਤੇ ਆਧਾਰਤ ਨਹੀਂ ਹੈ।'



# ਸੋਹਾ ਮਾਂ ਨਾਲ ਕੰਮ ਕਰਕੇ ਬਾਗ਼ੋ-ਬਾਗ਼

ਅਦਾਕਾਰਾ ਸੋਹਾ ਅਲੀ ਖਾਨ ਲਈ ਆਪਣੀ ਮਾਂ ਮਸ਼ਹੂਰ ਅਦਾਕਾਰਾ ਸ਼ਰਮੀਲਾ ਟੈਗੋਰ ਨਾਲ ਅਭਿਨੈ ਕਰਨਾ ਸੌਖਾ ਨਹੀਂ ਸੀ। ਉਹ 'ਲਾਈਫ ਗੋਜ਼ ਆਨ' ਦੀ ਸ਼ੂਟਿੰਗ ਵਿਚ ਮਾਂ ਦੀ ਮੌਜੂਦਗੀ ਨਾਲ ਥੋੜ੍ਹੀ ਘਬਰਾਈ ਹੋਈ ਸੀ। ਇਹ ਸੋਹਾ ਤੇ ਸ਼ਰਮੀਲਾ ਦੀ ਅਜਿਹੀ ਪਹਿਲੀ ਫ਼ਿਲਮ ਹੈ ਜਿਸ ਵਿਚ ਉਹ ਇਕੱਠੀਆਂ ਨਜ਼ਰ ਆਉਣਗੀਆਂ। ਸੋਹਾ ਨੇ ਕਿਹਾ ਕਿ ਮੈਂ ਆਪਣੇ ਡਾਇਲਾਗ ਨਹੀਂ ਭੁੱਲੀ ਪਰ ਥੋੜ੍ਹੀ ਘਬਰਾਈ ਹੋਈ ਸੀ। ਉਸ ਨੇ ਕਿਹਾ ਕਿ ਜਦੋਂ ਮੇਰੀ ਮਾਂ ਖ਼ੁਸ਼ ਹੁੰਦੀ ਹੈ ਤਾਂ ਅਦਭੁੱਤ ਹੁੰਦੀ ਹੈ ਪਰ ਜਦੋਂ ਉਸ ਦਾ ਮਨ ਠੀਕ ਨਹੀਂ ਹੁੰਦਾ ਤਾਂ ਹਾਲਤ ਬਹੁਤ ਖਰਾਬ ਹੁੰਦੀ ਹੈ। ਉਂਜ ਉਸ ਨੇ ਸ਼ੂਟਿੰਗ ਦੌਰਾਨ ਮੈਨੂੰ ਇਹ ਸਲਾਹ ਵੀ ਦਿੱਤੀ ਕਿ ਮੈਂ ਨਿਰਦੇਸ਼ਕ ਸੰਗੀਤਾ ਦੱਤਾ ਦੇ ਨਿਰਦੇਸ਼ਾਂ 'ਤੇ ਧਿਆਨ ਦੇਵਾਂ।

ਸੋਹਾ ਨੇ ਕਿਹਾ ਕਿ ਮੇਰੀਆਂ ਕੋਈ ਉਮੀਦਾਂ ਨਹੀਂ ਹਨ ਤੇ ਮੈਂ ਫ਼ਿਲਮਾਂ ਤੋਂ ਕੋਈ ਉਮੀਦਾਂ ਨਾ ਰੱਖਣਾ ਸਿੱਖਿਆ ਹੈ। ਹਾਂ, ਇਸ ਫ਼ਿਲਮ ਲਈ ਕੰਮ ਕਰਨਾ ਬਹੁਤ ਚੰਗਾ ਲੱਗਾ। ਮੈਨੂੰ ਅੰਮੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਇਹ ਇਕ ਭਾਵਨਾਤਮਕ ਫ਼ਿਲਮ ਹੈ ਜਿਸ ਵਿਚ ਇਕ ਮਾਂ ਤੇ ਪਰਿਵਾਰ ਦੇ ਦੁੱਖ ਨੂੰ ਸੰਵੇਦਨਸ਼ੀਲਤਾ ਨਾਲ ਉਠਾਇਆ ਗਿਆ ਹੈ।

# ਸ਼ਾਹੀ ਤਬੀਅਤ ਦਾ ਮਾਲਕ ਪ੍ਰਦੀਪ ਕੁਮਾਰ

ਹਿੰਦੀ ਫ਼ਿਲਮਾਂ 'ਚ ਅਜਿਹੇ ਬਹੁਤ ਘੱਟ ਅਦਾਕਾਰ ਹੋਏ ਹਨ ਜਿਨ੍ਹਾਂ 'ਤੇ ਫ਼ਿਲਮਾਏ ਗੀਤ ਉਨ੍ਹਾਂ ਦੀ ਪਛਾਣ ਬਣ ਚੁੱਕੇ ਹਨ। ਅੱਜ ਕਿਸੇ ਵੀ ਗਲੀ 'ਚੋਂ ਲੰਘਦਿਆਂ ਕਿਸੇ ਰੇਡੀਓ 'ਤੇ ਵੱਜਦਾ ਹੋਇਆ ਫ਼ਿਲਮ 'ਤਾਜ ਮਹੱਲ' ਦਾ ਯਾਦਗਾਰੀ ਗੀਤ 'ਜੋ ਵਾਅਦਾ ਕੀਆ ਵੋ ਨਿਭਾਨਾ ਪੜੇਗਾ' ਦਾ ਮਿੱਠਾ ਸੰਗੀਤ ਤੇ ਬੋਲ ਕੰਨਾਂ 'ਚ ਪੈ ਜਾਣ ਤਾਂ ਸਭ ਤੋਂ ਪਹਿਲਾਂ ਜੋ ਚਿਹਰਾ ਦਿਮਾਗ 'ਚ ਉਭਰੇਗਾ, ਉਹ ਅਦਾਕਾਰ ਪ੍ਰਦੀਪ ਕੁਮਾਰ ਦਾ ਹੀ ਹੋਵੇਗਾ। ਉਨ੍ਹਾਂ ਦੀ ਦਿਲਖਿੱਚਵੀਂ ਦਿੱਖ ਤੇ ਸ਼ਾਹੀ ਸ਼ਖ਼ਸੀਅਤ ਕਾਰਨ ਉਨ੍ਹਾਂ ਦੇ ਸਾਥੀ ਉਨ੍ਹਾਂ ਨੂੰ 'ਪ੍ਰਿੰਸ' ਆਖ ਕੇ ਸਤਿਕਾਰਦੇ ਸਨ। 'ਤਾਜ ਮਹੱਲ' 'ਚ ਉਨ੍ਹਾਂ ਦੀ ਪੇਸ਼ਕਾਰੀ ਹਿੰਦੀ ਇਤਿਹਾਸਕ ਫ਼ਿਲਮਾਂ 'ਚ ਇਕ ਮੀਲ ਪੱਥਰ ਵਾਂਗ ਹੈ।



ਹਿੰਦੀ ਫ਼ਿਲਮਾਂ 'ਚ ਪ੍ਰਦੀਪ ਕੁਮਾਰ ਦੀ ਆਮਦ ਕਾਫੀ ਨਾਟਕੀ ਢੰਗ ਨਾਲ ਹੋਈ। 4 ਜਨਵਰੀ 1925 ਨੂੰ ਕਲਕੱਤਾ 'ਚ ਪੈਦਾ ਹੋਏ ਪ੍ਰਦੀਪ ਕੁਮਾਰ ਦੇ ਪਿਤਾ ਮੰਨੇ-ਪ੍ਰਮੰਨੇ ਮੈਜਿਸਟ੍ਰੇਟ ਸਨ। ਉਨ੍ਹਾਂ ਦੇ ਬਚਪਨ 'ਚ ਉਨ੍ਹਾਂ ਦੇ ਚਾਚੇ ਜੋ ਇਕ ਸਟੇਜ ਕਲਾਕਾਰ ਸੀ, ਦਾ ਇਕ ਅਦਾਕਾਰਾ ਨਾਲ 'ਅਫੇਅਰ' ਸੀ। ਇਸ 'ਅਫੇਅਰ' ਤੋਂ ਉਪਜੇ ਵਿਵਾਦ ਦਾ ਉਨ੍ਹਾਂ ਦੇ ਪਰਿਵਾਰ 'ਤੇ ਡੂੰਘਾ ਅਸਰ ਪਿਆ ਤੇ ਉਨ੍ਹਾਂ ਦੇ ਘਰ 'ਚ ਰੰਗਮੰਚ ਜਾਂ ਅਦਾਕਾਰੀ ਦਾ ਨਾਂ ਲੈਣ ਦੀ ਵੀ ਮਨਾਹੀ ਹੋ ਗਈ।

ਇਸ ਦੇ ਬਾਵਜੂਦ ਨੌਜਵਾਨ ਪ੍ਰਦੀਪ ਕੁਮਾਰ ਚੋਰੀ-ਛਿਪੇ ਕਾਲਜ ਦੇ ਦਿਨਾਂ 'ਚ ਬੰਗਾਲੀ ਨਾਟਕਾਂ 'ਚ ਕੰਮ ਕਰਦੇ ਰਹੇ। ਉਨ੍ਹਾਂ ਦਾ ਇਹ ਸ਼ੌਕ ਉਦੋਂ ਸਾਹਮਣੇ ਆਇਆ, ਜਦੋਂ ਉਨ੍ਹਾਂ ਦਾ ਨਾਟਕ 'ਪਤੀਵ੍ਰਤਾ' ਬੇਹੱਦ ਸਫਲ ਰਿਹਾ। ਉਨ੍ਹਾਂ ਦੇ ਪਿਤਾ ਤੇ ਚਾਚੇ ਦੇ ਨਾਲ ਹੀ ਉਨ੍ਹਾਂ ਦਾ ਪੂਰਾ ਪਰਿਵਾਰ ਉਨ੍ਹਾਂ ਨੂੰ ਗੁੱਸੇ ਹੋਇਆ ਪਰ ਉਹ ਤਾਂ ਅਦਾਕਾਰੀ ਦੇ ਆਦੀ ਹੋ ਚੁੱਕੇ ਸਨ। ਉਨ੍ਹਾਂ ਨੇ ਸਾਰੇ ਵਿਰੋਧਾਂ ਦੇ ਬਾਵਜੂਦ ਰੰਗਮੰਚ ਤੇ ਅਦਾਕਾਰੀ ਜਾਰੀ ਰੱਖੀ।

ਗ੍ਰੈਜੂਏਸ਼ਨ ਪਿੱਛੋਂ ਉਨ੍ਹਾਂ ਨੇ ਕੁਝ ਸਮੇਂ ਲਈ ਹੋਟਲ ਮੈਨੇਜਰ ਦੇ ਤੌਰ 'ਤੇ ਕੰਮ ਕੀਤਾ ਤੇ ਪਿੱਛੋਂ ਏਅਰਕ੍ਰਾਫਟ ਟੈਕਨੀਸ਼ੀਅਨ ਦੀ ਨੌਕਰੀ ਵੀ ਕੀਤੀ ਪਰ ਅਦਾਕਾਰ ਬਣਨਾ ਤਾਂ ਉਨ੍ਹਾਂ ਦੀ ਕਿਸਮਤ 'ਚ ਲਿਖਿਆ ਸੀ। ਇਕ ਦਿਨ ਉਨ੍ਹਾਂ ਨੇ ਆਪਣੀ ਦਾਦੀ ਨੂੰ ਹਵਾਈ ਜਹਾਜ਼ 'ਚ ਸੈਰ ਕਰਵਾਉਣ ਲਈ ਬੁਲਾਇਆ। ਉਹ ਉਡਾਣ ਦੇ ਅਖੀਰ 'ਤੇ ਇੰਨੀ ਡਰ ਗਈ ਕਿ ਉਸ ਨੇ ਪ੍ਰਦੀਪ ਨੂੰ ਇਹ ਨੌਕਰੀ ਛੱਡ ਦੇਣ ਲਈ ਕਿਹਾ। ਉਹ ਇਸ ਸ਼ਰਤ 'ਤੇ ਸਹਿਮਤ ਹੋ ਗਏ ਕਿ ਜੇ ਉਨ੍ਹਾਂ ਨੂੰ ਅਦਾਕਾਰੀ ਕਰਨ ਦੀ ਇਜਾਜ਼ਤ ਦੇ ਦਿੱਤੀ ਜਾਏ ਤਾਂ ਉਹ ਇਹ ਨੌਕਰੀ ਛੱਡ ਦੇਣਗੇ। ਉਨ੍ਹਾਂ ਨੂੰ ਇਜਾਜ਼ਤ ਮਿਲ ਗਈ ਤੇ ਉਹ 1946 'ਚ ਆਈ ਆਪਣੀ ਪਹਿਲੀ ਬੰਗਾਲੀ ਫ਼ਿਲਮ 'ਅਲਕਨੰਦਾ' ਰਾਹੀਂ ਸਟਾਰ ਬਣ ਗਏ।

ਕਈ ਬੰਗਾਲੀ ਫ਼ਿਲਮਾਂ 'ਚ ਕੰਮ ਕਰਨ ਪਿੱਛੋਂ ਉਨ੍ਹਾਂ ਨੂੰ ਫ਼ਿਲਮੀਸਤਾਨ ਸਟੂਡੀਓਜ਼ ਵੱਲੋਂ ਮੁੰਬਈ ਬੁਲਾਇਆ ਗਿਆ। 1952 'ਚ ਉਨ੍ਹਾਂ ਨੇ ਆਪਣੀ ਪਹਿਲੀ ਹਿੰਦੀ ਫ਼ਿਲਮ 'ਆਨੰਦ ਮਠ' ਕੀਤੀ ਜਿਸ 'ਚ ਉਨ੍ਹਾਂ ਦੇ ਆਪੋਜ਼ਿਟ ਗੀਤਾ ਬਾਲੀ ਸੀ। ਉਨ੍ਹਾਂ ਦੀ ਸ਼ਾਹੀ ਦਿੱਖ ਤੇ ਖਾਸ ਸ਼ਖ਼ਸੀਅਤ ਕਾਰਨ ਉਨ੍ਹਾਂ ਨੂੰ ਉਨ੍ਹਾਂ ਦਿਨਾਂ 'ਚ ਲੋਕਪ੍ਰਿਯ ਰਾਜਕੁਮਾਰਾਂ ਤੇ ਰਾਜਿਆਂ ਦੇ ਕਿਰਦਾਰ ਮਿਲਣ ਲੱਗੇ। ਅਨਾਰਕਲੀ 'ਚ ਨਿਭਾਏ ਉਨ੍ਹਾਂ ਦੇ ਕਿਰਦਾਰ ਨੇ ਉਨ੍ਹਾਂ ਨੂੰ ਇਕ 'ਆਈਕਾਨ' ਬਣਾ ਦਿੱਤਾ ਸੀ। ਉਨ੍ਹਾਂ ਦੀਆਂ ਸਭ ਤੋਂ ਹਿੱਟ ਫ਼ਿਲਮਾਂ 'ਚ 'ਨਾਗਿਨ' ਵੀ ਸ਼ਾਮਲ ਹੈ।

ਇਸ ਤੋਂ ਕਈ ਸਾਲ ਪਿੱਛੋਂ ਉਨ੍ਹਾਂ ਨੂੰ 'ਅਨਾਰਕਲੀ' ਦੀ ਨਾਇਕਾ ਬੀਨਾ ਰਾਏ ਦੇ ਆਪੋਜ਼ਿਟ ਫ਼ਿਲਮ 'ਤਾਜ ਮਹੱਲ' 'ਚ ਸ਼ਾਹਜਹਾਂ ਦਾ ਰੋਮਾਂਟਿਕ ਕਿਰਦਾਰ ਦਿੱਤਾ ਗਿਆ ਜੋ ਉਨ੍ਹਾਂ ਦੇ ਸਭ ਤੋਂ ਯਾਦਗਾਰ ਕਿਰਦਾਰਾਂ 'ਚੋਂ ਇਕ ਹੈ। 1970 ਪਿੱਛੋਂ ਉਹ ਫ਼ਿਲਮਾਂ 'ਚ ਬਤੌਰ ਚਰਚਿਤ ਅਦਾਕਾਰ ਕੰਮ ਕਰਨ ਲੱਗਾ। ਇਥੋਂ ਤੱਕ ਕਿ ਉਨ੍ਹਾਂ ਨੇ 'ਧਰਮਵੀਰ', 'ਮਹਿਬੂਬ ਕੀ ਮਹਿੰਦੀ', 'ਹਵਸ' ਤੇ 'ਰਜ਼ੀਆ ਸੁਲਤਾਨਾ' 'ਚ ਖਲਨਾਇਕ ਦੇ ਕਿਰਦਾਰ ਵੀ ਨਿਭਾਏ। ਪ੍ਰਦੀਪ ਕੁਮਾਰ ਦੇ ਪੰਜ ਬੱਚਿਆਂ 'ਚੋਂ ਸਿਰਫ ਇਕ ਬੀਨਾ ਹੀ ਅਦਾਕਾਰੀ ਦੀ ਦੁਨੀਆਂ 'ਚ ਆਈ ਜੋ ਫ਼ਿਲਮਾਂ ਤੇ ਟੀ.ਵੀ. 'ਤੇ ਕਾਫੀ ਲੋਕਪ੍ਰਿਯ ਹੋਈ। ਪ੍ਰਦੀਪ ਕੁਮਾਰ ਦਾ ਪੂਰਾ ਕੈਰੀਅਰ ਵਿਵਾਦਾਂ ਤੋਂ ਦੂਰ ਰਿਹਾ। ਸੰਨ 2001 ਦੇ ਦੂਜੇ ਅੱਧ 'ਚ ਕੋਲਕੱਤਾ 'ਚ ਉਨ੍ਹਾਂ ਦੀ ਮੌਤ ਹੋ ਗਈ ਪਰ ਹਿੰਦੀ ਫ਼ਿਲਮਾਂ ਦੇ ਇਤਿਹਾਸ 'ਚ ਉਨ੍ਹਾਂ ਦਾ ਨਾਂ ਉਨ੍ਹਾਂ ਦੀ ਸਰਵੋਤਮ ਅਦਾਕਾਰੀ ਕਾਰਨ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

# ਰਾਣੀ ਦੇ ਦਿਨ ਬਦਲੇ



ਬਾਲੀਵੁੱਡ 'ਚ ਫ਼ਿਲਮ 'ਰਾਜਾ ਕੀ ਆਏਗੀ ਬਾਰਾਤ' ਰਾਹੀਂ ਆਪਣਾ ਫ਼ਿਲਮੀ ਕੈਰੀਅਰ ਸ਼ੁਰੂ ਕਰਨ ਵਾਲੀ ਰਾਣੀ ਮੁਖਰਜੀ ਦੀ ਕੁਝ ਦਿਨ ਪਹਿਲਾਂ ਫ਼ਿਲਮ 'ਨੋ ਵਨ ਕਿੱਲਡ ਜੈਸਿਕਾ' ਰਾਹੀਂ ਕੈਰੀਅਰ ਦੇ ਉਖੜਦੇ ਸਾਹਾਂ ਨੂੰ ਆਕਸੀਜਨ ਮਿਲ ਗਈ ਹੈ ਤੇ ਰਾਣੀ ਨੂੰ ਇਕ ਵਾਰ ਫਿਰ ਲਾਈਮ ਲਾਈਟ 'ਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਇਸ 'ਚ ਰਾਣੀ ਨੇ ਦਮਦਾਰ ਰੋਲ ਨਿਭਾ ਕੇ ਸਿੱਧ ਕੀਤਾ ਹੈ ਕਿ ਉਹ ਅਜੇ ਵੀ ਕਿਸੇ ਤੋਂ ਘੱਟ ਨਹੀਂ।

ਕਰਨ ਜੌਹਰ ਵਰਗੇ ਦਿੱਗਜ਼ ਨਿਰਦੇਸ਼ਕ ਵੀ ਰਾਣੀ ਮੁਖਰਜੀ ਨੂੰ ਆਪਣਾ ਲੱਕੀ ਚਾਰਮ ਮੰਨ ਚੁੱਕੇ ਹਨ। ਨਤੀਜੇ ਵਜੋਂ ਬੀਤੇ ਦੋ ਸਾਲਾਂ 'ਚ ਆਪਣੀ ਫ਼ਿਲਮ ਦੀ ਸਫਲਤਾ ਦੀ ਰਾਹ ਦੇਖ ਰਹੀ ਰਾਣੀ ਦੀਆਂ ਕੈਰੀਅਰ ਰੂਪੀ ਸੁੰਨੀਆਂ ਗਲੀਆਂ 'ਚ ਮੁੜ ਬਹਾਰ ਆਉਣ ਲੱਗੀ ਹੈ ਜਿਸ ਦਾ ਫਾਇਦਾ ਲੈਣ ਲਈ ਖੁਦ ਰਾਣੀ ਮੁਖਰਜੀ ਕੋਈ ਮੌਕਾ ਨਹੀਂ ਗੁਆਉਣਾ ਚਾਹੁੰਦੀ। ਖ਼ਬਰ ਹੈ ਕਿ ਰਾਣੀ ਮੁਖਰਜੀ ਨੂੰ ਮੁੜ ਆਮਿਰ ਖਾਨ ਨਾਲ ਫ਼ਿਲਮ ਲਈ ਸਾਈਨ ਕੀਤਾ ਗਿਆ ਹੈ ਜਿਸ ਨੂੰ ਲੈ ਕੇ ਰਾਣੀ ਕਾਫੀ ਖ਼ੁਸ਼ ਹੈ।



# ਐਸ਼ਵਰਿਆ ਹੋਈ ਭੰਸਾਲੀ ਨਾਲ ਖ਼ਫ਼ਾ

ਬਾਲੀਵੁਡ ਦੀ ਦੁਨੀਆਂ 'ਚ ਦੋਸਤ ਦੁਸ਼ਮਣ ਬਣ ਜਾਂਦੇ ਹਨ ਤੇ ਰਾਤੋ-ਰਾਤ ਫਿਰ ਬਦਲ ਜਾਂਦੇ ਹਨ। ਖ਼ਬਰ ਹੈ ਕਿ ਐਸ਼ਵਰਿਆ ਰਾਏ ਬਚਨ ਫ਼ਿਲਮ-ਮੇਕਰ ਸੰਜੈ ਲੀਲਾ ਭੰਸਾਲੀ ਲਈ ਫ਼ਿਲਮ ਗੁਜ਼ਾਰਿਸ਼ ਦੇ ਬਾਅਦ ਕਦੇ ਵੀ ਪਸੰਦੀਦਾ ਨਹੀਂ ਰਹੀ। ਅਫਵਾਹਾਂ 'ਤੇ ਗੌਰ ਕੀਤਾ ਜਾਵੇ ਤਾਂ ਇਹ ਨੀਲੇ ਅੱਖਾਂ ਵਾਲੀ ਅਭਿਨੇਤਰੀ ਭੰਸਾਲੀ ਤੋਂ ਨਾਰਾਜ਼ ਹੈ ਕਿਉਂਕਿ ਉਨ੍ਹਾਂ ਇਸ ਨੂੰ ਫ਼ਿਲਮ ਦੇ ਮੁਨਾਫੇ 'ਚ ਸ਼ਾਮਲ ਨਹੀਂ ਕੀਤਾ ਪਰ ਬਾਕਸ ਆਫਿਸ 'ਤੇ ਫ਼ਿਲਮ ਕੁਝ ਖਾਸ ਕਮਾਲ ਨਹੀਂ ਵਿਖਾ ਪਾਈ ਤੇ ਹਰ ਜਗ੍ਹਾ ਸਿਰਫ ਭੰਸਾਲੀ ਤੇ ਰਿਤਿਕ ਰੋਸ਼ਨ ਨੂੰ ਹੀ ਪ੍ਰਸ਼ੰਸਾ ਮਿਲੀ। ਇੰਨਾ ਹੀ ਨਹੀਂ ਯੂ.ਟੀ.ਵੀ. ਮੋਸ਼ਨ ਪਿਕਚਰ ਨੇ ਭੰਸਾਲੀ ਨੂੰ 27 ਕਰੋੜ ਰੁਪਏ ਮਿਹਨਤਾਨਾ ਤਾਂ ਦਿੱਤਾ ਪਰ ਨਾਲ ਹੀ ਫ਼ਿਲਮ ਦੇ ਮੁਨਾਫੇ 'ਚ ਵੀ ਹਿੱਸਾਦਾਰੀ ਦਿੱਤੀ। ਇਨ੍ਹਾਂ ਗੱਲਾਂ ਨੂੰ ਲੈ ਕੇ ਐਸ਼ਵਰਿਆ ਖਫਾ ਹੈ।

# ਸਲਮਾਨ ਨਿਰਦੇਸ਼ਕ ਨਾਲ ਉਲਝਿਆ



ਸੰਜੇ ਲੀਲਾ ਭੰਸਾਲੀ ਤੇ ਅਨੁਰਾਗ ਕਸ਼ਿਅਪ ਤੋਂ ਬਾਅਦ ਸਲਮਾਨ ਖਾਨ ਦਾ ਇਕ ਹੋਰ ਨਿਰਦੇਸ਼ਕ ਨਾਲ ਪੰਗਾ ਪੈ ਗਿਆ ਹੈ। ਇਹ ਡਾਇਰੈਕਟਰ ਕੋਈ ਹੋਰ ਨਹੀਂ ਸਗੋਂ ਸਲਮਾਨ ਦੀ ਹੀ ਫ਼ਿਲਮ 'ਰੈਡੀ' ਦਾ ਨਿਰਦੇਸ਼ਨ ਕਰ ਰਿਹਾ ਅਨੀਸ ਬਜ਼ਮੀ ਹੈ। ਦੱਸਿਆ ਜਾਂਦਾ ਹੈ ਕਿ ਸਲਮਾਨ ਤੇ ਬਜ਼ਮੀ ਫ਼ਿਲਮ ਦੇ ਸੈਟ 'ਤੇ ਹੀ ਲੜ ਪਏ। ਦੋਹਾਂ ਵਿਚ ਤੂੰ-ਤੂੰ, ਮੈਂ-ਮੈਂ ਇੰਨੀ ਵਧ ਗਈ ਕਿ ਅਨੀਸ ਸ਼ੂਟਿੰਗ ਵਿਚੇ ਹੀ ਛੱਡ ਕੇ ਬੈਂਕਾਕ ਤੋਂ ਵਾਪਸ ਮੁੰਬਈ ਆ ਗਿਆ ਹੈ। ਸਲਮਾਨ ਤੇ ਅਨੀਸ ਵਿਚ ਪੰਗੇ ਦਾ ਕਾਰਨ ਅਨੀਸ ਦਾ ਖਾਸ ਦੋਸਤ ਰਜਨ ਰਵੈਲ ਹੈ। ਸਲਮਾਨ ਨੂੰ ਉਸ ਤੋਂ ਕੁਝ ਪ੍ਰੇਸ਼ਾਨੀ ਸੀ। ਸਲਮਾਨ ਨੇ ਆਪਣੀ ਪ੍ਰੇਸ਼ਾਨੀ ਅਨੀਸ ਨੂੰ ਦੱਸੀ ਪਰ ਅਨੀਸ ਨੇ ਰਜਤ ਦੀ ਪੈਰਵੀ ਕੀਤੀ ਤਾਂ ਸਲਮਾਨ ਨੂੰ ਗੁੱਸਾ ਆ ਗਿਆ। ਤੇ ਬਜ਼ਮੀ ਨੂੰ ਭੱਜਣਾ ਪਿਆ।


HOT
New Generation CCTV Solution
SONY Effio-E DSP @700 TVL
ULTRA HIGH RESOLUTION
·Sony Ex-View HAD CCD II
·Built-in Vari-focal Lens
·Indoor/Outdoor Applications
BuyOnlineNow
www.EzChase.com
5% OFF Spring Promotion
ADVANCED PACKAGE 8 Cameras + 8CH DVR
PRO PACKAGE 4 Cameras + 4CH DVR
CCTV
BEST DEAL!
ONE STOP SHOP FOR CCTV EQUIPMENTS TO PROTECT YOUR HOME & BUSINESS
·We sell less price but make your security priceless.
·We only provide high quality at economy price.
·Two year Warranty on our products.
Customer Service: 1-800-235-1391


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

## ਨਵੀਂ ਬਿਲਡਿੰਗ ਮੁਕੰਮਲ ਗੁਰੂ ਅਰਪਣ ਸਮਾਗਮ 10 ਅਪਰੈਲ ਨੂੰ



ਫੋਟੋ:ਮੀਕਾ ਸਟੂਡੀਓ

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਭ ਨੂੰ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਸਾਹਿਬ ਦੀ ਨਵੀਂ ਬਣ ਰਹੀ ਖੂਬਸੂਰਤ ਬਿਲਡਿੰਗ ਗੁਰੂ ਕਿਰਪਾ ਨਾਲ ਮੁਕੰਮਲ ਹੋ ਚੁੱਕੀ ਹੈ ਅਤੇ ਹੁਣ ਇਸ ਦੀਆਂ ਇੰਸਪੈਕਸ਼ਨਾਂ ਹੋ ਰਹੀਆਂ ਹਨ। 10 ਅਪਰੈਲ 2011 ਐਤਵਾਰ ਵਾਲੇ ਦਿਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਇੱਕ ਸੁੰਦਰ ਪਾਲਕੀ ਵਿਚ ਸੰਗਤ ਵਲੋਂ ਨਗਰ ਕੀਰਤਨ ਦੇ ਰੂਪ 'ਚ ਨਵੀਂ ਇਮਾਰਤ ਦੇ ਗਿਰਦ ਪਰਿਕਰਮਾ ਤੋਂ ਬਾਦ ਨਵੀਂ ਇਮਾਰਤ ਵਿਚ ਸੁਸ਼ੋਭਿਤ ਕੀਤਾ ਜਾਏਗਾ ਅਤੇ ਨਵੀਂ ਇਮਾਰਤ ਗੁਰੂ ਅਰਪਣ ਕੀਤੀ ਜਾਏਗੀ। ਨਵੀਂ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਕਰਕੇ ਗੁਰੂ ਦਾ ਆਸਰਾ ਲਿਆ ਜਾਏਗਾ।

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਪਾਵਨ ਮੌਕੇ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਵੱਖ ਵੱਖ ਸਿੱਖ ਜਥੇਬੰਦੀਆਂ ਅਤੇ ਗੁਰੂ ਘਰਾਂ ਨੂੰ ਇਸ ਸ਼ੁੱਭ ਅਵਸਰ ਹਾਜ਼ਰੀਆਂ ਭਰਨ ਲਈ ਸੰਦੇਸ਼ ਭੇਜੇ ਗਏ ਹਨ। ਗੁਰੂ ਘਰ ਦੀ ਸੰਗਤ ਵਲੋਂ ਨਵੀਂ ਇਮਾਰਤ ਦੇ ਉਦਘਾਟਨ ਸਬੰਧੀ ਉਚੇਚੇ ਪ੍ਰਬੰਧ ਕੀਤੇ ਜਾ ਰਹੇ ਹਨ। ਗੁਰੂ ਘਰ ਵਲੋਂ ਇਸ ਸਬੰਧ 'ਚ ਅਪਰੈਲ ਦਾ ਸਾਰਾ ਮਹੀਨਾ ਖਾਸ ਕੀਰਤਨ ਦਰਬਾਰ ਹੋਣਗੇ ਜਿਨ੍ਹਾਂ ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਾਬਕਾ ਹਜ਼ੂਰੀ ਰਾਗੀ ਜਥੇ, ਬੰਗਲਾ ਸਾਹਿਬ ਦਿੱਲੀ ਤੋਂ ਕੀਰਤਨੀ ਜਥੇ, ਬਾਬਾ ਬਲਵਿੰਦਰ ਸਿੰਘ ਕੁਰਾਲੀ ਵਾਲਿਆਂ ਤੋਂ ਇਲਾਵਾ ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਹਾਜ਼ਰੀਆਂ ਭਰਨਗੇ। ਇਨ੍ਹਾਂ ਸਮਾਗਮਾਂ ਦੇ ਸਿਲਸਿਲੇ ਵਿਚ ਲੜੀਵਾਰ ਅਖੰਡ ਪਾਠ ਸਾਹਿਬ ਪਹਿਲੀ ਅਪਰੈਲ ਤੋਂ 24 ਅਪਰੈਲ ਤੱਕ ਹੋਣਗੇ।

ਪੰਜਾਬ ਤੋਂ ਬਾਹਰ ਕੈਲੀਫੋਰਨੀਆ ਦੀ ਸਿਲੀਕਾਨ ਵੈਲੀ ਦੇ ਸ਼ਹਿਰ ਸੈਨ ਹੋਜ਼ੇ ਦੀਆਂ ਖੂਬਸੂਰਤ ਪਹਾੜੀਆਂ ਤੇ 40 ਏਕੜ ਰਕਬੇ ਵਿਚ ਫੈਲੇ ਇਸ ਗੁਰੂ ਘਰ ਨੂੰ ਦੁਨੀਆਂ ਭਰ 'ਚ ਬਹੁਤ ਵੱਡੇ ਆਕਾਰ ਵਾਲਾ ਗੁਰੂ ਘਰ ਮੰਨਿਆ ਜਾ ਰਿਹਾ ਹੈ ਜਿਸ ਵਿਚ 140 ਜਰਬ 150 ਫੁੱਟ ਦਰਬਾਰ ਹਾਲ, 150 ਜਰਬ 100 ਫੁੱਟ ਲੰਗਰ ਹਾਲ, ਦੋ ਬਹੁਤ ਵੱਡੀਆਂ ਰਸੋਈਆਂ, ਕੂਲਰ ਰੂਮ, ਰਸਦ ਰੱਖਣ ਲਈ 4 ਕਮਰੇ, ਭਾਂਡੇ ਧੋਣ ਵਾਲੀ ਮਸ਼ੀਨ, ਪ੍ਰਸ਼ਾਦੇ ਬਣਾਉਣ ਵਾਲੀ ਮਸ਼ੀਨ, ਹੈਡ ਗ੍ਰੰਥੀ ਅਤੇ ਸਹਾਇਕ ਗ੍ਰੰਥੀ ਸਾਹਿਬ ਲਈ ਦੋ 3-3 ਬੈਡਰੂਮ ਦੇ ਘਰ, ਕੀਰਤਨੀ ਜਥਿਆਂ ਲਈ 6 ਕਮਰੇ, ਯਾਤਰੂਆਂ ਲਈ 2 ਕਮਰੇ, ਆਮ ਵਰਤੋਂ ਲਈ 3 ਕਮਰੇ, ਵਿਆਹ/ਸ਼ਾਦੀ ਸਮੇਂ ਲੜਕੀ/ਲੜਕੇ ਦੇ ਤਿਆਰ ਹੋਣ ਲਈ 2 ਕਮਰੇ, ਖਾਲਸਾ ਸਕੂਲ ਲਈ 11 ਕਮਰੇ ਅਤੇ 2 ਦਫਤਰ, ਲਾਇਬਰੇਰੀ ਅਤੇ ਕਮੇਟੀ ਲਈ ਕਮਰੇ ਅਤੇ ਮੀਟਿੰਗ ਰੂਮ ਵਗੈਰਾ ਤਿਆਰ ਹੋ ਰਹੇ ਹਨ। ਸੈਨ ਹੋਜ਼ੇ ਗੁਰੂ ਘਰ ਦੁਨੀਆਂ ਭਰ 'ਚ ਪਹਿਲਾ ਗੁਰੂ ਘਰ ਹੈ ਜਿਸ ਨੂੰ ਗਰੀਨ ਗੁਰਦੁਆਰਾ ਸਾਹਿਬ ਦਾ ਦਰਜਾ ਪ੍ਰਾਪਤ ਹੈ। ਇਸ ਗੁਰੂ ਘਰ ਵਿਚ ਸਾਰੀ ਵਰਤੋਂ ਲਈ ਬਿਜਲੀ ਸੋਲਰ ਪੈਨਲ ਨਾਲ ਤਿਆਰ ਕਰਨ ਅਤੇ ਲੰਗਰ ਵਾਸਤੇ ਸਟੀਲ ਦੇ ਬਰਤਨਾਂ ਦਾ ਇੰਤਜ਼ਾਮ ਕੀਤਾ ਗਿਆ ਹੈ।

ਮੁਕੰਮਲ ਹੋਈ ਨਵੀਂ ਖੂਬਸੂਰਤ ਇਮਾਰਤ ਪ੍ਰਤੀ ਸੰਗਤਾਂ ਵਿਚ ਬਹੁਤ ਉਤਸ਼ਾਹ ਹੈ। ਹਰ ਸਨਿਚਰਵਾਰ ਸੰਗਤਾਂ ਹੁਮ ਹੁਮਾ ਕੇ ਕਾਰ ਸੇਵਾ ਕਰਦੀਆਂ ਹਨ।

ਕੁਝ ਹਫਤੇ ਪਹਿਲਾਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਸੰਸਥਾ ਜੈਨਕੋ ਦੇ ਕੁਝ ਉਘੇ ਮੈਂਬਰਾਂ ਨੇ ਇਸ ਨਵੇਂ ਗੁਰੂ ਘਰ ਦੇ ਦਰਸ਼ਨ ਕੀਤੇ ਤੇ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਪ੍ਰਸ਼ਾਦੇ ਬਣਾਉਣ ਵਾਲੀ ਮਸ਼ੀਨ ਦਾ 51 ਹਜ਼ਾਰ ਡਾਲਰ ਅਤੇ ਖਾਲਸਾ ਸਕੂਲ ਦੇ ਇੱਕ ਕਮਰੇ ਦਾ 51 ਹਜ਼ਾਰ ਡਾਲਰ ਗੁਰੂ ਘਰ ਨੂੰ ਦੇਣ ਦਾ ਪ੍ਰਣ ਕੀਤਾ।

ਇਸੇ ਤਰ੍ਹਾਂ ਸੈਨ ਹੋਜ਼ੇ ਹਵਾਈ ਅੱਡੇ 'ਤੇ ਟੈਕਸੀ ਚਲਾਉਣ ਦਾ ਕੰਮ ਕਰਦੇ ਵੀਰਾਂ ਨੇ 9 ਹਜ਼ਾਰ ਡਾਲਰ ਇਕੱਠਾ ਕੀਤਾ ਅਤੇ ਗੁਰਦੁਆਰਾ ਕਮੇਟੀ ਨੂੰ ਹਵਾਈ ਅੱਡੇ 'ਤੇ ਸੱਦ ਕੇ ਗੁਰੂ ਘਰ ਲਈ ਮਾਇਆ ਭੇਟ ਕੀਤੀ। ਇਸੇ ਤਰ੍ਹਾਂ ਸਾਡਾ ਚੈਨਲ ਟੀ ਵੀ ਦੇ ਸਿੱਧੂ ਦਮਦਮੀ ਗੁਰੂ ਘਰ ਦੇ ਦਰਸ਼ਨ ਕਰਨ ਆਏ ਤਾਂ ਉਨ੍ਹਾਂ ਦੇ ਨਾਲ ਆਏ ਇੰਦਰਜੀਤ ਸਿੰਘ ਥਿੰਦ, ਕੁਲਵੰਤ ਸਿੰਘ ਨਿੱਝਰ ਅਤੇ ਸੁਖਬੀਰ ਸਿੰਘ ਨਿੱਝਰ ਨੇ ਨਵੀਂ ਬਣੀ ਖੂਬਸੂਰਤ ਬਿਲਡਿੰਗ ਤੋਂ ਪ੍ਰਭਾਵਤ ਹੋ ਕੇ 11,000 ਡਾਲਰ ਗੁਰੂ ਘਰ ਲਈ ਭੇਟ ਕੀਤੇ। ਯਾਦ ਰਹੇ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆ ਨੇ ਗੁਰੂ ਘਰ ਦੀ ਨਵੀਂ ਬਿਲਡਿੰਗ ਦੇ ਨਿਰਵਿਘਨ ਸੰਪੂਰਨ ਹੋਣ ਲਈ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕੀਤੀ ਸੀ। ਬਾਬਾ ਜੀ ਨੂੰ ਇੰਦਰਜੀਤ ਸਿੰਘ ਥਿੰਦ ਲੈ ਕੇ ਆਏ ਸਨ।

### ਪ੍ਰੋਗਰਾਮ

ਪਹਿਲੀ ਅਪਰੈਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜੀਵਾਰ ਅਖੰਡ ਪਾਠ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 24 ਅਪਰੈਲ ਨੂੰ ਪਾਏ ਜਾਣਗੇ। ਜਿਸ ਵੀ ਕਿਸੇ ਗੁਰੂ ਕੇ ਪਿਆਰੇ ਨੇ ਸੇਵਾ ਲੈਣੀ ਹੋਵੇ ਉਹ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਮਹਿੰਦਰ ਸਿੰਘ ਨਾਲ ਸੰਪਰਕ ਕਰ ਸਕਦਾ ਹੈ।

2 ਅਪਰੈਲ ਨੂੰ ਕਵੀ ਦਰਬਾਰ ਹੋਵੇਗਾ ਜਿਸ ਵਿਚ ਸਾਰੀਆਂ ਸਾਹਿਤ ਸਭਾਵਾਂ ਪੁੱਜਣਗੀਆਂ।

9 ਅਪਰੈਲ ਨੂੰ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਕ੍ਰਿਪਾਲ ਸਿੰਘ, ਭਾਈ ਬਲਦੇਵ ਸਿੰਘ ਵਡਾਲਾ, ਭਾਈ ਬਲਵਿੰਦਰ ਸਿੰਘ, ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਤੇ ਭਾਈ ਅਤਰ ਸਿੰਘ, ਅਤੇ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਦੇ ਹਜ਼ੂਰੀ ਰਾਗੀ ਭਾਈ ਗੁਰਮੁਖ ਸਿੰਘ, ਗੁਰਦੁਆਰਾ ਸੈਨ ਹੋਜ਼ੇ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ, ਭਾਈ ਸ਼ਿੰਦਰਪਾਲ ਸਿੰਘ ਪਟਿਆਲੇ ਵਾਲੇ ਤੋਂ ਇਲਾਵਾ ਬਾਬਾ ਬਲਵਿੰਦਰ ਸਿੰਘ ਕੁਰਾਲੀ ਵਾਲੇ ਹਿੱਸਾ ਲੈਣਗੇ।

10 ਅਪਰੈਲ ਨੂੰ ਗੁਰਦੁਆਰਾ ਸਾਹਿਬ ਦੀ ਨਵੀਂ ਬਿਲਡਿੰਗ ਦਾ ਉਦਘਾਟਨ ਹੋਵੇਗਾ। ਸਵੇਰੇ ਸਾਢੇ 9 ਵਜੇ ਆਸਾ ਜੀ ਦੀ ਵਾਰ ਦੇ ਭੋਗ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਸੁੰਦਰ ਪਾਲਕੀ 'ਚ ਸਜਾਇਆ ਜਾਵੇਗਾ। ਨਗਰ ਕੀਰਤਨ ਨਿਸ਼ਾਨ ਸਾਹਿਬ ਤੋਂ ਸ਼ੁਰੂ ਹੋ ਕੇ ਨਵੇਂ ਗੁਰੂ ਘਰ ਦੇ ਆਲੇ ਦੁਆਲੇ ਹੁੰਦਾ ਹੋਇਆ ਵਾਪਿਸ ਨਿਸ਼ਾਨ ਸਾਹਿਬ ਤੋਂ ਦਰਸ਼ਨੀ ਡਿਉੜੀ ਰਾਹੀਂ ਨਵੇਂ ਗੁਰੂ ਦਰਬਾਰ ਅੰਦਰ ਪ੍ਰਵੇਸ਼ ਕਰੇਗਾ। ਖਾਲਸਾ ਸਕੂਲ ਦੇ ਬੱਚੇ ਇਸ ਵਿਚ ਖਾਸ ਭਾਗ ਲੈਣਗੇ। ਇਸ ਉਦਘਾਟਨੀ ਸਮਾਰੋਹ ਵਿਚ ਸਾਰਾ ਦਿਨ ਹੀ ਵਿਸ਼ੇਸ ਪ੍ਰੋਗਰਾਮ ਉਲੀਕੇ ਗਏ ਹਨ।

14 ਅਪਰੈਲ ਨੂੰ ਖਾਲਸੇ ਦਾ ਸਾਜਨਾ ਦਿਵਸ ਮਨਾਇਆ ਜਾਵੇਗਾ। ਇਸ ਦਿਨ ਅੰਮ੍ਰਿਤ ਸੰਚਾਰ ਹੋਵੇਗਾ ਅਤੇ ਖਾਲਸਾ ਸਕੂਲ ਦੇ ਬੱਚੇ ਵਿਸ਼ੇਸ਼ ਪ੍ਰੋਗਰਾਮ ਕਰਨਗੇ।

17 ਅਪਰੈਲ ਦਿਨ ਐਤਵਾਰ ਨੂੰ ਵੀ ਖਾਲਸੇ ਦਾ ਸਾਜਨਾ ਦਿਵਸ (ਵਿਸਾਖੀ) ਦੇ ਸਬੰਧ 'ਚ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਹਨ।

18 ਅਪਰੈਲ ਤੋਂ ਲੈ ਕੇ 27 ਅਪਰੈਲ ਤੱਕ ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਗੁਰਬਾਣੀ ਦੀ ਕਥਾ ਕਰਨਗੇ। ਇਸ ਤੋਂ ਇਲਾਵਾ ਭਾਈ ਅੰਗਰੇਜ਼ ਸਿੰਘ ਮੁਕਤਸਰ ਅਤੇ ਬਾਬਾ ਦਇਆ ਸਿੰਘ ਵੀ ਕਥਾ ਕਰਨਗੇ।

23 ਅਪਰੈਲ ਨੂੰ ਢਾਡੀ ਦਰਬਾਰ ਹੋਵੇਗਾ ਜਿਸ ਵਿਚ ਪੰਥ ਦੇ ਮਹਾਨ ਢਾਡੀ ਜਥੇ ਹਿੱਸਾ ਲੈਣਗੇ। 30 ਅਪਰੈਲ ਨੂੰ ਰੈਣ ਸਬਾਈ ਕੀਰਤਨ ਹੋਵੇਗਾ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com